Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067 Jassi Gill
CA DRE Lic.#01180969 CA DRE# 00966763

kw SILICON CITY KELLERWILLIAMS.
San Jose to Sacramento
For All Your Real Estate Needs
Commercial or Residential
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call Today For Free Consultation!
Ph: 408-805-2760
Jay Grewal
CalBre # 01978624
jgrewal@kw.com

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
November 1 to January 31
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com
License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 18, April 30, 2016 20451 N Plum Grove Rd., Palatine, IL 60074 Ph:847-359-0746, Fax:847-705-9388

## ਸਹਿਜਧਾਰੀਆਂ ਤੋਂ ਖੁੱਸਿਆ ਵੋਟ ਪਾਉਣ ਦਾ ਹੱਕ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀਆਂ ਚੋਣਾਂ ਵਿਚ ਸਹਿਜਧਾਰੀਆਂ ਦੇ ਵੋਟ ਅਧਿਕਾਰ ਨੂੰ ਸੰਸਦ ਨੇ 91 ਸਾਲ ਪੁਰਾਣੇ ਬਿੱਲ ਵਿਚ ਸੋਧ ਕਰਦਿਆਂ ਖਤਮ ਕਰ ਦਿੱਤਾ। ਸਿੱਖ ਗੁਰਦੁਆਰਾ (ਸੋਧ) ਬਿੱਲ, 2016 ਨੂੰ ਰਾਜ ਸਭਾ ਨੇ ਮਹੀਨਾ ਕੁ ਪਹਿਲਾਂ ਪਾਸ ਕਰ ਦਿੱਤਾ ਸੀ ਅਤੇ ਲੋਕ ਸਭਾ ਨੇ ਬਿੱਲ ਨੂੰ ਜ਼ੁਬਾਨੀ ਵੋਟ ਰਾਹੀਂ ਪ੍ਰਵਾਨਗੀ ਦੇ ਦਿੱਤੀ। ਇਸ ਬਿੱਲ ਨੂੰ ਹਰੀ ਝੰਡੀ ਮਿਲਣ ਮਗਰੋਂ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ, ਜਿਸ ਦਾ ਭਵਿੱਖ ਪਿਛਲੇ ਪੰਜ ਸਾਲਾਂ ਤੋਂ ਹਵਾ ਵਿਚ ਲਟਕਿਆ ਹੋਇਆ ਹੈ, ਦੇ ਸੁਰਜੀਤ ਹੋਣ ਦੀ ਸੰਭਾਵਨਾ ਬਣ ਗਈ ਹੈ। ਇਸ ਬਾਰੇ ਮਾਮਲਾ ਇਸ ਵੇਲੇ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ। 2011 ਵਿਚ ਹਾਈ ਕੋਰਟ ਵੱਲੋਂ ਇਸ ਚੋਣ ਨੂੰ ਇਸੇ ਕਰ ਕੇ ਮਾਨਤਾ ਨਹੀਂ ਦਿੱਤੀ ਗਈ ਸੀ ਕਿਉਂਕਿ ਸਹਿਜਧਾਰੀਆਂ ਨੂੰ ਵੋਟ ਪਾਉਣ ਤੋਂ ਰੋਕਣ ਬਾਰੇ ਨੋਟੀਫਿਕੇਸ਼ਨ ਵਿਚ ਕਾਨੂੰਨੀ ਪੱਖੋਂ ਤਰੁੱਟੀਆਂ ਸਨ। ਇਹ ਨੋਟੀਫਿਕੇਸ਼ਨ ਸੰਸਦ ਵਿਚ ਪਾਸ ਨਹੀਂ ਹੋਇਆ ਸੀ ਸਗੋਂ ਸਰਕਾਰ ਵੱਲੋਂ ਆਪਣੇ ਤੌਰ ਉਤੇ ਜਾਰੀ ਕੀਤਾ ਗਿਆ ਸੀ ਜਿਸ ਨੂੰ ਅਦਾਲਤ ਨੇ ਰੱਦ ਕਰ ਦਿੱਤਾ ਸੀ। ਸੰਸਦ ਦੀ ਪ੍ਰਵਾਨਗੀ ਨਾਲ ਸ਼੍ਰੋਮਣੀ ਕਮੇਟੀ ਦੇ ਸਦਨ ਨੂੰ ਮਾਨਤਾ ਦੇਣ ਦੇ ਰਾਹ ਵਿਚ ਪੈਦਾ ਹੋਇਆ ਅੜਿੱਕਾ ਖਤਮ ਹੋ ਗਿਆ ਹੈ। ਹੁਣ ਬਿੱਲ ਰਾਸ਼ਟਰਪਤੀ ਕੋਲ ਜਾਵੇਗਾ ਅਤੇ ਕਾਨੂੰਨ ਦਾ ਰੂਪ ਲੈ ਲਵੇਗਾ।

ਬਿੱਲ ਪਾਸ ਹੋਣ ਨਾਲ ਸਹਿਜਧਾਰੀ ਸਿੱਖਾਂ ਨੂੰ ਗੁਰਦੁਆਰਾ ਬੋਰਡ ਅਤੇ ਕਮੇਟੀਆਂ ਦੇ ਮੈਂਬਰਾਂ ਦੀਆਂ ਚੋਣਾਂ ਵਿਚ 1944 ਤੋਂ ਮਿਲੇ ਵੋਟ ਦੇਣ ਦਾ ਅਧਿਕਾਰ ਵਾਲੀ ਵਿਵਸਥਾ ਖਤਮ ਹੋ ਜਾਵੇਗੀ। ਇਹ ਸੋਧ ਪਹਿਲਾਂ ਗ੍ਰਹਿ ਮੰਤਰਾਲੇ ਦੇ ਨੋਟੀਫਿਕੇਸ਼ਨ ਰਾਹੀਂ ਅੱਠ ਅਕਤੂਬਰ 2003 ਨੂੰ ਵੀ ਲਿਆਂਦੀ ਗਈ ਸੀ, ਹਾਲਾਂਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 2011 ਨੂੰ ਗ੍ਰਹਿ

(ਬਾਕੀ ਸਫਾ 6 'ਤੇ)



*ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸ਼੍ਰੋਮਣੀ ਕਮੇਟੀ ਦਫਤਰ ਦੀ ਝਲਕ।*

### ਵੋਟ ਹੱਕ ਖੁੱਸਣ ਉਤੇ ਸਹਿਜਧਾਰੀ ਖਫਾ

**ਚੰਡੀਗੜ੍ਹ:** ਸਹਿਜਧਾਰੀ ਸਿੱਖ ਪਾਰਟੀ ਨੇ ਸਹਿਜਧਾਰੀਆਂ ਸਿੱਖਾਂ ਨੂੰ ਐਸ.ਜੀ.ਪੀ.ਸੀ. ਵਿਚ ਵੋਟ ਦਾ ਹੱਕ ਨਾ ਦੇਣ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਹੈ। ਸਹਿਜਧਾਰੀ ਸਿੱਖ ਪਾਰਟੀ ਨੇ ਲੀਡਰ ਪਰਮਜੀਤ ਰਾਣੂ ਦਾ ਕਹਿਣਾ ਹੈ ਕਿ ਸੂਬੇ ਵਿਚ ਸਹਿਜਧਾਰੀ ਸਿੱਖਾਂ ਦੀ ਗਿਣਤੀ 70 ਲੱਖ ਹੈ। ਉਹ ਸਾਰੇ ਸਿੱਖ ਧਰਮ ਨੂੰ ਮੰਨਦੇ ਹਨ। ਇਸ ਕਰ ਕੇ ਉਨ੍ਹਾਂ ਨੂੰ ਵੋਟ ਦਾ ਹੱਕ ਮਿਲਣਾ ਚਾਹੀਦਾ ਹੈ। ਉਹ ਇਸ ਬਿੱਲ ਖਿਲਾਫ ਕਾਨੂੰਨੀ ਚਾਰਾਜੋਈ ਵੀ ਕਰਨਗੇ। ਰਾਣੂ ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬ) ਨੇ ਐਸ.ਜੀ.ਪੀ.ਸੀ. ਉਤੇ ਆਪਣਾ ਕਬਜ਼ਾ ਕਾਇਮ ਰੱਖਣ ਲਈ ਮੋਦੀ ਸਰਕਾਰ ਤੋਂ ਇਹ ਸਭ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸਿੱਖ ਸਮਾਜ ਵੰਡਿਆ ਜਾਵੇਗਾ। ਅਸੀਂ ਪਹਿਲਾਂ ਸੁਪਰੀਮ ਕੋਰਟ ਦੇ ਫੈਸਲੇ ਦਾ ਇੰਤਜ਼ਾਰ ਕਰਾਂਗੇ ਤੇ ਫਿਰ ਇਸ ਮਸਲੇ ਉਤੇ ਹਰ ਕਾਨੂੰਨੀ ਪਹਿਲਕਦਮੀ ਕਰਾਂਗੇ।

## ਖਾੜਕੂ ਸਫਾਂ ਅੰਦਰ ਖੁਫੀਆ ਏਜੰਸੀਆਂ ਦੀ ਸੀ ਘੁਸਪੈਠ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਸਾਕਾ ਨੀਲਾ ਤਾਰਾ ਬਾਰੇ ਨਵੇਂ ਖੁਲਾਸਿਆਂ ਨੇ 32 ਸਾਲਾਂ ਬਾਅਦ ਇਹ ਮਸਲਾ ਮੁੜ ਭਖਾ ਦਿੱਤਾ ਹੈ। ਉਸ ਵੇਲੇ ਦੀ ਇੰਦਰਾ ਗਾਂਧੀ ਸਰਕਾਰ ਵੱਲੋਂ ਭਾਵੇਂ ਇਹ ਦਾਅਵਾ ਕੀਤਾ ਗਿਆ ਸੀ ਕਿ ਦਰਬਾਰ ਸਾਹਿਬ 'ਤੇ ਹਮਲਾ ਅਣਸਰਦੇ ਵਿਚ ਕੀਤਾ ਗਿਆ ਸੀ, ਪਰ ਇਸ ਮਸਲੇ 'ਤੇ ਲਿਖੀ ਕਿਤਾਬ ਵਿਚ ਦਾਅਵਾ ਕੀਤਾ ਗਿਆ ਹੈ ਕਿ ਸਰਕਾਰ ਨੇ ਇਸ ਦੀ ਵਿਉਂਤਬੰਦੀ ਕਾਫੀ ਲੰਬਾ ਸਮਾਂ ਪਹਿਲਾਂ ਕਰ ਲਈ ਸੀ। ਭਾਰਤੀ ਖੁਫ਼ੀਆ ਏਜੰਸੀਆਂ ਨੇ ਦਰਬਾਰ ਸਾਹਿਬ ਵਿਚ ਮੋਰਚੇ ਮੱਲੀ ਬੈਠੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਨ੍ਹਾਂ ਦੇ ਸਾਥੀਆਂ ਵਿਚ ਵੱਡੇ ਪੱਧਰ 'ਤੇ ਘੁਸਪੈਠ ਕਰ ਲਈ ਸੀ। ਏਜੰਸੀਆਂ ਨੇ ਆਪਣੇ ਬੰਦੇ ਖਾੜਕੂਆਂ ਵਿਚ ਸ਼ਾਮਲ ਕਰ ਕੇ ਦਰਬਾਰ ਸਾਹਿਬ ਅੰਦਰਲੀਆਂ ਕਾਰਵਾਈਆਂ ਦੀ ਸੂਹ ਕੱਢਣੀ ਸ਼ੁਰੂ ਕਰ ਦਿੱਤੀ ਸੀ। ਸੰਤ ਭਿੰਡਰਾਂਵਾਲੇ ਦੇ ਹਮਾਇਤੀਆਂ ਨੂੰ ਆਖਰੀ ਸਮੇਂ ਤੱਕ ਇਸ ਦੀ ਭਿਣਕ ਨਾ ਲੱਗੀ।

ਅੱਜ ਕੱਲ੍ਹ ਭਾਰਤ ਦਾ ਕੌਮੀ ਸੁਰੱਖਿਆ



ਸਲਾਹਕਾਰ ਅਜੀਤ ਡੋਵਾਲ ਅਪਰੇਸ਼ਨ ਬਲੈਕ ਥੰਡਰ ਤੋਂ ਪਹਿਲਾਂ ਦਰਬਾਰ ਸਾਹਿਬ ਵਿਚ ਖਾਲਿਸਤਾਨੀ ਖਾੜਕੂਆਂ ਨਾਲ ਰਹਿੰਦਾ ਸੀ। ਉਹ ਦਰਬਾਰ ਸਾਹਿਬ ਵਿਚ ਖਾੜਕੂ ਲੀਡਰਸ਼ਿਪ ਨੂੰ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਦੇ ਕਰਨਲ ਹੋਣ ਦਾ ਭਰੋਸਾ ਦਿਵਾ ਕੇ ਘੁਸਪੈਠ ਕਰਨ ਵਿਚ ਸਫਲ ਰਿਹਾ ਸੀ। ਵੱਖ-ਵੱਖ ਸੂਚਨਾਵਾਂ ਨੂੰ ਆਧਾਰ ਬਣਾਉਂਦਿਆਂ ਸੀਨੀਅਰ ਪੱਤਰਕਾਰ ਜਸਪਾਲ

(ਬਾਕੀ ਸਫਾ 6 'ਤੇ)

### ਸਾਕਾ ਨੀਲਾ ਤਾਰਾ ਬਾਰੇ ਫਾਈਲਾਂ ਜਨਤਕ ਕਰਨ ਦੀ ਮੰਗ ਉਠੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ 1984 ਦੇ ਸਾਕਾ ਨੀਲਾ ਤਾਰਾ ਸਮੇਂ ਸ੍ਰੀ ਹਰਿਮੰਦਰ ਸਾਹਿਬ ਉਤੇ ਹੋਏ ਹਮਲੇ ਦੀਆਂ ਫਾਈਲਾਂ ਨੂੰ ਤੁਰਤ ਜਨਤਕ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕੇਂਦਰੀ ਫੂਡ ਤੇ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ ਦਿੱਤੇ ਉਸ ਬਿਆਨ ਦੀ ਪੂਰਨ ਹਮਾਇਤ ਕੀਤੀ ਹੈ ਜਿਸ ਵਿਚ ਉਨ੍ਹਾਂ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਲਈ ਕਾਂਗਰਸ ਪਾਰਟੀ ਨੂੰ ਦੋਸ਼ੀ ਠਹਿਰਾਉਂਦਿਆਂ ਕਿਹਾ ਕਿ ਸਾਕਾ ਨੀਲਾ ਤਾਰਾ ਦੌਰਾਨ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਨਾਲ ਸਬੰਧਤ ਫਾਈਲਾਂ ਜਨਤਕ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਸਾਕਾ ਨੀਲਾ ਤਾਰਾ ਸਮੇਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਆਈਆਂ ਹਜ਼ਾਰਾਂ ਬੇਦੋਸ਼ ਸੰਗਤਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ ਅਤੇ ਸ੍ਰੀ ਅਕਾਲ ਤਖ਼ਤ ਅਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਟੈਂਕਾਂ ਤੇ ਤੋਪਾਂ ਦੇ ਗੋਲਿਆਂ ਨਾਲ ਢਹਿ ਢੇਰੀ ਕਰ ਦਿੱਤਾ ਗਿਆ ਸੀ।

We Do Real Estate in
Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

## ਵਰਜੀਨੀਆ ਗੁਰਦੁਆਰੇ 'ਚ ਬਾਣੀ ਨਾਲ ਛੇੜਛਾੜ

**ਵਰਜੀਨੀਆ:** ਦੁਬਈ ਤੋਂ ਬਾਅਦ ਹੁਣ ਅਮਰੀਕੀ ਸੂਬੇ ਵਰਜੀਨੀਆ ਸਥਿਤ ਗੁਰਦੁਆਰਾ ਸਿੱਖ ਸੰਗਤ ਵਿਖੇ ਅੰਮ੍ਰਿਤ ਸੰਚਾਰ ਦੌਰਾਨ ਅੰਮ੍ਰਿਤ ਸੰਚਾਰ ਦੀਆਂ ਬਾਣੀਆਂ ਦੀ ਉਲੰਘਣਾ ਕਰਨ ਦੀ ਘਟਨਾ ਵਾਪਰੀ ਹੈ ਜਿਸ ਦੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਜਾਂਚ ਕਰਾਉਣ ਦੇ ਆਦੇਸ਼ ਦਿੱਤੇ ਗਏ ਹਨ।

ਪ੍ਰਾਪਤ ਵੇਰਵਿਆਂ ਅਨੁਸਾਰ ਗੁਰਦੁਆਰਾ ਸਿੱਖ ਸੰਗਤ ਵਰਜੀਨੀਆ ਵਿਖੇ ਅੰਮ੍ਰਿਤ ਸੰਚਾਰ ਸਮੇਂ ਪੰਜ ਬਾਣੀਆਂ ਦਾ ਪਾਠ ਕਰਨ ਦੀ ਥਾਂ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ 13 ਅੰਗਾਂ 'ਤੇ ਦਰਜ ਬਾਣੀ ਹੀ ਪੜ੍ਹੀ ਗਈ। ਪੰਜ ਬਾਣੀਆਂ ਦਾ ਪਾਠ ਕਰਨ ਤੋਂ ਬਿਨਾਂ ਅੰਮ੍ਰਿਤ ਸੰਚਾਰ ਕਰਨ ਦੀ ਵਿਧੀ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਹੈ। ਇਸ ਸਬੰਧ ਵਿਚ ਅਕਾਲ ਤਖ਼ਤ ਵਿਖੇ ਟੈਲੀਫੋਨ ਰਾਹੀਂ ਅਤੇ ਈ-ਮੇਲ ਰਾਹੀਂ ਸ਼ਿਕਾਇਤਾਂ ਪੁੱਜੀਆਂ ਹਨ। ਗਿਆਨੀ ਗੁਰਬਚਨ ਸਿੰਘ ਨੇ ਮਾਮਲੇ ਦੀ ਪੜਤਾਲ ਕਰਨ ਲਈ ਅਮਰੀਕਾ ਵਿਚ ਸਿੱਖ ਧਰਮ ਦੇ ਦੂਤ ਸਤਪਾਲ ਸਿੰਘ ਖ਼ਾਲਸਾ ਨੂੰ ਜ਼ਿੰਮੇਵਾਰੀ ਸੌਂਪੀ ਹੈ।

## ਧੀ ਨਾਲ ਜਬਰ ਜਨਾਹ ਕਰਨ ਵਾਲੇ ਦੇ ਹੱਥ ਵੱਢੇ

**ਬਠਿੰਡਾ:** ਜ਼ਿਲ੍ਹੇ ਦੇ ਪਿੰਡ ਕੋਟਲੀ ਅਬਲੂ ਵਿਚ ਤਕਰੀਬਨ ਦੋ ਸਾਲ ਪਹਿਲਾਂ ਸੱਤ ਮਹੀਨਿਆਂ ਦੀ ਬੱਚੀ ਨਾਲ ਜਬਰ ਜਨਾਹ ਕਰਨ ਵਾਲੇ ਨੌਜਵਾਨ ਪਰਮਿੰਦਰ ਸਿੰਘ ਦੇ ਪੀੜਤ ਬੱਚੀ ਦੇ ਪਿਤਾ ਪਰਮਜੀਤ ਸਿੰਘ ਨੇ ਦੋਵੇਂ ਹੱਥ ਵੱਢ ਦਿੱਤੇ। ਦੱਸਣਯੋਗ ਹੈ ਕਿ ਪਹਿਲਾਂ, ਥਾਣਾ ਰਾਮਾਂ ਮੰਡੀ ਵਿਚ ਛੇ ਮਈ 2014 ਨੂੰ ਪਰਮਿੰਦਰ ਸਿੰਘ ਖਿਲਾਫ਼ ਕੇਸ ਦਰਜ ਕੀਤਾ ਗਿਆ ਸੀ।

ਜੁਰਮ ਕਰਨ ਵੇਲੇ ਪਰਮਿੰਦਰ ਸਿੰਘ ਦੀ ਉਮਰ 14 ਸਾਲ ਸੀ ਅਤੇ ਨਾਬਾਲਗ ਹੋਣ ਕਾਰਨ ਉਸ ਦਾ ਮਾਮਲਾ ਜੁਵੇਨਾਈਲ ਜਸਟਿਸ ਤਹਿਤ ਅਦਾਲਤ ਨੰਬਰ 14 ਵਿਚ ਵਿਚਾਰ ਅਧੀਨ ਹੈ। ਹੁਣ ਪਰਮਿੰਦਰ ਸਿੰਘ ਦੇ ਦੋਵੇਂ ਹੱਥ ਕੱਟਣ ਦੇ ਦੋਸ਼ ਵਿਚ ਥਾਣਾ ਨੰਦਗੜ੍ਹ ਵਿਚ ਪਰਮਜੀਤ ਸਿੰਘ ਖਿਲਾਫ਼ ਪੁਲਿਸ ਕੇਸ ਦਰਜ ਕੀਤਾ ਗਿਆ ਹੈ। ਬਠਿੰਡਾ ਪੁਲਿਸ ਨੇ ਪਰਮਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਪਰਮਜੀਤ ਸਿੰਘ ਬਠਿੰਡਾ ਅਦਾਲਤ ਵਿਚੋਂ ਨੌਜਵਾਨ ਪਰਮਿੰਦਰ ਸਿੰਘ ਨੂੰ ਰਾਜ਼ੀਨਾਮੇ ਦੇ ਬਹਾਨੇ ਮੋਟਰਸਾਈਕਲ 'ਤੇ ਨਾਲ ਲੈ ਗਿਆ ਸੀ। ਮੁਲਜ਼ਮ ਨੇ ਪਹਿਲਾਂ ਠੰਢੇ ਵਿਚ ਨਸ਼ੀਲਾ ਪਦਾਰਥ ਪਾ ਕੇ ਨੌਜਵਾਨ ਨੂੰ ਬੇਹੋਸ਼ ਕਰ ਦਿੱਤਾ ਅਤੇ ਮਗਰੋਂ ਪਿੰਡ ਝੁੰਬਾ ਕੋਲ ਉਸ ਨੂੰ ਦਰਖ਼ਤ ਨਾਲ ਬੰਨ੍ਹ ਕੇ ਉਸ ਦੇ ਤੇਜ਼ ਹਥਿਆਰ ਨਾਲ ਦੋਵੇਂ ਹੱਥ ਕੱਟ ਦਿੱਤੇ।

ਨੌਜਵਾਨ ਪਰਮਿੰਦਰ ਸਿੰਘ ਹੁਣ ਇਲਾਜ ਅਧੀਨ ਹੈ। ਪਿੰਡ ਕੋਟਲੀ ਦੇ ਸਰਪੰਚ ਲਖਵਿੰਦਰ ਸਿੰਘ ਦਾ ਕਹਿਣਾ ਹੈ ਕਿ ਪੂਰੇ ਪਿੰਡ ਨੇ ਦੋਵੇਂ ਘਟਨਾਵਾਂ ਦਾ ਬਹੁਤ ਬੁਰਾ ਮਨਾਇਆ ਹੈ। ਪਿੰਡ ਲਈ ਇਹ ਸ਼ਰਮ ਵਾਲੀ ਗੱਲ ਹੈ ਕਿ ਇਸ ਤਰ੍ਹਾਂ ਦੇ ਦੋ ਕਾਰੇ ਹੋ ਗਏ ਹਨ।

## 14 ਹਜ਼ਾਰ ਪੌਂਡ ਵਿਚ ਵਿਕਿਆ ਮਹਾਰਾਣੀ ਦਾ ਪ੍ਰੇਮ ਪੱਤਰ

**ਲੰਡਨ:** ਮਹਾਰਾਣੀ ਅਲੈਜ਼ਾਬੈਥ-2 ਨੇ ਪ੍ਰਿੰਸ ਫਿਲਿਪ ਨਾਲ ਮੁਹੱਬਤ ਹੋਣ ਦੀ ਦਾਸਤਾਨ ਜਿਸ ਦੋ ਪੰਨਿਆਂ ਦੀ ਚਿੱਠੀ ਵਿਚ ਬਿਆਨ ਕੀਤੀ ਸੀ, ਉਸ ਨੂੰ ਖਰੀਦਣ ਲਈ ਨਿਲਾਮੀ ਦੌਰਾਨ ਵੱਡੀ ਗਿਣਤੀ ਵਿਚ ਲੋਕਾਂ ਨੇ ਹਿੱਸਾ ਲਿਆ।

ਇਹ ਚਿੱਠੀ ਤਕਰੀਬਨ 14 ਹਜ਼ਾਰ ਪੌਂਡ ਵਿਚ ਵਿਕੀ। ਜ਼ਿਕਰਯੋਗ ਹੈ ਕਿ 21 ਸਾਲ ਦੀ ਉਮਰ ਵਿਚ ਰਾਜਕੁਮਾਰੀ ਅਲੈਜ਼ਾਬੈਥ ਨੇ ਵਿਆਹ ਤੋਂ ਕੁਝ ਮਹੀਨੇ ਪਹਿਲਾਂ 1947 ਵਿਚ ਲੇਖਿਕਾ ਬੇਟੀ ਸ਼ੌਹ ਲਿਖੀ ਸੀ ਅਤੇ ਇਸ ਵਿਚ ਸਾਰਾ ਵੇਰਵਾ ਬਿਆਨ ਕੀਤਾ ਸੀ।

## ਕਿਸਾਨ ਖ਼ੁਦਕੁਸ਼ੀਆਂ ਵਿਚ ਪੰਜਾਬ ਦੂਜੇ ਨੰਬਰ 'ਤੇ

**ਨਵੀਂ ਦਿੱਲੀ:** ਇਸ ਸਾਲ ਹੁਣ ਤਕ 116 ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਹਨ। ਖੇਤੀ ਸੰਕਟ ਕਾਰਨ ਸਭ ਤੋਂ ਵੱਧ ਖ਼ੁਦਕੁਸ਼ੀਆਂ ਮਹਾਰਾਸ਼ਟਰ ਵਿਚ ਹੋਈਆਂ ਹਨ। ਇਸ ਬਾਅਦ ਪੰਜਾਬ ਤੇ ਤਿਲੰਗਾਨਾ ਦਾ ਨੰਬਰ ਆਉਂਦਾ ਹੈ। ਕੇਂਦਰੀ ਖੇਤੀਬਾੜੀ ਰਾਜ ਮੰਤਰੀ ਮੋਹਨਭਾਈ ਕੁੰਦੜੀਆ ਵੱਲੋਂ ਲੋਕ ਸਭਾ ਵਿਚ ਪੇਸ਼ ਕੀਤੇ ਗਏ ਅੰਕੜਿਆਂ ਮੁਤਾਬਕ ਸਾਲ 2015 ਵਿਚ ਖੇਤੀ ਸੰਕਟ ਕਾਰਨ ਦੋ ਹਜ਼ਾਰ ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਸੀ ਅਤੇ ਇਕੱਲੇ ਮਹਾਰਾਸ਼ਟਰ ਵਿਚ 1841 ਕੇਸ ਸਾਹਮਣੇ ਆਏ ਸਨ।

ਮੰਤਰੀ ਵੱਲੋਂ ਹੇਠਲੇ ਸਦਨ ਨੂੰ ਜਾਣਕਾਰੀ ਦਿੱਤੀ ਕਿ ਇਸ ਸਾਲ 29 ਫਰਵਰੀ ਤੱਕ ਮਹਾਰਾਸ਼ਟਰ ਵਿਚ 57 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਹੈ ਜਦੋਂ ਕਿ ਪੰਜਾਬ ਵਿਚ 11 ਮਾਰਚ ਤੱਕ 56 ਕਿਸਾਨਾਂ ਤੇ ਖੇਤ ਮਜ਼ਦੂਰਾਂ ਵੱਲੋਂ ਖ਼ੁਦਕੁਸ਼ੀ ਕੀਤੇ ਜਾਣ ਬਾਰੇ ਕੇਸ ਦਰਜ ਹੋਏ ਹਨ। ਤਿਲੰਗਾਨਾ ਵਿਚ ਖ਼ੁਦਕੁਸ਼ੀ ਦੇ ਤਿੰਨ ਕੇਸ ਸਾਹਮਣੇ ਆਏ ਹਨ।

Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

STATEN SOLAR
AFFORDABLE ENERGY FOR EVERYONE
Save with Solar
Commercial, Agricultural and Residential



For South California



Simran Deol
Solar Engineer
661-412-4728
661-427-0843 (fax)



BYE BILL
No One Can Beat Our Price Guaranteed!
Top Quality Product *20 Years Performance Guarantee *25 Years Guarantee for Panels *Free Maintenance for 20 Years *No Need to worry about increasing utility *Professional Installation *24/7 Monitoring

For North California



Balwinder Garcha
Sales Rep Bay Area
by North California
510-468-9525

# ਹੁਣ ਪੱਬਾਂ ਭਾਰ ਹੋਈਆਂ ਪੰਜਾਬ ਦੀਆਂ ਸਿਆਸੀ ਧਿਰਾਂ

**ਚੰਡੀਗੜ੍ਹ:** ਪੰਜਾਬ ਵਿਚ 2017 ਦੀਆਂ ਵਿਧਾਨ ਸਭਾ ਚੋਣਾਂ ਲਈ ਮਾਹੌਲ ਭਖ ਗਿਆ ਹੈ। ਸੂਬੇ ਦੀਆਂ ਤਿੰਨੇ ਸਿਆਸੀ ਧਿਰਾਂ ਚੋਣ ਤਿਆਰੀਆਂ ਵਿਚ ਜੁਟ ਗਈਆਂ ਹਨ। ਇਸ ਵਾਰ ਖਾਸ ਗੱਲ ਇਹ ਹੈ ਕਿ ਸਿਆਸੀ ਧਿਰਾਂ ਉਮੀਦਵਾਰ ਐਲਾਨਣ ਵਿਚ ਇਕ ਦੂਜੇ ਤੋਂ ਅੱਗੇ ਲੱਗਣ ਲਈ ਜ਼ੋਰ ਅਜ਼ਮਾਈ ਕਰ ਰਹੀਆਂ ਹਨ।

ਆਮ ਆਦਮੀ ਪਾਰਟੀ (ਆਪ) ਵੱਲੋਂ ਜਿਥੇ ਜੂਨ ਮਹੀਨੇ ਉਮੀਦਵਾਰਾਂ ਦੇ ਐਲਾਨ ਦੀ ਗੱਲ ਆਖੀ ਹੈ ਉਥੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੇ ਐਲਾਨ ਕੀਤਾ ਹੈ ਕਿ ਉਸ ਨੇ 65 ਫੀਸਦੀ ਉਮੀਦਵਾਰਾਂ ਦੀ ਸ਼ਨਾਖ਼ਤ ਕਰ ਲਈ ਹੈ। ਅਕਾਲੀ ਦਲ 94 ਸੀਟਾਂ ਉਤੇ ਚੋਣ ਲੜੇਗਾ, ਜਿਸ ਲਈ ਰਣਨੀਤੀ ਵੀ ਘੜ ਲਈ ਗਈ ਹੈ। ਜਾਣਕਾਰੀ ਮੁਤਾਬਕ ਅਕਾਲੀ ਲੀਡਰਸ਼ਿਪ ਨੇ 50 ਤੋਂ ਵੱਧ ਵਿਧਾਨ ਸਭਾ ਸੀਟਾਂ ਲਈ ਉਮੀਦਵਾਰਾਂ ਦੀ ਸ਼ਨਾਖ਼ਤ ਕਰ ਲਈ ਹੈ।

ਪਾਰਟੀ ਨੇ ਦਾਅਵਾ ਕੀਤਾ ਹੈ ਕਿ ਉਸ ਵੱਲੋਂ ਉਮੀਦਵਾਰਾਂ ਦੀ ਚੋਣ ਜੂਨ ਦੇ ਅੰਤ ਵਿਚ ਕੀਤੀ ਜਾਵੇਗੀ। ਹਾਲਾਂਕਿ ਇਨ੍ਹਾਂ ਉਮੀਦਵਾਰਾਂ ਦੇ ਨਾਂ ਛੇਤੀ ਜਨਤਕ ਨਹੀਂ ਕੀਤੇ ਜਾਣਗੇ। ਚੁਣੇ ਗਏ ਉਮੀਦਵਾਰਾਂ ਨੂੰ ਆਪਣੇ ਹਲਕਿਆਂ ਵਿਚ 'ਮੱਠੀ ਚੋਣ ਮੁਹਿੰਮ' ਵਿੱਢਣ ਲਈ ਕਹਿ ਦਿੱਤਾ ਗਿਆ ਹੈ। ਪਾਰਟੀ ਦੇ ਉੱਚ ਆਗੂਆਂ ਨੇ ਦੱਸਿਆ ਕਿ

### ਚੋਣ ਤਿਆਰੀਆਂ ਵਿਚ ਇਕ ਦੂਜੇ ਤੋਂ ਅੱਗੇ ਹੋਣ ਦੇ ਦਾਅਵੇ




ਇਨ੍ਹਾਂ ਉਮੀਦਵਾਰਾਂ ਦੀ ਸ਼ਨਾਖ਼ਤ ਜਿੱਤ ਦੀ ਸਮਰੱਥਾ ਤੇ ਵੋਟਰਾਂ 'ਚ ਆਧਾਰ ਨੂੰ ਦੇਖ ਕੇ ਕੀਤੀ ਗਈ ਹੈ।

ਮੁਢਲੇ ਮੈਨੇਜਮੈਂਟ ਸਿਧਾਂਤਾਂ ਉਤੇ ਪਾਰਟੀ ਚਲਾ ਰਹੇ ਪ੍ਰਧਾਨ-ਕਮ-ਮੁੱਖ ਰਣਨੀਤੀਘਾੜੇ ਸੁਖਬੀਰ ਸਿੰਘ ਬਾਦਲ ਨੇ ਮੰਨਿਆ ਕਿ ਬਾਰੀਕੀ ਨਾਲ ਯੋਜਨਾਬੰਦੀ ਇਸ ਲਈ ਕੀਤੀ ਜਾ ਰਹੀ ਹੈ ਕਿਉਂਕਿ ਸਾਰਾ ਉਸ ਦਾ ਹੀ 'ਲਾਭ ਤੇ ਨੁਕਸਾਨ' ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਉਨ੍ਹਾਂ ਦੀ ਚੋਣ ਰਣਨੀਤੀ ਤਿਆਰ ਹੈ ਅਤੇ ਸਾਰੇ ਉਮੀਦਵਾਰ ਦੋ ਮਹੀਨਿਆਂ ਵਿਚ ਚੁਣ ਲਏ ਜਾਣਗੇ। ਉਨ੍ਹਾਂ ਦਾਅਵਾ ਕੀਤਾ ਕਿ ਨਾ ਤਾਂ ਕਾਂਗਰਸ ਤੇ ਨਾ ਹੀ ਆਮ ਆਦਮੀ ਪਾਰਟੀ ਤੋਂ ਉਨ੍ਹਾਂ ਨੂੰ ਕੋਈ ਖਤਰਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਵੋਟ ਬੈਂਕ 35-45 ਫੀਸਦੀ ਦਰਮਿਆਨ ਹੈ ਜੋ ਇਸ ਤੋਂ ਹੇਠਾਂ ਨਹੀਂ ਜਾਵੇਗਾ।

ਉਨ੍ਹਾਂ ਕਿਹਾ ਕਿ ਹੁਣ ਤੱਕ ਕਾਂਗਰਸ ਕੋਈ ਪ੍ਰਭਾਵ ਛੱਡਣ ਵਿਚ ਨਾਕਾਮ ਰਹੀ ਹੈ ਅਤੇ 'ਆਪ' ਕੋਲ ਨਾ ਤਾਂ ਪੰਜਾਬ ਲਈ ਰਾਜਸੀ ਚਿਹਰਾ ਹੈ ਅਤੇ ਨਾ ਹੀ ਕੋਈ ਸਪੱਸ਼ਟ ਏਜੰਡਾ ਹੈ। ਉਹ ਸਿੱਧੇ ਤੌਰ 'ਤੇ ਸਰਕਾਰ ਵਿਰੋਧੀ ਵੋਟ ਉਤੇ ਆਧਾਰਤ ਹਨ। ਇਨ੍ਹਾਂ 60-55 ਫ਼ੀਸਦੀ ਵੋਟਾਂ ਵਿਚੋਂ ਉਨ੍ਹਾਂ ਦੋਵਾਂ ਵਿਚਾਲੇ ਵੰਡੀਆਂ ਜਾਣੀਆਂ ਹਨ। ਸ. ਬਾਦਲ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਵੱਲੋਂ ਆਉਣ ਵਾਲੇ ਦਿਨਾਂ ਵਿਚ ਵਿਕਾਸ ਵਾਲਾ ਏਜੰਡੇ ਸਾਹਮਣੇ ਲਿਆਉਣ ਬਾਅਦ ਸਰਕਾਰ ਵਿਰੋਧੀ ਵੋਟ ਬਹੁਤ ਥੋੜ੍ਹੀ ਰਹਿ ਜਾਣੀ ਹੈ।

ਪੰਜਾਬ ਵਿਚ ਨਸ਼ਿਆਂ ਦੇ ਦਰਿਆ ਬਾਰੇ ਸੁਖਬੀਰ ਬਾਦਲ ਨੇ ਕਿਹਾ ਕਿ ਕਿਸੇ ਵੀ ਗਰੋਹ ਨੂੰ ਕੋਈ ਸਿਆਸੀ ਸਰਪ੍ਰਸਤੀ ਨਹੀਂ ਹੈ। ਪੰਜਾਬ ਤਾਂ ਮਹਿਜ਼ ਲਾਂਘਾ ਹੈ ਅਤੇ ਅਸਲ ਮਾਰਕੀਟ ਤਾਂ ਵੱਡੇ ਸ਼ਹਿਰ ਜਾਂ ਅਮੀਰ ਮੁਲਕ ਹਨ। ਪੰਜਾਬੀਆਂ ਦੇ ਨਸ਼ੇੜੀ ਹੋਣ ਬਾਰੇ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਰੇਤ ਮਾਫ਼ੀਆ ਨੂੰ ਸਿਆਸੀ ਸਰਪ੍ਰਸਤੀ ਹੋਣ ਤੋਂ ਵੀ ਇਨਕਾਰ ਕੀਤਾ।

ਬਾਦਲ ਪਰਿਵਾਰ ਦੀ ਵਜ਼ਾਰਤ ਵਿਚ ਚੌਧਰ ਬਾਰੇ ਉਨ੍ਹਾਂ ਕਿਹਾ ਕਿ ਭਾਜਪਾ ਤੇ ਅਕਾਲੀ ਦਲ ਮੰਤਰੀਆਂ ਕੋਲ ਬਰਾਬਰ ਅਹਿਮ ਵਿਭਾਗ ਹਨ। ਪ੍ਰਤਾਪ ਸਿੰਘ ਕੈਰੋਂ ਤੇ ਬਿਕਰਮ ਸਿੰਘ ਮਜੀਠੀਆ ਬਾਰੇ ਉਨ੍ਹਾਂ ਕਿਹਾ ਕਿ ਉਹ ਦੋਵੇਂ ਸਿਆਸੀ ਪਰਿਵਾਰਾਂ ਵਿਚੋਂ ਹਨ ਤੇ ਉਹ ਆਪਣੇ ਦਮ 'ਤੇ ਰਾਜਨੀਤੀ ਵਿਚ ਆਏ ਹਨ।

## ਉਮੀਦਵਾਰ ਐਲਾਨਣ 'ਚ ਅਕਾਲੀ ਦਲ (ਅ) ਨੇ ਮਾਰੀ ਬਾਜ਼ੀ

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ 2017 ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਇਥੇ ਆਪਣੇ ਪਹਿਲੇ ਉਮੀਦਵਾਰ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਦੱਸਿਆ ਕਿ ਪਾਰਟੀ ਵੱਲੋਂ ਲੁਧਿਆਣਾ ਪੂਰਬੀ ਵਿਧਾਨ ਸਭਾ ਹਲਕੇ ਤੋਂ ਜ਼ਿਲ੍ਹਾ ਜਥੇਦਾਰ ਜਸਵੰਤ ਸਿੰਘ ਚੀਮਾ ਚੋਣ ਲੜਨਗੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰੇਗਾ ਅਤੇ ਆਉਂਦੇ ਦਿਨਾਂ ਵਿਚ ਸਾਰੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਜਾਵੇਗਾ।

## ਸੌਖਾ ਨਹੀਂ ਹੋਵੇਗਾ ਹੁਣ 'ਆਪ' ਵਿਚ ਸ਼ਾਮਲ ਹੋਣਾ

**ਚੰਡੀਗੜ੍ਹ :** ਆਮ ਆਦਮੀ ਪਾਰਟੀ (ਆਪ) ਨੇ ਪਾਰਟੀ ਤੋਂ ਬਾਹਰਲੇ ਆਗੂਆਂ ਅਤੇ ਵਰਕਰਾਂ ਨੂੰ ਸ਼ਾਮਲ ਕਰਵਾਉਣ ਦੇ ਮਾਮਲੇ ਉਤੇ ਛਿੜੇ ਵਿਵਾਦ ਨੂੰ ਖਤਮ ਕਰਨ ਦਾ ਹੱਲ ਲੱਭ ਲਿਆ ਹੈ। ਪਾਰਟੀ ਨੇ ਦੂਜੇ ਆਗੂਆਂ ਨੂੰ ਸ਼ਾਮਲ ਕਰਨ ਸਬੰਧੀ ਇਕ ਪੈਨਲ ਤਿਆਰ ਕੀਤਾ ਹੈ। ਇਸ ਪੈਨਲ ਦੀ ਮਨਜ਼ੂਰੀ ਤੋਂ ਬਾਅਦ ਦੂਜੀਆਂ ਪਾਰਟੀਆਂ ਦੇ ਆਗੂਆਂ ਨੂੰ ਸ਼ਾਮਲ ਕੀਤਾ ਜਾਵੇਗਾ। ਇਸ ਪੈਨਲ ਵਿਚ ਪਾਰਟੀ ਦੇ ਕੌਮੀ ਸੰਗਠਨ ਸਕੱਤਰ ਦੁਰਗੇਸ਼ ਪਾਠਕ, ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਅਤੇ ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ ਤੇ ਸੰਸਦ ਮੈਂਬਰ ਭਗਵੰਤ ਮਾਨ ਸ਼ਾਮਲ ਹਨ। ਭਵਿੱਖ ਵਿਚ ਕਿਸੇ ਵੀ ਵਿਅਕਤੀ ਨੂੰ ਪਾਰਟੀ ਵਿਚ ਸ਼ਾਮਲ ਕਰਨ ਦਾ ਫੈਸਲਾ ਇਹੀ ਪੈਨਲ ਕਰੇਗਾ। ਇਸ ਦੇ ਨਾਲ ਹੀ ਪਾਰਟੀ ਦੇ ਸਾਰੇ ਆਗੂਆਂ, ਜ਼ੋਨਲ ਇੰਚਾਰਜਾਂ, ਸੈਕਟਰ ਇੰਚਾਰਜਾਂ ਅਤੇ ਕੇਂਦਰੀ ਅਬਜ਼ਰਵਰਾਂ 'ਤੇ ਆਪਣੇ ਪੱਧਰ 'ਤੇ ਕਿਸੇ ਨੂੰ ਪਾਰਟੀ ਵਿਚ ਸ਼ਾਮਲ ਕਰਨ ਉਤੇ ਰੋਕ ਲਾ ਦਿੱਤੀ ਗਈ ਹੈ।

# ਬਾਦਲਾਂ ਨੇ ਵਿਧਾਇਕਾਂ ਲਈ ਅਹੁਦਿਆਂ ਦੀ ਝੜੀ ਲਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੱਤ ਹੋਰ ਵਿਧਾਇਕਾਂ ਨੂੰ ਮੁੱਖ ਸੰਸਦੀ ਸਕੱਤਰ ਬਣਾਇਆ ਜਾ ਰਿਹਾ ਹੈ। ਰਾਜਪਾਲ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਿਫ਼ਾਰਸ਼ 'ਤੇ ਗੁਰਤੇਜ ਸਿੰਘ ਘੁੜਿਆਣਾ, ਮਨਜੀਤ ਸਿੰਘ ਮੀਆਂਵਿੰਡ, ਦਰਸ਼ਨ ਸਿੰਘ ਸ਼ਿਵਾਲਿਕ, ਗੁਰਪ੍ਰਤਾਪ ਸਿੰਘ ਵਡਾਲਾ, ਪਰਗਟ ਸਿੰਘ (ਸਾਰੇ ਅਕਾਲੀ ਦਲ ਨਾਲ ਸਬੰਧਿਤ), ਸੁਖਜੀਤ ਕੌਰ ਸਾਹੀ ਅਤੇ ਸੀਮਾ ਕੁਮਾਰੀ (ਭਾਜਪਾ ਨਾਲ ਸਬੰਧਿਤ) ਨੂੰ ਮੁੱਖ ਸੰਸਦੀ ਸਕੱਤਰ ਬਣਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਮੁੱਖ ਸੰਸਦੀ ਸਕੱਤਰ ਦੇ ਅਹੁਦੇ ਨੂੰ ਵਿਧਾਨਕ ਤੌਰ 'ਤੇ ਭਾਵੇਂ ਕੋਈ ਮਾਨਤਾ ਨਹੀਂ ਪਰ ਸਰਕਾਰੀ ਖ਼ਜ਼ਾਨੇ ਨੂੰ ਉਸ ਦਾ ਮੰਤਰੀ ਦੇ ਬਰਾਬਰ ਹੀ ਬੋਝ ਝੱਲਣਾ ਪੈਂਦਾ ਹੈ ਅਤੇ ਪੰਜਾਬ ਸਰਕਾਰ ਇਸ ਸਮੇਂ ਗੰਭੀਰ ਵਿੱਤੀ ਸੰਕਟ 'ਚੋਂ ਲੰਘ ਰਹੀ ਹੈ। ਅਕਾਲੀ-ਭਾਜਪਾ ਗੱਠਜੋੜ ਦੇ ਵਿਧਾਇਕਾਂ ਦੀ ਗਿਣਤੀ 72 ਹੈ ਜਿਨ੍ਹਾਂ ਵਿਚੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ 18 ਵਿਧਾਇਕਾਂ ਕੋਲ ਤਾਂ ਮੰਤਰੀ ਦਾ ਅਹੁਦਾ ਹੈ।

ਇਸ ਫੈਸਲੇ ਬਾਅਦ ਮੁੱਖ ਸੰਸਦੀ ਸਕੱਤਰਾਂ ਦੀ ਗਿਣਤੀ 25 ਹੋ ਜਾਵੇਗੀ। ਇਸੇ ਤਰ੍ਹਾਂ ਵਿਧਾਨ ਸਭਾ ਦੇ ਸਪੀਕਰ ਤੇ ਡਿਪਟੀ ਸਪੀਕਰ ਨੂੰ ਮਿਲਾ ਕੇ 45 ਵਿਧਾਇਕਾਂ ਨੂੰ ਬੱਤੀ ਵਾਲੀ ਕਾਰ ਅਤੇ ਹੋਰ ਸਹੂਲਤਾਂ ਦਿੱਤੀਆਂ ਜਾ ਚੁੱਕੀਆਂ ਹਨ। ਸਰਕਾਰ ਵੱਲੋਂ ਕੁੱਝ ਵਿਧਾਇਕਾਂ ਨੂੰ ਬੋਰਡਾਂ ਜਾਂ ਨਿਗਮਾਂ ਦੇ ਚੇਅਰਮੈਨ ਅਤੇ ਜ਼ਿਲ੍ਹਾ ਯੋਜਨਾ ਕਮੇਟੀਆਂ ਦੇ ਮੁਖੀ ਵੀ ਨਿਯੁਕਤ ਕੀਤਾ ਜਾ ਚੁੱਕਾ ਹੈ।

ਇਸੇ ਦੌਰਾਨ ਪੰਜਾਬ ਸਰਕਾਰ ਨੇ ਬਾਗ਼ੀ ਸੁਰ ਅਲਾਪਣ ਵਾਲੇ ਅੰਮ੍ਰਿਤਸਰ ਤੋਂ ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ ਦੀ ਬੱਤੀ ਵਾਲੀ ਕਾਰ ਵਾਪਸ ਲੈ ਲਈ ਹੈ। ਇਸ ਵਿਧਾਇਕ ਨੂੰ ਮੁੱਖ ਸੰਸਦੀ ਸਕੱਤਰ ਦੇ ਅਹੁਦੇ ਤੋਂ ਲਾਹ ਦਿੱਤਾ ਹੈ।


DVRunlimited

(FOR ONLINE CUSTOMER ONLY)

2.1MP HD-TVI Cameras
4CH HD-TVI DVR

- 4X HDTVI 2.1MP Cameras
- 1X LTD8304T-FT
- 1X 1TB HDD
- 4X Cable(60ft)
- 1X Power Supply (2A)
- with 1 to 4 splitter



$399

INSTALLATION AVAILABLE IN CA

CONTACT
Balbir S Sidhu
209-495-3905 (Cell)
Toll Free: (888) 233-4566
www.dvrunlimited.com
info@dvrunlimited.com

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਪਹਿਲਾਂ ਘਰ ਲੀਜ਼ 'ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ



ਜਗਦੇਵ ਸਿੰਘ
ਫੋਨ: 510-689-4625

JAGDEV SINGH
Realtor
CalBre #01423409
42820 Albrae, St.,
Fremont, CA 94538

REALTOR® EQUAL HOUSING OPPORTUNITY

# ਐਸ.ਵਾਈ.ਐਲ. ਵਿਵਾਦ ਤੋਂ ਲਾਂਭੇ ਹੋਈ ਕੇਜਰੀਵਾਲ ਸਰਕਾਰ



**ਨਵੀਂ ਦਿੱਲੀ:** ਦਿੱਲੀ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ਦੇ ਏਜੰਡੇ ਉਤੇ ਅਗਲੇ ਸਾਲ ਫਰਵਰੀ ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਹਨ। ਉਨ੍ਹਾਂ ਵੱਲੋਂ ਦਰਿਆਈ ਪਾਣੀਆਂ ਦੇ ਮਸਲੇ 'ਤੇ ਸੁਪਰੀਮ ਕੋਰਟ ਵਿਚ ਬਦਲੇ ਸਟੈਂਡ ਤੋਂ ਸਪੱਸ਼ਟ ਹੈ ਕਿ ਉਹ ਕੋਈ ਖਤਰਾ ਮੁੱਲ ਨਹੀਂ ਲੈਣਾ ਚਾਹੁੰਦੀ। ਦਰਿਆਈ ਪਾਣੀਆਂ ਦੇ ਮਸਲੇ 'ਤੇ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਦਾ ਇਹ ਰੁਖ ਹੈ ਕਿ ਕਿਸੇ ਹੋਰ ਸੂਬੇ ਨੂੰ ਪਾਣੀ ਦੇਣ ਲਈ ਉਨ੍ਹਾਂ ਕੋਲ ਇਕ ਵੀ ਬੂੰਦ ਨਹੀਂ ਹੈ।

ਦਿੱਲੀ ਸਰਕਾਰ ਨੇ ਸੁਪਰੀਮ ਕੋਰਟ ਵਿਚ ਹਲਫਨਾਮਾ ਦਾਇਰ ਕਰ ਕੇ ਕਿਹਾ ਹੈ ਕਿ ਰਾਵੀ ਤੇ ਬਿਆਸ ਦਰਿਆਵਾਂ ਦੇ ਪਾਣੀਆਂ ਦੀ ਵੰਡ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਦਰਮਿਆਨ ਮਸਲੇ ਨਾਲ ਉਸ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਉਂਜ ਦਿੱਲੀ ਨੇ ਇਸ ਤੋਂ ਪਹਿਲਾਂ ਨਵੇਂ ਹਲਫਨਾਮੇ 'ਚ ਪੰਜਾਬ ਦਾ ਪੱਖ ਪੂਰਦਿਆਂ ਅਦਾਲਤ ਨੂੰ ਕਿਹਾ ਹੈ ਕਿ ਉਹ ਰਾਸ਼ਟਰਪਤੀ ਵੱਲੋਂ ਮੰਗੇ ਗਏ ਸਪੱਸ਼ਟੀਕਰਨ 'ਤੇ ਆਪਣੀ ਰਾਏ ਨਾ ਦੇਵੇ।

ਦਿੱਲੀ ਸਰਕਾਰ ਨੇ ਦਰਿਆਈ ਪਾਣੀਆਂ ਦੇ ਮਸਲੇ ਤੋਂ ਪਾਸਾ ਵਟਦਿਆਂ ਕਿਹਾ ਹੈ ਕਿ ਉਹ ਇਸ 'ਤੇ ਕੋਈ ਟਿੱਪਣੀ ਨਹੀਂ ਕਰਨਗੇ ਅਤੇ ਪੰਜਾਬ ਤੇ ਹਰਿਆਣਾ ਨੂੰ ਹੀ ਆਪਣੇ ਮੱਤਭੇਦ ਸੁਲਝਾਉਣੇ ਪੈਣਗੇ। ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠਲੀ ਸਰਕਾਰ ਨੇ ਕਿਹਾ ਹੈ ਕਿ ਦਿੱਲੀ ਨੂੰ ਕੇਂਦਰ ਦੇ ਮਾਰਚ 1976 ਦੇ ਨੋਟੀਫਿਕੇਸ਼ਨ ਮੁਤਾਬਕ 0.3 ਮਿਲੀਅਨ ਏਕੜ ਫੁੱਟ ਪਾਣੀ ਮਿਲਦਾ ਹੈ ਅਤੇ ਅਦਾਲਤ ਉਨ੍ਹਾਂ ਦੇ ਹਿੱਸੇ ਦੀ ਰਾਖੀ ਨੂੰ ਯਕੀਨੀ ਬਣਾਏ। ਇਸ ਵਿਚ ਕਿਹਾ ਗਿਆ ਹੈ ਕਿ ਦਿੱਲੀ ਦੀ ਐਨ.ਸੀ.ਟੀ. ਸਰਕਾਰ ਅਤੇ ਦਿੱਲੀ ਜਲ ਬੋਰਡ ਵੱਲੋਂ ਇਸ ਮਸਲੇ 'ਤੇ ਪਹਿਲਾਂ ਦਾਖਲ ਕੀਤੇ ਗਏ ਸਾਰੇ ਹਲਫਨਾਮਿਆਂ ਦੀ ਥਾਂ 'ਤੇ ਮੌਜੂਦਾ ਨਵਾਂ ਹਲਫਨਾਮਾ ਲਏਗਾ।

ਇਸ ਦੇ ਨਾਲ ਸਰਕਾਰ ਨੇ ਸੁਪਰੀਮ ਕੋਰਟ ਦੇ ਫੈਸਲੇ ਦਾ ਹਵਾਲਾ ਦਿੱਤਾ ਜਿਸ ਵਿਚ ਕਿਹਾ ਗਿਆ ਕਿ ਧਾਰਾ 143 ਤਹਿਤ ਅਦਾਲਤ ਰਾਸ਼ਟਰਪਤੀ ਵੱਲੋਂ ਮੰਗੇ ਸਾਰੇ ਸਪੱਸ਼ਟੀਕਰਨਾਂ ਦਾ ਜਵਾਬ ਦੇਣ ਲਈ ਬੱਝੀ ਨਹੀਂ ਹੋਈ ਹੈ। ਇਸ ਸਟੈਂਡ ਤੋਂ ਸਪੱਸ਼ਟ ਹੋ ਗਿਆ ਕਿ ਦਿੱਲੀ ਸਿੱਧੇ ਤੌਰ 'ਤੇ ਪੰਜਾਬ ਦਾ ਪੱਖ ਲੈ ਰਹੀ ਹੈ ਜਿਸ ਨੇ ਪਹਿਲਾਂ ਹੀ ਬੈਂਚ ਨੂੰ ਅਪੀਲ ਕੀਤੀ ਹੈ ਕਿ ਉਹ 2004 ਦੇ ਐਕਟ ਦੀ ਵੈਧਤਾ ਬਾਰੇ ਕੋਈ ਰਾਏ ਨਾ ਦੇਵੇ।

ਇਸ ਤੋਂ ਪਹਿਲਾਂ ਦਿੱਲੀ ਨੇ ਸੁਪਰੀਮ ਕੋਰਟ ਵਿਚ ਹਰਿਆਣਾ ਦੇ ਸਟੈਂਡ ਦਾ ਪੱਖ ਪੂਰਦਿਆਂ ਕਿਹਾ ਸੀ ਕਿ ਪਾਣੀਆਂ ਦੇ ਸਮਝੌਤੇ ਰੱਦ ਕਰਨ ਸਬੰਧੀ ਐਕਟ 2004 ਨੂੰ ਪਾਸ ਕਰ ਕੇ ਪੰਜਾਬ ਆਪਣੇ ਗੁਆਂਢੀਆਂ ਦੇ ਦਰਿਆਈ ਪਾਣੀਆਂ ਉਤੇ ਹੱਕ ਨੂੰ ਨਹੀਂ ਮਾਰ ਸਕਦਾ। ਸੁਪਰੀਮ ਕੋਰਟ ਦੀ ਪੰਜ ਮੈਂਬਰੀ ਸੰਵਿਧਾਨਕ ਬੈਂਚ ਐਕਟ ਦੀ ਵੈਧਤਾ ਬਾਰੇ ਰਾਸ਼ਟਰਪਤੀ ਵੱਲੋਂ ਮੰਗੇ ਗਏ ਸਪੱਸ਼ਟੀਕਰਨ ਉਤੇ ਸੁਣਵਾਈ ਕਰ ਰਹੀ ਹੈ।

ਦਿੱਲੀ ਨੇ ਜਸਟਿਸ ਅਨਿਲ ਆਰ ਦਵੇ ਦੀ ਅਗਵਾਈ ਹੇਠਲੇ ਬੈਂਚ ਨੂੰ ਦੱਸਿਆ ਸੀ ਕਿ ਉਨ੍ਹਾਂ ਦੇ ਵਕੀਲ ਨੇ ਬਿਨਾਂ ਕਿਸੇ ਅਥਾਰਿਟੀ ਦੇ ਸਟੈਂਡ ਲਿਆ ਜਿਸ ਕਾਰਨ ਉਸ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ ਅਤੇ ਹੁਣ ਉਹ ਆਪਣਾ ਪੱਖ ਰੱਖਣ ਲਈ ਨਵਾਂ ਹਲਫਨਾਮਾ ਦਾਇਰ ਕਰਨਾ ਚਾਹੁੰਦੀ ਹੈ। ਬੈਂਚ ਨੇ ਉਨ੍ਹਾਂ ਨੂੰ ਨਵਾਂ ਹਲਫਨਾਮਾ ਦਾਖਲ ਕਰਨ ਦੀ ਇਜਾਜ਼ਤ ਦੇ ਦਿੱਤੀ ਸੀ ਅਤੇ ਸਪੱਸ਼ਟ ਕੀਤਾ ਸੀ ਕਿ ਉਹ ਇਸ ਨੂੰ ਮੈਰਿਟ ਦੇ ਆਧਾਰ 'ਤੇ ਸਵੀਕਾਰ ਕਰਨਗੇ।

### ਪੰਜਾਬ ਵਿਰੋਧੀ ਨਜ਼ਰੀਆ ਬਦਲੇ ਕੇਜਰੀਵਾਲ : ਬਾਦਲ

**ਨਵਾਂ ਸ਼ਹਿਰ:** ਦਿੱਲੀ ਦੇ ਮੁੱਖ ਮੰਤਰੀ ਵੱਲੋਂ ਸਤਲੁਜ ਯਮੁਨਾ ਲਿੰਕ ਨਹਿਰ ਦੇ ਮੁੱਦੇ ਉਤੇ ਆਪਣੇ ਵਕੀਲ ਬਦਲਣ ਦੇ ਐਲਾਨ ਨੂੰ ਸਿਆਸੀ ਸਟੰਟ ਦੱਸਦਿਆਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਆਪਣਾ ਵਕੀਲ ਤਾਂ ਬਦਲ ਸਕਦੇ ਹਨ ਪਰ ਆਪਣੀ ਪਾਰਟੀ ਦਾ ਪੰਜਾਬ ਵਿਰੋਧੀ ਵਤੀਰਾ ਨਹੀਂ ਬਦਲ ਸਕਦੇ। ਮੁੱਖ ਮੰਤਰੀ ਨੇ ਕਿਹਾ ਕਿ ਕੇਜਰੀਵਾਲ ਹਰਿਆਣਾ ਨਾਲ ਸਬੰਧ ਰੱਖਦੇ ਹਨ ਅਤੇ ਇਸ ਲਈ ਉਨ੍ਹਾਂ ਦਾ ਝੁਕਾਅ ਆਪਣੇ ਸੂਬੇ ਵੱਲ ਹੋਣਾ ਸੁਭਾਵਕ ਹੈ। ਅਜਿਹੇ ਹਾਲਾਤ ਵਿਚ ਉਨ੍ਹਾਂ ਤੋਂ ਪੰਜਾਬ ਦੇ ਭਲੇ ਦੀ ਆਸ ਰੱਖਣਾ ਬੇਮਾਅਨਾ ਹੈ।

## ਇੰਗਲੈਂਡ ਦੇ ਸਕੂਲਾਂ ਵਿਚ ਪੰਜਾਬੀ ਨੂੰ ਮਿਲਦਾ ਰਹੇਗਾ ਮਾਣ

**ਲੰਡਨ:** ਇੰਗਲੈਂਡ ਸਰਕਾਰ ਨੇ ਕਿਹਾ ਹੈ ਕਿ ਪੰਜਾਬੀ, ਉਰਦੂ, ਗੁਜਰਾਤੀ ਅਤੇ ਬੰਗਾਲੀ ਵਰਗੀਆਂ ਭਾਰਤੀ ਭਾਸ਼ਾਵਾਂ ਮੁਲਕ ਦੇ ਸਕੂਲਾਂ ਵਿਚ ਪੜ੍ਹਾਈਆਂ ਜਾਂਦੀਆਂ ਰਹਿਣਗੀਆਂ। ਇੰਗਲੈਂਡ ਦੇ ਸਿੱਖਿਆ ਵਿਭਾਗ ਨੇ ਇਸ ਹਫਤੇ ਪੁਸ਼ਟੀ ਕੀਤੀ ਕਿ ਚਾਰ ਭਾਸ਼ਾਵਾਂ ਚੋਣਵੇਂ ਵਿਸ਼ਿਆਂ ਵਜੋਂ ਜੀ.ਸੀ.ਐਸ.ਈ. ਅਤੇ ਏ-ਲੈਵਲ ਦੇ ਸਿਲੇਬਸ ਵਿਚ ਸ਼ਾਮਲ ਹੋਣਗੀਆਂ। ਇਹ ਭਾਰਤ ਦੇ ਕੇਂਦਰੀ ਬੋਰਡ ਪੱਧਰ ਦੇ ਸਕੂਲ ਪ੍ਰੀਖਿਆ ਦੇ ਬਰਾਬਰ ਹੈ।



ਸੰਸਦ ਮੈਂਬਰ ਬੌਬ ਬਲੈਕਮੈਨ ਨੇ ਕਿਹਾ ਕਿ ਉਹ ਮੁਲਕ ਦੇ ਬਹੁਭਾਂਤੀ ਸੱਭਿਆਚਾਰ ਵਾਲੇ ਸਭ ਤੋਂ ਵੱਡੇ ਹਲਕਿਆਂ ਵਿਚੋਂ ਇਕ ਦੀ ਨੁਮਾਇੰਦਗੀ ਕਰਦਾ ਹੈ। ਸਾਡੀ ਨੌਜਵਾਨ ਪੀੜ੍ਹੀ ਕੋਲ ਬਹੁਤ ਜ਼ਿਆਦਾ ਮੌਕੇ ਉਪਲਬਧ ਹੋਣਗੇ, ਜੇਕਰ ਉਨ੍ਹਾਂ ਨੂੰ ਜ਼ਿਆਦਾ ਭਾਸ਼ਾਵਾਂ ਦਾ ਗਿਆਨ ਹੋਵੇਗਾ। ਇਸੇ ਲਈ ਮੈਂ ਭਾਸ਼ਾਈ ਪੜ੍ਹਾਈ ਨੂੰ ਤਰਜੀਹ ਦੇਣ ਦੇ ਹੱਕ ਵਿਚ ਹਾਂ। ਇਨ੍ਹਾਂ ਵਿਸ਼ਿਆਂ ਤਹਿਤ ਸਮੁਦਾਇਕ ਭਾਸ਼ਾ ਯੋਗਤਾ ਲਈ ਸਮਝੌਤੇ ਨੂੰ ਬਰਕਰਾਰ ਰੱਖਣ ਲਈ ਇੰਗਲੈਂਡ ਦੀ ਸਰਕਾਰ ਮੁਲਕ ਦੇ ਸਿੱਖਿਆ ਬੋਰਡਾਂ ਨਾਲ ਕੰਮ ਕਰ ਰਹੀ ਹੈ। ਸ੍ਰੀ ਬੌਬ ਨੇ ਕਿਹਾ, 'ਮੈਂ ਉਨ੍ਹਾਂ ਸਾਰਿਆਂ ਨੂੰ ਵਧਾਈ ਦਿੰਦਾ ਹਾਂ, ਜੋ ਇਸ ਅਹਿਮ ਮੁੱਦੇ ਨੂੰ ਏਜੰਡੇ 'ਤੇ ਰੱਖਣ ਲਈ ਜੱਦੋ-ਜਹਿਦ ਕਰ ਰਹੇ ਸਨ। ਮੈਨੂੰ ਖੁਸ਼ੀ ਹੈ ਕਿ ਸਾਡੇ ਕੋਲ ਨਿੱਕ ਮੋਰਗਨ ਜਿਹਾ ਸਿੱਖਿਆ ਮੰਤਰੀ ਹੈ ਜੋ ਲੋਕਾਂ ਦੀਆਂ ਵਿਹਾਰਕ ਲੋੜਾਂ ਨੂੰ ਸੁਣਨ ਲਈ ਤਿਆਰ ਰਹਿੰਦਾ ਹੈ।'

## ਲਾੜੇ ਨੇ ਬਰਾਤ ਵਿਚੋਂ ਭੱਜ ਕੇ ਨਹਿਰ ਵਿਚ ਛਾਲ ਮਾਰੀ

**ਲੁਧਿਆਣਾ:** ਇਥੇ ਦੁੱਗਰੀ ਪੁਲ ਨੇੜੇ ਗਿੱਲ ਨਹਿਰ ਵਿਚ ਇਕ ਲਾੜੇ ਨੇ ਫੇਰੇ ਲੈਣ ਤੋਂ ਪਹਿਲਾਂ ਹੀ ਛਾਲ ਮਾਰ ਦਿੱਤੀ। ਬਰਾਤ ਨੇ ਵਿਆਹ ਲਈ ਘਟਨਾ ਵਾਲੀ ਜਗ੍ਹਾ ਤੋਂ ਸਿਰਫ 500 ਮੀਟਰ ਅੱਗੇ ਹੀ ਜਾਣਾ ਸੀ।

ਲਾੜੇ ਵੱਲੋਂ ਅਜਿਹਾ ਕਦਮ ਚੁੱਕਣ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗਿਆ ਹੈ। ਮ੍ਰਿਤਕ ਦੀ ਪਛਾਣ ਮੋਹਿਤ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਬਰਾਤ ਪੂਰੇ ਰੀਤੀ-ਰਿਵਾਜਾਂ ਨਾਲ ਖੁਸ਼ੀਆਂ ਮਨਾਉਂਦੇ ਹੋਏ ਘਰ ਤੋਂ ਚੱਲੀ ਸੀ। ਲਾੜਾ ਵੀ ਪੂਰਾ ਖੁਸ਼ ਨਜ਼ਰ ਆ ਰਿਹਾ ਸੀ, ਪਰ ਜਦ ਦੁੱਗਰੀ ਪੁਲ ਨੇੜੇ ਗਿੱਲ ਨਹਿਰ ਕਿਨਾਰੇ ਜਾ ਰਹੀ ਬਰਾਤ ਵਿਆਹ ਵਾਲੇ ਅਮੰਤਰਨ ਪੈਲੇਸ ਤੋਂ ਕਰੀਬ 500 ਮੀਟਰ ਪਿੱਛੇ ਰਹਿ ਗਈ ਤਾਂ ਅਚਾਨਕ ਲਾੜੇ ਮੋਹਿਤ ਨੇ ਘਬਰਾਹਟ ਹੋਣ ਦੀ ਸ਼ਿਕਾਇਤ ਕੀਤੀ। ਇਸ 'ਤੇ ਗੱਡੀ ਰੋਕ ਦਿੱਤੀ ਗਈ। ਮੋਹਿਤ ਕਾਰ 'ਚੋਂ ਬਾਹਰ ਨਿਕਲਿਆ ਤੇ ਅਚਾਨਕ ਸਿੱਧੀ ਨਹਿਰ ਵਿਚ ਛਾਲ ਮਾਰ ਦਿੱਤੀ। ਮੋਹਿਤ ਦੀ ਇਸ ਹਰਕਤ ਨੂੰ ਕੋਈ ਸਮਝ ਸਕਦਾ ਉਦੋਂ ਤੱਕ ਦੇਰ ਹੋ ਚੁੱਕੀ ਸੀ। ਮੋਹਿਤ ਪਾਣੀ ਦੇ ਤੇਜ਼ ਵਹਾ ਦੀ ਚਪੇਟ ਵਿਚ ਆ ਚੁੱਕਾ ਸੀ।

## ਗੁਲਾਮ ਪ੍ਰਥਾ ਵਿਰੁਧ ਡਟਣ ਵਾਲੀ ਮਹਿਲਾ ਦੀ ਤਸਵੀਰ ਡਾਲਰ ਉਤੇ ਲੱਗੇਗੀ

**ਵਾਸ਼ਿੰਗਟਨ:** ਅਮਰੀਕਾ ਦੇ ਇਤਿਹਾਸ ਵਿਚ ਪਹਿਲੀ ਵਾਰ ਗੁਲਾਮ ਪ੍ਰਥਾ ਵਿਰੋਧੀ ਅੰਦੋਲਨਕਾਰੀ ਮਹਿਲਾ ਹੈਰੀਅਟ ਟਬਮੈਨ ਦੀ ਤਸਵੀਰ 20 ਡਾਲਰ ਦੇ ਨਵੇਂ ਨੋਟ 'ਤੇ ਸਾਹਮਣੇ ਵਾਲੇ ਪਾਸੇ ਨਜ਼ਰ ਆਏਗੀ ਜੋ ਸਾਬਕਾ ਰਾਸ਼ਟਰਪਤੀ ਐਂਡਰਿਊ ਜੈਕਸਨ ਦੀ ਥਾਂ 'ਤੇ ਲੱਗੇਗੀ। ਟਬਮੈਨ ਦਾ ਜਨਮ 1820 ਵਿਚ ਗੁਲਾਮ ਵਜੋਂ ਹੋਇਆ ਸੀ ਅਤੇ ਉਨ੍ਹਾਂ ਸੈਂਕੜੇ ਹੋਰ ਲੋਕਾਂ ਨੂੰ ਗੁਲਾਮੀ ਵਿਚੋਂ ਕੱਢਿਆ। ਉਹ ਪਹਿਲੀ ਅਫਰੀਕੀ-ਅਮਰੀਕੀ ਹਨ, ਜਿਨ੍ਹਾਂ ਦੀ ਅਮਰੀਕੀ ਕਰੰਸੀ 'ਤੇ ਤਸਵੀਰ ਨਜ਼ਰ ਆਏਗੀ।

ਅਮਰੀਕਾ ਦੇ ਸੱਤਵੇਂ ਰਾਸ਼ਟਰਪਤੀ ਰਹੇ ਅਤੇ ਗੁਲਾਮਾਂ ਦੇ ਮਾਲਕ ਜੈਕਸਨ ਦੀ ਤਸਵੀਰ ਨੋਟ ਦੇ ਪਿਛਲੇ ਵਾਲੇ ਪਾਸੇ 'ਤੇ ਪ੍ਰਕਾਸ਼ਤ ਹੋਏਗੀ। ਵਿੱਤ ਮੰਤਰੀ ਜੈਕਬ ਜੇ ਲਿਊ ਨੇ ਇਸ ਦਾ ਐਲਾਨ ਕਰਦਿਆਂ ਕਿਹਾ ਕਿ 10 ਡਾਲਰ ਅਤੇ ਪੰਜ ਡਾਲਰ ਦੇ ਨੋਟਾਂ 'ਤੇ ਔਰਤਾਂ ਅਤੇ ਮਨੁੱਖੀ ਹੱਕਾਂ ਲਈ ਸੰਘਰਸ਼ ਕਰਨ ਵਾਲੇ ਆਗੂਆਂ ਦੀਆਂ ਤਸਵੀਰਾਂ ਲੱਗਣਗੀਆਂ।

ਅਮਰੀਕੀ ਲੋਕਾਂ ਨੂੰ ਲਿਖੇ ਖੁੱਲ੍ਹੇ ਪੱਤਰ ਵਿਚ ਲਿਊ ਨੇ ਕਿਹਾ ਕਿ 10 ਡਾਲਰ ਦੇ ਨੋਟ ਉੱਤੇ ਔਰਤਾਂ ਦੇ ਵੋਟਿੰਗ ਹੱਕ ਦੀ ਹਮਾਇਤ ਵਿਚ ਕੱਢੇ ਗਏ ਇਤਿਹਾਸਕ ਮਾਰਚ ਦੀ ਤਸਵੀਰ ਹੋਏਗੀ। ਵਿੱਤ ਵਿਭਾਗ ਵੱਲੋਂ ਅੰਦੋਲਨ ਦੀਆਂ ਆਗੂਆਂ ਲੁਕਰੇਸ਼ੀਆ ਮੋਟ, ਸੋਜ਼ੋਰਨਰ ਟਰੁੱਥ, ਸੂਜ਼ਨ ਬੀ ਐਂਥਨੀ, ਐਲਿਜ਼ਾਬੈੱਥ ਕੈਡੀ ਸਟੈਂਟਨ ਅਤੇ ਐਲਿਸ ਪੌਲ ਨੂੰ ਸਨਮਾਨਤ ਕੀਤਾ ਜਾਏਗਾ।

ਉਨ੍ਹਾਂ ਕਿਹਾ ਕਿ 10 ਡਾਲਰ ਦੇ ਮੂਹਰਲੇ ਵਾਲੇ ਹਿੱਸੇ 'ਤੇ ਅਮਰੀਕਾ ਦੇ ਪਹਿਲੇ ਵਿੱਤ ਮੰਤਰੀ ਅਲੈਗਜ਼ੈਂਡਰ ਹੈਮਿਲਟਨ ਦੀ ਤਸਵੀਰ ਬਰਕਰਾਰ ਰਹੇਗੀ।

## ਰਾਜ ਸਭਾ ਦੀ ਮੈਂਬਰੀ ਮਗਰੋਂ ਵੀ ਸਿੱਧੂ ਜੋੜੀ ਦੇ ਤੇਵਰ ਬਾਗੀ



**ਅੰਮ੍ਰਿਤਸਰ:** ਭਾਜਪਾ ਨੇ ਨਵਜੋਤ ਸਿੰਘ ਸਿੱਧੂ ਨੂੰ ਰਾਜ ਸਭਾ ਵਿਚ ਭੇਜ ਕੇ ਚਾਹੇ ਸਭ ਕੁਝ ਠੀਕ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਸਿੱਧੂ ਜੋੜੀ ਦੇ ਤੇਵਰਾਂ ਵਿਚ ਅਜੇ ਕੋਈ ਫਰਕ ਦਿਖਾਈ ਨਹੀਂ ਦੇ ਰਿਹਾ। ਨਵਜੋਤ ਸਿੰਘ ਦੀ ਪਤਨੀ ਤੇ ਮੁੱਖ ਸੰਸਦੀ ਸਕੱਤਰ ਨਵਜੋਤ ਕੌਰ ਨੇ ਕਿਹਾ ਹੈ ਕਿ ਉਨ੍ਹਾਂ ਦੇ ਪਤੀ 2017 ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ-ਭਾਜਪਾ ਲਈ ਚੋਣ ਪ੍ਰਚਾਰ ਨਹੀਂ ਕਰਨਗੇ। ਨਵਜੋਤ ਕੌਰ ਸਿੱਧੂ ਨੇ ਪਾਰਟੀ ਵੱਲੋਂ ਉਨ੍ਹਾਂ ਦੇ ਪਤੀ ਨੂੰ ਰਾਜ ਸਭਾ ਮੈਂਬਰ ਬਣਾਏ ਜਾਣ ਦਾ ਸਵਾਗਤ ਕੀਤਾ।

ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਪਾਰਟੀ ਨੇ ਸਿੱਧੂ ਨੂੰ ਪੰਜਾਬ ਵਿਚ ਕੋਈ ਵੀ ਜ਼ਿੰਮੇਵਾਰੀ ਇਸ ਲਈ ਨਹੀਂ ਦਿੱਤੀ ਕਿਉਂਕਿ ਪਾਰਟੀ ਨੂੰ ਪਤਾ ਹੈ ਕਿ ਸਿੱਧੂ ਜੋੜੇ ਨਾਲ ਅਕਾਲੀ ਦਲ ਵੱਲੋਂ ਵਿਤਕਰਾ ਕੀਤਾ ਜਾਂਦਾ ਹੈ। ਇਸ ਕਰ ਕੇ ਅਕਾਲੀ ਦਲ ਤੇ ਸਿੱਧੂ ਜੋੜੇ ਵਿਚ ਕਈ ਮਤਭੇਦ ਹਨ। ਉਨ੍ਹਾਂ ਕਿਹਾ ਕਿ ਉਹ ਨਾਂ ਤਾਂ ਕਦੇ ਪਹਿਲਾਂ ਕਿਸੇ ਹੋਰ ਪਾਰਟੀ ਵਿਚ ਜਾਣ ਦੇ ਚਾਹਵਾਨ ਸਨ ਤੇ ਨਾ ਹੀ ਹੁਣ ਇਸ ਬਾਰੇ ਸੋਚ ਰਹੇ ਹਨ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਪਾਰਟੀ ਦਾ ਵਫਾਦਾਰ ਸਿਪਾਹੀ ਹੈ ਤੇ ਉਨ੍ਹਾਂ ਦੀ ਵਫਾਦਾਰੀ ਨੂੰ ਮੁੱਖ ਰਖਦਿਆਂ ਹੀ ਪਾਰਟੀ ਵੱਲੋਂ ਉਨ੍ਹਾਂ ਨੂੰ ਰਾਜ ਸਭਾ ਵਿਚ ਭੇਜਣ ਦਾ ਫੈਸਲਾ ਲਿਆ ਗਿਆ ਹੈ।

ਉਨ੍ਹਾਂ ਸਾਫ ਕੀਤਾ ਕਿ ਉਹ ਅਕਾਲੀ-ਭਾਜਪਾ ਗਠਜੋੜ ਅਧੀਨ ਕਦੇ ਵੀ ਚੋਣ ਨਹੀਂ ਲੜਨਗੇ ਤੇ ਉਨ੍ਹਾਂ ਦੇ ਪਤੀ ਪੂਰੇ ਦੇਸ਼ ਵਿਚ ਪਾਰਟੀ ਲਈ ਚੋਣ ਪ੍ਰਚਾਰ ਕਰਨਗੇ ਪਰ ਪੰਜਾਬ ਵਿਚ ਨਹੀਂ। ਇਸ ਤੋਂ ਇਲਾਵਾ ਉਨ੍ਹਾਂ ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਕਮਲ ਸ਼ਰਮਾ ਨੂੰ ਹਟਾਏ ਜਾਣ ਬਾਰੇ ਕਿਹਾ ਕਿ ਪਾਰਟੀ ਨੇ ਉਨ੍ਹਾਂ ਨੂੰ ਹਟਾ ਕੇ ਬਹੁਤ ਵਧੀਆ ਕੰਮ ਕੀਤਾ। ਉਨ੍ਹਾਂ ਪੰਜਾਬ ਭਾਜਪਾ ਦੇ ਨਵੇਂ ਬਣਾਏ ਗਏ ਪ੍ਰਧਾਨ ਵਿਜੇ ਸਾਂਪਲਾ ਦੀਆਂ ਤਾਰੀਫਾਂ ਦੇ ਪੁਲ ਬੰਨ੍ਹਦਿਆਂ ਕਿਹਾ ਕਿ ਸਾਂਪਲਾ ਪਾਰਟੀ ਲਈ ਜੋ ਵੀ ਕੰਮ ਕਰ ਰਹੇ ਹਨ, ਉਸ ਨਾਲ ਭਾਜਪਾ ਦੇ ਸਾਰੇ ਨੇਤਾ ਤੇ ਵਰਕਰ ਖੁਸ਼ ਹਨ।

## ਲਾਵਾਰਸ ਹੋਇਆ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ

**ਚੰਡੀਗੜ੍ਹ:** ਚੇਅਰਮੈਨ ਸਮੇਤ ਮੈਂਬਰਾਂ ਦੀ ਗੈਰਹਾਜ਼ਰੀ ਵਿਚ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦਾ ਕੰਮ ਠੱਪ ਹੋ ਕੇ ਰਹਿ ਗਿਆ ਹੈ, ਪਰ ਸਰਕਾਰ ਵਿੱਤੀ ਭਾਰ ਢੋਈ ਜਾ ਰਹੀ ਹੈ। ਕਮਿਸ਼ਨ ਦੇ ਚੇਅਰਮੈਨ ਅਤੇ ਆਖਰੀ ਮੈਂਬਰ ਜਸਟਿਸ ਜਗਦੀਸ਼ ਭੱਲਾ ਦੇ ਅਹੁਦੇ ਦੀ ਮਿਆਦ 22 ਮਾਰਚ ਨੂੰ ਖਤਮ ਹੋਣ ਤੋਂ ਬਾਅਦ ਹਜ਼ਾਰਾਂ ਕੇਸ ਸੁਣਵਾਈ ਖੁਣੋਂ ਰਹਿ ਗਏ ਹਨ।




ਰੋਜ਼ ਸੁਣਵਾਈ ਲਈ ਸੌ ਤੋਂ ਵਧੇਰੇ ਨਵੇਂ ਕੇਸ ਦਾਇਰ ਕੀਤੇ ਜਾ ਰਹੇ ਹਨ। ਪੁਰਾਣਿਆਂ ਕੇਸਾਂ ਵਿਚੋਂ ਪੰਜਾਹ ਹਜ਼ਾਰ ਦੇ ਕਰੀਬ ਕੇਸਾਂ ਦੀ ਸੁਣਵਾਈ ਅੱਧ ਵਿਚਾਲੇ ਬੰਦ ਹੋ ਗਈ ਹੈ। ਕਮਿਸ਼ਨ ਦੇ ਪਹਿਲੇ ਮੈਂਬਰਾਂ ਦੇ ਅਹੁਦੇ ਦੀ ਮਿਆਦ ਖਤਮ ਹੋਣ ਤੋਂ ਬਾਅਦ ਨਵੇਂ ਨਾ ਲਾਏ ਜਾਣ ਕਰਕੇ ਕੇਸਾਂ ਦੀ ਸੁਣਵਾਈ ਦਾ ਕੰਮ ਠੱਪ ਹੋਇਆ ਹੈ ਜਦੋਂ ਕਿ ਬਾਕੀ ਦਾ ਸਾਰਾ ਸਟਾਫ ਆਮ ਵਾਂਗ ਦਫਤਰ ਆ ਰਿਹਾ ਹੈ ਅਤੇ ਉਨ੍ਹਾਂ ਦੀ ਤਨਖਾਹ ਸਮੇਤ ਸਾਰੇ ਖਰਚੇ ਦਿੱਤੇ ਜਾ ਰਹੇ ਹਨ। ਕਮਿਸ਼ਨ ਵਿਚ ਇਸ ਵੇਲੇ ਤਕਰੀਬਨ 120 ਮੁਲਾਜ਼ਮ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰ ਰਹੇ ਹਨ ਜਿਨ੍ਹਾਂ ਦੀ ਮਾਸਿਕ ਤਨਖਾਹ 27 ਲੱਖ ਹੈ। ਕਮਿਸ਼ਨ ਵਿਚ 90 ਫੀਸਦੀ ਮੁਲਾਜ਼ਮ ਡੈਪੂਟੇਸ਼ਨ, ਕੰਟਰੈਕਟ ਜਾਂ ਆਊਟਸੋਰਸਿੰਗ ਰਾਹੀਂ ਭਰਤੀ ਕੀਤੇ ਗਏ ਹਨ। ਸੇਵਾ ਮੁਕਤੀ ਤੋਂ ਬਾਅਦ ਦੁਬਾਰਾ ਠੇਕੇ 'ਤੇ ਰੱਖੇ ਜਾਣ ਵਾਲਿਆਂ ਵਿਚ ਵਧੇਰੇ ਉਚੀਆਂ ਪੋਸਟਾਂ 'ਤੇ ਲਾਏ ਗਏ ਹਨ। ਇਸ ਤੋਂ ਬਿਨਾਂ ਕਿਰਾਏ ਦੇ ਦਫਤਰ ਦਾ ਢਾਈ ਲੱਖ ਰੁਪਏ ਮਹੀਨਾ ਵੱਖਰਾ ਭਰਨਾ ਪੈ ਰਿਹਾ ਹੈ। ਬਿਜਲੀ, ਪਾਣੀ ਸਮੇਤ ਹੋਰ ਖਰਚਿਆਂ ਦਾ ਵੀ ਲੱਖਾਂ ਵਿਚ ਭੁਗਤਾਨ ਕਰਨਾ ਪੈ ਰਿਹਾ ਹੈ। ਇਸ ਤਰ੍ਹਾਂ ਸਿਰਫ ਨਾ ਦੇ ਕਮਿਸ਼ਨ ਨੂੰ ਰੁੜ੍ਹਦਾ ਰੱਖਣ ਲਈ ਸਰਕਾਰ ਤੀਹ ਲੱਖ ਰੁਪਏ ਮਹੀਨਾ ਦਾ ਬੋਝ ਢੋਅ ਰਹੀ ਹੈ।

ਭਰੋਸੇਯੋਗ ਸੂਤਰਾਂ ਦਾ ਦੱਸਣਾ ਹੈ ਕਿ ਸਰਕਾਰ ਅਜੇ ਕਮਿਸ਼ਨ ਦੇ ਮੈਂਬਰ ਲਾਉਣ ਦੇ ਰੌਂਅ ਵਿਚ ਨਹੀਂ ਹੈ। ਸਰਕਾਰ ਦੇ ਤਾਜ਼ਾ ਫੈਸਲੇ ਮੁਤਾਬਕ ਕਮਿਸ਼ਨ ਦੇ ਚੇਅਰਮੈਨ ਸਮੇਤ ਮੈਂਬਰਾਂ ਦੀ ਗਿਣਤੀ ਤਿੰਨ ਕਰ ਦਿੱਤੀ ਗਈ ਹੈ। ਕਮਿਸ਼ਨ ਦੇ ਚੇਅਰਮੈਨ ਹਾਈ ਕੋਰਟ ਦੇ ਸਾਬਕਾ ਚੀਫ ਜਸਟਿਸ ਨੂੰ ਲਾਇਆ ਜਾਣਾ ਹੈ। ਦੂਜੇ ਦੋ ਮੈਂਬਰਾਂ ਵਿਚੋਂ ਇਕ ਦਾ ਹਾਈ ਕੋਰਟ ਦਾ ਸਾਬਕਾ ਜੱਜ ਹੋਣਾ ਲਾਜ਼ਮੀ ਹੈ ਜਦੋਂਕਿ ਤੀਜਾ ਜਨਤਾ ਦਾ ਪ੍ਰਤੀਨਿਧ ਹੋਵੇਗਾ। ਕਮਿਸ਼ਨ ਦੇ ਸਾਬਕਾ ਚੇਅਰਮੈਨ ਜਸਟਿਸ ਜਗਦੀਸ਼ ਭੱਲਾ 22 ਮਾਰਚ ਨੂੰ ਰਿਟਾਇਰ ਹੋ ਗਏ ਸਨ ਜਦੋਂਕਿ ਇਕ ਹੋਰ ਮੈਂਬਰ ਬਲਜਿੰਦਰ ਸਿੰਘ ਦੇ ਅਹੁਦੇ ਦੀ ਮਿਆਦ ਨੌਂ ਮਾਰਚ ਨੂੰ ਮੁੱਕ ਗਈ ਸੀ। ਤੀਜੇ ਮੈਂਬਰ ਪੀ.ਐਸ. ਗਰੇਵਾਲ ਅੱਠ ਜਨਵਰੀ ਨੂੰ ਸੇਵਾ ਮੁਕਤ ਹੋ ਗਏ ਸਨ। ਕਮਿਸ਼ਨ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਕੇਸਾਂ ਦੀ ਸੁਣਵਾਈ ਕਰਨ ਦਾ ਹੱਕ ਦਿੱਤਾ ਗਿਆ ਹੈ। ਕਮਿਸ਼ਨ ਕੋਲ ਮੁਲਜ਼ਮ ਖਿਲਾਫ ਸਿਰਫ ਕਾਰਵਾਈ ਦੀ ਸਿਫਾਰਸ਼ ਕਰਨ ਦਾ ਹੱਕ ਹੈ ਅਤੇ ਹੁਕਮਾਂ ਨੂੰ ਤਾਮੀਲ ਕਰਾਉਣ ਦੀ ਤਾਕਤ ਨਹੀਂ ਹੈ। ਬਾਵਜੂਦ ਇਸ ਦੇ ਆਮ ਲੋਕਾਂ ਦਾ ਕਮਿਸ਼ਨ ਵਿਚ ਭਰੋਸਾ ਅਤੇ ਡਰ ਬਣਿਆ ਹੋਇਆ ਹੈ। ਇਕ ਜਾਣਕਾਰੀ ਮੁਤਾਬਕ ਕਮਿਸ਼ਨ ਨੂੰ ਆਪਣੇ ਹੁਕਮ ਤਾਮੀਲ ਕਰਾਉਣ ਲਈ ਕਈ ਵਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਸਹਾਰਾ ਲੈਣਾ ਪਿਆ ਹੈ। ਗ੍ਰਹਿ ਸਕੱਤਰ ਜਗਪਾਲ ਸਿੰਘ ਨੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹੋਣ ਤੋਂ ਨਾਂਹ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉਹ ਰਿਕਾਰਡ ਦੇਖਣ ਤੋਂ ਬਾਅਦ ਹੀ ਕੁਝ ਕਹਿ ਸਕਦੇ ਹਨ।

### ਬੇਅੰਤ ਕੇਸ: ਤਾਰਾ ਨੇ ਲਾਏ ਪੱਖਪਾਤ ਦੇ ਦੋਸ਼

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦੇ ਮੁਲਜ਼ਮ ਜਗਤਾਰ ਸਿੰਘ ਤਾਰਾ ਨੇ ਬੁੜੈਲ ਜੇਲ੍ਹ ਦੇ ਅਧਿਕਾਰੀਆਂ 'ਤੇ ਨੇੜਲੇ ਰਿਸ਼ਤੇਦਾਰਾਂ ਨਾਲ ਮੁਲਾਕਾਤ ਕਰਨ 'ਤੇ ਪਾਬੰਦੀਆਂ ਲਾਉਣ ਦਾ ਦੋਸ਼ ਲਾਇਆ ਹੈ। ਉਸ ਨੇ ਅਦਾਲਤ ਨੂੰ ਦਿੱਤੀ ਅਰਜ਼ੀ ਵਿਚ ਕਿਹਾ ਹੈ ਕਿ ਬੇਅੰਤ ਕੇਸ ਵਿਚ ਸਜ਼ਾ ਕੱਟ ਰਹੇ ਬਾਕੀ ਦੋਸ਼ੀਆਂ ਦੇ ਨੇੜਲੇ ਰਿਸ਼ਤੇਦਾਰਾਂ ਨੂੰ ਮਿਲਣ ਦੀ ਆਗਿਆ ਦਿੱਤੀ ਜਾ ਰਹੀ ਹੈ ਅਤੇ ਉਸ ਨਾਲ ਪੱਖਪਾਤ ਕੀਤਾ ਜਾ ਰਿਹਾ ਹੈ।

# ਪੰਜਾਬ ਵਿਚ ਕੋਹਿਨੂਰ ਦੀ ਵਾਪਸੀ ਲਈ ਲਾਮਬੰਦੀ ਸ਼ੁਰੂ

**ਚੰਡੀਗੜ੍ਹ:** ਨਰੇਂਦਰ ਮੋਦੀ ਸਰਕਾਰ ਵੱਲੋਂ ਕੋਹਿਨੂਰ ਹੀਰੇ 'ਤੇ ਦਾਅਵਾ ਛੱਡਣ ਪਿੱਛੋਂ ਪੰਜਾਬ ਵਿਚ ਹੀਰੇ ਦੀ ਵਾਪਸੀ ਲਈ ਲਾਮਬੰਦੀ ਸ਼ੁਰੂ ਹੋ ਗਈ ਹੈ। ਸ਼੍ਰੋਮਣੀ ਕਮੇਟੀ ਤੋਂ ਇਲਾਵਾ ਸਿਆਸੀ ਧਿਰਾਂ ਵੀ ਇਸ ਮੁਹਿੰਮ ਵਿਚ ਕੁੱਦ ਪਈਆਂ ਹਨ। ਸ਼੍ਰੋਮਣੀ ਕਮੇਟੀ ਨੇ ਤਾਂ ਇਸ ਮਸਲੇ 'ਤੇ ਸੁਪਰੀਮ ਕੋਰਟ ਜਾਣ ਦੀ ਤਿਆਰੀ ਕਰ ਲਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਵੰਸ਼ ਵਿਚੋਂ ਹੋਣ ਦਾ ਦਾਅਵਾ ਕਰਨ ਵਾਲੇ ਪਰਿਵਾਰਾਂ ਨੇ ਕੇਂਦਰ ਦੇ ਹਲਫਨਾਮੇ ਨੂੰ ਰੱਦ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਇਹ ਕੇਂਦਰ ਦੀ ਗਲਤ ਬਿਆਨਬਾਜ਼ੀ ਹੈ। ਇਤਿਹਾਸ ਗਵਾਹ ਹੈ ਕਿ ਉਸ ਸਮੇਂ ਲਾਹੌਰ ਦਰਬਾਰ 'ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਸੀ ਅਤੇ 1849 ਈ. ਨੂੰ ਕੋਹਿਨੂਰ ਹੀਰਾ ਲਾਰਡ ਡਲਹੌਜ਼ੀ ਨੇ ਨਾਬਾਲਗ ਮਹਾਰਾਜਾ ਦਲੀਪ ਸਿੰਘ ਪਾਸੋਂ ਤੋਸ਼ੇਖਾਨੇ ਦੇ ਹੋਰ ਕੀਮਤੀ ਸਾਮਾਨ ਸਮੇਤ ਲੁੱਟ ਲਿਆ ਸੀ। ਮਹਾਰਾਜਾ ਦਲੀਪ ਸਿੰਘ ਉਸ ਸਮੇਂ ਬੱਚਾ ਸੀ ਅਤੇ ਉਸ ਪਾਸੋਂ ਹੀਰਾ ਤੋਹਫੇ ਦੇ ਰੂਪ ਵਿਚ ਹਾਸਲ ਕਰਨਾ ਲੁੱਟ ਤੋਂ ਘੱਟ ਨਹੀਂ। ਉਨ੍ਹਾਂ ਕਿਹਾ ਕਿ ਇਸ ਹੀਰੇ 'ਤੇ ਸਿਰਫ ਸਿੱਖ ਕੌਮ ਦਾ ਹੀ ਹੱਕ ਹੈ ਅਤੇ ਇਸ ਨੂੰ ਵਾਪਸ ਪ੍ਰਾਪਤ ਕਰਨ ਦੇ ਰਾਹ ਵਿਚ ਕੇਂਦਰ ਨੂੰ ਅੜਿੱਕਾ ਨਹੀਂ ਬਣਨਾ ਚਾਹੀਦਾ। ਉਨ੍ਹਾਂ ਕੇਂਦਰ ਨੂੰ ਅਪੀਲ ਕੀਤੀ ਹੈ ਕਿ ਕੋਹਿਨੂਰ ਹੀਰੇ ਦੇ ਨਾਲ-ਨਾਲ ਮਹਾਰਾਜਾ ਰਣਜੀਤ ਸਿੰਘ ਦੀ ਤਖ਼ਤਨੁਮਾ ਸੋਨੇ ਦੀ ਕੁਰਸੀ ਅਤੇ ਕੀਮਤੀ ਸਾਮਾਨ ਨੂੰ ਵਾਪਸ ਲਿਆਉਣ ਲਈ ਯਤਨ ਕੀਤਾ ਜਾਵੇ।

ਇਸ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੇ ਵੰਸ਼ ਵਿਚੋਂ ਹੋਣ ਦਾ ਦਾਅਵਾ ਕਰਦੇ ਸੰਧਾਵਾਲੀਆ ਪਰਿਵਾਰ ਦੇ ਸੁਖਦੇਵ ਸਿੰਘ ਸੰਧਾਵਾਲੀਆ ਨੇ ਆਖਿਆ ਕਿ ਮਹਾਰਾਜਾ ਦਲੀਪ ਸਿੰਘ ਨਾਬਾਲਗ ਸਨ ਅਤੇ ਕੋਹਿਨੂਰ ਹੀਰਾ ਉਨ੍ਹਾਂ ਕੋਲੋਂ ਜਬਰੀ ਲਿਆ ਗਿਆ ਸੀ। 1880 ਵਿਚ ਮਹਾਰਾਜਾ ਦਲੀਪ ਸਿੰਘ ਨੇ ਮਹਾਰਾਣੀ ਵਿਕਟੋਰੀਆ ਕੋਲੋਂ ਆਪਣਾ ਰਾਜ ਅਤੇ ਕੋਹਿਨੂਰ ਹੀਰਾ ਦੋਵੇਂ ਵਾਪਸ ਮੰਗੇ ਸਨ। ਮਹਾਰਾਜਾ ਰਣਜੀਤ ਸਿੰਘ ਦੀ ਇੱਛਾ ਸੀ ਕਿ ਕੋਹਿਨੂਰ ਹੀਰਾ ਹਰਿਮੰਦਰ ਸਾਹਿਬ ਨੂੰ ਸੌਂਪਿਆ ਜਾਵੇ ਅਤੇ ਇਸ ਇੱਛਾ ਦੀ ਪੂਰਤੀ ਲਈ ਯਤਨ ਕੀਤੇ ਜਾਣਗੇ। ਉਹ ਅੰਤਰਰਾਸ਼ਟਰੀ ਅਦਾਲਤ ਦਾ ਦਰਵਾਜ਼ਾ ਵੀ ਖੜਕਾਉਣਗੇ।

ਯਾਦ ਰਹੇ ਕਿ ਕੇਂਦਰ ਸਰਕਾਰ ਨੇ ਬ੍ਰਿਟਿਸ਼ ਸਰਕਾਰ ਤੋਂ ਕੋਹਿਨੂਰ ਹੀਰਾ ਵਾਪਸ ਲੈਣ ਲਈ ਸੁਪਰੀਮ ਕੋਰਟ ਵਿਚ ਦਾਇਰ ਪਟੀਸ਼ਨ ਦੇ ਜਵਾਬ ਵਿਚ ਚੌਂਕਾ ਦੇਣ ਵਾਲਾ ਹਲਫਨਾਮਾ ਦਾਇਰ ਕੀਤਾ ਸੀ। ਇਸ ਮੁਤਾਬਕ ਭਾਰਤ ਨੂੰ ਕੋਹਿਨੂਰ ਉਤੇ ਦਾਅਵਾ ਪੇਸ਼ ਨਹੀਂ ਕਰਨਾ ਚਾਹੀਦਾ। ਕੋਹਿਨੂਰ ਹੀਰਾ ਨਾ ਤਾਂ ਲੁੱਟਿਆ ਗਿਆ ਤੇ ਨਾ ਹੀ ਚੋਰੀ ਕੀਤਾ ਗਿਆ ਸੀ। ਇਸ ਉਤੇ ਅਦਾਲਤ ਨੇ ਕਿਹਾ ਸੀ ਕਿ ਜੇਕਰ ਅਜਿਹਾ ਹੈ ਤਾਂ ਕੋਹਿਨੂਰ ਉਤੇ ਦਾਅਵੇ ਦਾ ਹੱਕ ਹਮੇਸ਼ਾ ਲਈ ਖਤਮ ਹੋ ਜਾਏਗਾ। ਸਰਕਾਰ ਵੱਲੋਂ ਸੁਪਰੀਮ ਕੋਰਟ ਵਿਚ ਪੇਸ਼ ਕੀਤੇ ਹਲਫਨਾਮੇ ਮੁਤਾਬਕ ਮਹਾਰਾਜਾ ਰਣਜੀਤ ਸਿੰਘ ਦੇ ਵਾਰਸ ਦਲੀਪ ਸਿੰਘ ਨੇ ਖੁਦ ਕੋਹਿਨੂਰ ਹੀਰਾ ਈਸਟ ਇੰਡੀਆ ਕੰਪਨੀ ਨੂੰ ਦਿੱਤਾ ਸੀ। ਹਾਲਾਂਕਿ ਵਿਦੇਸ਼ ਮੰਤਰਾਲੇ ਨੇ ਇਸ 'ਤੇ ਅਜੇ ਪੱਖ ਦੇਣਾ ਹੈ। ਇਸ ਲਈ ਸੁਪਰੀਮ ਕੋਰਟ ਨੇ ਛੇ ਹਫਤਿਆਂ ਵਿਚ ਜਵਾਬ ਦਾਇਰ ਕਰਨ ਲਈ ਕਿਹਾ ਹੈ।

ਕੋਹਿਨੂਰ ਹੀਰਾ ਇੰਗਲੈਂਡ ਦੀ ਮਹਾਰਾਣੀ ਐਲੀਜ਼ਾਬੇਥ-2 ਦੇ ਸਮੇਂ 1953 ਵਿਚ ਉਸ ਦੇ ਤਾਜ ਵਿਚ ਜੜਿਆ ਸੀ। ਜਦਕਿ ਰਾਣੀ ਐਲੀਜ਼ਾਬੇਥ ਕੋਲ ਇਸ ਦਾ ਕੋਈ ਅਧਿਕਾਰ ਨਹੀਂ ਸੀ। ਇਹ ਬੇਸ਼ਕੀਮਤੀ ਹੀਰਾ 105 ਕੈਰੇਟ ਦਾ ਹੈ ਜਿਸ ਦੀ ਕੀਮਤ ਖਰਬਾਂ ਰੁਪਏ ਆਂਕੀ ਜਾਂਦੀ ਹੈ। ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਿਹਾ ਹੈ ਕਿ ਕੋਹਿਨੂਰ ਐਸ.ਜੀ.ਪੀ.ਸੀ. ਨੂੰ ਮਿਲਣ ਬਾਰੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਖਲ ਕਰੇ।

### ਸ਼੍ਰੋਮਣੀ ਕਮੇਟੀ ਤੇ ਸਿਆਸੀ ਧਿਰਾਂ ਵੀ ਨਿਤਰੀਆਂ



### ਪਾਕਿਸਤਾਨ ਵੱਲੋਂ ਵੀ ਦਾਅਵੇਦਾਰੀ

**ਨਵੀਂ ਦਿੱਲੀ:** ਕੋਹਿਨੂਰ ਹੀਰਾ ਲੈਣ ਲਈ ਪਾਕਿਸਤਾਨ ਵੀ ਦਾਅਵਾ ਕਰਦਾ ਆ ਰਿਹਾ ਹੈ। ਜਾਵੇਦ ਇਕਬਾਲ ਜਾਫਰੀ ਨਾਮੀ ਸ਼ਖਸ ਨੇ ਲਾਹੌਰ ਹਾਈ ਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਵਿਚ ਕਿਹਾ ਹੈ ਕਿ ਬ੍ਰਿਟਿਸ਼ ਸਰਕਾਰ ਨੇ ਭਾਰਤ ਵੱਲੋਂ ਕੋਹਿਨੂਰ ਹੀਰਾ ਵਾਪਸ ਲੈਣ ਲਈ ਕੀਤੀ ਮੰਗ ਨੂੰ ਨਾਕਾਰ ਦਿੱਤਾ ਹੈ। ਹੁਣ ਪਾਕਿਸਤਾਨ ਨੂੰ ਇਸ ਲਈ ਪਹਿਲ ਕਦਮੀ ਕਰਨੀ ਚਾਹੀਦੀ ਹੈ ਕਿਉਂਕਿ ਇਸ 'ਤੇ ਪਾਕਿਸਤਾਨ ਦਾ ਹੱਕ ਬਣਦਾ ਹੈ। ਇਹ ਪਾਕਿਸਤਾਨ ਸਰਕਾਰ ਦਾ ਫ਼ਰਜ਼ ਬਣਦਾ ਹੈ। ਪਾਕਿਸਤਾਨ ਵੱਲੋਂ ਇਸ ਬੇਸ਼ਕੀਮਤੀ ਕੋਹਿਨੂਰ ਹੀਰੇ ਨੂੰ ਹਾਸਲ ਕਰਨ ਲਈ ਜੋ ਤਰਕ ਦਿੱਤਾ ਜਾ ਰਿਹਾ ਹੈ, ਉਸ ਮੁਤਾਬਕ ਉਸ ਵੇਲੇ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੀ ਰਾਜਧਾਨੀ ਲਾਹੌਰ ਸੀ। ਬ੍ਰਿਟਿਸ਼ ਸਰਕਾਰ ਨੇ ਆਖਰੀ ਵੇਲੇ ਇਸ ਹੀਰੇ ਨੂੰ ਲਹੌਰ ਤੋਂ ਹੀ ਚੋਰੀ ਕੀਤਾ ਸੀ। ਅੰਗਰੇਜ਼ਾਂ ਨੇ ਇਸ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਤੋਂ ਖੋਹਿਆ ਸੀ।

### ਅਕਾਲੀ ਦਲ ਸੰਸਦ ਵਿਚ ਉਠਾਏਗਾ ਹੀਰੇ ਦਾ ਮੁੱਦਾ

**ਨਵੀਂ ਦਿੱਲੀ:** ਅਨੰਦਪੁਰ ਸਾਹਿਬ ਤੋਂ ਅਕਾਲੀ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਇਸ ਨੂੰ ਸਿੱਖ ਇਤਿਹਾਸ ਨਾਲ ਖਿਲਵਾੜ ਕਰਾਰ ਦਿੱਤਾ ਹੈ। ਸੋਲੀਸਿਟਰ ਜਨਰਲ ਨੇ ਸੁਪਰੀਮ ਕੋਰਟ ਵਿਚ ਕਿਹਾ ਸੀ ਕਿ ਭਾਰਤ ਨੂੰ ਕੋਹਿਨੂਰ ਹੀਰੇ ਦੀ ਮੰਗ ਨਹੀਂ ਕਰਨੀ ਚਾਹੀਦੀ ਕਿਉਂਕਿ ਉਹ ਲੁੱਟਿਆ ਨਹੀਂ ਗਿਆ ਅਤੇ ਨਾ ਹੀ ਧੱਕੇ ਨਾਲ ਲੈ ਜਾਇਆ ਗਿਆ ਬਲਕਿ ਨਜ਼ਰਾਨੇ ਵਜੋਂ ਈਸਟ ਇੰਡੀਆ ਕੰਪਨੀ ਨੂੰ ਦਿੱਤਾ ਗਿਆ ਸੀ। ਚੰਦੂਮਾਜਰਾ ਨੇ ਦਾਅਵਾ ਕੀਤਾ ਕਿ ਕੋਹਿਨੂਰ ਹੀਰੇ ਨੂੰ ਵਾਪਸ ਭਾਰਤ ਵਿਚ ਲਿਆਉਣ ਵਾਸਤੇ ਹਰ ਸੰਭਵ ਯਤਨ ਕੀਤੇ ਜਾਣਗੇ ਤੇ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕੀਤੇ ਜਾਣ ਬਾਰੇ ਉਹ ਇਸ ਮੁੱਦੇ ਨੂੰ ਸੰਸਦ ਦੇ ਇਜਲਾਸ ਵਿਚ ਵੀ ਉਠਾਉਣਗੇ। ਉਨ੍ਹਾਂ ਦੱਸਿਆ ਕਿ ਇਕ ਵਫਦ ਰਾਹੀਂ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਮੁਲਾਕਾਤ ਕਰ ਕੇ ਇਸ ਮਸਲੇ ਦੇ ਹਕੀਕੀ ਪੱਖ ਤੋਂ ਜਾਣੂ ਕਰਵਾਇਆ ਜਾਵੇਗਾ।

## ਕੋਹਿਨੂਰ ਹੀਰੇ ਦੀ ਪੂਰੀ ਕਹਾਣੀ

**ਚੰਡੀਗੜ੍ਹ:** ਕੋਹਿਨੂਰ ਦੁਨੀਆਂ ਦਾ ਸਭ ਤੋਂ ਪੁਰਾਣੇ ਤੇ ਮਸ਼ਹੂਰ ਹੀਰਿਆਂ ਵਿਚੋਂ ਇਕ ਹੈ। ਕੋਹੇ-ਏ-ਨੂਰ ਦਾ ਫਾਰਸੀ ਭਾਸ਼ਾ ਵਿਚ ਮਤਲਬ ਹੈ 'ਰੌਸ਼ਨੀ ਦਾ ਪਹਾੜ'। ਅਜਿਹਾ ਕਿਹਾ ਜਾਂਦਾ ਹੈ ਕਿ ਕੋਹਿਨੂਰ ਦਾ ਜ਼ਿਕਰ ਅੱਜ ਤੋਂ ਤਕਰੀਬਨ 5000 ਸਾਲ ਪਹਿਲਾਂ ਇਕ ਸੰਸਕ੍ਰਿਤ ਲਿਖਤ ਵਿਚ ਆਉਂਦਾ ਹੈ ਜਿਸ ਵਿਚ ਇਸ ਨੂੰ ਸਿਆਮਤਕਾ ਕਿਹਾ ਗਿਆ। ਇਥੇ ਇਹ ਵੀ ਦੱਸਣਾ ਲਾਜ਼ਮੀ ਹੈ ਕਿ ਇਹ ਸਿਰਫ ਕਿਆਸਰਾਈਆਂ ਹਨ ਕਿ ਸਿਆਮਤਕਾ ਦਾ ਹੀ ਦੂਜਾ ਨਾਮ ਕੋਹਿਨੂਰ ਹੈ। ਇਸ ਤੋਂ ਬਾਅਦ ਇਤਿਹਾਸ 'ਚ ਜ਼ਿਕਰ ਆਉਂਦਾ ਹੈ ਕਿ 1304 ਈਸਵੀ ਤੱਕ ਇਹ ਹੀਰਾ ਮਾਲਵਾ ਸਲਤਨਤ ਦੇ ਰਾਜਿਆਂ ਦੇ ਕਬਜ਼ੇ 'ਚ ਰਿਹਾ। ਉਸੇ ਵੇਲੇ ਤੱਕ ਵੀ ਇਸ ਨੂੰ ਕੋਹਿਨੂਰ ਨਾਮ ਨਹੀਂ ਦਿੱਤਾ ਗਿਆ। ਇਨ੍ਹਾਂ ਸਮਿਆਂ 'ਚ ਹੀ ਇਹ ਹੀਰਾ ਦਿੱਲੀ ਦੇ ਸਮਰਾਟ ਅਲਾਉਦਿਨ ਖਿਲਜੀ ਕੋਲ ਰਿਹਾ। ਇਸ ਹੀਰੇ ਸਬੰਧੀ ਕੁੱਝ ਮਿਥਕ ਇਹ ਵੀ ਹਨ ਕਿ ਜਿਸ ਕੋਲ ਇਹ ਹੀਰਾ ਹੋਵੇਗਾ, ਉਸ ਦਾ ਦੁਨੀਆਂ ਉਤੇ ਰਾਜ ਹੋਵੇਗਾ, ਪਰ ਇਕ ਮਿਥਕ ਹੋਰ ਜੁੜਿਆ ਹੈ ਕਿ ਇਸ ਹੀਰੇ ਨੂੰ ਸਿਰਫ ਰੱਬ ਰੱਖ ਸਕਦਾ ਹੈ ਜਾਂ ਕੋਈ ਔਰਤ। ਇਤਿਹਾਸ ਮੁਤਾਬਕ ਕੋਹਿਨੂਰ ਹੀਰਾ ਮੌਜੂਦਾ ਆਂਧਰਾ ਪ੍ਰਦੇਸ ਦੇ ਜ਼ਿਲ੍ਹੇ ਗੁੰਟੂਰ ਦੇ ਕੋਲੂਰ ਦੀਆਂ ਹੀਰੇ ਦੀਆਂ ਖਾਨਾਂ 'ਚੋਂ ਮਿਲਿਆ ਸੀ। 1526 ਵਿਚ ਮੁਗਲ ਬਾਦਸ਼ਾਹ ਬਾਬਰ ਨੇ ਇਸ ਹੀਰੇ ਬਾਰੇ ਆਪਣੀ ਲਿਖਤ ਬਾਬਰਨਾਮਾ ਵਿਚ ਜ਼ਿਕਰ ਕੀਤਾ। ਉਸ ਨੂੰ ਇਹ ਹੀਰਾ ਸੁਲਤਾਨ ਇਬਰਾਹਿਮ ਵੱਲੋਂ ਭੇਟ ਕੀਤਾ ਗਿਆ ਸੀ। ਬਾਬਰ ਨੇ ਹੀ ਇਸ ਹੀਰੇ ਦੀ ਕੀਮਤ ਦੁਨੀਆਂ ਦੇ ਅੱਧੇ ਦਿਨ ਦੀ ਉਤਪਾਦਨ ਕੀਮਤ ਦੇ ਬਰਾਬਰ ਦੱਸੀ ਸੀ।



ਬਾਬਰ ਤੋਂ ਹੁੰਦਾ ਹੋਇਆ ਇਹ ਹੀਰਾ ਪੰਜਵੇਂ ਮੁਗਲ ਸਮਰਾਟ ਸ਼ਾਹਜਹਾਂ ਤੱਕ ਪਹੁੰਚਿਆ। ਸ਼ਾਹਜਹਾਂ ਦੇ ਮਯੂਰ ਸਿੰਘਾਸਨ ਵਿਚ ਇਹ ਹੀਰਾ ਜੜਿਆ ਗਿਆ। 1658 ਵਿਚ ਔਰੰਗਜ਼ੇਬ ਦੇ ਕਬਜ਼ੇ 'ਚ ਪਹੁੰਚਿਆ ਕੋਹਿਨੂਰ ਹੀਰਾ ਹੀਰਾ 793 ਕੈਰੇਟ ਦਾ ਸੀ। ਔਰੰਗਜ਼ੇਬ ਤੋਂ ਬਾਅਦ ਹੀਰਾ ਉਸ ਦੇ ਪੋਤੇ ਮਹਿਮਦ ਕੋਲ ਪਹੁੰਚਿਆ, ਪਰ ਮਹਿਮਦ ਇਸ ਦੀ ਸੁਰੱਖਿਆ ਨਾ ਕਰ ਸਕਿਆ।ਇਸ ਤੋਂ ਬਾਅਦ ਭਾਰਤ ਵਿਚ ਕਮਜ਼ੋਰ ਹੋ ਚੁੱਕੇ ਮੁਗਲ ਸਾਮਰਾਜ ਨੂੰ ਢਹਿ ਢੇਰੀ ਕਰਨ ਤੇ ਭਾਰਤ ਨੂੰ ਜਿੱਤਣ ਲਈ ਸਾਲ 1739 ਵਿਚ ਫਾਰਸੀ ਲੜਾਕੇ ਨਾਦਰ ਸ਼ਾਹ ਨੇ ਭਾਰਤ 'ਤੇ ਚੜ੍ਹਾਈ ਕਰ ਦਿੱਤੀ। ਔਰੰਗਜ਼ੇਬ ਦੇ ਵਾਰਸ ਸੁਲਤਾਨ ਮਹਿਮਦ ਨਾਦਰ ਸ਼ਾਹ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਰਾਜ ਭਾਗ ਦੇ ਨਾਲ-ਨਾਲ ਹੀਰਾ ਵੀ ਉਸ ਨੂੰ ਦੇ ਦਿੱਤਾ। ਪਰ ਸਮੇਂ ਨੂੰ ਇਹ ਵੀ ਮਨਜ਼ੂਰ ਨਹੀਂ ਸੀ। 1747 ਵਿਚ ਨਾਦਰ ਸ਼ਾਹ ਨੂੰ ਕਤਲ ਕਰ ਦਿੱਤਾ ਗਿਆ ਅਤੇ ਹੀਰਾ ਉਸ ਦੇ ਹੀ ਸੈਨਾਪਤੀ ਅਹਿਮਦ ਸ਼ਾਹ ਦੁਰਾਨੀ ਕੋਲ ਪਹੁੰਚ ਗਿਆ।ਅਹਿਮਦ ਸ਼ਾਹ ਦੁਰਾਨੀ ਦੇ ਕਤਲ ਤੋਂ ਬਾਅਦ ਅਫ਼ਗਾਨਿਸਤਾਨ ਵਿਚ ਦੁਰਾਨੀਆਂ ਦਾ ਰਾਜ ਕਮਜ਼ੋਰ ਪੈ ਗਿਆ।

ਅਹਿਮਦ ਸ਼ਾਹ ਦੁਰਾਨੀ ਦੇ ਵਾਰਸ ਨੇ ਅਫ਼ਗਾਨਿਸਤਾਨ ਦੀ ਗੱਦੀ 'ਤੇ ਮੁੜ ਕਾਬਜ਼ ਹੋਣ ਲਈ ਕੋਹਿਨੂਰ ਨੂੰ ਭਾਰਤ ਲਿਆਇਆ ਤੇ ਸਿੱਖ ਰਾਜ ਦੇ ਸੰਸਥਾਪਕ ਮਹਾਰਾਜਾ ਰਣਜੀਤ ਕੋਲ ਲੈ ਕੇ ਪਹੁੰਚਿਆ। ਇਥੇ ਹੀਰਾ ਦੇਣ ਬਦਲੇ ਅਫ਼ਗਾਨਿਸਤਾਨ ਵਿਚ ਮੁੜ ਰਾਜ ਹਾਸਲ ਕਰਵਾਉਣ 'ਚ ਮਦਦ ਲਈ ਸਮਝੌਤਾ ਕੀਤਾ ਗਿਆ।

ਰਣਜੀਤ ਸਿੰਘ ਕੋਲ ਇਹ ਹੀਰਾ ਸਾਲ 1813 ਵਿਚ ਆਇਆ। ਮਹਾਰਾਜਾ ਰਣਜੀਤ ਸਿੰਘ ਇਸ ਹੀਰੇ ਨੂੰ ਉੜੀਸਾ ਦੇ ਜਗਨਨਾਥ ਪੁਰੀ ਦੇ ਮੰਦਰਾਂ ਵਿਚ ਦੇਣਾ ਚਾਹੁੰਦੇ ਸਨ। ਪਰ 1839 ਵਿਚ ਉਨ੍ਹਾਂ ਦੀ ਮੌਤ ਹੋਣ ਦੇ ਨਾਲ ਉਨ੍ਹਾਂ ਦੀ ਇੱਛਾ ਵੀ ਅਧੂਰੀ ਰਹਿ ਗਈ। 29 ਮਾਰਚ 1849 ਵਿਚ ਦੂਜੇ ਐਂਗਲੋ- ਸਿੱਖ ਲੜਾਈ 'ਚ ਸਿੱਖਾਂ ਦੀ ਹਾਰ ਹੋਈ ਅਤੇ ਰਣਜੀਤ ਸਿੰਘ ਦੀ ਜਾਇਦਾਦ ਸਮੇਤ ਕੋਹਿਨੂਰ ਹੀਰਾ ਰਣਜੀਤ ਸਿੰਘ ਦੇ ਵਾਰਿਸ ਮਹਾਰਾਜਾ ਦਲੀਪ ਸਿੰਘ ਕੋਲੋਂ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੇ ਲਾਹੌਰ ਵਿਚ ਆਪਣੇ ਕਬਜ਼ੇ 'ਚ ਕਰ ਲਿਆ।

ਇਸ ਤੋਂ ਬਾਅਦ ਇਹ ਹੀਰਾ 1850 ਵਿਚ ਰਾਣੀ ਵਿਕਟੋਰੀਆ ਨੂੰ ਦੇ ਦਿੱਤਾ ਗਿਆ। ਇਸ ਹੀਰੇ ਨੂੰ ਇਕ ਸਾਲ ਬਾਅਦ ਬ੍ਰਿਟੇਨ ਦੇ ਕ੍ਰਿਸਟਲ ਪੈਲੇਸ ਵਿਚ ਰਖਵਾ ਦਿੱਤਾ ਗਿਆ। ਪਰ ਉਨ੍ਹਾਂ ਸਮਿਆਂ ਦੇ ਹੀਰਿਆਂ ਦੇ ਮੁਕਾਬਲੇ ਰੌਸ਼ਨੀ ਦਾ ਪਹਾੜ ਜ਼ਿਆਦਾ ਚਮਕਦਾਰ ਨਹੀਂ ਸੀ। ਇਸ ਲਈ 1852 ਵਿਚ ਰਾਣੀ ਨੇ ਇਸ ਹੀਰੇ ਨੂੰ ਨਵੀਂ ਦਿੱਖ ਦੇਣ ਦਾ ਫੈਸਲਾ ਕੀਤਾ। ਇਸ ਹੀਰੇ ਨੂੰ 42 ਫੀਸਦੀ ਘਟਾ ਕੇ 105.6 ਕੈਰੇਟ ਦਾ ਬਣਾ ਦਿੱਤਾ ਗਿਆ ਤੇ ਕੋਹਿਨੂਰ ਰਾਣੀ ਵਿਕਟੋਰੀਆ ਦੇ ਤਾਜ 'ਚ ਜੜ੍ਹ ਦਿੱਤਾ ਗਿਆ।

# ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਮੁੜ ਅਮਰੀਕਾ ਦੀ ਤਿਆਰੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ 7-8 ਜੂਨ ਨੂੰ ਅਮਰੀਕਾ ਦੇ ਦੌਰੇ 'ਤੇ ਜਾਣ ਦੀ ਤਿਆਰੀ ਵਿਚ ਹਨ। ਇਹ ਦੌਰਾ ਖਾਸ ਮੰਨਿਆ ਜਾ ਰਿਹਾ ਹੈ। ਇਸ ਦੌਰਾਨ ਸਿਰਫ ਦੁਵੱਲੇ ਮੁੱਦਿਆਂ 'ਤੇ ਗੱਲ ਕੀਤੀ ਜਾਵੇਗੀ। ਇਹ ਮੋਦੀ ਦਾ ਚੌਥਾ ਅਮਰੀਕਾ ਦੌਰਾ ਹੈ ਪਰ ਪਹਿਲੀ ਵਾਰ ਉਹ ਸਟੇਟ ਵਿਜ਼ਿਟ 'ਤੇ ਹੋਣਗੇ।

ਮੋਦੀ ਇਸ ਦੌਰਾਨ ਅਮਰੀਕੀ ਸਾਂਸਦਾਂ ਦਰਮਿਆਨ ਭਾਸ਼ਣ ਵੀ ਦੇ ਸਕਦੇ ਹਨ। ਮੰਨਿਆ ਜਾ ਰਿਹਾ ਹੈ ਕਿ ਯੂ.ਐਸ., ਏਸ਼ੀਆ 'ਤੇ ਜ਼ਿਆਦਾ ਧਿਆਨ ਕੇਂਦਰਤ ਕਰ ਰਿਹਾ ਹੈ। ਮੋਦੀ ਦੇ ਦੌਰੇ 'ਤੇ ਭਾਰਤ ਦੀ ਲੁੱਕ ਈਸਟ ਪਾਲਿਸੀ 'ਤੇ ਚਰਚਾ ਹੋਵੇਗੀ। ਪੀ.ਐਮ. ਮੋਦੀ ਪਹਿਲੀ ਵਾਰ ਯੂ.ਐਸ. ਕਾਂਗਰਸ ਦੇ ਜੁਆਇੰਟ ਸੈਸ਼ਨ ਨੂੰ ਸੰਬੋਧਨ ਕਰਨਗੇ, ਇਹ ਮਹੱਤਵਪੂਰਨ ਹੈ।

ਸੂਤਰਾਂ ਮੁਤਾਬਕ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਆਪਣੇ ਦੂਸਰੇ ਕਾਰਜਕਾਲ ਦੇ ਖਤਮ ਹੋਣ ਤੋਂ ਪਹਿਲਾਂ ਮੋਦੀ ਨਾਲ ਮੁਲਾਕਾਤ ਕਰਨਾ ਚਾਹੁੰਦੇ ਹਨ। ਓਬਾਮਾ ਕੁਝ ਇਸੇ ਤਰ੍ਹਾਂ



ਹੀ ਦੁਨੀਆਂ ਦੇ ਹੋਰ ਨੇਤਾਵਾਂ ਨਾਲ ਵੀ ਮਿਲ ਰਹੇ ਹਨ। ਅਗਲੇ ਸਾਲ ਜਨਵਰੀ 'ਚ ਬਰਾਕ ਓਬਾਮਾ ਦਾ ਅਮਰੀਕੀ ਰਾਸ਼ਟਰਪਤੀ ਵਜੋਂ ਕਾਰਜਕਾਲ ਖਤਮ ਹੋ ਰਿਹਾ ਹੈ।

# ਰਿਜ਼ਰਵ ਬੈਂਕ ਵੱਲੋਂ ਪੰਜਾਬ ਸਰਕਾਰ ਨੂੰ ਥੋੜ੍ਹੀ ਰਾਹਤ

**ਚੰਡੀਗੜ੍ਹ:** ਪੰਜਾਬ ਵਿਚ ਕਣਕ ਦੀ ਖਰੀਦ ਲਈ ਭਾਰਤੀ ਰਿਜ਼ਰਵ ਬੈਂਕ ਨੇ 17,523 ਕਰੋੜ ਰੁਪਏ ਦੀ ਕੈਸ਼ ਕ੍ਰੈਡਿਟ ਲਿਮਿਟ (ਸੀ.ਸੀ.ਐਲ.) ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਸਕੱਤਰ ਰਾਜ ਕਮਲ ਚੌਧਰੀ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕੇਂਦਰ ਸਰਕਾਰ ਵੱਲੋਂ ਲੋੜੀਂਦੀ ਪ੍ਰਵਾਨਗੀ ਮਿਲਣ ਤੋਂ ਬਾਅਦ ਕਣਕ ਦੀ ਅਦਾਇਗੀ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।




ਆਰ.ਬੀ.ਆਈ. ਦੇ ਫੈਸਲੇ ਨਾਲ ਸਰਕਾਰ ਨੂੰ ਸੁੱਖ ਦਾ ਸਾਹ ਆਇਆ ਹੈ। ਸੂਬਾ ਸਰਕਾਰ ਦੇ ਦੋ ਗੋਦਾਮਾਂ ਵਿਚੋਂ ਅਨਾਜ ਗਾਇਬ ਹੋਣ ਦੇ ਸ਼ੰਕਿਆਂ ਕਾਰਨ ਸੀ.ਸੀ.ਐਲ. ਜਾਰੀ ਹੋਣ ਸਬੰਧੀ ਵੱਡੇ ਅੜਿੱਕੇ ਖੜ੍ਹੇ ਹੋ ਗਏ ਸਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੀ.ਸੀ.ਐਲ. ਜਾਰੀ ਕਰਾਉਣ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੱਕ ਪਹੁੰਚ ਕਰਨੀ ਪਈ ਸੀ। ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਆਰ.ਬੀ.ਆਈ. ਵੱਲੋਂ 90 ਲੱਖ ਟਨ ਕਰਨ ਦੀ ਖਰੀਦ ਲਈ ਸੀ.ਸੀ.ਐਲ. ਦੀ ਪਹਿਲੀ ਕਿਸ਼ਤ ਜਾਰੀ ਕੀਤੀ ਗਈ ਹੈ। ਦੂਜੀ ਕਿਸ਼ਤ ਵੀ ਜਲਦੀ ਹੀ ਜਾਰੀ ਕੀਤੇ ਜਾਣ ਦੀ ਉਮੀਦ ਹੈ। ਪੰਜਾਬ 'ਚ ਇਸ ਵਾਰੀ ਸਵਾ ਲੱਖ ਟਨ ਦੇ ਕਰੀਬ ਕਣਕ ਦੀ ਫਸਲ ਮੰਡੀਆਂ 'ਚ ਆਉਣ ਦੇ ਆਸਾਰ ਹਨ।

ਪੰਜਾਬ ਸਰਕਾਰ ਵੱਲੋਂ ਕਣਕ ਦੀ ਖਰੀਦ ਤਾਂ ਪਹਿਲੀ ਅਪਰੈਲ ਤੋਂ ਕਰਨ ਦਾ ਐਲਾਨ ਕਰ ਦਿੱਤਾ ਗਿਆ ਸੀ ਪਰ ਸੀ.ਸੀ.ਐਲ. ਜਾਰੀ ਨਾ ਹੋਣ ਕਾਰਨ ਕਿਸਾਨਾਂ ਨੂੰ ਅਜੇ ਤੱਕ ਵਿਕੀ ਹੋਈ ਫਸਲ ਦੀ ਅਦਾਇਗੀ ਨਹੀਂ ਕੀਤੀ ਜਾ ਸਕੀ। ਸੂਤਰਾਂ ਦਾ ਦੱਸਣਾ ਹੈ ਕਿ ਭਾਰਤ ਸਰਕਾਰ ਅਤੇ ਆਰ.ਬੀ.ਆਈ. ਨੇ ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਨੂੰ ਅਨਾਜ ਗਾਇਬ ਹੋਣ ਦੇ ਸ਼ੰਕਿਆਂ ਅਤੇ ਲੈਣ-ਦੇਣ ਦਾ ਲੇਖਾ ਜੋਖਾ ਦਰੁਸਤ ਕਰਨ ਦੀਆਂ ਵੀ ਹਦਾਇਤਾਂ ਦਿੱਤੀਆਂ ਹਨ। ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਅਤੇ ਬੈਂਕਾਂ ਵੱਲੋਂ ਜਿਥੇ ਪੰਜਾਬ ਤੋਂ ਪੈਸਾ ਲੈਣ ਦੇ ਦਾਅਵੇ ਕੀਤੇ ਜਾ ਰਹੇ ਹਨ, ਉਥੇ ਪੰਜਾਬ ਵੱਲੋਂ 26 ਹਜ਼ਾਰ ਕਰੋੜ ਰੁਪਏ ਕੇਂਦਰ ਤੋਂ ਲੈਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਨਾਲ ਕੇਂਦਰੀ ਏਜੰਸੀ, ਬੈਂਕਾਂ ਅਤੇ ਪੰਜਾਬ ਦੇ ਦਾਅਵਿਆਂ 'ਚ ਵਖਰੇਵੇਂ ਕਾਰਨ ਪੰਜਾਬ ਨੂੰ ਸੀ.ਸੀ.ਐਲ. ਜਾਰੀ ਹੋਣ 'ਚ ਅੜਿੱਕੇ ਖੜ੍ਹੇ ਹੋ ਰਹੇ ਹਨ। ਇਸ ਨਾਲ ਪੰਜਾਬ ਸਰਕਾਰ ਦੀਆਂ ਔਕੜਾਂ ਪਹਿਲਾਂ ਨਾਲੋਂ ਵੀ ਵਧੇਰੇ ਵਧ ਰਹੀਆਂ ਹਨ।

**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਥਕ ਧਿਰਾਂ ਨੇ ਰਾਜਪਾਲ ਕੋਲ ਲਾਈ ਸਰਕਾਰ ਦੀ ਸ਼ਿਕਾਇਤ

**ਚੰਡੀਗੜ੍ਹ:** ਸਰਬੱਤ ਖ਼ਾਲਸਾ ਨਾਲ ਸਬੰਧਤ ਪੰਥਕ ਧਿਰਾਂ ਦੇ 16 ਮੈਂਬਰੀ ਵਫ਼ਦ ਨੇ ਪੰਜਾਬ ਦੇ ਰਾਜਪਾਲ ਕਪਤਾਨ ਸਿੰਘ ਸੋਲੰਕੀ ਨੂੰ ਮੈਮੋਰੰਡਮ ਦੇ ਕੇ ਦੋਸ਼ ਲਾਇਆ ਕਿ ਪੰਜਾਬ ਵਿਚ ਥਾਣਾ ਮੁਖੀਆਂ (ਐਸ.ਐਚ.ਓਜ਼) ਤੋਂ ਲੈ ਕੇ ਡਿਪਟੀ ਕਮਿਸ਼ਨਰਾਂ ਤੱਕ ਉਪਰ ਹਲਕਾ ਜਥੇਦਾਰਾਂ ਦਾ ਗਲਬਾ ਹੈ ਅਤੇ ਸੂਬੇ ਵਿਚ ਕਾਨੂੰਨ ਦਾ ਨਹੀਂ ਬਾਦਲ ਪਰਿਵਾਰ ਦਾ ਰਾਜ ਚੱਲਦਾ ਹੈ।

ਵਫ਼ਦ ਵਿਚ ਸ਼ਾਮਲ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਯੂਨਾਈਟਿਡ ਅਕਾਲੀ ਦਲ, ਸ਼੍ਰੋਮਣੀ ਅਕਾਲੀ ਦਲ 1920, ਸੁਤੰਤਰ ਅਕਾਲੀ ਦਲ, ਪੰਥਕ ਸੇਵਾ ਲਹਿਰ ਅਤੇ ਦਮਦਮੀ ਟਕਸਾਲ ਅਜਨਾਲਾ ਦੇ ਪ੍ਰਤੀਨਿਧਾਂ ਨੇ ਰਾਜਪਾਲ ਅੱਗੇ ਕਈ ਉਦਾਹਰਨਾਂ ਪੇਸ਼ ਕਰਦਿਆਂ ਦੋਸ਼ ਲਾਇਆ ਕਿ ਪੰਜਾਬ ਵਿਚ ਕਾਨੂੰਨ ਦਾ ਰਾਜ ਖ਼ਤਮ ਹੋ ਗਿਆ ਹੈ ਅਤੇ ਥਾਣੇ, ਡੀ.ਸੀ. ਅਤੇ ਐਸ.ਐਸ.ਪੀ. ਦੇ ਦਫਤਰਾਂ ਸਮੇਤ ਹੋਰ ਸਰਕਾਰੀ ਸੰਸਥਾਵਾਂ ਰਾਜਸੀ ਮਾਫੀਆ ਅਧੀਨ ਆ ਚੁੱਕੀਆਂ ਹਨ। ਹਲਕਾ ਇੰਚਾਰਜਾਂ ਦੇ ਇਸ਼ਾਰਿਆਂ ਉਪਰ ਪੁਲਿਸ ਵੱਲੋਂ ਝੂਠੇ ਕੇਸ ਦਰਜ ਕੀਤੇ ਜਾ ਰਹੇ ਹਨ। ਸ਼ਾਂਤਮਈ ਢੰਗ ਨਾਲ ਸਰਬੱਤ ਖ਼ਾਲਸਾ ਸੱਦਣ ਵਾਲੇ ਸਿੱਖ ਪ੍ਰਤੀਨਿਧਾਂ ਖ਼ਿਲਾਫ਼ ਦੇਸ਼ ਧ੍ਰੋਹ ਦੇ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਹੈ। ਉਨ੍ਹਾਂ ਰਾਮਪੁਰਾ (ਬਠਿੰਡਾ) ਵਿਚ ਰਾਜੇਸ਼ ਕੁਮਾਰ ਤੇ ਰਾਕੇਸ਼ ਕੁਮਾਰ, ਬਾਬਾ ਹਰਦੀਪ ਸਿੰਘ ਮਹਿਰਾਜ ਅਤੇ ਸੀਨੀਅਰ ਸੈਕੰਡਰੀ ਸਕੂਲ ਭਗਤਾ ਦੇ ਪ੍ਰਿੰਸੀਪਲ ਦਲਜੀਤ ਸਿੰਘ 'ਤੇ ਹੋਏ ਹਮਲਿਆਂ ਦਾ ਜ਼ਿਕਰ ਕਰਦਿਆਂ ਦੋਸ਼ ਲਾਇਆ ਕਿ ਇਨ੍ਹਾਂ ਘਟਨਾਵਾਂ ਲਈ ਪੰਚਾਇਤ ਮੰਤਰੀ ਜ਼ਿੰਮੇਵਾਰ ਹਨ। ਰਾਜਪਾਲ ਨੂੰ ਮਿਲਣ ਤੋਂ ਬਾਅਦ ਪੰਥਕ ਧਿਰਾਂ ਦੇ ਆਗੂਆਂ ਗੁਰਦੀਪ ਸਿੰਘ ਬਠਿੰਡਾ, ਜਸਕਰਨ ਸਿੰਘ ਕਾਹਨਸਿੰਘ ਵਾਲਾ, ਗੁਰਨਾਮ ਸਿੰਘ ਸਿੱਧੂ, ਬੂਟਾ ਸਿੰਘ ਰਣਸੀਹ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਰਾਜਪਾਲ ਦੇ ਧਿਆਨ ਵਿਚ ਲਿਆਂਦਾ ਹੈ ਕਿ ਸੂਰਤ ਸਿੰਘ ਵੱਲੋਂ 16 ਜਨਵਰੀ 2015 ਤੋਂ ਭੁੱਖ ਹੜਤਾਲ ਰੱਖ ਕੇ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਕੀਤੀ ਜਾ ਰਹੀ ਹੈ ਪਰ ਸਰਕਾਰ ਬੰਦੀ ਸਿੱਖਾਂ ਨੂੰ ਪੱਕੇ ਤੌਰ 'ਤੇ ਰਿਹਾਅ ਕਰਨ ਦੀ ਥਾਂ ਪੈਰੋਲ 'ਤੇ ਛੱਡ ਕੇ ਰਸਮੀ ਕਾਰਵਾਈ ਕਰ ਰਹੀ ਹੈ। ਪੰਜਾਬ ਸਰਕਾਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਫੜਨ ਤੋਂ ਫੇਲ੍ਹ ਰਹੀ ਹੈ ਅਤੇ ਬਹਿਬਲ ਕਲਾਂ ਵਿਚ ਸ਼ਾਂਤਮਈ ਢੰਗ ਨਾਲ ਧਰਨਾ ਦੇ ਰਹੇ ਦੋ ਸਿੱਖਾਂ ਨੂੰ ਗੋਲੀਆਂ ਨਾਲ ਉਡਾਉਣ ਵਾਲੇ ਪੁਲਿਸ ਅਫਸਰਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਵੀ ਇਨਕਾਰੀ ਹੈ। ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ ਲਈ ਸਿੱਧੇ ਤੌਰ 'ਤੇ ਪੰਜਾਬ ਸਰਕਾਰ ਜ਼ਿੰਮੇਵਾਰ ਹੈ ਕਿਉਂਕਿ ਨਕਲੀ ਕੀੜੇਮਾਰ ਦਵਾਈਆਂ ਅਤੇ ਮਾੜੇ ਬੀਜਾਂ ਕਾਰਨ ਨਰਮੇ ਦੀ ਫਸਲ ਤਬਾਹ ਹੋਈ ਹੈ।



# ਸਹਿਜਧਾਰੀਆਂ ਤੋਂ ਖੁੱਸਿਆ ਵੋਟ ਪਾਉਣ ਦਾ ਹੱਕ

*(ਸਫਾ ਇਕ ਦੀ ਬਾਕੀ)*

ਮੰਤਰਾਲੇ ਦੇ ਉਕਤ ਨੋਟੀਫਿਕੇਸ਼ਨ ਨੂੰ ਖਾਰਜ ਕਰ ਦਿੱਤਾ ਸੀ। ਹਾਲ ਹੀ ਵਿਚ ਨਰੇਂਦਰ ਮੋਦੀ ਦੀ ਅਗਵਾਈ ਵਿਚ ਕੈਬਨਿਟ ਨੇ ਇਸ ਕਾਨੂੰਨ ਵਿਚ ਸੋਧ ਦੇ ਪ੍ਰਸਤਾਵ ਨੂੰ ਹਰੀ ਝੰਡੀ ਦਿੱਤੀ ਸੀ, ਇਹ ਸੋਧ ਅੱਠ ਅਕਤੂਬਰ 2003 ਤੋਂ ਪ੍ਰਭਾਵੀ ਮੰਨੀ ਜਾਵੇਗੀ। ਸਿੱਖ ਗੁਰਦੁਆਰਾ ਸੋਧ ਬਿੱਲ 2016 ਦੇ ਕਾਰਨਾਂ ਅਤੇ ਉਦੇਸ਼ਾਂ ਵਿਚ ਕਿਹਾ ਗਿਆ ਹੈ ਕਿ ਕੋਈ ਵੀ ਸਿੱਖ ਜਿਸ ਦੀ ਉਮਰ 21 ਸਾਲ ਤੋਂ ਉਪਰ ਹੈ ਅਤੇ ਜੋ ਵੋਟਰ ਵਜੋਂ ਰਜਿਸਟਰ ਹੈ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਵੋਟ ਪਾਉਣ ਦਾ ਅਧਿਕਾਰ ਰੱਖਦਾ ਹੈ, ਪਰ ਜੋ ਵਿਅਕਤੀ ਆਪਣੇ ਸਿਰ ਦੇ ਵਾਲ ਕੱਟਦਾ ਹੈ, ਦਾੜ੍ਹੀ ਕਟਾਉਂਦਾ ਹੈ, ਉਹ ਇਨ੍ਹਾਂ ਚੋਣਾਂ ਵਿਚ ਵੋਟ ਨਹੀਂ ਪਾ ਸਕੇਗਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਬਿੱਲ ਪਾਸ ਹੋਣ ਦੀ ਸ਼ਲਾਘਾ ਕਰਦਿਆਂ ਇਸ ਨੂੰ ਇਤਿਹਾਸਕ ਫੈਸਲਾ ਕਰਾਰ ਦਿੱਤਾ ਹੈ। ਸੰਸਦ ਵਿਚ ਕਾਂਗਰਸ ਅਤੇ 'ਆਪ' ਵੱਲੋਂ ਬਿੱਲ ਦਾ ਵਿਰੋਧ ਕੀਤੇ ਜਾਣ ਉਤੇ ਉਨ੍ਹਾਂ ਆਖਿਆ ਕਿ ਇਸ ਨਾਲ ਸਾਬਤ ਹੋ ਗਿਆ ਹੈ ਕਿ ਕਿਹੜੀਆਂ ਸ਼ਕਤੀਆਂ ਸਿੱਖ ਕੌਮ ਨੂੰ ਖੇਰੂੰ ਖੇਰੂੰ ਕਰਨਾ ਚਾਹੁੰਦੀਆਂ ਹਨ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ ਨੇ ਕਿਹਾ ਕਿ ਸੋਧ ਬਿੱਲ ਪਾਸ ਹੋਣ ਨਾਲ ਪਹਿਲਾਂ ਬਣੀ ਦੁਬਿਧਾ ਖਤਮ ਹੋ ਗਈ ਹੈ।

ਬਿੱਲ ਉਤੇ ਹੋਈ ਬਹਿਸ ਦੌਰਾਨ ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ, ਕਾਂਗਰਸ ਦੇ ਸੰਤੋਖ ਸਿੰਘ ਚੌਧਰੀ, ਰਵਨੀਤ ਸਿੰਘ ਬਿੱਟੂ ਅਤੇ ਆਮ ਆਦਮੀ ਪਾਰਟੀ ਦੇ ਭਗਵੰਤ ਮਾਨ ਵਿਚਕਾਰ ਤਿੱਖੀ ਨੋਕ-ਝੋਕ ਹੋਈ। ਉਨ੍ਹਾਂ ਤਰਕ ਦਿੱਤਾ ਕਿ 70 ਲੱਖ ਸਿੱਖਾਂ ਨਾਲ ਗਲਤ ਕੀਤਾ ਗਿਆ ਹੈ ਜਿਨ੍ਹਾਂ ਨੂੰ ਐਸ.ਜੀ.ਪੀ.ਸੀ. ਵਿਚ ਵੋਟਿੰਗ ਦਾ ਪਿਛਲੇ 60 ਸਾਲਾਂ ਤੋਂ ਹੱਕ ਸੀ। ਦੇਸ਼ ਵਿਚ ਸਿੱਖਾਂ ਦੀ ਅਬਾਦੀ ਪੌਣੇ ਦੋ ਕਰੋੜ ਹੈ ਅਤੇ ਸਿੱਖ ਗੁਰਦੁਆਰਾ ਐਕਟ ਵਿਚ ਸੋਧ ਨਾਲ 70 ਲੱਖ ਸਿੱਖ ਹੋਰ ਘਟ ਹੋ ਜਾਣਗੇ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸਹਿਜਧਾਰੀ ਸਿੱਖਾਂ ਦੇ ਵੋਟ ਪਾਉਣ ਉਪਰ ਰੋਕ ਲਗਾਏ ਜਾਣ ਨੂੰ ਮੰਦਭਾਗਾ ਫੈਸਲਾ ਕਰਾਰ ਦਿੱਤਾ ਹੈ।

# ਕੈਪਟਨ ਅਮਰਿੰਦਰ ਦੇ ਵਿਦੇਸ਼ ਦੌਰੇ ਨੇ ਛੇੜੀ ਨਵੀਂ ਚਰਚਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੇ ਵਿਦੇਸ਼ ਦੌਰੇ ਦੌਰਾਨ ਹੋਏ ਵਿਰੋਧ ਨੇ ਪੰਜਾਬ ਦੀਆਂ ਸਿਆਸੀ ਧਿਰਾਂ ਦਾ ਫਿਕਰ ਵਧਾ ਦਿੱਤਾ ਹੈ। ਉਧਰ ਕੈਨੇਡਾ ਵਿਚ ਰੈਲੀਆਂ ਆਦਿ ਕਰਨ 'ਤੇ ਰੋਕ ਲਾਉਣ ਕਾਰਨ ਕੈਪਟਨ ਨੂੰ ਆਪਣਾ ਕੈਨੇਡਾ ਦੌਰਾ ਰੱਦ ਕਰਨਾ ਪਿਆ ਹੈ। ਅਮਰੀਕਾ ਵਿਚ ਕੈਪਟਨ ਰੈਲੀਆਂ ਕਰਨ ਵਿਚ ਸਫਲ ਰਹੇ, ਪਰ ਕਿਤੇ-ਕਿਤੇ ਗਰਮਖਿਆਲੀਆਂ ਨੇ ਉਨ੍ਹਾਂ ਦਾ ਵਿਰੋਧ ਕੀਤਾ। ਇਸੇ ਦੌਰਾਨ ਕੈਪਟਨ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਪੱਤਰ ਲਿਖ ਕੇ ਸਿਆਸੀ ਰੈਲੀਆਂ ਨਾ ਕਰਨ ਦੇਣ ਬਾਰੇ ਰੋਸ ਜਤਾਇਆ ਹੈ। ਉਨ੍ਹਾਂ ਦੀਆਂ ਇਹ ਰੈਲੀਆਂ ਟੋਰਾਂਟੋ ਤੇ ਵੈਨਕੂਵਰ ਵਿਚ ਹੋਣੀਆਂ ਸਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਕੈਨੇਡਾ ਵਰਗੀ ਡੈਮੋਕ੍ਰੇਟਿਕ ਸਰਕਾਰ ਦਾ ਇਹ ਗਲਤ ਹੁਕਮ ਉਨ੍ਹਾਂ ਨੂੰ ਬੇਹੱਦ ਬੁਰਾ ਲੱਗਾ ਹੈ।



ਯਾਦ ਰਹੇ, ਇਸ ਤੋਂ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਦੌਰੇ ਉਤੇ ਆਏ ਪੰਜਾਬ ਵਿਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਵਜ਼ੀਰਾਂ ਤੇ ਵਿਧਾਇਕਾਂ ਨੂੰ ਸਿੱਖਾਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ ਸੀ। ਕੁਝ ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਕੈਨੇਡਾ ਦੌਰੇ ਉਪਰ ਬੀਤੇ ਦਿਨੀਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸੁਪਰੀਮ ਕੋਰਟ ਦੇ ਵਕੀਲ ਐਚ.ਐਸ. ਫੂਲਕਾ ਦਾ ਦੌਰਾ ਭਾਰੂ ਸਾਬਤ ਹੋ ਰਿਹਾ ਹੈ।

ਸ. ਫੂਲਕਾ ਦੇ ਦੌਰੇ ਦੌਰਾਨ ਕੈਨੇਡਾ ਦੇ ਕਈ ਸੰਸਦ ਮੈਂਬਰਾਂ ਤੇ ਉਥੋਂ ਦੇ ਸਿਆਸੀ ਆਗੂਆਂ ਨੇ ਉਨ੍ਹਾਂ ਦੀਆਂ ਮਨੁੱਖੀ ਅਧਿਕਾਰਾਂ ਲਈ ਕੀਤੇ ਕਾਰਜਾਂ ਸਦਕਾ ਸਨਮਾਨ ਵਿਚ ਸਮਾਗਮ ਕਰਵਾਏ, ਉਥੇ ਹੀ ਕੈਨੇਡਾ ਦੇ ਪੰਜਾਬੀ ਭਾਈਚਾਰੇ ਵੱਲੋਂ ਵੀ ਉਨ੍ਹਾਂ ਨੂੰ ਭਰਵਾਂ ਹੁੰਗਾਰਾ ਦਿੱਤਾ ਸੀ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਕੈਨੇਡਾ ਵਿਚ ਦੂਜੇ ਮੁਲਕਾਂ ਦੇ ਆਗੂਆਂ ਨੂੰ ਰੈਲੀਆਂ ਕਰਨ ਦੀ ਮਨਾਹੀ ਕਰ ਕੇ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਵਿਰੋਧ ਝੱਲਣਾ ਪਿਆ।

ਨਵੇਂ ਕਾਨੂੰਨ ਤਹਿਤ ਹੁਣ ਵਿਦੇਸ਼ੀ ਸਿਆਸੀ ਆਗੂ ਫੰਡ ਇਕੱਠਾ ਕਰਨ ਲਈ ਵੀ ਸਭਾਵਾਂ ਨਹੀਂ ਕਰ ਸਕਦੇ ਕਿਉਂਕਿ ਪੰਜਾਬ ਤੋਂ ਜਾ ਉਥੇ ਰੈਲੀਆਂ ਕਰਨ ਬਾਬਤ ਸਥਾਨਕ ਲੋਕਾਂ ਨੇ ਕੈਨੇਡੀਅਨ ਸਰਕਾਰ ਨੂੰ ਸ਼ਿਕਾਇਤਾਂ ਕੀਤੀਆਂ ਸਨ ਜਿਸ ਕਰ ਕੇ ਭਾਰਤੀ ਆਗੂਆਂ ਉਪਰ ਰੋਕ ਲੱਗੀ ਹੈ।

# ਖਾੜਕੂ ਸਫਾਂ ਅੰਦਰ ਖੁਫੀਆ ਏਜੰਸੀਆਂ ਦੀ ਸੀ ਘੁਸਪੈਠ

*(ਸਫਾ ਇਕ ਦੀ ਬਾਕੀ)*

ਸਿੰਘ ਸਿੱਧੂ ਨੇ ਆਪਣੀ ਕਿਤਾਬ 'ਸੰਤ ਭਿੰਡਰਾਂਵਾਲੇ ਦੇ ਰੂ-ਬਰੂ: ਜੂਨ 84 ਦੀ ਪੱਤਰਕਾਰੀ' ਵਿਚ ਇਹ ਅਹਿਮ ਖੁਲਾਸੇ ਕੀਤੇ ਹਨ। ਪੁਸਤਕ ਵਿਚ ਦਾਅਵਾ ਕੀਤਾ ਗਿਆ ਹੈ ਕਿ ਆਈ.ਬੀ. ਦੇ ਅਫਸਰ ਅਜੀਤ ਡੋਵਾਲ ਦਾ ਦਰਬਾਰ ਸਾਹਿਬ ਕੰਪਲੈਕਸ ਵਿਚ ਖਾੜਕੂਆਂ ਨਾਲ ਰਹਿ ਕੇ ਸਾਰੀਆਂ ਸੂਚਨਾਵਾਂ ਬਾਹਰ ਭੇਜਣ ਅਤੇ ਬਲੈਕ ਥੰਡਰ ਦੀ ਸਫਲਤਾ ਬਦਲੇ ਕੀਰਤੀ ਚੱਕਰ ਨਾਲ ਸਨਮਾਨ ਕੀਤਾ ਗਿਆ ਸੀ।

ਅੰਮ੍ਰਿਤਸਰ ਦੇ ਤਤਕਾਲੀ ਡੀ.ਸੀ. ਸਰਬਜੀਤ ਸਿੰਘ ਅਤੇ ਦਿੱਲੀ ਦੇ ਸਾਬਕਾ ਪੁਲਿਸ ਕਮਿਸ਼ਨਰ ਵੇਦ ਮਰਵਾਹਾ ਦੀਆਂ ਪੁਸਤਕਾਂ ਦਾ ਵੀ ਇਸ ਵਿਚ ਹਵਾਲਾ ਦਿੱਤਾ ਗਿਆ ਹੈ। ਡੋਵਾਲ ਨੇ ਖਾੜਕੂਆਂ ਨੂੰ ਯਕੀਨ ਦਿਵਾਇਆ ਸੀ ਕਿ ਸਾਰੇ ਹਥਿਆਰ ਪਾਕਿਸਤਾਨ ਤੋਂ ਆ ਰਹੇ ਹਨ। ਭਾਰਤੀ ਖੁਫ਼ੀਆ ਏਜੰਸੀਆਂ ਵੱਲੋਂ ਭੇਜਿਆ ਇਹ ਜਾਅਲੀ ਅਸਲਾ ਖਾੜਕੂਆਂ ਦੇ ਕਿਸੇ ਕੰਮ ਨਹੀਂ ਸੀ ਆਇਆ। ਪੁਸਤਕ ਮੁਤਾਬਕ 26 ਜਨਵਰੀ 1986 ਦੇ ਸਰਬੱਤ ਖ਼ਾਲਸਾ ਮੌਕੇ ਖ਼ਾਲਿਸਤਾਨ ਦਾ ਐਲਾਨ ਕਰਨ ਜਾਂ ਨਾ ਕਰਨ ਨੂੰ ਲੈ ਕੇ ਸੀਨੀਅਰ ਪੱਤਰਕਾਰ ਦਲਬੀਰ ਸਿੰਘ ਅਤੇ ਪੰਜਾਬ ਦੇ ਸਿਹਤ ਵਿਭਾਗ ਦੇ ਡਾਇਰੈਕਟਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਡਾ. ਸੋਹਣ ਸਿੰਘ ਦਰਮਿਆਨ ਵੱਡੇ ਮਤਭੇਦ ਸਨ। ਡਾ. ਸੋਹਣ ਸਿੰਘ ਦਾ ਖਾੜਕੂਆਂ ਵਿਚ ਪ੍ਰਭਾਵ ਵਧ ਰਿਹਾ ਸੀ ਅਤੇ ਉਹ ਜਥੇਦਾਰ ਕਾਉਂਕੇ ਤੋਂ ਖ਼ਾਲਿਸਤਾਨ ਦਾ ਐਲਾਨ ਕਰਵਾਉਣਾ ਚਾਹੁੰਦੇ ਸਨ। ਭਾਈ ਕਾਉਂਕੇ ਨੇ ਅਕਾਲ ਤਖ਼ਤ ਤੋਂ ਖ਼ਾਲਿਸਤਾਨ ਦਾ ਐਲਾਨ ਕਰਨ ਤੋਂ ਇਨਕਾਰ ਕਰ ਦਿੱਤਾ। ਸ਼ਾਇਦ ਇਸੇ ਕਰ ਕੇ 13 ਅਪਰੈਲ 1986 ਦੇ ਸਰਬੱਤ ਖ਼ਾਲਸਾ ਮੌਕੇ ਖ਼ਾਲਿਸਤਾਨ ਦਾ ਐਲਾਨ ਨਹੀਂ ਹੋ ਸਕਿਆ।

ਪ੍ਰਤੱਖ ਦਰਸ਼ੀ ਵਜੋਂ ਜਸਪਾਲ ਸਿੰਘ ਸਿੱਧੂ ਨੇ ਲਿਖਿਆ ਹੈ ਕਿ 28 ਅਪਰੈਲ 1986 ਨੂੰ ਵੱਸਣ ਸਿੰਘ ਜ਼ਫਰਵਾਲ ਖ਼ਾਲਿਸਤਾਨ ਦਾ ਐਲਾਨ ਨਾ ਕਰਨ ਦੀ ਦਲਬੀਰ ਸਿੰਘ ਦੀ ਰਾਇ ਨਾਲ ਸਹਿਮਤ ਸੀ। ਗੁਰਬਚਨ ਸਿੰਘ ਮਾਨੋਚਾਹਲ ਨੇ ਹੋਰਨਾਂ ਦੇ ਨਾ ਮੰਨਣ ਦੀ ਦਲੀਲ ਦਿੱਤੀ। ਅਜਿਹੀ ਖਿੱਚੋਤਾਣ ਵਿਚ 29 ਅਪਰੈਲ 1986 ਨੂੰ ਖ਼ਾਲਿਸਤਾਨ ਦਾ ਐਲਾਨ ਕਰ ਦਿੱਤਾ ਗਿਆ ਸੀ। ਇਸ ਤੋਂ ਤੁਰਤ ਬਾਅਦ ਕੇਂਦਰ ਸਰਕਾਰ ਨੇ ਦਰਬਾਰ ਸਾਹਿਬ ਕੰਪਲੈਕਸ ਵਿਚਲੇ ਖਾੜਕੂਆਂ ਨੂੰ ਫੜਨ ਦੇ ਨਾਮ 'ਤੇ ਬਰਨਾਲਾ ਸਰਕਾਰ ਰਾਹੀਂ ਪੁਲਿਸ ਭੇਜੀ ਸੀ।

ਤਤਕਾਲੀ ਪੁਲਿਸ ਮੁਖੀ ਰਿਬੇਰੋ ਨੇ ਰਿਪੋਰਟ ਦਿੱਤੀ ਸੀ ਕਿ ਖਾੜਕੂ ਨਿਕਲ ਚੁੱਕੇ ਹਨ ਤੇ ਹੁਣ ਪੁਲਿਸ ਭੇਜਣ ਦਾ ਲਾਭ ਨਹੀਂ ਹੈ। ਪੁਲਿਸ ਭੇਜਣ ਨਾਲ ਅਕਾਲੀ ਦਲ ਵੀ ਦੁਫਾੜ ਹੋ ਗਿਆ। ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਸਮੇਤ 27 ਵਿਧਾਇਕਾਂ ਨੇ ਸਰਕਾਰ ਤੋਂ ਹਮਾਇਤ ਵਾਪਸ ਲੈਣ ਦਾ ਐਲਾਨ ਕਰ ਦਿੱਤਾ। ਪੁਸਤਕ ਵਿਚ ਪੱਤਰਕਾਰੀ ਅਤੇ ਪੱਤਰਕਾਰਾਂ ਦੀ ਭੂਮਿਕਾ, ਏਜੰਸੀਆਂ ਦੇ ਰੋਲ ਅਤੇ ਹੋਰ ਬਹੁਤ ਸਾਰੇ ਤਜਰਬੇ ਸਾਂਝੇ ਕੀਤੇ ਗਏ ਹਨ।

## ਕਤਲੇਆਮ '84 ਬਾਰੇ ਵਿਸ਼ੇਸ਼ ਜਾਂਚ ਟੀਮ ਦੀ ਨਾਕਾਮੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਦਿੱਲੀ ਵਿਧਾਨ ਸਭਾ ਚੋਣਾਂ 2015 ਤੋਂ ਐਨ ਪਹਿਲਾਂ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ ਹੁਣ ਤੱਕ ਨਾਕਾਮ ਸਾਬਤ ਹੋਈ ਹੈ। ਫਰਵਰੀ 2015 ਵਿਚ ਬਣਾਈ ਗਈ ਇਸ ਐਸ.ਆਈ.ਟੀ. ਦੇ ਕਾਰਜਕਾਲ ਵਿਚ ਅਗਸਤ 2015 ਨੂੰ ਛੇ ਮਹੀਨੇ ਲਈ ਹੋਰ ਵਾਧਾ ਕੀਤਾ ਗਿਆ ਤੇ ਮੁੜ ਫਰਵਰੀ 2015 ਵਿਚ ਤੀਜੀ ਵਾਰ ਸਮਾਂ ਵਧਾਇਆ ਗਿਆ। ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ 49 ਦਿਨ ਦੀ ਸਰਕਾਰ ਵੱਲੋਂ ਵੀ ਨਵੰਬਰ-84 ਸਿੱਖ ਕਤਲੇਆਮ ਦੀ ਜਾਂਚ ਲਈ ਐਸ.ਆਈ.ਟੀ. ਬਣਾਉਣ ਦਾ ਐਲਾਨ ਕੀਤਾ ਗਿਆ ਸੀ ਪਰ ਕੇਂਦਰ ਵੱਲੋਂ ਉਪਰੋਕਤ ਐਸ.ਆਈ.ਟੀ. ਬਣਾ ਦੇਣ ਕਰ ਕੇ ਕੇਜਰੀਵਾਲ ਸਰਕਾਰ ਦੀ ਜਾਂਚ ਟੀਮ ਦਾ ਕੋਈ ਮਾਇਨਾ ਨਹੀਂ ਰਿਹਾ ਸੀ। 'ਆਪ' ਦੇ ਆਗੂ ਐਚ.ਐਸ. ਫੂਲਕਾ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਬਣਾਈ ਗਈ ਐਸ.ਆਈ.ਟੀ. ਲਈ ਛੇ ਮਹੀਨੇ ਦਾ ਸਮਾਂ ਸੀ ਪਰ ਇਸ ਨੇ ਡੱਕਾ ਵੀ ਦੂਹਰਾ ਨਹੀਂ ਕੀਤਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ‘ਵਿਸਾਖੀ ਲਿਸਟ’ ਨੂੰ ਮਿਲਿਆ ਦਰਸ਼ਕਾਂ ਦਾ ਭਰਵਾਂ ਹੁੰਗਾਰਾ

**ਸੈਨ ਫਰਾਂਸਿਸਕੋ (ਬਿਊਰੋ):** ਜੀ ਬੀ ਐਂਟਰਟੇਨਮੈਂਟ ਦੀ ਪਹਿਲੀ ਪੰਜਾਬੀ ਫਿਲਮ ‘ਵਿਸਾਖੀ ਲਿਸਟ’ ਨੂੰ ਵਿਸ਼ਵ ਭਰ ਵਿਚ ਪੰਜਾਬੀ ਦਰਸ਼ਕਾਂ ਨੇ ਵੱਡਾ ਹੁੰਗਾਰਾ ਦਿੱਤਾ ਹੈ। ਇਸ ਫਿਲਮ ਨਾਲ ਪੰਜਾਬੀ ਫਿਲਮ ਜਗਤ ਵਿਚ ਚੰਗੀਆਂ ਫਿਲਮਾਂ ਲਈ ਮੌਸਮ ਹੋਰ ਵੀ ਖੁਸ਼ਗਵਾਰ ਹੋ ਗਿਆ ਹੈ।

ਫਿਲਮ ਦੇ ਨਿਰਮਾਤਾ ਅਮੋਲਕ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਨੇ ‘ਵਿਸਾਖੀ ਲਿਸਟ’ ਦੀ ਸਫਲਤਾ ਲਈ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਉਹ ਮਨੋਰੰਜਨ ਅਤੇ ਉਦੇਸ਼ ਭਰਪੂਰ ਫਿਲਮਾਂ ਬਣਾਉਂਦੇ ਰਹਿਣਗੇ। ਉਨ੍ਹਾਂ ਅਗਲੇ ਕੁਝ ਮਹੀਨਿਆਂ ਵਿਚ ਤਿਆਰ ਹੋਣ ਵਾਲੀਆਂ ਫਿਲਮਾਂ ਪ੍ਰਤੀ ਵੀ ਪੰਜਾਬੀਆਂ ਤੋਂ ਅਜਿਹੇ ਹੁੰਗਾਰੇ ਦੀ ਆਸ ਪ੍ਰਗਟਾਈ।

ਫਿਲਮ ਦੇ ਨਿਰਦੇਸ਼ਕ ਸਮੀਪ ਕੰਗ ਨੇ ਕਿਹਾ ਕਿ ਫਿਲਮ ‘ਵਿਸਾਖੀ ਲਿਸਟ’ ਵਿਚ ਹਾਸਰਸ ਨੱਕੋ ਨੱਕ ਭਰਿਆ ਗਿਆ ਹੈ ਤੇ ਦਰਸ਼ਕਾਂ ਨੇ ਇਸ ਨੂੰ ਸਵੀਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਫਿਲਮ ਦੀ ਕਹਾਣੀ ਵਧੀਆ ਹੋਣ ਦੇ ਨਾਲ ਨਾਲ ਸਾਰੇ ਅਦਾਕਾਰ ਵੀ ਆਪੋ ਆਪੋ ਕਿਰਦਾਰ ਨਿਭਾਉਣ ਵਿਚ ਇਕ ਦੂਜੇ ਤੋਂ ਅੱਗੇ ਰਹੇ ਹਨ।

ਫਿਲਮ ਵਿਚ ਜੇਲ੍ਹਰ ਜਲੌਰ ਸਿੰਘ ਜੌਹਲ ਦੀ ਭੂਮਿਕਾ ਨਿਭਾਉਣ ਵਾਲੇ ਜਸਵਿੰਦਰ ਭੱਲਾ ਨੇ ਆਪਣੇ ਹੀ ਅੰਦਾਜ਼ ਵਿਚ ਕਿਹਾ ਕਿ ਉਸ ਨੂੰ ਆਸ ਸੀ ਕਿ ‘ਵਿਸਾਖੀ ਲਿਸਟ’ ਸੱਚੀਂ ਮੁੱਚੀਂ ਹੀ ਪੰਜਾਬੀ ਫਿਲਮ ਜਗਤ ਵਿਚ ਇਕ ਨਵਾਂ ਚੰਨ ਚੜ੍ਹਾਏਗੀ ਅਤੇ ਇਹ ਸਫਲਤਾ ਦਾ ਚੰਨ ਪੁੰਨਿਆ ਵਰਗਾ ਚੜ੍ਹ ਗਿਆ ਹੈ। ਜਿੰਮੀ ਸ਼ੇਰਗਿੱਲ, ਸੁਨੀਲ ਗਰੋਵਰ ਉਰਫ ਗੁੱਥੀ ਆਪੋ ਆਪਣੇ ਅੰਦਾਜ਼ ਵਿਚ ਫਿਲਮ ਦੀ ਗੱਲ ਕਰਦਿਆਂ ਦਰਸ਼ਕਾਂ ਦੇ ਚਿਹਰਿਆਂ ’ਤੇ ਰੌਣਕ ਅਤੇ ਹਾਸੇ ਲਿਆਉਣ ਨੂੰ ਆਪਣੀ ਮੁੱਖ ਪ੍ਰਾਪਤੀ ਦੱਸਦੇ ਹਨ।

ਜੀ ਬੀ ਐਨਟਰਟੇਨਮੈਂਟ ਦੀ ਸਮੁੱਚੀ ਟੀਮ ਨੇ ਇਸ ਫਿਲਮ ਦੀ ਸਫਲਤਾ ਨੂੰ ਆਪਣੀ ਘੱਟ ਸਗੋਂ ਪੰਜਾਬੀ ਫਿਲਮ ਜਗਤ ਦੀ ਇਕ ਸਾਰਥਿਕ ਪ੍ਰਾਪਤੀ ਇਹ ਕਹਿੰਦਿਆਂ ਦੱਸਿਆ ਹੈ ਕਿ ਇਹ ਇਕ ਪਰਿਵਾਰਕ ਫਿਲਮ ਹੈ ਜਿਸ ਦਾ ਅਨੰਦ ਬੱਚਿਆਂ ਨਾਲ ਬੈਠ ਕੇ ਵੀ ਮਾਣਿਆ ਜਾ ਸਕਦਾ ਹੈ।

ਫਿਲਮ ਦੇ ਮੀਡੀਆ ਇੰਚਾਰਜ ਐਸ ਅਸ਼ੋਕ ਭੌਰਾ ਨੇ ਸਮੁੱਚੇ ਇਲੈਕਟਰਾਨਿਕ ‘ਤੇ ਪ੍ਰਿੰਟ ਮੀਡੀਏ ਦੀ ਵਡਿਆਈ ਕਰਦਿਆਂ ਕਿਹਾ ਕਿ ਪਹਿਲੀ ਵਾਰ ਹੈ, ਕਿਸੇ ਪੰਜਾਬੀ ਫਿਲਮ ਨੂੰ ਪੰਜਾਬੀ ਮੀਡੀਏ ਨੇ ਸੱਚੀਂ-ਮੁੱਚੀਂ ਹੀ ਹੱਥੀਂ ਛਾਂਵਾਂ ਕੀਤੀਆਂ ਹੋਣ।

## ਡਾ. ਅੰਬੇਡਕਰ ਦੇ ਜਨਮ ‘ਤੇ ਵਿਸ਼ੇਸ਼ ਰਿਪੋਰਟ ਗਲੋਬਲ ਪੰਜਾਬ ਟੀ.ਵੀ. ‘ਤੇ

**ਮਿਲਪੀਟਸ (ਬਿਊਰੋ):** ਸੈਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲਖਾਨੇ, ਅਮਰੀਕਨ ਪੰਜਾਬੀ ਭਾਈਚਾਰੇ ਅਤੇ ਹੋਰ ਸਭਾਵਾਂ ਵਲੋਂ ਸਾਂਝੇ ਰੂਪ ਵਿਚ ਮਨਾਏ ਗਏ ਭਾਰਤੀ ਸੰਵਿਧਾਨ ਦੇ ਜਨਮਦਾਤਾ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਬਾਰੇ ਇੱਕ ਵਿਸ਼ੇਸ਼ ਰਿਪੋਰਟ ਗਲੋਬਲ ਪੰਜਾਬ ਟੀ ਵੀ ਵਲੋਂ ਪਹਿਲੀ ਮਈ ਨੂੰ ਸ਼ਾਮ 5:30 ਅਤੇ 8:30 (ਕੈਲੀਫੋਰਨੀਆ ਟਾਈਮ) ਵਜੇ ਦਿਖਾਈ ਜਾਵੇਗੀ।

ਇਹ ਰਿਪੋਰਟ ਜਗਦੇਵ ਭੰਡਾਲ ਦੇ ਨਿਰਦੇਸ਼ਨ ਹੇਠ ਤਿਆਰ ਕੀਤੀ ਗਏ ਹੈ ਅਤੇ ਇਸ ਦਾ ਸੰਚਾਲਨ ਐਸ ਅਸ਼ੋਕ ਭੌਰਾ ਨੇ ਕੀਤਾ ਹੈ।


Prince’s Barber Shop

37477 Fremont Blvd, suite C, Fremont, CA 94536

Men & Children’s Hair Cut

*Threading *Custom Text
*Men’s Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com


## Matrimonial

### ਵਰ ਦੀ ਲੋੜ ਹੈ

Wanted medical or non medical professional Sikh boy living in the USA for a Sikh Canadian girl 31yrs old (5'6") medicine physician currently working. Contact: 416-469-2801 18

Wanted suitable professional, well settled match sought for Canadian Citizen Sikh beautiful, slim girl 35 yrs, 5'-7''. Divorced with one child, modern & traditional, comes from very good family Jat sikh is preference. Contact: Ph.1-604-716-1919 17-20

Wanted medical or non medical professional Sikh boy living in the USA for a Sikh Canadian girl 31yrs old 5'-6" tall, medicine physician currently working. Contact: 416-469-2801

Professionally qualified match for Jat Sikh girl 29/5-’4", bachelor’s in nursing, working as a registered nurse in US. Boy preferred to be well educated, non drinker, vegetarian and professionally working in US. Please send picture & bio data: hrbsingh5@gmail.com 18

### ਲੜਕੀ ਦੀ ਲੋੜ ਹੈ

Jatt Sikh parents looking for well educated, slim, tall, beautiful girl for their 26 yrs, 6'+, handsome, U.S. citizen son doing his residency. Please contact: srb01.dr@gmail.com 16-19

Well Respected Jat Sikh family of businessmen and doctors, financially independent, living in the USA for the past 50 yrs seeks match for their two sons. Elder 27/ 6'-2" with MD/ MBA from Harvard University working in Health Care Consulting. Younger 26/6'-3", doing his residency with plans of taking over a large multi-specialty practice in 2 yrs. Both US born and raised with down to earth values and well aware of Punjabi and English Cultures. Interested in Jat Sikh prospects for the most part born and raised in the west only. No dowry. Contact balkar76@gmail.com 16-19

Looking for Sikh girl for a US born clean shaven, handsome Sikh boy, 38 years 6’, MBA, running his own business. Contact: Ph. 513-546-7246, Email bio data & photo @ sohan.bilkhu@gmail.com 17-20

*To Advertise with Punjab Times Call: 847-359-0746*


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838



Satwant Singh Insurance Services

*We serve all over California*

Auto, Home, Life, Business, Workers Comp.

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you’ll find an online tool that helps you compare different policies in just minutes. All you have to do is type in your name and a few details about your home or vehicle, and within a few minutes you’ll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ ’ਤੇ ਜਵਾਬ ਦਿੰਦੇ ਹਾਂ



Satwant Singh, CLCS, MBA
*(CA Lic # 0H11256)*

Now we have 3 locations:

San Jose: 2774 Aborn Road
San Jose, CA 95121

Sunnyvale: 830 Stewart Dr Ste #126
Sunnyvale, CA 94085

Fremont: 44790 S Grimmer Blvd,
Fremont, CA 94538

Allied Insurance
a Nationwide Insurance® company

Call today for your FREE, no-obligation quote: 1-408-771-2438
satwant@satwantins.com

# ਹਾਲਾਤ ਨਾ ਸੁਧਰੇ ਤਾਂ ਭਾਰਤ ਨੂੰ ਪਾਣੀ ਵੀ ਕਰਨਾ ਪਵੇਗਾ ਦਰਾਮਦ

**ਨਵੀਂ ਦਿੱਲੀ:** ਭਾਰਤ ਵਿਚ ਜਲ ਸੰਕਟ ਤੇਜ਼ੀ ਨਾਲ ਵਧ ਰਿਹਾ ਹੈ, ਜੇਕਰ ਹਾਲਾਤ ਇਸ ਤਰ੍ਹਾਂ ਦੇ ਰਹੇ ਤਾਂ 2050 ਤੱਕ ਭਾਰਤ ਨੂੰ ਪਾਣੀ ਦਰਾਮਦ ਕਰਨਾ ਪਵੇਗਾ। ਪਾਣੀ ਦੀ ਉਪਲਬਧਤਾ ਨੂੰ ਲੈ ਕੇ ਕੀਤਾ ਗਿਆ ਸਰਵੇ ਦੀ ਰਿਪੋਰਟ ਅਨੁਸਾਰ 2050 ਤੱਕ ਪ੍ਰਤੀ ਵਿਅਕਤੀ ਪਾਣੀ ਉਪਲਬਧਤਾ 3120 ਲੀਟਰ ਹੋ ਜਾਵੇਗੀ, ਜਿਸ ਨਾਲ ਭਾਰੀ ਜਲ ਸੰਕਟ ਪੈਦਾ ਹੋ ਜਾਵੇਗਾ।

2001 ਦੇ ਅੰਕੜਿਆਂ ਅਨੁਸਾਰ ਜ਼ਮੀਨ ਅੰਦਰ ਪ੍ਰਤੀ ਵਿਅਕਤੀ 5.120 ਲੀਟਰ ਪਾਣੀ ਬਚਿਆ ਹੈ, ਜੋ ਕਿ ਸਾਲ 1951 ਵਿਚ 14,180 ਲੀਟਰ ਹੋਇਆ ਕਰਦਾ ਸੀ। 2001 ਵਿਚ 1951 ਦੇ ਮੁਕਾਬਲੇ ਅੱਧਾ ਪਾਣੀ ਰਹਿ ਗਿਆ ਹੈ। ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਸਾਲ 2050 ਤੱਕ ਪਾਣੀ ਦੀ ਉਪਲਬਧਤਾ 25 ਫੀਸਦੀ ਹੀ ਰਹਿ ਜਾਵੇਗੀ। ਕੇਂਦਰੀ ਭੂ-ਜਲ ਬੋਰਡ ਦੇ ਅੰਕੜਿਆਂ ਨਾਲ ਇਹ ਖੁਲਾਸਾ ਹੋਇਆ ਹੈ। 2050 ਤੱਕ ਪਾਣੀ ਦੀ ਉਪਲਬਧਤਾ ਘਟ ਕੇ 22 ਫੀਸਦੀ ਰਹਿ ਜਾਵੇਗੀ।

ਕੇਂਦਰੀ ਭੂ-ਜਲ ਬੋਰਡ ਨੇ ਭੂਮੀਗਤ ਜਲ ਨੂੰ ਰਿਵਾਈਜ਼ ਕਰਨ ਦੀ ਇਕ ਯੋਜਨਾ ਵੀ ਬਣਾਈ ਹੈ ਤਾਂਕਿ ਇਸ ਪਰੇਸ਼ਾਨੀ ਨਾਲ ਨਿਪਟਿਆ ਜਾ ਸਕੇ। ਮਾਹਿਰਾਂ ਦਾ ਕਹਿਣਾ ਹੈ ਕਿ ਜ਼ਮੀਨ ਅੰਦਰ ਜਾਂਦੇ ਪਾਣੀ ਨੂੰ ਬਚਾਉਣ ਦੀ ਜ਼ਰੂਰਤ ਹੈ ਤੇ ਇਸ ਲਈ ਮੀਂਹ ਦੇ ਪਾਣੀ ਨੂੰ ਤਾਲਾਬਾਂ, ਨਹਿਰਾਂ, ਖੂਹਾਂ ਵਿਚ ਸੰਚਾਲਿਤ ਕਰਨਾ ਜ਼ਰੂਰੀ ਹੈ ਤੇ ਨਾਲ ਹੀ ਲੋਕਾਂ ਨੂੰ ਜਲ ਬਚਾਉਣ ਲਈ ਸਿੱਖਿਅਤ ਕਰਨਾ ਤੇ ਪ੍ਰੇਰਿਤ ਕਰਨ ਦੀ ਜ਼ਰੂਰਤ ਹੈ।

### ਸਰਵੇਖਣ ਵਿਚ ਪਾਣੀ ਦੀ ਬੇਲੋੜੀ ਵਰਤੋਂ ਬਾਰੇ ਚਿਤਾਵਨੀ



### ਧੋਨੀ ਦੇ ਸਵੀਮਿੰਗ ਪੂਲ ਲਈ ਰੋਜ਼ਾਨਾ 15 ਹਜ਼ਾਰ ਲੀਟਰ ਪਾਣੀ

**ਰਾਂਚੀ:** ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਮਹਿੰਦਰ ਸਿੰਘ ਧੋਨੀ ਆਪਣੇ ਸ਼ਹਿਰ ਦੇ ਲੋਕਾਂ ਲਈ ਪਰੇਸ਼ਾਨੀ ਬਣੇ ਹੋਏ ਹਨ। ਵਿਵਾਦ ਧੋਨੀ ਦੇ ਘਰ ਬਣੇ ਸਵੀਮਿੰਗ ਪੂਲ ਨੂੰ ਲੈ ਕੇ ਹੈ। ਸ਼ਹਿਰ 'ਚ ਪਾਣੀ ਦੀ ਕਮੀ ਕਾਰਨ ਪਰੇਸ਼ਾਨ ਲੋਕਾਂ ਨੇ ਝਾਰਖੰਡ ਦੇ ਮੰਤਰੀ ਅਮਰ ਕੁਮਾਰ ਬਾਊਰੀ ਨੂੰ ਇਸ ਦੀ ਸ਼ਿਕਾਇਤ ਵੀ ਕੀਤੀ, ਕਿਉਂਕਿ ਪਾਣੀ ਦੀ ਕਮੀ ਹੋਣ ਕਾਰਨ ਲੋਕਾਂ ਨੂੰ ਤਰਸਣਾ ਪੈ ਰਿਹਾ ਹੈ, ਪਰ ਧੋਨੀ ਦੇ ਘਰ ਬਣੇ ਸਵੀਮਿੰਗ ਪੂਲ ਲਈ ਰੋਜ਼ 15 ਹਜ਼ਾਰ ਲੀਟਰ ਪਾਣੀ ਇਸਤੇਮਾਲ ਹੋ ਰਿਹਾ ਹੈ।

### ਦੇਸ਼ ਦੀ ਇਕ ਚੌਥਾਈ ਆਬਾਦੀ 'ਤੇ ਸੋਕੇ ਦਾ ਸੰਤਾਪ

**ਨਵੀਂ ਦਿੱਲੀ:** ਕੇਂਦਰੀ ਭੂ ਜਲ ਬੋਰਡ ਨੇ ਇਹ ਵੀ ਦੱਸਿਆ ਕਿ ਦੇਸ਼ ਦੀ ਇਕ ਚੌਥਾਈ ਆਬਾਦੀ ਸੋਕੇ ਦਾ ਸੰਤਾਪ ਝੱਲ ਰਹੀ ਹੈ। ਇਸ ਰਿਪੋਰਟ ਅਨੁਸਾਰ ਦੇਸ਼ ਦੇ ਘੱਟੋ-ਘੱਟ 10 ਪ੍ਰਾਂਤਾਂ ਦੇ 250 ਤੋਂ ਵਧੇਰੇ ਜ਼ਿਲ੍ਹੇ ਸੋਕੇ ਦੀ ਮਾਰ ਹੇਠ ਹਨ। ਇਨ੍ਹਾਂ ਜ਼ਿਲ੍ਹਿਆਂ ਦੀ ਆਬਾਦੀ 33 ਕਰੋੜ ਤੋਂ ਵਧੇਰੇ ਹੈ। ਪਾਣੀ ਦੀ ਉਪਲਬਧਤਾ ਸਬੰਧੀ ਜੋ ਸੂਚਨਾਵਾਂ ਮਿਲ ਰਹੀਆਂ ਹਨ, ਉਹ ਪੂਰੀ ਤਰ੍ਹਾਂ ਡਰਾਉਣ ਵਾਲੀਆਂ ਹਨ। ਇਨ੍ਹਾਂ ਅਨੁਸਾਰ ਪਾਣੀ ਦਾ ਸੰਕਟ ਲਗਾਤਾਰ ਵਧਦਾ ਜਾ ਰਿਹਾ ਹੈ।

### 171 ਮੁਲਕਾਂ ਵੱਲੋਂ ਜਲਵਾਯੂ ਸਮਝੌਤੇ 'ਤੇ ਦਸਤਖ਼ਤ

**ਸੰਯੁਕਤ ਰਾਸ਼ਟਰ:** ਭਾਰਤ ਸਮੇਤ ਕੁੱਲ 171 ਮੁਲਕਾਂ ਨੇ ਦੁਨੀਆਂ ਵਿਚ ਵਧ ਰਹੀ ਤਪਸ਼ ਦੇ ਟਾਕਰੇ ਲਈ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਲਈ ਮਿਲ ਕੇ ਚੱਲਣ ਦਾ ਅਹਿਦ ਲਿਆ ਹੈ। ਭਾਰਤ ਵੱਲੋਂ ਵਾਤਾਵਰਨ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਸੰਯੁਕਤ ਰਾਸ਼ਟਰ ਆਮ ਸਭਾ ਦੇ ਹਾਲ ਵਿਚ ਉੱਚ ਪੱਧਰੀ ਸਮਾਗਮ ਦੌਰਾਨ ਸਮਝੌਤੇ 'ਤੇ ਦਸਤਖ਼ਤ ਕੀਤੇ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ ਮੂਨ ਨੇ ਇਸ ਮੌਕੇ ਨੂੰ ਇਤਿਹਾਸਕ ਪਲ ਕਰਾਰ ਦਿੱਤਾ। ਇਸ ਮੌਕੇ ਕਈ ਮੁਲਕਾਂ ਦੇ ਮੁਖੀ, ਮੰਤਰੀ, ਕਾਰਪੋਰੇਟ ਮੁਖੀ ਅਤੇ ਕਈ ਕਲਾਕਾਰ ਵੀ ਹਾਜ਼ਰ ਸਨ।

### ਦੇਸ਼ ਦੀਆਂ 91 ਮੁੱਖ ਜਲਗਾਹਾਂ 'ਚ ਪਾਣੀ ਘਟਿਆ

**ਨਵੀਂ ਦਿੱਲੀ:** ਦੇਸ਼ ਭਰ ਵਿਚ 91 ਪ੍ਰਮੁੱਖ ਜਲਗਾਹਾਂ ਵਿਚ ਪਾਣੀ ਦਾ ਪੱਧਰ ਘਟ ਕੇ ਉਨ੍ਹਾਂ ਦੀ ਕੁੱਲ ਸਮਰੱਥਾ ਦੇ 22 ਫੀਸਦੀ ਤੱਕ ਖਿਸਕ ਗਿਆ ਹੈ। ਕੇਂਦਰੀ ਜਲ ਸ੍ਰੋਤ ਮੰਤਰਾਲੇ ਮੁਤਾਬਕ, 21 ਅਪਰੈਲ ਨੂੰ ਖਤਮ ਹੋਏ ਹਫਤੇ ਦੌਰਾਨ ਇਨ੍ਹਾਂ ਜਲਗਾਹਾਂ ਵਿਚ 34.082 ਅਰਬ ਘਣ ਮੀਟਰ (ਬੀ.ਸੀ.ਐਮ.) ਪਾਣੀ ਉਪਲਬਧ ਸੀ। ਇਨ੍ਹਾਂ ਦੀ ਕੁੱਲ ਸਮਰੱਥਾ 157.799 ਅਰਬ ਘਣ ਮੀਟਰ ਦੀ ਹੈ। ਮੰਤਰਾਲੇ ਨੇ ਕਿਹਾ ਕਿ ਇਹ ਜਲ ਪੱਧਰ ਪਿਛਲੇ ਸਾਲ ਇਸ ਸਮੇਂ ਵਿਚ ਉਪਲਬਧ ਜਲ ਪੱਧਰ ਦੀ ਤੁਲਨਾ 'ਚ 35 ਫੀਸਦੀ ਘੱਟ ਹੈ ਅਤੇ ਇਸੇ ਮਿਆਦ ਦੇ 10 ਸਾਲ ਔਸਤ ਭੰਡਾਰਨ ਤੋਂ 24 ਫੀਸਦੀ ਘੱਟ ਹੈ।

## ਪ੍ਰੈਸ ਦੀ ਆਜ਼ਾਦੀ ਦੇ ਮਾਮਲੇ ਵਿਚ ਭਾਰਤ ਪਛੜਿਆ

**ਵਾਸ਼ਿੰਗਟਨ:** ਰਿਪੋਰਟਰਜ਼ ਵਿਦਾਊਟ ਬਾਰਡਰ (ਆਰ.ਸੀ.ਐਫ.) ਵੱਲੋਂ ਜਾਰੀ ਆਲਮੀ ਪ੍ਰੈਸ ਦੀ ਆਜ਼ਾਦੀ ਦਰਜਾਬੰਦੀ ਵਿਚ ਭਾਰਤ ਨੂੰ 180 ਮੁਲਕਾਂ ਵਿਚੋਂ 133ਵਾਂ ਸਥਾਨ ਮਿਲਿਆ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤੀ ਪੱਤਰਕਾਰਾਂ ਨੂੰ ਦਰਪੇਸ਼ ਖ਼ਤਰਿਆਂ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ। ਫਿਨਲੈਂਡ ਨੂੰ ਇਸ ਸੂਚੀ ਵਿਚ ਲਗਾਤਾਰ ਛੇਵੇਂ ਸਾਲ ਸਿਖਰ 'ਤੇ ਰੱਖਿਆ ਗਿਆ ਹੈ ਜਦਕਿ ਦੂਜੇ ਤੇ ਤੀਜੇ ਨੰਬਰ ਉੱਤੇ ਕ੍ਰਮਵਾਰ ਨੀਦਰਲੈਂਡ ਤੇ ਨਾਰਵੇ ਕਾਬਜ਼ ਹਨ। ਭਾਰਤ ਨੇ ਇਸ ਸੂਚੀ ਵਿਚ ਐਤਕੀਂ ਤਿੰਨ ਸਥਾਨਾਂ ਦਾ ਵਾਧਾ ਦਰਜ ਕੀਤਾ ਹੈ। ਪਿਛਲੇ ਸਾਲ ਭਾਰਤ 136ਵੇਂ ਸਥਾਨ 'ਤੇ ਸੀ।

ਆਰ.ਸੀ.ਐਫ ਵੱਲੋਂ ਜਾਰੀ ਰਿਪੋਰਟ ਮੁਤਾਬਕ, 'ਪੱਤਰਕਾਰਾਂ ਤੇ ਬਲਾਗਰਾਂ ਉੱਤੇ ਹਮਲਾ ਕੀਤਾ ਜਾਂਦਾ ਹੈ ਤੇ ਵੱਖ-ਵੱਖ ਧਾਰਮਿਕ ਸੰਗਠਨਾਂ ਦੀ ਨਾਰਾਜ਼ਗੀ ਵੀ ਸਹੇੜਨੀ ਪੈਂਦੀ ਹੈ।' ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕਸ਼ਮੀਰ ਜਿਹੇ ਖੇਤਰਾਂ ਵਿਚ ਪੱਤਰਕਾਰਾਂ ਲਈ ਰਿਪੋਰਟਿੰਗ ਕਰਨੀ ਕਾਫੀ ਔਖੀ ਹੈ ਕਿਉਂਕਿ ਸਰਕਾਰ ਇਸ ਖੇਤਰ ਨੂੰ ਕਾਫੀ ਸੰਵੇਦਨਸ਼ੀਲ ਮੰਨਦੀ ਹੈ। ਰਿਪੋਰਟ ਵਿਚ ਇਸ ਗੱਲ ਦਾ ਵੀ ਜ਼ਿਕਰ ਹੈ ਕਿ ਪ੍ਰਧਾਨ ਮੰਤਰੀ ਇਨ੍ਹਾਂ ਖਤਰਿਆਂ ਤੇ ਸਮੱਸਿਆਵਾਂ ਪ੍ਰਤੀ ਗੰਭੀਰ ਨਹੀਂ ਜਾਪਦੇ ਤੇ ਪੱਤਰਕਾਰਾਂ ਦੀ ਸੁਰੱਖਿਆ ਲਈ ਕੋਈ ਪ੍ਰਬੰਧਕੀ ਢਾਂਚਾ ਵਿਕਸਿਤ ਨਹੀਂ ਕੀਤਾ ਗਿਆ। ਰਿਪੋਰਟ ਵਿਚ ਦੋਸ਼ ਲਾਇਆ ਗਿਆ ਹੈ ਕਿ ਮੀਡੀਆ ਕਵਰੇਜ 'ਤੇ ਆਪਣਾ ਕੰਟਰੋਲ ਰੱਖਣ ਦੇ ਇਰਾਦੇ ਨਾਲ ਪ੍ਰਧਾਨ ਮੰਤਰੀ ਮੋਦੀ ਪੱਤਰਕਾਰੀ ਸਿਖਾਉਣ ਲਈ ਯੂਨੀਵਰਸਿਟੀ ਖੋਲ੍ਹਣ 'ਤੇ ਵਿਚਾਰ ਕਰ ਰਹੇ ਹਨ, ਜਿਸ ਨੂੰ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੇ ਸਾਬਕਾ ਅਧਿਕਾਰੀ ਚਲਾਉਣਗੇ। ਆਰ.ਸੀ.ਐਫ. ਵੱਲੋਂ ਜਾਰੀ ਦਰਜਾਬੰਦੀ ਵਿਚ ਭਾਰਤ ਦੇ ਗੁਆਂਢੀਆਂ ਪਾਕਿਸਤਾਨ ਨੂੰ 147ਵੇਂ, ਸ੍ਰੀਲੰਕਾ ਨੂੰ 141ਵੇਂ, ਬੰਗਲਾਦੇਸ਼ ਨੂੰ 144ਵੇਂ, ਨੇਪਾਲ ਨੂੰ 105ਵੇਂ ਤੇ ਭੂਟਾਨ ਨੂੰ 94ਵੇਂ ਸਥਾਨ 'ਤੇ ਰੱਖਿਆ ਗਿਆ ਹੈ। ਆਲਮੀ ਤਾਕਤਾਂ ਦੀ ਗੱਲ ਕਰੀਏ ਤਾਂ ਚੀਨ, ਅਮਰੀਕਾ ਤੇ ਰੂਸ ਨੂੰ ਕ੍ਰਮਵਾਰ 176, 44 ਤੇ 148ਵਾਂ ਸਥਾਨ ਮਿਲਿਆ ਹੈ। ਰਿਪੋਰਟ ਵਿਚ ਦਰਸਾਇਆ ਗਿਆ ਹੈ ਕਿ ਆਲਮੀ ਤੇ ਖੇਤਰੀ ਪੱਧਰ 'ਤੇ ਮੀਡੀਆ ਦੀ ਆਜ਼ਾਦੀ ਵਿਚ ਨਿਘਾਰ ਆਇਆ ਹੈ।




## ਚੀਨ ਨੇ ਦੁਨੀਆਂ ਨੂੰ ਵਿਖਾਈ ਤਾਕਤ

**ਬੀਜਿੰਗ:** ਚੀਨ ਨੇ ਦੁਨੀਆਂ ਨੂੰ ਆਪਣੀ ਤਾਕਤ ਦਿਖਾਉਂਦੇ ਹੋਏ ਸਭ ਤੋਂ ਸ਼ਕਤੀਸ਼ਾਲੀ ਤੇ ਲੰਬੀ ਦੂਰੀ ਦੀ ਮਿਜ਼ਾਇਲ ਦਾ ਟੈਸਟ ਕੀਤਾ ਹੈ। ਡੀ.ਐਫ.-41 ਨਾਂਅ ਦੀ ਇਹ ਮਿਜ਼ਾਇਲ ਸਿਰਫ ਅੱਧੇ ਘੰਟੇ ਵਿਚ 14000 ਕਿਲੋਮੀਟਰ ਤੱਕ ਮਾਰ ਕਰ ਸਕਦੀ ਹੈ। ਇਹੀ ਨਹੀਂ ਇਹ ਇਕ ਵਾਰ ਵਿਚ 10 ਪਰਮਾਣੂ ਬੰਬ ਲਿਜਾ ਸਕਦੀ ਹੈ। ਚੀਨ ਦੇ ਇਸ ਮਿਜ਼ਾਇਲ ਪ੍ਰੀਖਣ ਨਾਲ ਸਾਊਥ ਚਾਇਨਾ ਸਾਗਰ ਨੂੰ ਲੈ ਕੇ ਚੱਲ ਰਹੇ ਵਿਵਾਦ ਵਿਚਾਲੇ ਯੂ.ਐਸ. ਤੇ ਚੀਨ ਵਿਚਾਲੇ ਤਣਾਅ ਵਧ ਸਕਦਾ ਹੈ। ਪੈਂਟਾਗਨ ਅਧਿਕਾਰੀਆਂ ਨੇ ਇਸ ਹਥਿਆਰ ਦੇ ਪ੍ਰੀਖਣ 'ਤੇ ਨਾਰਾਜ਼ਗੀ ਪ੍ਰਗਟ ਕੀਤੀ ਹੈ। ਇਸ ਮਿਜ਼ਾਇਲ ਨਾਲ ਯੂਰਪ ਤੋਂ ਲੈ ਕੇ ਯੂ.ਐਸ. ਤੱਕ ਦੇ ਕਿਸੇ ਵੀ ਸ਼ਹਿਰ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ।

## ਆਈ.ਐਸ. ਵਲੋਂ ਪਰਮਾਣੂ ਹਮਲੇ ਦੀ ਤਿਆਰੀ

**ਬਰੱਸਲਜ਼:** ਖਤਰਨਾਕ ਅਤਿਵਾਦੀ ਜਥੇਬੰਦੀ ਇਸਲਾਮਿਕ ਸਟੇਟ (ਆਈ.ਐਸ.) ਦੇ ਲੜਾਕੇ ਬ੍ਰਿਟੇਨ ਤੇ ਯੂਰਪ ਵਿਚ ਬਾਇਓਲੌਜ਼ੀਕਲ ਤੇ ਨਿਊਕਲੀਅਰ ਹਮਲਾ ਕਰਨ ਦੀ ਸਕੀਮ ਬਣਾ ਰਹੇ ਹਨ। ਆਈ.ਐਸ. ਇਸ ਹਮਲੇ ਲਈ ਮਨੁੱਖੀ ਸਰੀਰ ਵਿਚ ਵੀ ਵਿਸਫੋਟਕ ਸਮਗਰੀ ਫਿੱਟ ਕਰ ਸਕਦਾ ਹੈ। ਯੂਰਪੀਅਨ ਯੂਨੀਅਨ ਤੇ ਨਾਟੋ ਸਕਿਊਰਿਟੀ ਚੀਫ ਨੇ ਇਸ ਦੀ ਚਿਤਾਵਨੀ ਜਾਰੀ ਕੀਤੀ ਹੈ। ਇਸ ਮੁਤਾਬਕ, ਸੀਰੀਆ ਤੇ ਇਰਾਕ ਦੇ ਅਤਿਵਾਦੀ ਪੱਛਮੀ ਦੇਸ਼ਾਂ ਵਿਚ ਵੱਡੀ ਤਬਾਹੀ ਲਈ ਬਾਇਓਲੌਜ਼ੀਕਲ, ਕੈਮੀਕਲ ਤੇ ਰੇਡੀਓਐਕਟਿਵ ਹਥਿਆਰਾਂ ਦਾ ਮਟੀਰੀਅਲ ਇਕੱਠਾ ਕਰ ਰਹੇ ਹਨ।

ਆਈ.ਐਸ. ਇਨ੍ਹਾਂ ਵੱਡੇ ਹਮਲਿਆਂ ਨੂੰ ਅੰਜਾਮ ਦੇਣ ਲਈ ਸੁਰੱਖਿਆ ਘੇਰੇ ਤੋਂ ਨਿਕਲਣ ਦੀ ਵੀ ਤਰਕੀਬ ਕੱਢ ਰਿਹਾ ਹੈ। ਉਹ ਇਨਸਾਨੀ ਸਰੀਰ 'ਚ ਹੀ ਬੰਬ ਫਿੱਟ ਕਰਨ ਤੇ ਡਰਾਈਵਰਲੈੱਸ ਕਾਰਾਂ ਨੂੰ ਹੈਕ ਕਰਨ ਦੀ ਤਕਨਾਲੋਜੀ 'ਤੇ ਕੰਮ ਕਰ ਰਿਹਾ ਹੈ। ਜੇਕਰ ਉਹ ਅਜਿਹਾ ਕਰਨ ਵਿਚ ਕਾਮਯਾਬ ਹੁੰਦਾ ਹੈ ਤਾਂ ਇਹ ਖਤਰਨਾਕ ਹੋ ਸਕਦਾ ਹੈ।

ਜਾਣਕਾਰੀ ਮੁਤਾਬਕ ਆਈ.ਐਸ. ਦੇ ਹੱਥ ਇਰਾਕ ਦੇ ਸ਼ਾਰਟ ਰੇਂਜ ਰਾਕਟ ਲੱਗੇ ਹਨ। ਇਹ ਰਾਕਟ ਜ਼ਮੀਨ ਤੋਂ ਹਵਾ 'ਚ ਮਾਰ ਦੇ ਸਮਰੱਥ ਹਨ। ਨਾਟੋ ਦੇ ਡਿਪਟੀ ਅਸਿਸਟੈਂਟ ਸੈਕਟਰੀ ਜਨਰਲ ਮੁਤਾਬਕ, "ਅਸੀਂ ਜਾਣਦੇ ਹਾਂ ਕਿ ਅਤਿਵਾਦੀ ਤਬਾਹੀ ਮਚਾਉਣ ਵਾਲੇ ਮਟੀਰੀਅਲ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।" ਉਨ੍ਹਾਂ ਇਹ ਵੀ ਕਿਹਾ ਕਿ ਆਈ.ਐਸ. ਦੋ ਹਿੱਸਿਆਂ 'ਚ ਵੰਡਿਆ ਗਿਆ ਹੈ। ਇਕ ਇਰਾਕ ਤੇ ਸੀਰੀਆ 'ਚ ਕਬਜ਼ਾ ਕੀਤੇ ਗਏ ਇਲਾਕਿਆਂ ਦੀ ਰਾਖੀ ਕਰ ਰਿਹਾ ਹੈ। ਦੂਸਰੇ ਗਰੁੱਪ ਦਾ ਨਿਸ਼ਾਨਾ ਯੂਰਪ 'ਚ ਅਤਿਵਾਦੀ ਹਮਲੇ ਕਰਨ ਦਾ ਹੈ।



### ਓਬਾਮਾ ਨੇ ਇਸਲਾਮਿਕ ਸਟੇਟ ਵਿਰੁੱਧ ਸਹਿਯੋਗ ਮੰਗਿਆ

**ਰਿਆਧ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਸਾਊਦੀ ਅਰਬ ਵਿਚ ਖਾੜੀ ਮੁਲਕਾਂ ਦੇ ਆਗੂਆਂ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਤੋਂ ਇਸਲਾਮਿਕ ਸਟੇਟ ਖਿਲਾਫ਼ ਮੁਹਿੰਮ ਤੇਜ਼ ਕਰਨ ਲਈ ਸਹਿਯੋਗ ਮੰਗਿਆ। ਖਾੜੀ ਮੁਲਕਾਂ ਅਤੇ ਵਾਸ਼ਿੰਗਟਨ ਵਿਚਕਾਰ ਤਣਾਅ ਦੇ ਬਾਵਜੂਦ ਸ੍ਰੀ ਓਬਾਮਾ ਨੇ ਆਪਣੇ ਪੱਧਰ 'ਤੇ ਇਹ ਪਹਿਲਕਦਮੀ ਕੀਤੀ ਹੈ। ਰਾਸ਼ਟਰਪਤੀ ਰਹਿੰਦਿਆਂ ਸ਼ਾਇਦ ਆਪਣੇ ਆਖਰੀ ਦੌਰੇ ਮੌਕੇ ਸ੍ਰੀ ਓਬਾਮਾ ਨੇ ਸਾਊਦੀ ਸ਼ਾਹ ਸਲਮਾਨ ਸਮੇਤ ਛੇ ਖੇਤਰੀ ਆਗੂਆਂ ਨਾਲ ਸੰਮੇਲਨ ਤੋਂ ਪਹਿਲਾਂ ਯਾਦਗਾਰੀ ਤਸਵੀਰ ਖਿਚਵਾਈ। ਸ਼ੀਆ ਆਬਾਦੀ ਵਾਲੇ ਇਰਾਨ ਨਾਲ ਨਜ਼ਦੀਕੀਆਂ ਵਧਾਉਣ ਤੋਂ ਬਾਅਦ ਨਾਰਾਜ਼ ਹੋਏ ਸੁੰਨੀ ਭਾਈਵਾਲਾਂ ਨੂੰ ਮਨਾਉਣ ਲਈ ਅਮਰੀਕੀ ਰਾਸ਼ਟਰਪਤੀ ਵੱਲੋਂ ਇਹ ਯਤਨ ਆਰੰਭੇ ਗਏ ਹਨ।

## ਕਮਾਈ ਪੱਖੋਂ ਭਾਜਪਾ ਮੁਲਕ ਦੀ ਸਭ ਤੋਂ ਅਮੀਰ ਪਾਰਟੀ

**ਨਵੀਂ ਦਿੱਲੀ:** ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੇਸ਼ ਦੀਆਂ ਕੌਮੀ ਪਾਰਟੀਆਂ ਵਿਚੋਂ ਸਭ ਤੋਂ ਅਮੀਰ ਸਿਆਸੀ ਪਾਰਟੀ ਬਣ ਗਈ ਹੈ। 2014-15 ਵਿੱਤੀ ਵਰ੍ਹੇ ਵਿਚ ਭਾਜਪਾ ਨੂੰ ਸਭ ਤੋਂ ਵੱਧ 970.43 ਕਰੋੜ ਦੀ ਆਮਦਨ ਹੋਈ। ਦੱਸਣਯੋਗ ਹੈ ਕਿ ਇਸੇ ਸਾਲ ਭਾਜਪਾ ਸੱਤਾ ਵਿਚ ਆਈ ਸੀ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰੀਫਾਰਮਜ਼ (ਏ.ਡੀ.ਆਰ.) ਦੀ ਰਿਪੋਰਟ ਮੁਤਾਬਕ ਕਮਾਈ ਦੇ ਮਾਮਲੇ 'ਚ ਭਾਜਪਾ ਰਾਸ਼ਟਰੀ ਸਿਆਸੀ ਪਾਰਟੀਆਂ ਵਿਚੋਂ ਚੋਟੀ ਉੱਤੇ ਹੈ। ਚੋਣ ਕਮਿਸ਼ਨ ਦੇ 19 ਨਵੰਬਰ 2014 ਦੇ ਨੋਟੀਫਿਕੇਸ਼ਨ ਅਨੁਸਾਰ, ਸਾਰੀਆਂ ਸਿਆਸੀ ਪਾਰਟੀਆਂ ਲਈ ਆਪਣੀ ਆਡਿਟ ਰਿਪੋਰਟ ਦਾ ਬਿਊਰਾ ਦੇਣਾ ਜ਼ਰੂਰੀ ਸੀ।

ਸਾਰੀਆਂ ਪਾਰਟੀਆਂ ਨੂੰ ਆਪਣੇ ਖਾਤਿਆਂ ਦੀ ਸਾਲਾਨਾ ਆਡਿਟ ਰਿਪੋਰਟ ਦੇਣ ਦੀ ਆਖਰੀ ਤਰੀਕ 30 ਨਵੰਬਰ 2015 ਸੀ, ਜਦਕਿ ਕਾਂਗਰਸ ਨੇ ਚੋਣ ਕਮਿਸ਼ਨ ਨੂੰ ਸਾਲ 2014-15 ਦੀ ਵਿੱਤੀ ਆਡਿਟ ਰਿਪੋਰਟ ਨਹੀਂ ਦਿੱਤੀ। ਭਾਜਪਾ ਤੋਂ ਇਲਾਵਾ ਸਿਰਫ ਤਿੰਨ ਹੋਰ ਰਾਸ਼ਟਰੀ ਪਾਰਟੀਆਂ ਮਾਰਕਸਵਾਦੀ ਕਮਿਊਨਿਸਟ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ ਤੇ ਬਹੁਜਨ ਸਮਾਜ ਪਾਰਟੀ ਨੇ ਸਮੇਂ 'ਤੇ ਆਪਣੀ ਆਡਿਟ ਰਿਪੋਰਟ ਦਰਜ ਕਰਵਾਈ ਹੈ।



ਦੱਸਣਯੋਗ ਹੈ ਕਿ ਉਕਤ ਤਿੰਨ ਪਾਰਟੀਆਂ ਸਮੇਤ ਕੁੱਲ ਛੇ ਰਾਸ਼ਟਰੀ ਸਿਆਸੀ ਪਾਰਟੀਆਂ ਹਨ। ਰਿਪੋਰਟ ਅਨੁਸਾਰ ਸਿਆਸੀ ਪਾਰਟੀਆਂ ਦੀ ਆਮਦਨ ਵੀ 39 ਫੀਸਦੀ ਵਧ ਕੇ 1,275.78 ਕਰੋੜ ਹੋ ਗਈ ਹੈ, ਜੋ 2013-14 ਵਿੱਤੀ ਵਰ੍ਹੇ ਦੌਰਾਨ 920.44 ਕਰੋੜ ਸੀ। ਰਿਪੋਰਟ ਅਨੁਸਾਰ ਭਾਜਪਾ ਦੀ ਆਮਦਨ ਸਾਰੀਆਂ ਰਾਸ਼ਟਰੀ ਪਾਰਟੀਆਂ ਤੋਂ ਵੱਧ 970.45 ਕਰੋੜ ਹੈ। ਇਹ ਉਸ ਦੀ ਕੁੱਲ ਆਮਦਨ ਦਾ 76.06 ਫੀਸਦੀ ਹੈ। ਸਾਲ 2013-14 ਤੋਂ 2014-15 ਦੇ ਦੌਰਾਨ ਭਾਜਪਾ ਦੀ ਆਮਦਨ 'ਚ 44 ਫੀਸਦੀ (296.62) ਕਰੋੜ ਦਾ ਵਾਧਾ ਹੋਇਆ। ਬਸਪਾ ਨੇ ਦਾਇਰ ਕਰਵਾਈ ਆਪਣੀ ਰਿਪੋਰਟ ਵਿਚ ਦੱਸਿਆ ਕਿ ਉਸ ਦੀ ਆਮਦਨ 67.31 ਫੀਸਦੀ ਜਾ 45.04 ਕਰੋੜ ਵਧੀ ਹੈ।

ਭਾਰਤੀ ਕਮਿਊਨਿਸਟ ਪਾਰਟੀ ਨੇ ਸਭ ਤੋਂ ਘੱਟ 1.84 ਕਰੋੜ ਦੀ ਆਮਦਨ ਐਲਾਨੀ ਹੈ। ਇਹ 2014-15 ਦੇ ਦੌਰਾਨ ਸਾਰੀਆਂ ਰਾਸ਼ਟਰੀ ਸਿਆਸੀ ਪਾਰਟੀਆਂ ਦੀ ਆਮਦਨ ਦਾ ਮਹਿਜ਼ 0.14 ਫੀਸਦੀ ਹੈ। ਰਿਪੋਰਟ ਅਨੁਸਾਰ ਸਿਰਫ ਮਾਰਕਸਵਾਦੀ ਕਮਿਊਨਿਸਟ ਪਾਰਟੀ ਹੀ ਅਜਿਹੀ ਹੈ, ਜਿਸ ਦੀ ਆਮਦਨ 59 ਲੱਖ ਘੱਟ ਹੋਈ ਹੈ। ਸਿਆਸੀ ਪਾਰਟੀਆਂ ਨੂੰ ਦਾਨ, ਕੂਪਨਾਂ ਦੀ ਵਿਕਰੀ ਤੇ ਚੰਦੇ ਆਦਿ ਦੇ ਜ਼ਰੀਏ ਪੈਸਾ ਮਿਲਦਾ ਹੈ, ਪਰ ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਸਿਆਸੀ ਪਾਰਟੀਆਂ ਨੂੰ ਕਰੀਬ-ਕਰੀਬ ਅੱਧੀ ਆਮਦਨ ਅਣਪਛਾਤੇ ਸਰੋਤਾਂ ਤੋਂ ਹੋਈ ਹੈ। ਇਨ੍ਹਾਂ ਸਰੋਤਾਂ ਤੋਂ ਹੋਈ ਆਮਦਨ ਦੀ ਰਾਸ਼ੀ ਸਾਲ 2014-15 ਵਿਚ 685.36 ਕਰੋੜ ਹੈ, ਜੋ ਸਿਆਸੀ ਪਾਰਟੀਆਂ ਦੀ ਕੁੱਲ ਆਮਦਨ ਦਾ 54 ਫੀਸਦੀ ਹੈ।

# ਜਰਮਨੀ ਦੇ ਗੁਰੂ ਘਰ ਵਿਚ ਧਮਾਕੇ ਪਿਛੇ ਆਈ.ਐਸ. ਦਾ ਹੱਥ



## ਜਾਂਚ ਵਿਚ ਜੁਟੀਆਂ ਜਰਮਨੀ ਏਜੰਸੀਆਂ ਵੱਲੋਂ ਦਾਅਵਾ

**ਬਰਲਿਨ:** ਜਰਮਨੀ ਦੇ ਸ਼ਹਿਰ ਐਸਨ ਦੇ ਗੁਰੂ ਘਰ ਵਿਚ ਹੋਏ ਧਮਾਕੇ ਦੇ ਤਾਰ ਇਸਲਾਮਿਕ ਸਟੇਟ (ਆਈ.ਐਸ.) ਦੇ ਦਹਿਸ਼ਤਗਰਦਾਂ ਨਾਲ ਜੁੜਦੇ ਜਾ ਰਹੇ ਹਨ। ਪੁਲਿਸ ਵੱਲੋਂ ਧਮਾਕੇ ਸਬੰਧੀ ਗ੍ਰਿਫਤਾਰ ਕੀਤੇ ਗਏ ਦੋ ਨੌਜਵਾਨਾਂ ਤੋਂ ਕੀਤੀ ਜਾ ਰਹੀ ਪੁੱਛਗਿੱਛ ਤੋਂ ਬਾਅਦ ਇਹ ਗੱਲ ਸਾਹਮਣੇ ਆ ਰਹੀ ਹੈ। ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਗੁਰੂ ਘਰ ਵਿਚ ਹੋਇਆ ਧਮਾਕਾ ਅਤਿਵਾਦੀ ਹਮਲਾ ਸੀ ਜਿਸ ਪਿਛੇ ਆਈ.ਐਸ. ਦਾ ਹੱਥ ਹੋਣ ਦਾ ਖਦਸ਼ਾ ਹੈ।

ਧਮਕੇ ਦੀ ਜਾਂਚ ਵਿੱਚ ਜੁਟੀਆਂ ਜਰਮਨੀ ਏਜੰਸੀਆਂ ਅਨੁਸਾਰ ਇਹ ਸਿੱਖ ਭਾਈਚਾਰੇ ਵਿਰੁੱਧ ਨਵੀਂ ਕਿਸਮ ਦਾ ਹਮਲਾ ਹੈ ਜਿਹੜਾ ਪਹਿਲਾਂ ਕਦੇ ਨਹੀਂ ਹੋਇਆ। ਐਸਨ ਦੇ ਪੁਲਿਸ ਕਮਿਸ਼ਨਰ ਫਰੈਂਕ ਰਿਚਟਰ ਨੇ ਆਖਿਆ ਹੈ ਕਿ ਗ੍ਰਿਫਤਾਰ ਕੀਤੇ ਗਏ ਨੌਜਵਾਨਾਂ ਨੇ ਮੰਨਿਆ ਹੈ ਕਿ ਧਮਾਕਾ ਆਈ.ਐਸ. ਤੋਂ ਪ੍ਰਭਾਵਿਤ ਹੋ ਕੇ ਕੀਤਾ ਗਿਆ ਹੈ।

ਜਰਮਨੀ ਦੇ ਟੀ.ਵੀ. ਚੈਨਲ ਏ.ਆਈ.ਡੀ. ਨੇ ਆਪਣੀ ਰਿਪੋਰਟ ਵਿਚ ਆਖਿਆ ਸੀ ਕਿ ਹਮਲੇ ਪਿੱਛੇ ਆਈ.ਐਸ. ਨਾਲ ਸਬੰਧਤ ਦੋ ਨੌਜਵਾਨਾਂ ਦਾ ਹੱਥ ਹੈ। ਇਨ੍ਹਾਂ ਵਿਚੋਂ ਇਕ ਦੀ ਪਛਾਣ ਯੂਸਫ਼ ਟੀ ਵਜੋਂ ਹੋਈ ਹੈ। ਯੂਸਫ਼ ਟੀ ਜਰਮਨੀ ਵਿਚ ਆਈ.ਐਸ. ਦਾ ਪ੍ਰਚਾਰਕ ਹੈ। ਪੂਰੇ ਮਾਮਲੇ ਦੀ ਜਾਂਚ ਲਈ ਜਰਮਨੀ ਪੁਲਿਸ ਵੱਲੋਂ ਵਿਸ਼ੇਸ਼ ਟੀਮ ਦਾ ਗਠਨ ਕੀਤਾ ਹੋਇਆ ਹੈ ਜਿਸ ਵਿਚ 70 ਪੁਲਿਸ ਕਰਮੀ ਕੰਮ ਕਰ ਰਹੇ ਹਨ।

ਪੁਲਿਸ ਨੇ ਸ਼ੱਕੀਆਂ ਨਾਲ ਜੁੜੀ ਸੂਚਨਾ ਦੇਣ ਵਾਲੇ ਨੂੰ 5000 ਯੂਰੋ ਇਨਾਮ ਦੇਣ ਦਾ ਐਲਾਨ ਵੀ ਕੀਤਾ ਹੋਇਆ ਹੈ।

## ਨਗਰ ਕੀਰਤਨ ਰਾਹੀਂ ਸਿੱਖਾਂ ਨੇ ਕੱਟੜਪੰਥੀ ਤਾਕਤਾਂ ਨੂੰ ਵੰਗਾਰਿਆ

**ਐਸਨ:** ਜਰਮਨੀ ਦੇ ਸ਼ਹਿਰ ਐਸਨ ਵਿਚ ਪਿਛਲੇ ਦਿਨੀਂ ਗੁਰਦੁਆਰਾ ਸਾਹਿਬ ਵਿਚ ਹੋਏ ਧਮਾਕੇ ਦੇ ਬਾਵਜੂਦ ਸਿੱਖਾਂ ਨੇ ਸ਼ਹਿਰ ਵਿਚ ਨਗਰ ਕੀਰਤਨ ਕੱਢ ਕੇ ਯੂਰਪ ਵਿਚ ਮੌਜੂਦਗੀ ਦਾ ਅਹਿਸਾਸ ਕਰਵਾਇਆ। ਧਮਾਕੇ ਦੇ ਇਕ ਹਫਤੇ ਬਾਅਦ ਜਰਮਨੀ ਵਿਚ ਰਹਿਣ ਵਾਲੀਂ ਸੰਗਤਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਨਗਰ ਕੀਰਤਨ ਕੱਢਿਆ। ਇਸ ਨਗਰ ਕੀਰਤਨ ਰਾਹੀਂ ਜਿਥੇ ਸਿੱਖਾਂ ਨੇ ਯੂਰਪ ਵਿਚ ਆਪਣੀ ਮੌਜੂਦਗੀ ਦਰਸਾਈ, ਉਥੇ ਹੀ ਕੱਟੜ ਪੰਥੀਆਂ ਤਾਕਤਾਂ ਨੂੰ ਇਹ ਸੰਦੇਸ਼ ਵੀ ਦਿੱਤਾ ਕਿ ਉਹ ਅਜਿਹੇ ਹਮਲਿਆਂ ਤੋਂ ਡਰਨ ਵਾਲੇ ਨਹੀਂ ਹਨ। ਜਰਮਨ ਮੀਡੀਆ ਮੁਤਾਬਕ ਸ਼ਾਂਤੀਪੂਰਬਕ ਮਾਰਚ ਹਮਲੇ ਦੇ ਵਿਰੋਧ ਵਿਚ ਨਹੀਂ ਸੀ ਸਗੋਂ ਇਹ ਸੁਨੇਹਾ ਦਿੱਤਾ ਗਿਆ ਕਿ ਸਿੱਖ ਦਹਿਸ਼ਤੀ ਖ਼ੌਫ਼ ਅੱਗੇ ਨਹੀਂ ਝੁਕਣਗੇ। ਇਸ ਮੌਕੇ ਉੱਤੇ ਗੁਰੂ ਕੀ ਲਾਡਲੀ ਫ਼ੌਜ ਵੱਲੋਂ ਗਤਕੇ ਦੇ ਜੌਹਰ ਵੀ ਦਿਖਾਏ ਗਏ। ਜਰਮਨੀ ਪੁਲਿਸ ਨੇ ਧਮਾਕੇ ਪਿੱਛੇ ਕੱਟੜਪੰਥੀ ਇਸਲਾਮਿਕ ਸੰਗਠਨ (ਆਈ.ਐਸ) ਦਾ ਹੱਥ ਹੋਣ ਦੀ ਗੱਲ ਆਖੀ ਹੈ। ਜਰਮਨੀ ਵਿਚ 15 ਹਜ਼ਾਰ ਦੇ ਕਰੀਬ ਸਿੱਖ ਰਹਿੰਦੇ ਹਨ ਅਤੇ ਪੂਰੇ ਦੇਸ਼ ਵਿਚ 35 ਦੇ ਕਰੀਬ ਗੁਰਦੁਆਰੇ ਹਨ।

ਸ਼ੈਫ, ਕਿਚਨ ਹੈਲਪਰ ਅਤੇ ਵੇਟਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਸ਼ੈਫ, ਕਿਚਨ ਹੈਲਪਰ ਅਤੇ ਵੇਟਰ ਦੀ ਫੌਰੀ ਲੋੜ ਹੈ। ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

ਫੋਨ: 757-240-9348

18-20

WEBSITE - DHOLRADIO.CO

DHOL RADIO

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

REQUEST SONG
MUSIC 24/7
LISTEN ON PHONE

ਹੁਣ ਸ਼ਿਕਾਗੋ ਤੋਂ

Application For Android and iPhone - Dhol Radio

LIVE CALLS → USA 951-824-6365

skype - DHOLRADIO.ORG

LISTEN BY CALL → USA 702-489-0211

Sukhpal Gill 10 pm to 12 am (IST)

Puran singh waraich 2:30 pm to 4 pm (IST)

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse

ਮਾਊਂਟਨਹਾਊਸ, ਟਰੇਸੀ, ਮਨਟੀਕਾ, ਲੈਥਰੂਪ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ

ਲੋਨ ਦਾ ਪ੍ਰਬੰਧ ਕਰਨ ਵਿਚ ਵੀ ਤੁਹਾਡੀ ਮਦਦ ਕਰ ਸਕਦੇ ਹਾਂ

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ



COLDWELL BANKER VALLEY CENTRAL

EQUAL HOUSING OPPORTUNITY

REALTOR®

Gurbans Singh Gill
Realtor
BRE#01227109

18 Years Experiance in Real Estate

e-mail: gurbans@gotracy.com

Fax: 209-836-0706

www.gotracy.com

Gurbans Gill

Office 209-835-4545

Direct 209-815-1869

1486 W 11th Street, Tracy, CA 95376

Wanted Drivers

ਡਰਾਈਵਰਾਂ ਦੀ ਲੋੜ ਹੈ



ਸੰਪਰਕ ਕਰੋ

ਫੋਨ: 916-833-5022

408-373-4168

# ਦਵਿੰਦਰਪਾਲ ਸਿੰਘ ਭੁੱਲਰ 21 ਦਿਨਾਂ ਵਾਸਤੇ ਪੈਰੋਲ ਉਤੇ ਰਿਹਾਅ

**ਅੰਮ੍ਰਿਤਸਰ:** ਸਿੱਖ ਬੰਦੀ ਗੁਰਦੀਪ ਸਿੰਘ ਖਹਿਰਾ ਦੀ ਰਿਹਾਈ ਤੋਂ ਬਾਅਦ ਦਿੱਲੀ ਬੰਬ ਧਮਾਕੇ ਦੇ ਦੋਸ਼ੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਵੀ 21 ਦਿਨਾਂ ਵਾਸਤੇ ਪੈਰੋਲ ਉਤੇ ਰਿਹਾਅ ਕਰ ਦਿੱਤਾ ਗਿਆ। ਰਿਹਾਅ ਹੋਣ ਤੋਂ ਬਾਅਦ ਪ੍ਰੋ. ਭੁੱਲਰ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮੱਥਾ ਟੇਕਿਆ ਅਤੇ ਸ਼ੁਕਰਾਨੇ ਦੀ ਅਰਦਾਸ ਕੀਤੀ।



ਪ੍ਰੋ. ਭੁੱਲਰ ਨੂੰ ਚੰਗੇ ਕਿਰਦਾਰ ਤੇ ਚਾਲ ਚਲਣ ਦੇ ਆਧਾਰ ਉਤੇ 21 ਦਿਨਾਂ ਵਾਸਤੇ ਪੈਰੋਲ 'ਤੇ ਰਿਹਾਅ ਕੀਤਾ ਗਿਆ ਹੈ। ਮੁਕੰਮਲ ਪ੍ਰਵਾਨਗੀ ਮਿਲਣ ਮਗਰੋਂ ਬੀਬੀ ਨਵਨੀਤ ਕੌਰ ਤੇ ਹੋਰ ਜਣੇ ਪ੍ਰੋ. ਭੁੱਲਰ ਨੂੰ ਆਪਣੀ ਕਾਰ ਵਿਚ ਬਿਠਾ ਕੇ ਘਰ ਲੈ ਗਏ। ਘਰ ਲਿਜਾਣ ਤੋਂ ਪਹਿਲਾਂ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਅਤੇ ਹੋਰਨਾਂ ਵੱਲੋਂ ਪ੍ਰੋ. ਭੁੱਲਰ ਨੂੰ ਸਿਰੋਪਾਉ ਭੇਟ ਕੀਤੇ ਗਏ ਅਤੇ ਰਿਹਾਈ ਦੀ ਵਧਾਈ ਦਿੱਤੀ ਗਈ। ਬੀਬੀ ਨਵਨੀਤ ਕੌਰ ਨੇ ਪਤੀ ਦੀ ਪੈਰੋਲ 'ਤੇ ਮਿਲੀ ਰਿਹਾਈ ਉਪਰ ਤਸੱਲੀ ਦਾ ਪ੍ਰਗਟਾਵਾ ਕੀਤਾ ਅਤੇ ਆਖਿਆ ਕਿ ਘਰ ਦਾ ਬਿਹਤਰ ਮਾਹੌਲ ਮਿਲਣ ਨਾਲ ਉਹ ਜਲਦੀ ਸਿਹਤਯਾਬ ਹੋ ਸਕਣਗੇ।

ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਪਿਛਲੇ ਸਾਲ 12 ਜੂਨ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿਚ ਤਬਦੀਲ ਕੀਤਾ ਗਿਆ ਸੀ। ਉਸ ਨੂੰ 11 ਸਤੰਬਰ 1993 ਨੂੰ ਕਾਂਗਰਸੀ ਆਗੂ ਮਨਿੰਦਰਜੀਤ ਸਿੰਘ ਬਿੱਟਾ ਉਪਰ ਬੰਬ ਧਮਾਕਾ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਹਮਲੇ 'ਚ 9 ਵਿਅਕਤੀ ਮਾਰੇ ਗਏ ਸਨ ਅਤੇ ਕਈ ਜ਼ਖ਼ਮੀ ਹੋਏ ਸਨ। ਉਸ ਨੂੰ ਜਰਮਨੀ ਤੋਂ ਭਾਰਤ ਵਾਪਸ ਲਿਆਂਦਾ ਗਿਆ ਸੀ ਅਤੇ ਅਦਾਲਤ ਵੱਲੋਂ 2001 ਵਿਚ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ।

ਉਸ ਦੀ ਫਾਂਸੀ ਦੀ ਸਜ਼ਾ ਮੁਆਫ਼ ਕਰਾਉਣ ਲਈ ਕਈ ਸਿੱਖ ਸੰਗਠਨਾਂ ਸਮੇਤ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕੀਤੀ ਗਈ ਸੀ। ਉਸ ਦੀ ਖਰਾਬ ਹੁੰਦੀ ਸਿਹਤ ਨੂੰ ਧਿਆਨ ਵਿਚ ਰੱਖ ਕੇ ਸੁਪਰੀਮ ਕੋਰਟ ਨੇ 31 ਮਾਰਚ 2014 ਨੂੰ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰ ਦਿੱਤਾ ਸੀ। ਮਗਰੋਂ ਉਸ ਨੂੰ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ ਸੀ, ਜਿਥੇ ਉਸ ਨੂੰ ਇਲਾਜ ਵਾਸਤੇ ਗੁਰੂ ਨਾਨਕ ਦੇਵ ਹਸਪਤਾਲ ਦੇ ਮਨੋਰੋਗ ਵਾਰਡ ਵਿਚ ਭੇਜ ਦਿੱਤਾ ਗਿਆ ਸੀ।

ਪਿਛਲੇ ਦਿਨੀਂ ਬਟਾਲਾ ਕੇਸ ਵਿਚ ਵੀ ਉਸ ਨੂੰ ਬਰੀ ਕਰ ਦਿੱਤਾ ਗਿਆ ਸੀ ਜਦੋਂ ਕਿ ਯੂ.ਪੀ 'ਚ ਦਰਜ ਇਕ ਹੋਰ ਮਾਮਲੇ ਵਿਚ ਉਸ ਨੂੰ ਪਹਿਲਾਂ ਹੀ ਜ਼ਮਾਨਤ ਮਿਲ ਚੁੱਕੀ ਹੈ। ਇਹ ਵੀ ਪਤਾ ਲੱਗਾ ਹੈ ਕਿ ਪਰਿਵਾਰ ਵੱਲੋਂ 42 ਦਿਨ ਵਾਸਤੇ ਪੈਰੋਲ 'ਤੇ ਰਿਹਾਈ ਮੰਗੀ ਗਈ ਸੀ ਪਰ 21 ਦਿਨਾਂ ਦੀ ਰਿਹਾਈ ਮਨਜ਼ੂਰ ਕੀਤੀ ਗਈ।

## ਸਿੱਖ ਬੰਦੀ ਗੁਰਦੀਪ ਸਿੰਘ ਨੂੰ 28 ਦਿਨਾਂ ਦੀ ਛੁੱਟੀ


**ਅੰਮ੍ਰਿਤਸਰ:** ਤਕਰੀਬਨ 25 ਸਾਲਾਂ ਤੋਂ ਟਾਡਾ ਹੇਠ ਜੇਲ੍ਹ ਵਿਚ ਬੰਦ ਸਿੱਖ ਬੰਦੀ ਗੁਰਦੀਪ ਸਿੰਘ ਖਹਿਰਾ ਨੂੰ ਆਪਣੇ ਰਿਸ਼ਤੇਦਾਰਾਂ ਨਾਲ ਮਿਲਣ ਵਾਸਤੇ 28 ਦਿਨਾਂ ਦੀ ਪੈਰੋਲ ਛੁੱਟੀ ਉਤੇ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿਚੋਂ ਰਿਹਾਅ ਕੀਤਾ ਗਿਆ। ਉਸ ਨੇ ਪੈਰੋਲ 'ਤੇ ਮਿਲੀ ਰਿਹਾਈ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਤੇ ਸ਼ੁਕਰਾਨੇ ਦੀ ਅਰਦਾਸ ਕੀਤੀ ਹੈ। 55 ਵਰ੍ਹਿਆਂ ਦੇ ਗੁਰਦੀਪ ਸਿੰਘ ਖਹਿਰਾ ਨੂੰ 1990 ਵਿਚ ਟਾਡਾ ਐਕਟ ਹੇਠ ਗ੍ਰਿਫਤਾਰ ਕੀਤਾ ਗਿਆ ਸੀ। ਉਸ ਖਿਲਾਫ਼ ਦਿੱਲੀ ਤੇ ਕਰਨਾਟਕਾ ਵਿਚ ਬੰਬ ਧਮਾਕੇ ਦੇ ਦੋਸ਼ ਲਾਏ ਗਏ ਸਨ, ਜਿਸ ਤਹਿਤ ਅਦਾਲਤ ਵੱਲੋਂ ਉਸ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ। ਮਾਰਚ 2010 ਵਿਚ ਅਦਾਲਤ ਵੱਲੋਂ ਉਸ ਨੂੰ ਦਿੱਲੀ ਬੰਬ ਧਮਾਕੇ ਦੇ ਦੋਸ਼ ਵਿਚੋਂ ਬਰੀ ਕਰ ਦਿੱਤਾ ਗਿਆ ਸੀ। ਉਹ ਪਿਛਲੇ ਲੰਮੇ ਸਮੇਂ ਤੋਂ ਕਰਨਾਟਕਾ ਦੀ ਜੇਲ੍ਹ ਵਿਚ ਬੰਦ ਸੀ ਅਤੇ 2015 ਕਰਨਾਟਕਾ ਤੋਂ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿਚ ਤਬਦੀਲ ਕੀਤਾ ਗਿਆ ਸੀ। ਉਸ ਨੂੰ ਹੁਣ ਤੱਕ ਕਦੇ ਵੀ ਪੈਰੋਲ 'ਤੇ ਲੰਬੀ ਰਿਹਾਈ ਨਹੀਂ ਮਿਲੀ ਹੈ।

## ਸਿੱਖ ਕੈਦੀਆਂ ਦੀ ਪੱਕੀ ਰਿਹਾਈ ਦੀ ਮੰਗ

**ਲੁਧਿਆਣਾ:** ਸਿੱਖ ਕੈਦੀਆਂ ਦੀ ਰਿਹਾਈ ਲਈ ਪਿਛਲੇ ਤਕਰੀਬਨ ਸਵਾ ਸਾਲ ਤੋਂ ਭੁੱਖ ਹੜਤਾਲ 'ਤੇ ਬੈਠੇ ਬਾਪੂ ਸੂਰਤ ਸਿੰਘ ਖਾਲਸਾ ਦੇ ਸੰਘਰਸ਼ ਦੀ ਦੇਖ ਰੇਖ ਕਰ ਰਹੀ ਸੰਘਰਸ਼ ਕਮੇਟੀ ਦੇ ਆਗੂਆਂ ਨੇ ਭਾਈ ਗੁਰਦੀਪ ਸਿੰਘ ਖਹਿਰਾ ਅਤੇ ਪ੍ਰੋ: ਦਵਿੰਦਰ ਪਾਲ ਸਿੰਘ ਭੁੱਲਰ ਨੂੰ ਪੈਰੋਲ 'ਤੇ ਰਿਹਾਅ ਕਰਨ ਦਾ ਨਿੱਘਾ ਸਵਾਗਤ ਕਰਦਿਆਂ ਇਸ ਨੂੰ ਬਾਪੂ ਸੂਰਤ ਸਿੰਘ ਦੇ ਸੰਘਰਸ਼ ਦੀ ਅਹਿਮ ਪ੍ਰਾਪਤੀ ਕਰਾਰ ਦਿੱਤਾ ਹੈ। ਇਸ ਦੇ ਨਾਲ਼ ਹੀ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਭਾਈ ਵਰਿਆਮ ਸਿੰਘ ਨੂੰ ਉੱਤਰ ਪ੍ਰਦੇਸ਼ ਦੀ ਸਮਾਜਵਾਦੀ ਪਾਰਟੀ ਸਰਕਾਰ ਵੱਲੋਂ ਪੱਕੇ ਤੌਰ 'ਤੇ ਰਿਹਾਅ ਕੀਤੇ ਜਾਣ ਵਾਂਗ ਹੀ ਪੰਜਾਬ ਸਰਕਾਰ ਨੂੰ ਵੀ ਇਨ੍ਹਾਂ ਸਿੱਖ ਬੰਦੀਆਂ ਨੂੰ ਪੱਕੀ ਰਿਹਾਈ ਦੇਣੀ ਚਾਹੀਦੀ ਹੈ। ਸੰਘਰਸ਼ ਕਮੇਟੀ ਦੇ ਜਥੇਦਾਰ ਜੰਗ ਸਿੰਘ ਬਾੜੇਵਾਲ ਅਤੇ ਭਵਨਦੀਪ ਸਿੰਘ ਨੇ ਕਿਹਾ ਕਿ ਸਰਬੱਤ ਖਾਲਸਾ ਵੱਲੋਂ ਥਾਪੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ (ਤਿਹਾੜ), ਭਾਈ ਦਯਾ ਸਿੰਘ ਲਾਹੌਰੀਆ (ਤਿਹਾੜ), ਭਾਈ ਗੁਰਦੇਵ ਸਿੰਘ ਭੱਪ (ਜੈਪੁਰ) ਅਤੇ ਭਾਈ ਮਨਜੀਤ ਸਿੰਘ ਉਰਫ਼ ਲਾਲ ਸਿੰਘ (ਗੁਜਰਾਤ) ਜੇਲ੍ਹਾਂ ਵਿਚ ਬੰਦ ਹਨ ਜਿਨ੍ਹਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਤਬਦੀਲ ਕੀਤਾ ਜਾਣਾ ਉਨ੍ਹਾਂ ਦਾ ਮੁੱਢਲਾ ਕਾਨੂੰਨੀ ਤੇ ਮਨੁੱਖੀ ਅਧਿਕਾਰ ਹੈ। ਪਿਛਲੇ ਕਈ ਹਫ਼ਤਿਆਂ ਤੋਂ ਪੁਲਿਸ ਦੀ ਦੇਖ ਰੇਖ ਹੇਠ ਦਯਾਨੰਦ ਹਸਪਤਾਲ ਵਿਚ ਦਾਖਲ ਬਾਪੂ ਸੂਰਤ ਸਿੰਘ ਦੀ ਹਾਲਤ ਫਿਲਹਾਲ ਸਥਿਰ ਹੈ।

# 'ਅਲੀਗੜ੍ਹ' ਲਈ ਮਨੋਜ ਬਾਜਪੇਈ ਨੂੰ ਮਿਲਿਆ ਪੁਰਸਕਾਰ

**ਮੁੰਬਈ**: ਬਾਲੀਵੁੱਡ ਵਿਚ ਆਪਣੀ ਅਦਾਕਾਰੀ ਦੇ ਦਮ 'ਤੇ ਨਾਂ ਕਮਾਉਣ ਵਾਲੇ ਅਭਿਨੇਤਾ ਮਨੋਜ ਬਾਜਪੇਈ ਨੂੰ ਫਿਲਮ 'ਅਲੀਗੜ੍ਹ' ਵਿਚ ਉਨ੍ਹਾਂ ਦੀ ਦਮਦਾਰ ਅਦਾਕਾਰੀ ਲਈ 'ਦਾਦਾ ਸਾਹਿਬ ਫਾਲਕੇ' ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਉਨ੍ਹਾਂ ਨੂੰ ਹੰਸਲ ਮਹਿਤਾ ਦੀ ਫਿਲਮ 'ਅਲੀਗੜ੍ਹ' ਲਈ ਸਰਬੋਤਮ ਅਭਿਨੇਤਾ (ਕ੍ਰਿਟਿਕਸ ਚੁਆਇਸ) ਦੀ ਸ਼੍ਰੇਣੀ ਵਿਚ ਇਹ ਪੁਰਸਕਾਰ ਮਿਲਿਆ।



ਹੰਸਲ ਮਹਿਤਾ ਨੇ ਟਵੀਟ ਕੀਤਾ ਕਿ ਫਿਲਮ 'ਅਲੀਗੜ੍ਹ' ਵਿਚ ਪ੍ਰੋਫੈਸਰ ਰਾਮਚੰਦਰ ਸਿਰਸ ਦੇ ਕਿਰਦਾਰ ਲਈ ਮਨੋਜ ਬਾਜਪੇਈ ਨੂੰ ਸਰਬੋਤਮ ਅਭਿਨੇਤਾ ਦੀ ਸ਼੍ਰੇਣੀ ਵਿਚ ਦਾਦਾ ਸਾਹਿਬ ਪੁਰਸਕਾਰ ਮਿਲਿਆ ਹੈ, ਉਥੇ ਹੀ ਮਨੋਜ ਬਾਜਪੇਈ ਨੇ ਖੁਸ਼ੀ ਜ਼ਾਹਰ ਕਰਦੇ ਹੋਏ ਟਵੀਟ ਕੀਤਾ ਕਿ ਇਸ ਪੁਰਸਕਾਰ ਨਾਲ ਮੈਂ ਬਹੁਤ ਸਨਮਾਨਤ ਮਹਿਸੂਸ ਕਰ ਰਿਹਾ ਹਾਂ ਅਤੇ ਉਨ੍ਹਾਂ ਨੇ ਆਪਣੇ ਪਿਆਰ ਅਤੇ ਪ੍ਰਸ਼ੰਸਾ ਲਈ ਸਾਰਿਆਂ ਦਾ ਧੰਨਵਾਦ ਕੀਤਾ। 23 ਅਪਰੈਲ, 1969 ਨੂੰ ਬਿਹਾਰ 'ਚ ਜੰਮੇ ਮਨੋਜ ਬਾਜਪੇਈ ਨੇ ਆਪਣਾ ਫਿਲਮੀ ਸਫਰ 1994 ਵਿਚ ਸ਼ੇਖਰ ਕਪੂਰ ਦੀ ਫਿਲਮ 'ਬੈਂਡਿਟ ਕੁਈਨ' ਤੋਂ ਸ਼ੁਰੂ ਕੀਤਾ। ਬਾਲੀਵੁਡ 'ਚ ਉਨ੍ਹਾਂ ਦੀ ਪਛਾਣ 1998 ਵਿਚ ਰਾਮ ਗੋਪਾਲ ਵਰਮਾ ਦੀ ਫਿਲਮ 'ਸੱਤਿਆ' ਤੋਂ ਬਣੀ। ਇਸ ਫਿਲਮ ਲਈ ਮਨੋਜ ਬਾਜਪੇਈ ਨੂੰ ਸਰਬੋਤਮ ਅਭਿਨੇਤਾ ਦਾ ਰਾਸ਼ਟਰੀ ਪੁਰਸਕਾਰ ਵੀ ਮਿਲਿਆ। ਹਿੰਦੀ ਤੋਂ ਇਲਾਵਾ ਮਨੋਜ ਬਾਜਪੇਈ ਨੇ ਤਾਮਿਲ ਅਤੇ ਤੇਲਗੂ ਫਿਲਮਾਂ ਵਿਚ ਵੀ ਕੰਮ ਕੀਤਾ ਹੈ।

# ਪੰਜਾਬ ਵਿਚ 'ਸੰਤਾ ਬੰਤਾ' ਫਿਲਮ ਉਤੇ ਪਾਬੰਦੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਨਵੀਂ ਰਿਲੀਜ਼ ਹੋਈ ਫਿਲਮ 'ਸੰਤਾ ਬੰਤਾ' ਉਤੇ ਸੂਬੇ ਵਿਚ ਪਾਬੰਦੀ ਲਗਾ ਦਿੱਤੀ ਹੈ। ਦਿੱਲੀ ਵਿਖੇ ਇਸ ਫਿਲਮ 'ਤੇ ਪਹਿਲਾਂ ਹੀ ਪਾਬੰਦੀ ਲਗਾਉਣ ਦਾ ਫੈਸਲਾ ਹੋ ਚੁੱਕਾ ਹੈ ਕਿਉਂਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿਚ ਸਿੱਖਾਂ ਵੱਲੋਂ ਰੋਸ ਮੁਜ਼ਾਹਰਾ ਕੀਤਾ ਗਿਆ ਸੀ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਦਿੱਲੀ ਵਿਖੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕਰ ਕੇ ਇਸ ਫਿਲਮ 'ਤੇ ਪਾਬੰਦੀ ਦੀ ਮੰਗ ਉਠਾਈ ਸੀ। ਦਿੱਲੀ ਕਮੇਟੀ ਦਾ ਦੋਸ਼ ਹੈ ਕਿ ਇਸ ਫਿਲਮ 'ਚ ਸਿੱਖਾਂ ਨੂੰ ਮਜ਼ਾਕ ਦਾ ਮੁੱਦਾ ਬਣਾ ਕੇ ਪੇਸ਼ ਕੀਤਾ ਗਿਆ ਹੈ ਅਤੇ ਭੱਦੇ ਮਜ਼ਾਕ ਕੀਤੇ ਗਏ ਹਨ, ਜਿਸ ਕਾਰਨ ਸਮੁੱਚਾ ਸਿੱਖ ਜਗਤ ਰੋਸ ਵਿਚ ਹੈ। ਉਪ ਮੁੱਖ ਮੰਤਰੀ ਵੱਲੋਂ ਸਾਰੇ ਪੱਖਾਂ ਨੂੰ ਵਿਚਾਰਨ ਤੋਂ ਬਾਅਦ ਇਸ ਫਿਲਮ 'ਤੇ ਸੂਬੇ ਵਿਚ ਪਾਬੰਦੀ ਦੀ ਕੀਤੀ ਤਜਵੀਜ਼ ਨੂੰ ਮੁੱਖ ਮੰਤਰੀ ਵੱਲੋਂ ਵੀ ਪ੍ਰਵਾਨਗੀ ਦੇ ਦਿੱਤੀ ਗਈ।



# ਬਰਾੜ ਵੱਲੋਂ ਹੁਣ ਅਕਾਲੀ ਦਲ ਤੇ ਕਾਂਗਰਸ ਦੇ ਸਫਾਏ ਲਈ ਮੁਹਿੰਮ

**ਪਟਿਆਲਾ:** ਕਾਂਗਰਸ ਵਿਚੋਂ ਬਰਖ਼ਾਸਤ ਕੀਤੇ ਜਾਣ ਉਪਰੰਤ ਸਾਬਕਾ ਐਮ.ਪੀ. ਜਗਮੀਤ ਸਿੰਘ ਬਰਾੜ ਕੋਈ ਵੱਖਰੀ ਪਾਰਟੀ ਨਹੀਂ ਬਣਾਉਣਗੇ, ਬਲਕਿ ਉਹ ਕਿਸੇ ਹਮਖ਼ਿਆਲੀ ਧਿਰ ਨਾਲ ਸਾਂਝ ਪਾਉਣਗੇ। ਇਸ ਤੋਂ ਇਲਾਵਾ ਉਹ ਕਾਂਗਰਸ ਅਤੇ ਅਕਾਲੀ ਦਲ ਦੀ ਹਾਰ ਯਕੀਨੀ ਬਣਾਉਣ ਲਈ ਪੰਜਾਬ ਦੀਆਂ ਬਾਕੀ ਹਮਖ਼ਿਆਲੀ ਰਾਜਸੀ ਧਿਰਾਂ ਨੂੰ ਇਕ ਪਲੇਟਫਾਰਮ ਉਤੇ ਇਕੱਠਾ ਕਰਨ ਲਈ ਵੀ ਚਾਰਾਜੋਈ ਕਰਨਗੇ।



ਇਹ ਗੱਲ ਸ੍ਰੀ ਬਰਾੜ ਦੀ ਪ੍ਰੈਸ ਕਾਨਫਰੰਸ ਦੌਰਾਨ ਸਾਹਮਣੇ ਆਏ। 21 ਮਈ ਦੀ ਚੱਪੜਚਿੜੀ ਵਿਚ ਰੱਖੀ 'ਸਦੀਵੀ ਅਮਨ ਅਤੇ ਸਰਬੱਤ ਦਾ ਭਲਾ ਕਾਨਫਰੰਸ' ਸਬੰਧੀ ਲਾਮਬੰਦੀ ਕਰਨ ਲਈ ਆਪਣੇ ਪੁਰਾਣੇ ਸਮਰਥਕ ਸੰਤ ਸਿੰਘ ਘੱਗਾ ਦੇ ਇਥੇ ਛੋਟੀ ਬਾਰਾਂਦਰੀ ਸਥਿਤ ਦਫ਼ਤਰ ਪੁੱਜੇ ਸ੍ਰੀ ਬਰਾੜ ਦਾ ਕਹਿਣਾ ਸੀ ਕਿ ਉਨ੍ਹਾਂ ਦੇ ਹੁਣ ਤੱਕ ਦੇ ਰਾਜਸੀ ਜੀਵਨ ਦੌਰਾਨ ਪਟਿਆਲਾ ਵਿਚ ਉਨ੍ਹਾਂ ਦੀ ਇਹ ਪਲੇਠੀ ਪ੍ਰੈਸ ਕਾਨਫਰੰਸ ਹੈ। ਉਨ੍ਹਾਂ ਨੇ 21 ਦੇ ਇਕੱਠ ਲਈ ਸੰਤ ਸਿੰਘ ਘੱਗਾ ਨੂੰ ਪਟਿਆਲਾ ਜ਼ਿਲ੍ਹੇ 'ਚੋਂ ਇਕੱਠ ਕਰਨ ਲਈ ਕਨਵੀਨਰ ਵੀ ਥਾਪਿਆ।

ਸ੍ਰੀ ਬਰਾੜ ਨੇ ਦੋਸ਼ ਲਾਇਆ ਕਿ ਕੈਪਟਨ ਨੇ ਹਾਈ ਕਮਾਂਡ ਨੂੰ ਗੁੰਮਰਾਹ ਕਰ ਕੇ ਉਸ ਨੂੰ ਬਰਖ਼ਾਸਤ ਕਰਵਾਇਆ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਉਹ ਵੱਖਰੀ ਪਾਰਟੀ ਨਹੀਂ ਬਣਾ ਰਹੇ। ਉਨ੍ਹਾਂ ਦਾ ਤਰਕ ਸੀ ਕਿ ਕਾਂਗਰਸ ਤੇ ਅਕਾਲੀ ਦਲ ਤੋਂ ਪੰਜਾਬ ਵਾਸੀਆਂ ਦਾ ਖਹਿੜਾ ਛੁਡਵਾਉਣਾ ਹੀ ਹੁਣ ਉਨ੍ਹਾਂ ਦਾ ਮੁੱਖ ਮਨੋਰਥ ਹੈ, ਜਿਸ ਲਈ ਉਹ ਇਨ੍ਹਾਂ ਦੋਵਾਂ ਧਿਰਾਂ ਖਿਲਾਫ਼ ਬਾਕੀ ਸਾਰੀਆਂ ਹਮਖ਼ਿਆਲੀ ਧਿਰਾਂ ਨੂੰ ਇਕੱਠੀਆਂ ਕਰਨ ਦਾ ਤਹੱਈਆ ਕਰਨਗੇ।

# ਸੁਖਬੀਰ ਬਾਦਲ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਸਮੇਤ ਸੱਤ ਨੂੰ ਸੰਮਨ ਜਾਰੀ

**ਅੰਮ੍ਰਿਤਸਰ:** ਸਿਵਲ ਜੂਨੀਅਰ ਜੱਜ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰੋਂ ਜਬਰੀ ਦੁਕਾਨ ਖਾਲੀ ਕਰਵਾਉਣ ਦੇ ਇਕ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਸਮੇਤ ਸੱਤਾਂ ਨੂੰ ਨੋਟਿਸ ਜਾਰੀ ਕਰਦਿਆਂ 19 ਮਈ ਨੂੰ ਅਦਾਲਤ ਵਿਚ ਪੇਸ਼ ਹੋਣ ਬਾਬਤ ਸੰਮਨ ਜਾਰੀ ਕੀਤੇ ਗਏ ਹਨ। ਸ੍ਰੀ ਹਰਿਮੰਦਰ ਸਾਹਿਬ ਦੀ ਬਾਹਰੀ ਚਾਰ ਦੀਵਾਰੀ ਵਿਚ ਘੰਟਾ ਘਰ ਬਾਹੀ ਦੀਆਂ ਦੁਕਾਨਾਂ ਨੂੰ ਗਲਿਆਰੇ ਦੇ ਸੁੰਦਰੀਕਰਨ ਸਬੰਧੀ ਜਾਰੀ ਪ੍ਰੋਜੈਕਟ ਤਹਿਤ ਖਾਲੀ ਕਰਵਾਉਣ ਦੀਆਂ ਸ਼੍ਰੋਮਣੀ ਕਮੇਟੀ ਦੀਆਂ ਕੋਸ਼ਿਸ਼ਾਂ ਦੌਰਾਨ ਇਕ ਕਿਰਾਏਦਾਰ ਹਰਬੀਰ ਸਿੰਘ ਵੱਲੋਂ ਇਸ ਕਾਰਵਾਈ ਤੋਂ ਇਨਕਾਰੀ ਹੁੰਦਿਆਂ ਜਬਰੀ ਦਖ਼ਲ-ਅੰਦਾਜ਼ੀ ਖਿਲਾਫ਼ ਅੰਮ੍ਰਿਤਸਰ ਪੁਲਿਸ ਕੋਲ ਸ਼ਿਕਾਇਤ ਕੀਤੀ ਗਈ ਸੀ। ਦੁਕਾਨਦਾਰ ਦੇ ਦਾਅਵੇ ਅਨੁਸਾਰ ਇਸ ਮੁਤੱਲਕਾ ਉਸ ਨੇ ਅਦਾਲਤ ਵਿਚੋਂ ਸਟੇਅ ਲਿਆ ਹੋਇਆ ਹੈ ਤੇ ਉਸ ਦੇ ਹੱਕ ਵਿਚ ਫੈਸਲਾ ਵੀ ਹੋਇਆ ਹੈ।



ਜਦਕਿ ਸ਼੍ਰੋਮਣੀ ਕਮੇਟੀ ਪ੍ਰਬੰਧਕ ਉਸ ਪਾਸੋਂ ਇਸ ਦੁਕਾਨ ਨੂੰ ਜਬਰੀ ਹਥਿਆਉਣਾ ਚਾਹੁੰਦੇ ਸਨ ਅਤੇ ਇਸ ਦੇ ਬਦਲੇ ਜੋ ਦੁਕਾਨ ਉਨ੍ਹਾਂ ਨੂੰ ਦਿੱਤੀ ਜਾ ਰਹੀ ਸੀ, ਉਹ ਕੰਮ ਦੇ ਲਿਹਾਜ਼ ਨਾਲ ਉਸ ਲਈ ਵਾਜਬ ਨਹੀਂ ਸੀ। ਉਸ ਨੇ ਦੋਸ਼ ਲਾਇਆ ਕਿ ਬੀਤੇ 11 ਅਪ੍ਰੈਲ ਨੂੰ ਸੁਖਬੀਰ ਸਿੰਘ ਬਾਦਲ ਨੇ ਆਪਣੀ ਫੇਰੀ ਦੌਰਾਨ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੂੰ ਜ਼ੁਬਾਨੀ ਆਦੇਸ਼ ਦੇ ਕੇ ਉਸ ਦੀ ਦੁਕਾਨ ਜਬਰੀ ਖਾਲੀ ਕਰਵਾਉਣ ਲਈ ਕਿਹਾ। ਉਸ ਨੇ ਦਾਅਵਾ ਕੀਤਾ ਹੈ ਕਿ ਇਸੇ ਰਾਤ ਕਰੀਬ 1.30 ਵਜੇ ਸ਼੍ਰੋਮਣੀ ਕਮੇਟੀ ਦੀ ਗੱਡੀ ਨੰਬਰ ਪੀ.ਬੀ. 02-ਬੀ. ਵੀ. 8513 'ਤੇ ਆਏ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੇ ਉਸ ਦੀ ਦੁਕਾਨ ਵਿਚੋਂ ਜਬਰੀ ਸਾਮਾਨ ਖੁਰਦ ਬੁਰਦ ਕਰਨ ਦੀ ਮਨਸ਼ਾ ਨਾਲ ਚੁੱਕ ਲਿਆ।

## ਮੱਕੜ ਵੱਲੋਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਤੌਬਾ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦੀ ਸ਼੍ਰੋਮਣੀ ਕਮੇਟੀ ਦੇ ਅਗਲੇ ਪ੍ਰਧਾਨ ਵਜੋਂ ਹੁਣ ਕੋਈ ਦਿਲਚਸਪੀ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਬਹੁਤ ਸਮਾਂ ਪ੍ਰਧਾਨਗੀ ਕਰ ਲਈ ਹੈ ਤੇ ਹੁਣ ਅਗਾਂਹ ਅਜਿਹੇ ਅਹੁਦੇ ਦੀ ਕੋਈ ਲਾਲਸਾ ਨਹੀਂ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦੀ ਅਗਲੀ ਪ੍ਰਧਾਨਗੀ ਤੋਂ ਮੋਹ ਭੰਗ ਹੋਣ ਪਿਛੇ ਆਪਣੀ ਸਿਹਤ ਢਿੱਲੀ ਰਹਿਣ ਦਾ ਤਰਕ ਦਿੰਦਿਆਂ ਆਖਿਆ ਕਿ ਪਾਰਟੀ ਜਿਸ ਨੂੰ ਮਰਜ਼ੀ ਅਗਲੇ ਪ੍ਰਧਾਨ ਵਜੋਂ ਪੇਸ਼ ਕਰ ਸਕਦੀ ਹੈ ਅਤੇ ਉਨ੍ਹਾਂ ਨੇ ਅਗਲਾ ਪਿੜ ਖੁੱਲ੍ਹਾ ਛੱਡ ਦਿੱਤਾ ਹੈ।

ਇਥੇ ਖਾਲਸਾ ਕਾਲਜ ਵਿਚ ਇਕ ਸਮਾਗਮ ਵਿਚ ਹਿੱਸਾ ਲੈਣ ਤੋਂ ਪਹਿਲਾਂ ਉਨ੍ਹਾਂ ਸਪਸ਼ਟ ਕੀਤਾ ਕਿ ਉਹ ਸ਼੍ਰੋਮਣੀ ਕਮੇਟੀ ਦੀ ਅਗਲੀ ਟਰਮ ਦੇ ਪ੍ਰਧਾਨ ਵਜੋਂ ਖ਼ੁਦ ਹੀ ਨਾਂਹ ਕਰਨਗੇ। ਉਨ੍ਹਾਂ ਆਖਿਆ ਕਿ ਪਿਛਲੇ ਕਈ ਹਫਤਿਆਂ ਤੋਂ ਉਹ ਬਿਮਾਰ ਚੱਲ ਰਹੇ ਹਨ। ਸਿਹਤ ਵਿਗੜੀ ਹੋਣ ਦੇ ਬਾਵਜੂਦ ਫਿਲਹਾਲ ਸ਼੍ਰੋਮਣੀ ਕਮੇਟੀ ਦੇ ਕੰਮਕਾਜ ਨੂੰ ਤਨਦੇਹੀ ਨਾਲ ਨਿਭਾ ਰਹੇ ਹਨ, ਪਰ ਅਗਲੇ ਪ੍ਰਧਾਨ ਵਜੋਂ ਉਨ੍ਹਾਂ ਦੀ ਸਿਹਤ ਇਜਾਜ਼ਤ ਨਹੀਂ ਦੇਵੇਗੀ।

# ਕੈਪਟਨ ਅਮਰਿੰਦਰ ਸਿੰਘ ਨੇ ਪਰਵਾਸੀ ਪੰਜਾਬੀਆਂ ਤੋਂ ਸਹਿਯੋਗ ਮੰਗਿਆ

**ਸ਼ਿਕਾਗੋ (ਬਿਊਰੋ):** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਪ੍ਰਤੀ ਫਿਕਰ ਜ਼ਾਹਰ ਕਰਦਿਆਂ ਪਰਵਾਸੀ ਪੰਜਾਬੀਆਂ ਤੋਂ ਸਹਿਯੋਗ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸੋਚ ਰਲ ਕੇ ਪੰਜਾਬ ਨੂੰ



*ਜਲਸੇ ਨੂੰ ਸੰਬੋਧਨ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ*

ਬਿਹਤਰ ਬਣਾਉਣ ਦੀ ਹੈ, ਜਦਕਿ ਬਾਦਲ ਪਿਓ-ਪੁੱਤ ਹਰ ਮੁੱਦੇ 'ਤੇ ਸਿਆਸਤ ਕਰ ਰਹੇ ਹਨ ਅਤੇ ਲੋਕਾਂ ਲਈ ਕੁਝ ਨਹੀਂ ਕਰ ਰਹੇ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਪਰਵਾਸੀ ਪੰਜਾਬੀਆਂ ਦਾ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਸਹਿਯੋਗ ਲੈਣ ਲਈ ਵਿਦੇਸ਼ ਦੌਰੇ ਉਤੇ ਆਏ ਹਨ ਪਰ ਉਨ੍ਹਾਂ ਨਾਲ ਹੀ ਕਿਹਾ ਕਿ ਇਹ ਉਨ੍ਹਾਂ ਦੀ ਆਖਰੀ ਚੋਣ ਹੈ, ਚਾਹੇ ਉਹ ਜਿੱਤਣ ਜਾਂ ਹਾਰਨ। ਉਹ ਲੰਘੀ 22 ਅਪਰੈਲ ਨੂੰ ਸ਼ਾਮਬਰਗ ਦੇ ਕਨਵੈਨਸ਼ਨ ਸੈਂਟਰ ਵਿਚ ਕਾਂਗਰਸ ਸਮਰਥਕਾਂ ਵਲੋਂ ਰੱਖੇ ਜਲਸੇ ਨੂੰ ਸੰਬੋਧਨ ਕਰ ਰਹੇ ਸਨ। ਆਪਣੀ ਤਕਰੀਰ ਦੌਰਾਨ ਕੈਪਟਨ ਨੇ ਲੋਕਾਂ ਨਾਲ ਨਸ਼ਿਆਂ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਕਿਸਾਨਾਂ ਨਾਲ ਜੁੜੇ ਮਸਲਿਆਂ ਸਬੰਧੀ ਸਵਾਲ-ਜਵਾਬ ਵੀ ਕੀਤੇ।

ਬਾਦਲ ਸਰਕਾਰ ਉਤੇ ਵਿਅੰਗ ਕੱਸਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਕਾਲੀਆਂ ਦੀ ਸਰਕਾਰ ਬਣਿਆਂ ਨੌਂ ਸਾਲ ਹੋ ਗਏ ਹਨ, ਪਰ ਹਾਲੇ ਤੱਕ ਸਰਕਾਰ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ 'ਤੇ ਕਾਬੂ ਨਹੀਂ ਪਾ ਸਕੀ। ਉਨ੍ਹਾਂ ਲੱਗਦੇ ਹੱਥ 'ਆਪ' ਦੇ ਆਗੂ ਅਰਵਿੰਦ ਕੇਜਰੀਵਾਲ ਨੂੰ ਦੋਗਲਾ ਕਰਾਰ ਦਿੰਦਿਆਂ ਕਿਹਾ ਕਿ ਉਹ ਪੰਜਾਬ ਫੇਰੀ ਦੌਰਾਨ ਪਾਣੀ ਉਤੇ ਪੰਜਾਬ ਦੇ ਹੱਕ ਦੀ ਗੱਲ ਕਰਦਾ ਹੈ, ਪਰ ਦਿੱਲੀ-ਹਰਿਆਣਾ 'ਚ ਜਾ ਕੇ ਬਿਆਨ ਬਦਲ ਲੈਂਦਾ ਹੈ।

ਕਾਂਗਰਸ ਪ੍ਰਧਾਨ ਨੇ ਕਿਹਾ ਕਿ ਹੁਣ ਤਾਂ ਜ਼ਾਹਰ ਹੀ ਹੋ ਚੁਕਾ ਹੈ ਕਿ ਪੰਜਾਬ 'ਚ ਨਸ਼ੇ 'ਪੰਥਕ ਸਰਕਾਰ' ਦੀ ਸ਼ਹਿ 'ਤੇ ਵਿਕ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਆਉਣ 'ਤੇ ਵਿਸ਼ੇਸ਼ ਟੀਮਾਂ ਬਣਾ ਕੇ ਨਸ਼ਾ ਸਮਗਲਰਾਂ ਨੂੰ ਕਾਬੂ ਕੀਤਾ ਜਾਵੇਗਾ ਪਰ ਨਾਲ ਹੀ ਉਨ੍ਹਾਂ ਕਿਹਾ ਕਿ ਸਾਨੂੰ ਰਲ ਕੇ ਅਜਿਹੇ ਹਾਲਾਤ ਖੜ੍ਹੇ ਕਰਨੇ ਪੈਣਗੇ ਕਿ ਨੌਜਵਾਨ ਨਸ਼ਿਆਂ ਦਾ ਤਿਆਗ ਆਪ ਕਰਨ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਨਕਲੀ ਦਵਾਈਆਂ, ਖਾਦਾਂ ਦੀ ਘਾਟ, ਜਿਣਸਾਂ ਦੇ ਵਾਜਬ ਭਾਅ ਨਾ ਮਿਲਣ ਅਤੇ ਕਰਜ਼ੇ ਦਾ ਭਾਰ ਦਿਨੋਂ ਦਿਨ ਵਧਣ ਕਾਰਨ ਹਾਲਾਤ ਇਹ ਪੈਦਾ ਹੋ ਗਏ ਹਨ ਕਿ ਕਿਸਾਨਾਂ/ਮਜ਼ਦੂਰਾਂ ਨੇ ਖੁਦਕੁਸ਼ੀਆਂ ਦਾ ਰਾਹ ਚੁਣ ਲਿਆ ਹੈ। ਕਾਂਗਰਸ ਦੀ ਸਰਕਾਰ ਆਉਣ 'ਤੇ ਕਿਸੇ ਕਰਜ਼ਈ ਕਿਸਾਨ ਦੀ ਜ਼ਮੀਨ ਕੁਰਕ ਨਹੀਂ ਹੋਣ ਦਿੱਤੀ ਜਾਵੇਗੀ।

ਪੰਜਾਬ ਦੇ ਪਿੰਡਾਂ ਵਿਚ ਸਿੱਖਿਆ ਦੇ ਮਾੜੇ ਹਾਲ ਸਬੰਧੀ ਇਕ ਸੱਜਣ ਵਲੋਂ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਅਮਰਿੰਦਰ ਸਿੰਘ ਨੇ ਕਿਹਾ ਕਿ ਸਿੱਖਿਆ ਮਹਿਕਮੇ ਵਿਚ ਕੁਰੱਪਸ਼ਨ ਵਧਣ ਕਾਰਨ ਨਿਘਾਰ ਆਇਆ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਕਾਂਗਰਸ ਸਰਕਾਰ ਬਣਨ 'ਤੇ ਸਿੱਖਿਆ ਸਿਸਟਮ ਵਿਚ ਤਬਦੀਲੀ ਲਿਆਂਦੀ ਜਾਵੇਗੀ। ਬੇਰੁਜ਼ਗਾਰੀ ਬਾਰੇ ਅਮਰਿੰਦਰ ਸਿੰਘ ਨੇ ਕਿਹਾ ਕਿ ਪੜ੍ਹੇ-ਲਿਖੇ ਨੌਜਵਾਨ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਜੂਝ ਰਹੇ ਹਨ ਜਿਸ ਕਾਰਨ ਉਹ ਮਾਨਸਿਕ ਤਣਾਓ ਦਾ ਸ਼ਿਕਾਰ ਹੋ ਰਹੇ ਹਨ।

ਬਾਦਲਾਂ ਨੂੰ ਆੜੇ ਹੱਥੀਂ ਲੈਂਦਿਆਂ ਕੈਪਟਨ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਦਾ ਫਿਕਰ ਛੱਡ ਕੇ ਬਾਦਲ ਸਿਰਫ ਹੋਟਲ ਬਣਾਉਣ, ਜ਼ਮੀਨਾਂ ਦੱਬਣ, ਕੁਰੱਪਸ਼ਨ ਕਰਨ ਅਤੇ ਨਸ਼ੇ ਵੰਡਣ 'ਤੇ ਹੀ ਲੱਗੇ ਹੋਏ ਹਨ; ਜਦਕਿ ਸਿਹਤ ਸਹੂਲਤਾਂ ਦੀ ਘਾਟ ਕਾਰਨ ਆਮ ਲੋਕ ਖੱਜਲ-ਖੁਆਰ ਹੋ ਰਹੇ ਹਨ। ਜਲਸੇ ਦੌਰਾਨ ਲੋਕਾਂ ਨੇ ਕੇਂਦਰ ਅਤੇ ਸੂਬਾ ਸਰਕਾਰ ਦੀ ਸਮੇਂ ਸਮੇਂ ਆਪਸੀ ਖਿੱਚੋਤਾਣ ਕਾਰਨ ਪੰਜਾਬ ਨੂੰ ਹੁੰਦੇ ਨੁਕਸਾਨ ਦਾ ਜ਼ਿਕਰ ਵੀ ਕੀਤਾ। ਪੰਜਾਬ ਵਿਚ ਪਰਵਾਸੀ ਪੰਜਾਬੀਆਂ ਦੀਆਂ ਜਾਇਦਾਦਾਂ ਉਤੇ ਨਾਜਾਇਜ਼ ਕਬਜ਼ਿਆਂ ਦਾ ਮੁੱਦਾ ਵੀ ਛੇੜਿਆ।

ਸਤਲੁਜ-ਯਮੁਨਾ ਲਿੰਕ ਨਹਿਰ ਮੁੱਦੇ ਬਾਰੇ ਅਮਰਿੰਦਰ ਸਿੰਘ ਨੇ ਕਿਹਾ ਕਿ ਜੇ ਕੋਰਟ ਦਾ ਫੈਸਲਾ ਪੰਜਾਬ ਦੇ ਖਿਲਾਫ ਗਿਆ ਤਾਂ ਇਸ ਨਾਲ ਪੰਜਾਬ ਦੀ ਹਜ਼ਾਰਾਂ ਏਕੜ ਜ਼ਮੀਨ ਪ੍ਰਭਾਵਿਤ ਹੋਵੇਗੀ। ਕਾਂਗਰਸ ਦੀ ਸਰਕਾਰ ਆਉਣ 'ਤੇ ਉਹ ਪਾਣੀਆਂ ਦੇ ਮੁੱਦੇ ਸਬੰਧੀ ਪਹਿਲ ਦੇ ਆਧਾਰ 'ਤੇ ਨੀਤੀ ਅਪਨਾ ਕੇ ਗੰਭੀਰਤਾ ਨਾਲ ਨਜਿੱਠਣਗੇ।


ਇਸ ਤੋਂ ਪਹਿਲਾਂ ਜਲਸੇ ਨੂੰ ਹਲਕਾ ਡੇਰਾ ਬਾਬਾ ਨਾਨਕ ਤੋਂ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਆਮ ਆਦਮੀ ਪਾਰਟੀ ਛੱਡ ਕੇ ਕਾਂਗਰਸ 'ਚ ਰਲੇ ਮਨੀਸ਼ ਕੁਮਾਰ ਰਾਏਜ਼ਾਦਾ ਨੇ ਵੀ ਸੰਬੋਧਨ ਕੀਤਾ। ਜਲਸੇ ਦੇ ਇਕ ਪ੍ਰਬੰਧਕ ਅਯੁਧਿਆ ਸਲਵਾਨ ਨੇ ਵੀ ਪੰਜਾਬ ਦੇ ਲੋਕਾਂ ਨਾਲ ਜੁੜੇ ਮੁੱਦੇ ਉਠਾਉਂਦਿਆਂ ਫਿਕਰ ਜ਼ਾਹਰ ਕੀਤਾ। ਇਸ ਮੌਕੇ ਸਾਬਕਾ ਮੰਤਰੀ ਮਲਕੀਅਤ ਸਿੰਘ ਦਾਖਾ, ਰਾਣਾ ਗੁਰਜੀਤ ਸਿੰਘ ਸੋਢੀ ਤੇ ਰਘਬੀਰ ਸਿੰਘ ਘੁੰਨ ਵੀ ਹਾਜ਼ਰ ਸਨ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਜਲਸੇ ਵਾਲੀ ਥਾਂ ਬਾਹਰ ਸੜਕ 'ਤੇ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ ਰੋਸ ਮੁਜ਼ਾਹਰਾ ਕੀਤਾ। ਉਨ੍ਹਾਂ ਨੇ ਕੁਝ ਤਖਤੀਆਂ ਅਤੇ ਕੈਪਟਨ ਵਿਰੋਧੀ ਬੈਨਰ ਫੜ੍ਹੇ ਹੋਏ ਸਨ ਅਤੇ ਜਲਸੇ ਵਿਚ ਸ਼ਾਮਲ ਹੋਣ ਵਾਲੇ ਲੋਕਾਂ ਨੂੰ ਵੇਖ ਕੇ ਉਹ 'ਕੈਪਟਨ ਗੋ ਬੈਕ' ਦੇ ਨਾਅਰੇ ਲਾ ਰਹੇ ਹਨ। ਇਸ ਮੌਕੇ ਅਕਾਲੀ ਦਲ (ਅੰਮ੍ਰਿਤਸਰ) ਦੇ ਨੁਮਾਇੰਦੇ ਬੂਟਾ ਸਿੰਘ ਖੜੌਦ, ਜੀਤ ਸਿੰਘ ਆਲੋਅਰਖ, ਜੋਗਾ ਸਿੰਘ ਆਦਿ ਨੇ ਮੁਜ਼ਾਹਰਾਕਾਰੀਆਂ ਨੂੰ ਸੰਬੋਧਨ ਕੀਤਾ।

# ਡਾ. ਅੰਬੇਦਕਰ ਨੇ ਸੰਸਾਰ ਦੀ ਵੱਖਰੇ ਦ੍ਰਿਸ਼ਟੀਕੋਣ ਤੋਂ ਕਲਪਨਾ ਕੀਤੀ: ਡਾ. ਅਟਵਾਲ

**ਸੰਯੁਕਤ ਰਾਸ਼ਟਰ:** ਸਾਬਕਾ ਡਿਪਟੀ ਸਪੀਕਰ, ਲੋਕ ਸਭਾ ਡਾ. ਚਰਨਜੀਤ ਸਿੰਘ ਅਟਵਾਲ ਨੇ ਯੂ.ਐਨ. ਹੈਡਕੁਆਰਟਰ, ਨਿਊ ਯਾਰਕ ਵਿਖੇ ਭਾਸ਼ਣ ਦਿੱਤਾ। ਡਾ. ਭੀਮ ਰਾਓ ਅੰਬੇਦਕਰ ਦੀ 125ਵੀਂ ਜਨਮ ਵਰ੍ਹੇਗੰਢ ਮੌਕੇ ਕਰਵਾਏ ਸਮਾਗਮ ਵਿਚ ਸ. ਅਟਵਾਲ ਨੇ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਬਾਬਾ ਸਾਹਿਬ ਦੇ ਜਨਮ ਦਿਹਾੜੇ ਨੂੰ ਰਾਸ਼ਟਰ ਪੱਧਰ ਉਤੇ ਮਨਾਉਣ ਦੇ ਐਲਾਨ ਨਾਲ ਉਨ੍ਹਾਂ ਨੂੰ ਬੇਹੱਦ ਖੁਸ਼ੀ ਹੋਈ ਹੈ। ਡਾ. ਅੰਬੇਦਕਰ ਨੇ ਇਸ ਸੰਸਾਰ ਦੀ ਬਿਲਕੁੱਲ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਕਲਪਨਾ ਕੀਤੀ ਸੀ। ਉਨ੍ਹਾਂ ਨੇ ਮਨੁੱਖੀ ਆਜ਼ਾਦੀ ਨਾਲੋਂ ਮਨੁੱਖੀ ਗੌਰਵ ਨੂੰ ਮਹੱਤਤਾ ਦਿੱਤੀ।

ਉਨ੍ਹਾਂ ਲਈ ਆਜ਼ਾਦੀ ਇਕ ਮਾਨਸਿਕ ਸਥਿਤੀ ਹੈ ਅਤੇ ਉਨ੍ਹਾਂ ਬੜੇ ਨਿਰਾਲੇ ਢੰਗ ਨਾਲ ਇਸ ਗੱਲ ਦਾ ਹਵਾਲਾ ਦਿੱਤਾ ਕਿ ਮਨ ਦੀ ਅਜ਼ਾਦੀ ਹੀ ਅਸਲ ਆਜ਼ਾਦੀ ਹੈ। ਉਹ ਇਕ ਮਹਾਨ ਵਿਦਵਾਨ ਅਤੇ ਸੁਧਾਰਕ ਸਨ, ਜਿਨ੍ਹਾਂ ਨੇ ਇਕ ਨਵੇਂ ਨਿਡਰ ਸਮਾਜ ਦੀ ਉਸਾਰੀ ਲਈ ਆਪਣੇ ਸੰਘਰਸ਼ ਨੂੰ ਵੱਖ-ਵੱਖ ਪੱਧਰਾਂ ਜਿਵੇਂ ਕਿ ਰਾਜਨੀਤਕ, ਸਮਾਜਿਕ, ਸੱਭਿਆਚਾਰਕ ਅਤੇ ਬੋਧਿਕ ਤੌਰ ਤੇ ਜਾਰੀ ਰੱਖਿਆ ਜਿੱਥੇ ਸਾਰੀਆਂ ਜਾਤਾਂ ਬਰਾਬਰ ਪੱਧਰ ਅਤੇ ਮਾਣ ਮਹਿਸੂਸ ਕਰ ਸਕਣ। ਡਾ. ਅੰਬੇਦਕਰ ਇਕ ਮਹਾਨ ਦੂਰ-ਅੰਦੇਸ਼ ਸਨ, ਜੋ ਆਪਣੇ ਜ਼ਮਾਨੇ ਤੋਂ ਬਹੁਤ ਅੱਗੇ ਸੋਚਦੇ ਸਨ, ਪਰ ਲੋਕਾਂ ਨੇ ਇਸ ਨੂੰ ਬਾਅਦ ਵਿਚ ਮਹਿਸੂਸ ਕੀਤਾ। ਬਾਬਾ ਸਾਹਿਬ ਦੇ ਵਿਚਾਰ ਜਿਹੜੇ ਉਸ ਸਮੇਂ ਇਨਕਲਾਬੀ ਸਮਝੇ ਜਾਂਦੇ ਸਨ, ਸਮਾਂ ਬੀਤਣ ਨਾਲ ਉਹ ਅਨੁਕੂਲ ਸਿੱਧ ਹੋਏ ਅਤੇ ਅਜੋਕੇ ਸਮੇਂ ਵੀ ਸਾਰੇ ਖੇਤਰਾਂ ਵਿਚ ਠੀਕ ਸਮਝੇ ਜਾਂਦੇ ਹਨ, ਪਰ ਉਨ੍ਹਾਂ ਨੂੰ ਸਿਰਫ ਦਲਿਤ ਉਨਤੀ ਦੇ ਨਾਲ ਜੋੜ ਕੇ ਹਮੇਸ਼ਾਂ ਉਨ੍ਹਾਂ ਦੀ ਮਹਾਨਤਾ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ।



ਉਨ੍ਹਾਂ ਕਿਹਾ ਕਿ ਇਹ ਠੀਕ ਹੈ ਕਿ ਦਲਿਤਾਂ ਪ੍ਰਤੀ ਉਹ ਬਹੁਤ ਚਿੰਤਤ ਸਨ, ਪਰ ਆਰਥਿਕ, ਰਾਜਨੀਤੀ, ਧਰਮ ਨਿਰਪੱਖਤਾ ਅਤੇ ਵਿਦੇਸ਼ੀ ਸਬੰਧਾਂ ਦੇ ਖੇਤਰ ਵਿਚ ਉਨ੍ਹਾਂ ਦਾ ਯੋਗਦਾਨ ਘੱਟ ਨਹੀਂ ਸੀ। ਇਸ ਗੱਲ ਨੂੰ ਗੈਰ ਦਲਿਤ ਸਮਾਜ ਵੱਲੋਂ ਮਹਿਸੂਸ ਕੀਤੇ ਜਾਣ ਦੀ ਲੋੜ ਹੈ। ਉਹ ਹਮੇਸ਼ਾਂ ਹੀ ਔਰਤਾਂ ਨੂੰ ਦੁਨੀਆਂ ਦੀ ਹਰ ਸੁਸਾਇਟੀ ਵਿਚ ਸਮਾਜਿਕ-ਆਰਥਿਕ ਵਿਕਾਸ ਵਿਚ ਇਕ ਅਹਿਮ ਹਿੱਸਾ ਮੰਨਦੇ ਸਨ। ਉਹ ਸਮਾਜ ਦੀ ਪ੍ਰਗਤੀ ਨੂੰ ਔਰਤਾਂ ਦੁਆਰਾ ਹਾਸਲ ਕੀਤੀ ਪ੍ਰਗਤੀ ਨਾਲ ਮਾਪਦੇ ਸਨ। ਔਰਤਾਂ ਦੇ ਅਖਤਿਆਰਾਂ ਵੱਲੋਂ ਇਹ ਉਨ੍ਹਾਂ ਦੀ ਗੰਭੀਰ ਪ੍ਰਵ੍ਰਿਤੀ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਮੈਂ ਗੰਭੀਰਤਾ ਨਾਲ ਮਹਿਸੂਸ ਕਰਦਾ ਹਾਂ ਕਿ ਮਹਾਨ ਵਿਅਕਤੀਆਂ ਅਤੇ ਸੰਤਾਂ ਦੀ ਇਹ ਉਦਾਸੀਨਤਾ ਰਹੀ ਹੈ ਕਿ ਦੁਨੀਆਂ ਤੋਂ ਚਲੇ ਜਾਣ ਮਗਰੋਂ ਹੀ ਉਨ੍ਹਾਂ ਦੀ ਕੀਮਤ ਪਾਈ ਜਾਂਦੀ ਹੈ। ਜਿਉਂਦੇ ਜੀਅ ਉਨ੍ਹਾਂ ਦੀ ਨਿੰਦਿਆ ਕੀਤੀ ਜਾਂਦੀ ਹੈ ਅਤੇ ਆਖਰ ਵਿਚ ਉਨ੍ਹਾਂ ਨੂੰ ਪੱਥਰ ਮਾਰੇ ਜਾਂਦੇ ਹਨ ਅਤੇ ਸੂਲੀ ਤੇ ਚੜ੍ਹਾ ਦਿੱਤਾ ਜਾਂਦਾ ਹੈ।


ਭਾਰਤੀ ਰੈਸਟੋਰੈਂਟ ਵਿਕਾਊ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ
ਵਧੀਆ ਲੋਕੇਸ਼ਨ 'ਤੇ ਸਥਿਤ 80 ਸੀਟਾਂ ਵਾਲਾ
ਭਾਰਤੀ ਰੈਸਟੋਰੈਂਟ ਵਿਕਾਊ ਹੈ

New India Restaurant For Sale
■80 Seats ■Cater Large/Small Parties
■Liquor Licenses ■Free Parking For Customers

ਸੰਪਰਕ ਕਰੋ: 317-313-9651



Golden State Realty

9912 Kapalua Ln., Elk Grove, CA 95624

Please Contact For
Commercial
or
Residential
Needs



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ
ਤੁਹਾਡੀ ਮਦਦ ਕਰਦੇ ਹਾਂ

Call: Sohanpreet 'Sam' Chahal
Ph: 916-612-5773
email: samchahal@hotmail.com
Serving all over California



ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)

ਪੰਜਾਬ ਟਾਈਮਜ਼

ਸਨਿਚਰਵਾਰ, 30 ਅਪਰੈਲ 2016

## ਚੋਣਾਂ ਦਾ ਮੌਸਮ ਅਤੇ ਸਿਆਸਤ

ਪੰਜਾਬ ਸਰਕਾਰ ਨੇ ਸੱਤ ਹੋਰ ਵਿਧਾਇਕਾਂ ਨੂੰ ਸੰਸਦੀ ਸਕੱਤਰ ਥਾਪ ਦਿੱਤਾ ਹੈ। ਇਸ ਨਾਲ ਪੰਜਾਬ ਵਿਚ ਸੰਸਦੀ ਸਕੱਤਰਾਂ ਦੀ ਫੌਜ ਦੀ ਗਿਣਤੀ 25 ਹੋ ਗਈ ਹੈ। ਨੇਮ ਮੁਤਾਬਕ ਕੁੱਲ ਵਿਧਾਇਕਾਂ ਦੀ ਗਿਣਤੀ ਦੇ 10 ਫੀਸਦੀ ਹਿੱਸੇ ਨੂੰ ਹੀ ਮੰਤਰੀ ਬਣਾਇਆ ਜਾ ਸਕਦਾ ਹੈ। ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਦੀ ਗਿਣਤੀ 117 ਹੈ, ਇਸ ਹਿਸਾਬ ਨਾਲ ਪੰਜਾਬ ਵਿਚ 11-12 ਆਗੂਆਂ ਨੂੰ ਹੀ ਮੰਤਰੀ ਬਣਾਇਆ ਜਾ ਸਕਦਾ ਹੈ, ਪਰ ਮੁਲਕ ਵਿਚ ਹੋਰ ਸੂਬਾਈ ਸਰਕਾਰਾਂ ਵਾਂਗ ਬਾਦਲ ਸਰਕਾਰ ਨੇ ਚੋਰ ਮੋਰੀ ਰਾਹੀਂ ਸੰਸਦੀ ਸਕੱਤਰ ਬਣਾਉਣ ਦਾ ਰਾਹ ਲੱਭਿਆ ਹੋਇਆ ਹੈ। ਸੰਸਦੀ ਸਕੱਤਰਾਂ ਦੀਆਂ ਸਹੂਲਤਾਂ ਅਤੇ ਕੰਮ ਤਾਂ ਮੰਤਰੀਆਂ ਵਾਲੇ ਹੀ ਹੁੰਦੇ ਹਨ, ਪਰ ਨੇਮਾਂ ਮੁਤਾਬਕ ਇਨ੍ਹਾਂ ਦੀ ਗਿਣਤੀ ਮੰਤਰੀਆਂ ਵਿਚ ਨਹੀਂ ਹੁੰਦੀ। ਇਹ ਸਿਰਫ ਇਕ ਤਾਜ਼ਾ ਮਿਸਾਲ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਸੱਤਾਧਾਰੀ ਲੋਕ ਆਪਣੇ ਸਿਆਸੀ ਲਾਹੇ ਲਈ ਕਿਸ ਤਰ੍ਹਾਂ ਆਮ ਲੋਕਾਂ ਦਾ ਪੈਸਾ ਉਜਾੜਦੇ ਹਨ। ਇਥੋਂ ਹੀ ਸਰਕਾਰੀ ਪੱਧਰ 'ਤੇ ਭ੍ਰਿਸ਼ਟਾਚਾਰ ਦੀ ਸੂਹ ਵੀ ਲੱਗ ਜਾਂਦੀ ਹੈ। ਇਹ ਇਕੱਲੀ ਬਾਦਲ ਸਰਕਾਰ ਦਾ ਮਸਲਾ ਨਹੀਂ, ਹਰ ਸੂਬੇ ਵਿਚ ਸੱਤਾਧਾਰੀ ਸਿਆਸੀ ਦਲ ਇਸੇ ਰਾਹ ਉਤੇ ਚੱਲ ਰਹੇ ਹਨ। ਆਪਣਿਆਂ ਨੂੰ ਪਤਿਆਉਣ ਲਈ ਅਜਿਹੇ ਫੈਸਲੇ ਅਕਸਰ ਕੀਤੇ ਜਾਂਦੇ ਹਨ ਅਤੇ ਹੁਣ ਇਹ ਆਮ ਜਿਹਾ ਵਰਤਾਰਾ ਬਣਨ ਕਰ ਕੇ ਲੋਕਾਂ ਦਾ ਖਾਸ ਧਿਆਨ ਵੀ ਅਜਿਹੇ ਮਸਲਿਆਂ ਵੱਲ ਨਹੀਂ ਜਾਂਦਾ। ਅਸਲ ਵਿਚ ਅਗਲੇ ਸਾਲ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਐਤਕੀਂ ਰਵਾਇਤੀ ਧਿਰਾਂ-ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਤੋਂ ਇਲਾਵਾ ਆਮ ਆਦਮੀ ਪਾਰਟੀ (ਆਪ) ਦੇ ਰੂਪ ਵਿਚ ਤੀਜੀ ਧਿਰ ਨੇ ਚੋਣ ਮੈਦਾਨ ਵਿਚ ਝੰਡਾ ਗੱਡ ਦਿੱਤਾ ਹੈ। ਸੰਨ 2014 ਵਿਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਨਵੀਂ-ਨਵੀਂ ਬਣੀ 'ਆਪ' ਨੇ ਪੰਜਾਬ ਦੀ ਸਿਆਸਤ ਵਿਚ ਇਉਂ ਤਰਥੱਲੀ ਮਚਾ ਦੇਣੀ ਹੈ। ਹਾਲ ਹੁਣ ਇਹ ਹੈ ਕਿ ਤਕਰੀਬਨ ਸਾਲ ਪਹਿਲਾਂ ਹੀ ਚੋਣ ਸਰਗਰਮੀਆਂ ਸਿਖਰਾਂ ਵੱਲ ਵਧ ਰਹੀਆਂ ਹਨ। ਇਸ ਮਾਮਲੇ ਵਿਚ ਸਰਕਾਰ 'ਚ ਹੋਣ ਕਾਰਨ ਸੱਤਾਧਾਰੀ ਦਲਾਂ ਦਾ ਹੱਥ ਉਪਰ ਹੁੰਦਾ ਹੈ। ਅੱਜ ਹਰ ਜ਼ਿਲ੍ਹੇ ਦਾ ਪੁਲਿਸ ਮੁਖੀ ਅਤੇ ਡਿਪਟੀ ਕਮਿਸ਼ਨਰ ਸੱਤਾਧਾਰੀਆਂ ਦੀ ਪਸੰਦ ਦਾ ਹੈ। ਜ਼ਾਹਿਰ ਹੈ ਕਿ ਇਨ੍ਹਾਂ ਅਫਸਰਾਂ ਦੀ ਪਹਿਲ ਸੱਤਾਧਾਰੀਆਂ ਦੀਆਂ ਕਥਿਤ ਸਿਆਸੀ ਲੋੜਾਂ ਦਾ ਬਾਕਾਇਦਾ ਖਿਆਲ ਰੱਖਣਾ ਹੁੰਦਾ ਹੈ। ਇਸੇ ਕਰ ਕੇ ਅਕਸਰ ਇਨ੍ਹਾਂ ਭੂਲ-ਭੁਲੱਈਆਂ ਵਿਚ ਭਟਕਦਾ ਰਹਿ ਜਾਂਦਾ ਹੈ। ਇਹ ਸਿਲਸਿਲਾ ਚਿਰਾਂ ਦਾ ਚੱਲ ਰਿਹਾ ਹੈ ਅਤੇ ਜਿਸ ਤਰ੍ਹਾਂ ਦੀ ਸਿਆਸਤ ਹੁਣ ਪੱਕੇ ਪੈਰੀਂ ਹੋ ਗਈ ਹੈ, ਉਸ ਨੇ ਇਸ ਸਬੰਧੀ ਰਹਿੰਦੀ ਕਸਰ ਵੀ ਪੂਰੀ ਕਰ ਦਿੱਤੀ ਹੋਈ ਹੈ। ਇਹ ਸਾਰੇ ਲੱਛਣ ਨਿਘਾਰ ਵੱਲ ਜਾਂਦੇ ਰਾਹ ਦੇ ਹੁੰਦੇ ਹਨ। ਸਿਆਸਤ ਦਾ ਖੇਤਰ ਇਸੇ ਦਾ ਹੀ ਅਹਿਮ ਹਿੱਸਾ ਹੈ।

ਇਸ ਵੇਲੇ ਪੰਜਾਬ ਵਿਚ ਸੱਤਾ ਧਿਰ ਦਾ ਪੂਰਾ ਜ਼ੋਰ ਲੱਗਾ ਹੋਇਆ ਹੈ ਕਿ ਵਿਧਾਨ ਸਭਾ ਚੋਣਾਂ ਦੇ ਐਲਾਨ ਤੋਂ ਪਹਿਲਾਂ-ਪਹਿਲਾਂ ਉਹ ਕੰਮ ਨਿਬੇੜ ਲਏ ਜਾਣ ਜਿਨ੍ਹਾਂ ਦੇ ਸਿਰ ਉਤੇ ਵੋਟਾਂ ਬਟੋਰੀਆਂ ਜਾ ਸਕਦੀਆਂ ਹਨ। ਸੂਬੇ ਵਿਚ ਨਸ਼ਿਆਂ, ਬੇਰੁਜ਼ਗਾਰੀ ਅਤੇ ਕਾਨੂੰਨ ਵਿਵਸਥਾ ਦੀ ਮਾੜੀ ਹਾਲਤ ਹੋਣ ਕਾਰਨ ਪਾਣੀ ਸਿਰਾਂ ਦੇ ਉਪਰੋਂ ਲੰਘ ਰਿਹਾ ਹੈ, ਪਰ ਕਿਸੇ ਮੰਤਰੀ-ਸੰਤਰੀ ਦੇ ਕੰਨ 'ਤੇ ਜੂੰ ਨਹੀਂ ਸਰਕ ਰਹੀ। ਕਤਲਾਂ ਦਾ ਸਿਲਸਿਲਾ ਲਗਾਤਾਰ ਚੱਲ ਰਿਹਾ ਹੈ ਅਤੇ ਇਹ ਕਤਲ ਪੇਸ਼ੇਵਰ ਕਾਤਲਾਂ ਵੱਲੋਂ ਕੀਤੇ ਜਾਣ ਕਾਰਨ ਕਈ ਕੇਸਾਂ ਬਾਰੇ ਕੋਈ ਸੁਰਾਗ ਨਹੀਂ ਮਿਲ ਰਿਹਾ। ਵੱਖ-ਵੱਖ ਸਹੂਲਤਾਂ ਆਮ ਆਦਮੀ ਦੀ ਪਹੁੰਚ ਤੋਂ ਦੂਰ ਹੋ ਗਈਆਂ ਹਨ। ਇਨ੍ਹਾਂ ਵਿਚੋਂ ਦੋ ਸਹੂਲਤਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਇਹ ਹਨ- ਸਿਹਤ ਅਤੇ ਸਿਖਿਆ ਸਬੰਧੀ ਸਹੂਲਤਾਂ। ਇਨ੍ਹਾਂ ਦੋਹਾਂ ਖੇਤਰਾਂ ਵਿਚੋਂ ਪਿਛਲੇ ਕੁਝ ਸਾਲਾਂ ਦੌਰਾਨ ਸਰਕਾਰਾਂ ਪੈਰ ਪਿਛਾਂਹ ਖਿੱਚ ਰਹੀਆਂ ਹਨ। ਦੋਹਾਂ ਹੀ ਖੇਤਰਾਂ ਵਿਚ ਪ੍ਰਾਈਵੇਟ ਕਾਰੋਬਾਰੀਆਂ ਦੀ ਸਰਦਾਰੀ ਬਣ ਗਈ ਹੈ। ਮਾੜੀ ਗੱਲ ਇਹ ਹੋਈ ਹੈ ਕਿ ਇਨ੍ਹਾਂ ਖੇਤਰਾਂ ਦੇ ਕਾਰੋਬਾਰੀ ਮਨ-ਮਰਜ਼ੀ ਨਾਲ ਫੀਸਾਂ ਵਸੂਲ ਰਹੇ ਹਨ। ਸਰਕਾਰ ਨੇ ਇਸ ਸਬੰਧੀ ਕਿਤੇ ਕੋਈ ਕੁੰਡਾ ਲਾਉਣ ਬਾਰੇ ਸੋਚਿਆ ਤਕ ਨਹੀਂ। ਬਾਕੀ ਜਿਹੜੇ ਹੋਰ ਕਾਰੋਬਾਰ ਹਨ, ਉਨ੍ਹਾਂ ਵਿਚ ਤਾਂ ਖੁਦ ਸਿਆਸੀ ਆਗੂਆਂ ਦੀ ਸਾਂਝ-ਭਿਆਲੀ ਹੈ, ਇਸ ਲਈ ਇਨ੍ਹਾਂ ਉਤੇ ਕਿਸੇ ਕਿਸਮ ਦੀ ਬੰਦਿਸ਼ ਦੀ ਫਿਲਹਾਲ ਗੁੰਜਾਇਸ਼ ਨਹੀਂ ਲਗਦੀ।

ਇਹ ਹਨ ਉਹ ਹਾਲਾਤ ਜਿਸ ਦੌਰਾਨ ਸਿਆਸੀ ਪਾਰਟੀਆਂ ਵਿਚਕਾਰ ਸੱਤਾ ਹਾਸਲ ਕਰਨ ਦੀ ਦੌੜ ਲੱਗੀ ਹੋਈ ਹੈ। ਬਹੁਤੇ ਖੇਤਰਾਂ ਵਿਚ ਬੁਰੀ ਤਰ੍ਹਾਂ ਪਿਛੜ ਚੁੱਕੇ ਪੰਜਾਬ ਬਾਰੇ ਕੀ ਨੀਤੀ ਅਤੇ ਰਣਨੀਤੀ ਹੋਵੇ, ਇਹ ਕਿਸੇ ਪਾਰਟੀ ਦੇ ਏਜੰਡੇ ਉਤੇ ਨਹੀਂ ਹੈ। ਹਰ ਪਾਸੇ ਸਿਆਸਤ ਦਾ ਬੋਲਬਾਲਾ ਹੈ। ਸਤਲੁਜ ਜਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ ਜਿਸ ਤਰ੍ਹਾਂ ਵੱਖ-ਵੱਖ ਸਿਆਸੀ ਧਿਰਾਂ ਨੇ ਆਪੋ-ਆਪਣੇ ਪੱਧਰ 'ਤੇ ਸਰਗਰਮੀ ਵਿੱਢੀ, ਉਸ ਤੋਂ ਸਾਫ ਜ਼ਾਹਿਰ ਹੋ ਗਿਆ ਕਿ ਇਹ ਸਿਆਸੀ ਸਰਗਰਮੀ ਮਹਿਜ਼ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਕੀਤੀ ਗਈ ਹੈ। ਇਸ ਦਾ ਇਕ ਵੱਡਾ ਕਾਰਨ ਇਹ ਹੈ ਕਿ ਪੰਜਾਬ ਫਿਲਹਾਲ ਬੌਧਿਕ ਕੰਗਾਲੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਸਾਰੀਆਂ ਸਿਆਸੀ ਪਾਰਟੀਆਂ ਦੀ ਆਪਣੀ ਸਿਆਸਤ ਹੈ। ਇਨ੍ਹਾਂ ਨੂੰ ਘੇਰ-ਘੇਰ ਕੇ ਸਵਾਲ ਪੁੱਛਣ ਵਾਲਾ ਕਿਤੇ ਕੋਈ ਦਿਸਦਾ ਨਹੀਂ। ਮੀਡੀਆ ਨੇ ਇਸ ਪਾਸੇ ਅਹਿਮ ਭੂਮਿਕਾ ਨਿਭਾਉਣੀ ਹੁੰਦੀ ਹੈ ਅਤੇ ਕਈ ਮੌਕਿਆਂ 'ਤੇ ਇਸ ਨੇ ਕਾਰਗਰ ਭੂਮਿਕਾ ਨਿਭਾਈ ਵੀ ਹੈ, ਪਰ ਮੀਡੀਆ ਦੇ ਵੱਡੇ ਹਿੱਸੇ ਉਸੇ ਸਿਆਸੀ ਪਾਰਟੀਆਂ ਜਾਂ ਕਾਰਪੋਰੇਟਾਂ ਦੇ ਸਿੱਧੇ-ਅਸਿੱਧੇ ਗਲਬੇ ਕਾਰਨ ਇਹ ਵੀ ਕਈ ਮਾਮਲਿਆਂ ਵਿਚ ਖਾਨਾਪੂਰਤੀ ਹੀ ਕਰਦਾ ਨਜ਼ਰੀਂ ਪੈ ਰਿਹਾ ਹੈ। ਇਸ ਸੂਰਤ ਵਿਚ ਬੁੱਧੀਜੀਵੀ ਤਬਕੇ ਦੀ ਅਹਿਮੀਅਤ ਵਧ ਜਾਂਦੀ ਹੈ। ਆ ਰਹੇ ਚੋਣ ਮੇਲੇ ਮੌਕੇ ਜੇ ਇਹ ਤਬਕਾ ਕਿਸੇ ਢੰਗ ਸਿਰ, ਵੱਡਾ ਦਖਲ ਦੇ ਸਕਿਆ ਤਾਂ ਸਿਆਸਤ ਵਿਚ ਨਵੀਆਂ ਪੈੜਾਂ ਲਈ ਰਾਹ ਖੁੱਲ੍ਹ ਸਕਦਾ ਹੈ; ਨਹੀਂ ਤਾਂ ਖਦਸ਼ਾ ਇਹੀ ਹੈ ਕਿ ਪਹਿਲੇ ਸਮਿਆਂ ਵਾਂਗ ਸਰਕਾਰ ਭਾਵੇਂ ਬਦਲ ਜਾਵੇਗੀ, ਪਰ ਪਰਨਾਲਾ ਉਥੇ ਦਾ ਉਥੇ ਹੀ ਰਹੇਗਾ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਟਿੰਡ 'ਚ ਕਾਨਾ ਪਾਉਣ ਵਾਲਿਓ!

ਅੱਗੇ ਕਿਸੇ ਨੂੰ ਵਧਦਿਆਂ ਦੇਖ ਕੇ, ਲੋਕ ਲਹਿਰ ਤੋਂ ਹੋਏ ਲਾਚਾਰ ਕਾਹਨੂੰ?
ਨਾਦ ਵੱਜਦਾ ਸੁਣ ਕੇ ਤਬਦੀਲੀਆਂ ਦਾ, ਐਵੇਂ ਸੜਦਿਆਂ ਕਰੀਏ ਤਕਰਾਰ ਕਾਹਨੂੰ?
ਪਿੱਠ ਵੈਰੀ ਦੀ ਲਾਉਣ ਦੇ ਕਰੋ ਹੀਲੇ, ਐਸੇ 'ਮਿੱਤਰ' ਦਾ ਕਰੀਏ ਤ੍ਰਿਸਕਾਰ ਕਾਹਨੂੰ?
ਇੱਕੋ ਸੱਟ ਲੋਹਾਰ ਜਦ ਮਾਰਦਾ ਏ, ਠਕ ਠਕ ਕਰੇ ਫਿਰ ਭਲਾ ਸੁਨਿਆਰ ਕਾਹਨੂੰ?
ਜਿਹੜੇ ਖੁਦ ਭਲਿਆਈ ਨਾ ਕਰਨ ਜੋਗੇ, ਕਰਦੇ ਭਲਿਆਂ ਦਾ ਭੰਡੀ-ਪ੍ਰਚਾਰ ਕਾਹਨੂੰ?
ਪਾਈ ਜਾਣ ਜੋ ਟਿੰਡ ਦੇ ਵਿਚ ਕਾਨਾ, ਆਮ ਲੋਕਾਂ ਦੀ ਲੈਂਦੇ ਫਿਟਕਾਰ ਕਾਹਨੂੰ?

# ਹਿਰਸ, ਹਵਸ ਤੇ ਬਦਲਾਖੋਰੀ ਦਾ ਬੋਲਬਾਲਾ

***ਪੰਜਾਬ ਵਿਚ ਆਏ ਦਿਨ ਹੋ ਰਹੇ ਕਤਲਾਂ ਦਾ ਸਿਲਸਿਲਾ ਲੰਮਾ ਹੁੰਦਾ ਜਾ ਰਿਹਾ ਹੈ। ਮੁੰਡੇ-ਕੁੜੀਆਂ ਪਸ਼ੂ ਬਿਰਤੀ ਵਿਚੋਂ ਆਪਣੀ ਬੇਚੈਨੀ ਦਾ ਹੱਲ ਲੱਭ ਰਹੇ ਹਨ। ਅੱਜ ਕੋਈ ਬਜ਼ੁਰਗ, ਅਪਾਹਜ, ਜਾਇਦਾਦ ਅਤੇ ਬੱਚਾ ਮਹਿਫੂਜ਼ ਨਹੀਂ। ਇਸ ਸਮੁੱਚੇ ਹਾਲਾਤ ਬਾਰੇ ਸਾਡੇ ਕਾਲਮਨਵੀਸ ਦਲਜੀਤ ਅਮੀ ਨੇ ਇਸ ਲੇਖ ਵਿਚ ਕੁਝ ਸਵਾਲ ਉਠਾਏ ਹਨ। ਸਭ ਤੋਂ ਵੱਡਾ ਸਵਾਲ ਹੈ ਕਿ ਹੁਣ ਜਦੋਂ ਕੁਝ ਵੀ ਅਤੇ ਕੋਈ ਵੀ ਮਹਿਫੂਜ਼ ਨਹੀਂ; ਹਿਰਸ, ਹਵਸ ਅਤੇ ਬਦਲਾਖ਼ੋਰੀ ਦਾ ਇਹ ਬੋਲਬਾਲਾ, ਮੌਜੂਦਾ ਨਿਜ਼ਾਮ ਅਤੇ ਸਰਕਾਰ ਦੇ ਖ਼ਾਸੇ ਨਾਲ ਕਿਤੇ ਮੇਲ ਤਾਂ ਨਹੀਂ ਖਾਂਦਾ ਜਾਪਦਾ?***

ਸਿੱਪੀ ਸਿੱਧੂ ਚੰਡੀਗੜ੍ਹ ਵਿਚ ਵਕਾਲਤ ਕਰਦਾ ਸੀ ਅਤੇ ਕੌਮੀ ਪੱਧਰੀ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲਾ ਨਿਸ਼ਾਨੇਬਾਜ਼ ਸੀ। ਦੁਰਗਾ ਪ੍ਰਸਾਦ ਗੁਪਤਾ ਸ਼ਿਵ ਸੈਨਾ ਦਾ ਆਗੂ ਸੀ। ਚੰਦ ਕੌਰ ਨਾਮਧਾਰੀ ਫਿਰਕੇ ਦੇ ਸਾਬਕਾ ਮੁਖੀ ਦੀ ਜੀਵਨ ਸਾਥੀ ਅਤੇ ਮੌਜੂਦਾ ਮੁਖੀ ਦੀ ਤਾਈ ਸੀ। ਰਵੀ ਖ਼ਵਾਜ਼ਕੇ ਆਪਣੇ ਪਿੰਡ ਦਾ ਸਰਪੰਚ ਸੀ। ਜਸਵੀਰ ਸਿੰਘ ਪੰਜਾਬ ਪੁਲਿਸ ਵਿਚ ਮੁਲਾਜ਼ਮ ਸੀ। ਅੰਮ੍ਰਿਤਪਾਲ ਕੌਰ ਬੈਲਜੀਅਮ ਤੋਂ ਪੰਜਾਬ ਆਈ ਪਰਵਾਸੀ ਪੰਜਾਬਣ ਸੀ। ਮਹਿੰਦਰਜੀਤ ਸਿੰਘ ਤਕਰੀਬਨ ਪੰਦਰਾਂ ਸਾਲਾਂ ਤੋਂ ਅਮਰੀਕਾ ਵਿਚ ਰਹਿੰਦਾ ਸੀ ਅਤੇ ਹੁਣ ਪਹਿਲੀ ਵਾਰ ਪੰਜਾਬ ਆਇਆ ਸੀ। ਇਨ੍ਹਾਂ ਸਾਰਿਆਂ ਦਾ ਆਪਸ ਵਿਚ ਕੋਈ ਰਾਬਤਾ ਨਹੀਂ ਸੀ। ਇਹ ਫਹਿਰਿਸਤ ਹੋਰ ਲੰਮੀ ਹੋ ਸਕਦੀ ਹੈ। ਇਨ੍ਹਾਂ ਵਿਚ ਤਕਰੀਬਨ ਹਰ ਉਮਰ ਅਤੇ ਤਬਕੇ ਦੇ ਲੋਕਾਂ ਦੇ ਨਾਮ ਸ਼ਾਮਿਲ ਹਨ। ਇਨ੍ਹਾਂ ਦੇ ਕਤਲਾਂ ਦਾ ਸਮਾਂ



**ਦਲਜੀਤ ਅਮੀ**
ਫੋਨ: +91-97811-21873

ਤਕਰੀਬਨ ਚਾਰ ਸਾਲ ਦਰਮਿਆਨ ਅਤੇ ਸਥਾਨ ਪੰਜਾਬ ਹੈ। ਹਰ ਕਤਲ ਦੀ ਆਪਣੀ ਕਹਾਣੀ ਹੈ। ਪੁਲਿਸ ਦੀ ਮਿਸਲਾਂ ਵਿਚ ਇਨ੍ਹਾਂ ਕਤਲਾਂ ਨਾਲ ਜੁੜੀ ਪੇਚੀਦਗੀ ਦਰਜ ਹੈ। ਇਨ੍ਹਾਂ ਕਤਲਾਂ ਪਿੱਛੇ ਨਾਕਾਮਯਾਬ ਇਸ਼ਕ ਦੀਆਂ ਕਹਾਣੀਆਂ ਹਨ; ਜਾਇਦਾਦ, ਕਾਰੋਬਾਰ ਤੇ ਅਹੁਦਿਆਂ ਦੇ ਝਗੜੇ ਹਨ, ਸਿਆਸੀ ਸ਼ਰੀਕਾ ਹੈ, ਪਿਤਾਪੁਰਖੀ ਨਾਫਰਮਾਨੀ ਹੈ। ਸਮਾਜ ਸ਼ਾਸਤਰੀ ਜ਼ਿਆਦਾ ਮੁਸ਼ੱਕਤ ਕੀਤੇ ਵਗ਼ੈਰ ਇਨ੍ਹਾਂ ਕਤਲਾਂ ਦੀ ਜਾਤੀ ਅਤੇ ਜਮਾਤੀ ਪੜਚੋਲ ਕਰ ਸਕਦੇ ਹਨ।

ਇਨ੍ਹਾਂ ਸਾਰੇ ਕਤਲਾਂ ਦੇ ਮਾਮਲੇ ਹਮੇਸ਼ਾ ਇਕੱਲੇ-ਇਕੱਲੇ ਚਰਚਾ ਵਿਚ ਆਉਂਦੇ ਹਨ। ਜ਼ਿਆਦਾਤਰ ਚਰਚਾ ਕਤਲ ਦੇ ਕਾਰਨਾਂ ਅਤੇ ਕਰਵਾਉਣ ਵਾਲਿਆਂ/ਵਾਲੀਆਂ ਜਾਂ ਪੁਲਿਸ ਕਾਰਵਾਈ ਤੱਕ ਮਹਿਦੂਦ ਰਹਿੰਦੀ ਹੈ। ਇਸ ਚਰਚਾ ਦੀ ਆਪਣੀ ਅਹਿਮੀਅਤ ਹੈ। ਇਸ ਤੋਂ ਬਿਨਾਂ ਇਨਸਾਫ਼ ਦਾ ਤਕਾਜ਼ਾ ਪੂਰਾ ਨਹੀਂ ਹੁੰਦੀ ਹੈ ਅਤੇ ਕਾਨੂੰਨੀ ਕਾਰਵਾਈ ਅੱਗੇ ਨਹੀਂ ਤੁਰਦੀ। ਜ਼ਿਆਦਾਤਰ ਮਾਮਲਿਆਂ ਵਿਚ ਕਾਤਲ ਅਣਪਛਾਤੇ ਨੌਜਵਾਨ ਮੁੰਡੇ ਹਨ। ਕਤਲ ਦੀ ਸਾਜ਼ਿਸ਼ ਕਰਨ ਦੇ ਨਾਲ-ਨਾਲ ਅੰਜਾਮ ਦੇਣ ਵਿਚ ਕੁੜੀਆਂ ਗ਼ੈਰ-ਹਾਜ਼ਰ ਨਹੀਂ ਹਨ। ਤਕਰੀਬਨ ਸਾਰੇ ਮਾਮਲਿਆਂ ਵਿਚ ਮਕਤੂਲ ਜਾਂ ਮਕਤੂਲਾ ਨੂੰ ਨੇੜਿਓਂ ਗੋਲੀ ਮਾਰੀ ਗਈ ਹੈ ਅਤੇ ਕਾਤਲ ਫਰਾਰ ਹੋਣ ਵਿਚ ਕਾਮਯਾਬ ਹੋਏ ਹਨ। ਜ਼ਿਆਦਾਤਰ ਕਤਲਾਂ ਵਿਚ ਕਾਤਲਾਂ ਨੇ ਸਾਹਮਣੇ ਜਾਂ ਵੱਖੀ ਤੋਂ ਸਿਰ ਅਤੇ ਛਾਤੀ ਵਿਚ ਗੋਲੀਆਂ ਮਾਰੀਆਂ। ਕੁਝ ਮਾਮਲਿਆਂ ਵਿਚ ਕਾਤਲਾਂ ਦੀ ਕਾਰਵਾਈ ਜਾਂ ਸ਼ਨਾਖ਼ਤ ਕੈਮਰਿਆਂ ਵਿਚ ਦਰਜ ਹੋਈ ਹੈ। ਇਨ੍ਹਾਂ ਦੀ ਘਾਤਕ ਮਾਰ ਦਾ ਅੰਦਾਜ਼ਾ ਪੋਸਟਮਾਰਟਮ ਰਪਟਾਂ ਤੋਂ ਹੁੰਦਾ ਹੈ। ਜਿੱਥੇ ਸਿਰ ਜਾਂ ਹਿੱਕ ਵਿਚ ਇੱਕ ਜਾਂ ਦੋ ਗੋਲੀਆਂ ਮਾਰੀਆਂ ਗਈਆਂ ਹਨ, ਉਥੇ ਕਈ ਲਾਸ਼ਾਂ ਵਿਚ ਅੱਧੀ ਦਰਜਨ ਤੋਂ ਵੱਧ ਗੋਲੀਆਂ ਲੱਕ ਤੋਂ ਉਪਰਲੇ ਹਿੱਸੇ ਵਿਚੋਂ ਕੱਢੀਆਂ ਗਈਆਂ। ਪੁਲਿਸ ਨੇ ਕਈ ਕਾਤਲਾਂ ਦੇ ਹੁਲੀਏ ਨਸ਼ਰ ਕੀਤੇ ਹਨ। ਜ਼ਿਆਦਾਤਰ ਕਾਤਲ ਵੀਹ ਤੋਂ ਤੀਹ ਸਾਲ ਦੇ ਸਿਹਤਮੰਦ ਮੁੰਡੇ ਹਨ ਜਿਨ੍ਹਾਂ ਦੀ ਫੁਰਤੀ ਅਤੇ ਬੇਫ਼ਿਕਰੀ ਕੈਮਰਿਆਂ ਤੋਂ ਲੈ ਕੇ ਪੁਲਿਸ ਦੀ ਮਿਸਲਾਂ ਵਿਚ ਦਰਜ ਹੈ। ਪੁਲਿਸ ਦੀਆਂ ਮਿਸਲਾਂ ਵਿਚ ਇਨ੍ਹਾਂ ਦੇ ਮਾਰੂ ਹਥਿਆਰਾਂ ਦੀਆਂ ਤਫ਼ਸੀਲਾਂ ਦਰਜ ਹਨ।

ਇਨ੍ਹਾਂ ਕਤਲਾਂ ਦੀਆਂ ਕਹਾਣੀਆਂ ਵਿਚ ਭਾਵੇਂ ਜਿੰਨੀ ਵੰਨ-ਸਵੰਨਤਾ ਹੋਵੇ, ਪਰ ਕਾਤਲਾਂ ਅਤੇ ਕਤਲ ਦੇ ਤਰੀਕਿਆਂ ਵਿਚ ਕਈ ਤੰਦਾਂ ਸਾਂਝੀਆਂ ਹਨ। ਇਨ੍ਹਾਂ ਕਤਲਾਂ ਦੀ ਗੁੱਥੀ ਸੁਲਝਾਉਣ ਲਈ ਹਰ ਕਹਾਣੀ ਦੀ ਅਹਿਮੀਅਤ ਹੈ। ਇਹ ਸਾਰੇ ਕਤਲ ਪੰਜਾਬ ਦੀ ਧਰਤੀ ਉਤੇ ਹੋਏ ਹਨ ਅਤੇ ਪੰਜਾਬੀਆਂ ਦੇ ਹੋਏ ਹਨ। ਇਸ ਲਈ ਪੰਜਾਬ ਵਿਚ ਇਨ੍ਹਾਂ ਕਤਲਾਂ ਨੂੰ ਇੱਕ ਰੁਝਾਨ ਦੀ ਕੜੀ ਵਜੋਂ ਵੀ ਵੇਖਿਆ ਜਾਣਾ ਬਣਦਾ ਹੈ। ਉਂਝ ਇਹ ਰੁਝਾਨ ਸਿਰਫ਼ ਪੰਜਾਬ ਦੀ ਧਰਤੀ ਜਾਂ ਪੰਜਾਬੀਆਂ ਤੱਕ ਮਹਿਦੂਦ ਨਹੀਂ ਹੈ। ਇਸ ਲੇਖ ਦਾ ਬੁਨਿਆਦੀ ਸੁਆਲ ਪੂਰਬੀ ਪੰਜਾਬ ਦੀ ਧਰਤੀ ਤੱਕ ਮਹਿਦੂਦ ਹੈ। ਇਸ ਰੁਝਾਨ ਦੀ ਪੜਚੋਲ ਵਿਚ ਦੋ ਸੁਆਲ ਅਹਿਮ ਹਨ। ਇਹ ਮੁੰਡੇ ਕੌਣ ਹਨ ਜੋ ਬੇਫ਼ਿਕਰੀ ਨਾਲ ਕਤਲ ਕਰਦੇ ਹਨ? ਇਨ੍ਹਾਂ ਦੇ ਹੱਥਾਂ ਵਿਚ ਅਸਲਾ ਕਿੱਥੋਂ ਆਇਆ ਹੈ?

ਪਿਛਲੇ ਦਿਨਾਂ ਦੌਰਾਨ ਅਖ਼ਬਾਰਾਂ ਵਿਚ ਪੰਜਾਬ ਦੇ ਲਾਈਸੰਸੀ ਹਥਿਆਰਾਂ ਦੀਆਂ ਤਫ਼ਸੀਲਾਂ ਛਪੀਆਂ ਸਨ। ਪੰਜਾਬ ਵਿਚ ਹਥਿਆਰਾਂ ਦੀ ਵਧ ਰਹੀ ਗਿਣਤੀ ਉਤੇ ਚਿੰਤਾ ਜ਼ਾਹਿਰ ਕੀਤੀ ਗਈ ਸੀ। ਕਤਲਾਂ ਦਾ ਚਰਚਾ ਵਿਚ ਆਇਆ ਰੁਝਾਨ ਲਾਈਸੰਸੀ ਹਥਿਆਰਾਂ ਉਤੇ ਟੇਕ ਨਹੀਂ ਰੱਖਦਾ। ਇਹ ਕਤਲ ਅਚਾਨਕ ਹੋਈ ਲੜਾਈ ਵਿਚ ਤੱਤੇਘਾਹ ਨਹੀਂ ਹੋਏ। ਇਹ ਮਿੱਥ ਕੇ ਘਾਤ ਲਗਾ ਕੇ ਕੀਤੇ ਗਏ ਹਨ। ਇਨ੍ਹਾਂ ਵਿਚ ਵਰਤਿਆ ਗਿਆ ਅਸਲਾ ਲਾਈਸੰਸੀ ਨਹੀਂ ਹੈ, ਪਰ ਇਹ ਦੇਸੀ ਕੱਟੇ ਵੀ ਨਹੀਂ ਹਨ। ਇਹ ਮਿਆਰੀ ਮਾਅਰਕੇ ਵਾਲਾ ਜਾਂ ਵਿਦੇਸ਼ੀ ਅਸਲਾ ਹੈ। ਬਿਨਾਂ ਸ਼ੱਕ ਇਹ ਸਸਤਾ ਅਸਲਾ ਨਹੀਂ ਹੋ ਸਕਦਾ ਅਤੇ ਨਾ ਹੀ ਥੋਕ ਜਾਂ ਪਰਚੂਨ ਵਾਲੀ ਦੁਕਾਨ ਤੋਂ ਮਿਲ ਸਕਦਾ ਹੈ। ਇਹ ਅਸਲਾ ਆਇਆ ਕਿੱਥੋਂ ਹੈ? ਇਨ੍ਹਾਂ ਕਾਤਲਾਂ ਦੇ ਹੁਲੀਏ ਵਿਚ ਇੱਕ ਨਕਸ਼ ਸੁੱਖਾ ਕਾਹਲਵਾਂ ਦੇ ਉਭਰਦੇ ਹਨ। ਸੁੱਖੇ ਦਾ ਪਿਛਲੇ ਸਾਲ ਪੁਲਿਸ ਹਿਰਾਸਤ ਵਿਚ ਕਤਲ ਹੋਇਆ ਸੀ। ਉਸ ਨੂੰ ਪੁਲਿਸ ਦੀਆਂ ਗੱਡੀਆਂ ਘੇਰ ਨੇ ਜਰਨੈਲੀ ਸੜਕ ਉਤੇ ਦਿਨ ਦਿਹਾੜੇ ਗੋਲੀਆਂ ਮਾਰੀਆਂ ਗਈਆਂ ਸਨ। ਕਾਤਲਾਂ ਨੇ ਕਤਲ ਤੋਂ ਬਾਅਦ ਸੜਕ ਉਤੇ ਭੰਗੜਾ ਪਾਇਆ ਸੀ ਅਤੇ ਪੁਲਿਸ ਦੇ ਹਥਿਆਰ ਚੁੱਕ ਕੇ ਭੱਜ ਗਏ ਹਨ। ਕਾਤਲਾਂ ਨੇ ਕੁਝ ਦੂਰ ਜਾ ਕੇ ਪੁਲਿਸ ਦੇ ਹਥਿਆਰ ਸੁੱਟ ਦਿੱਤੇ ਸਨ। ਜਦੋਂ ਨਾਜਾਇਜ਼ ਅਸਲੇ ਨਾਲ ਕਤਲ ਕਰਨ ਵਾਲੇ ਪੁਲਿਸ ਦੇ ਹਥਿਆਰ ਸੁੱਟ ਜਾਂਦੇ ਹਨ ਤਾਂ ਇਸ ਨੂੰ ਕਿਵੇਂ ਸਮਝਿਆ ਜਾਵੇ? ਇਸ ਦਾ ਇੱਕ ਮਤਲਬ ਤਾਂ ਇਹੋ ਬਣਦਾ ਹੈ ਕਿ ਉਨ੍ਹਾਂ ਕੋਲ ਬਿਹਤਰ ਹਥਿਆਰ ਹਨ ਅਤੇ ਅਸਲੇ ਦੀ ਕੋਈ ਘਾਟ ਨਹੀਂ ਹੈ।

ਹਰ ਕਤਲ ਤੋਂ ਬਾਅਦ ਦੋ ਤਫ਼ਸੀਲਾਂ ਨਸ਼ਰ ਹੁੰਦੀਆਂ ਹਨ। ਕਤਲ ਕਿਸ ਨੇ ਤੇ ਕਿਉਂ ਕਰਵਾਇਆ? ਕਤਲ ਕਿਸ ਨੇ ਕੀਤਾ? ਹਰ ਵਾਰ ਕਈ ਕਾਤਲ ਢਾਣੀਆਂ ਦੇ ਨਾਮ ਆਉਂਦੇ ਹਨ ਜੋ ਭਾੜੇ ਉਤੇ ਕਤਲ ਕਰਦੀਆਂ ਹਨ। ਇਨ੍ਹਾਂ ਕਾਤਲ ਢਾਣੀਆਂ ਦੀਆਂ ਆਪਸੀ ਲੜਾਈਆਂ ਅਤੇ ਕਾਰੋਬਾਰੀ ਸਾਂਝ ਦੀਆਂ ਕਹਾਣੀਆਂ ਨਸ਼ਰ ਹੁੰਦੀਆਂ ਰਹਿੰਦੀਆਂ ਹਨ। ਪੁਲਿਸ ਦੀਆਂ ਦਾਅਵੇਦਾਰੀਆਂ ਮੁਤਾਬਕ ਇਨ੍ਹਾਂ ਕਾਤਲ ਢਾਣੀਆਂ ਵਿਚ ਸਰਗਰਮ ਜੀਆਂ ਦੀ ਗਿਣਤੀ ਚਾਰ ਹਿੰਦਸਿਆਂ ਤੱਕ ਪਹੁੰਚਦੀ ਹੈ। ਜਿਸ ਤਰ੍ਹਾਂ ਇਹ ਕਤਲ ਕੀਤੇ ਗਏ ਹਨ, ਉਸ ਤੋਂ ਇਨ੍ਹਾਂ ਕਾਤਲ ਢਾਣੀਆਂ ਦਾ ਘੇਰੇ ਦਾ ਧੁੰਦਲਾ ਜਿਹਾ ਨਕਸ਼ਾ ਉਭਰਦਾ ਹੈ। ਇਨ੍ਹਾਂ ਢਾਣੀਆਂ ਦੀ ਪਹੁੰਚ ਹਰ ਇਲਾਕੇ ਅਤੇ ਹਰ ਤਬਕੇ ਤੱਕ ਹੈ। ਕੁਝ ਗ੍ਰਿਫ਼ਤਾਰੀਆਂ ਤੋਂ ਅੰਦਾਜ਼ਾ ਲੱਗਦਾ ਹੈ ਕਿ ਇਨ੍ਹਾਂ ਦੀ ਭਰਤੀ ਵਿਚ ਹਰ ਇਲਾਕੇ ਅਤੇ ਹਰ ਤਬਕੇ ਦੇ ਮੁੰਡੇ-ਕੁੜੀਆਂ ਸ਼ਾਮਿਲ ਹਨ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਕਾਰੋਬਾਰ ਸਿਰਫ਼ ਕਤਲ ਅੰਜਾਮ ਦੇਣ ਵਾਲਿਆਂ ਰਾਹੀਂ ਨਹੀਂ ਚੱਲਦਾ। ਇਸ ਕਾਰੋਬਾਰ ਅੰਦਰ ਭਰਤੀ ਕਰਨ ਤੋਂ ਲੈ ਕੇ ਗਾਹਕ ਲੱਭਣ ਦਾ ਕੋਈ ਤਾਲਮੇਲ ਹੈ। ਸੌਦੇ ਕਰਨ ਤੋਂ ਅੰਜਾਮ ਦੇਣ ਅਤੇ ਤੈਅ ਰਕਮ ਦੀਆਂ ਜ਼ਾਮਨੀਆਂ ਭਰਨ ਜਾਂ ਵਸੂਲ ਕਰਨ ਦਾ ਤਾਣਾ-ਬਾਣਾ ਹੈ। ਇਸ ਕਾਰੋਬਾਰ ਵਿਚ ਇੱਕ ਬੰਦੇ ਦਾ ਦੂਜੇ ਨਾਲ ਰਾਬਤੇ ਭਾਵੇਂ ਕਿੰਨਾ ਵੀ 'ਟਕਾ ਦੇਣ ਅਤੇ ਗਜ਼ ਪੜਵਾਉਣ' ਵਰਗਾ ਕੋਰਾ-ਕਰਾਰਾ ਹੋਵੇ, ਪਰ ਇਹ ਸੌਦਾ ਕਿਤੇ ਤਾਂ ਹੋਵੇਗਾ ਅਤੇ ਕੋਈ ਤਾਂ ਦੋ ਕੜੀਆਂ ਨੂੰ ਆਪਸ ਵਿਚ ਜੋੜੇਗਾ! ਕੋਈ ਤਾਂ 'ਲੋੜਵੰਦ' ਨੂੰ 'ਸੇਵਾਦਾਰ' ਨਾਲ ਜੋੜੇਗਾ!

ਪੰਜਾਬ ਵਿਚ ਹਰ ਹਫ਼ਤੇ ਕੋਈ ਨਾ ਕੋਈ ਖ਼ਬਰ ਆਉਂਦੀ ਹੈ ਜਦੋਂ ਨੌਜਵਾਨਾਂ ਵਿਚ ਕਿਤੇ ਨਾ ਕਿਤੇ ਗੋਲੀ ਚੱਲਦੀ ਹੈ। ਇਹ ਗੋਲੀਆਂ ਵਿਦਿਅਕ ਅਦਾਰਿਆਂ ਵਿਚ ਵਿਦਿਆਰਥੀ ਵੀ ਚਲਾਉਂਦੇ ਹਨ। ਇਸ ਤਰ੍ਹਾਂ ਗੋਲੀ ਚਲਾਉਣ ਦੀ ਸੱਜਰੀ ਮਿਸਾਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਹੈ। ਪੰਜਾਬ ਯੂਨੀਵਰਸਿਟੀ ਦੇ ਸਭ ਤੋਂ ਭੀੜ ਵਾਲੇ ਇਲਾਕੇ ਵਿਚ (ਸਟੂਡੈਂਟ ਸੈਂਟਰ ਤੋਂ ਲਾਇਬਰੇਰੀ ਵਿਚਕਾਰ) ਦੋ ਧੜਿਆਂ ਵਿਚ ਗੋਲੀ ਚੱਲੀ। ਖ਼ਬਰ ਸਿਰਫ਼ ਜ਼ਖ਼ਮੀ ਦੀਆਂ ਸੱਟਾਂ ਤੱਕ ਮਹਿਦੂਦ ਰਹੀ। ਜੇ ਇਹ ਗੋਲੀ ਚੱਲਣ ਦੇ ਕਾਰਨਾਂ ਜਾਂ ਮਾਮਲੇ ਦੀ ਤਫ਼ਸੀਲ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਵੇ ਤਾਂ ਇਸ ਦੇ ਕੀ ਮਾਅਨੇ ਹਨ? ਕੀ ਇਹ ਗੋਲੀਬਾਰੀ ਸਭਿਆਚਾਰ ਦਾ ਇਸ਼ਤਿਹਾਰ ਨਹੀਂ ਹੈ ਜੋ ਸਭ ਤੋਂ ਪ੍ਰਭਾਵ ਕਬੂਲ ਕਰਨ ਵਾਲੀ ਉਮਰ ਵਿਚੋਂ ਗੁਜ਼ਰਦੇ ਵਿਦਿਆਰਥੀਆਂ ਵਿਚਕਾਰ ਕੀਤਾ ਜਾ ਰਿਹਾ ਹੈ? ਕੀ ਇਹ ਭਰਤੀ ਕਰਨ ਜਾਂ ਗਾਹਕ ਲੱਭਣ ਦੀ ਮਸ਼ਕ ਨਹੀਂ ਹੈ?

ਇਹ ਦੋਵੇਂ ਸੁਆਲ ਮੁਕੰਮਲ ਰੂਪ ਵਿਚ ਬੇਮਾਅਨੇ ਜਾਪ ਸਕਦੇ ਹਨ, ਪਰ ਸਮਾਜ ਵਿਚ ਅਜਿਹੀ ਸਰਗਰਮੀ ਨੂੰ ਨਜ਼ਰਅੰਦਾਜ਼ ਕਿਵੇਂ ਕੀਤਾ ਜਾ ਸਕਦਾ ਹੈ? ਜਦੋਂ ਸਮਾਜ ਨੂੰ ਖ਼ੌਫ਼ਜ਼ਦਾ ਕਰਨ ਵਾਲਾ ਇਹ ਰੁਝਾਨ ਪਸ਼ੂ ਬਿਰਤੀ ਨੂੰ ਉਕਸਾ ਰਿਹਾ ਹੈ ਤਾਂ ਸਿਆਸਤਦਾਨ, ਇੰਤਜ਼ਾਮੀਆ, ਪੱਤਰਕਾਰ, ਵਿਦਵਾਨ ਅਤੇ ਸਮਾਜਿਕ ਕਾਰਕੁਨ ਇਸ ਨੂੰ ਵਿਅਕਤੀਗਤ ਕਲੇਸ਼ਾਂ ਵਿਚੋਂ ਕਿਉਂ ਸਮਝਦੇ ਹਨ? ਕੀ ਸਮਾਜ ਦਾ ਕੋਈ ਮਹਿਰੂਮ ਤਬਕਾ ਇਸ ਰੁਝਾਨ ਰਾਹੀਂ ਇਨਸਾਫ਼ ਹਾਸਲ ਕਰ ਰਿਹਾ ਹੈ? ਕੀ ਸਮਾਜ ਦਾ ਕੋਈ ਮਹਿਰੂਮ ਤਬਕਾ ਨਿਜ਼ਾਮ ਅਤੇ ਸਰਕਾਰ ਤੋਂ ਅਵਾਜ਼ਾਰ ਹੋ ਕੇ ਭਾੜੇ ਦੇ ਕਾਤਲਾਂ ਦਾ ਸਹਾਰਾ ਲੈ ਰਿਹਾ ਹੈ? ਹੁਣ ਤੱਕ ਅਖ਼ਬਾਰਾਂ ਜਾਂ ਟੈਲੀਵਿਜ਼ਨ ਉਤੇ ਨਸ਼ਰ ਹੋਏ ਮਾਮਲਿਆਂ ਤੋਂ ਸਪਸ਼ਟ ਹੈ ਕਿ ਹਿਰਸ, ਹਵਸ ਅਤੇ ਬਦਲਾਖ਼ੋਰੀ ਦੀ ਜ਼ਮੀਨ ਉਤੇ ਭਾੜੇ ਦੇ ਕਾਤਲਾਂ ਨੂੰ ਰੋਜ਼ਗਾਰ ਮਿਲਿਆ ਹੈ। ਜੇ ਇਹ ਕਾਰੋਬਾਰ ਸਿਆਸੀ ਸਰਪ੍ਰਸਤੀ ਨਾਲ ਚੱਲ ਰਿਹਾ ਹੈ ਤਾਂ ਇਹ ਇਹ ਪੰਜਾਬੀ ਦਿਆਨਤਦਾਰ ਬੰਦੇ ਦੀ ਨਾਕਾਮਯਾਬੀ ਨੂੰ ਵੀ ਉਘਾੜਦਾ ਹੈ।

ਸਿਆਸਤਦਾਨਾਂ ਅਤੇ ਇੰਤਜ਼ਾਮੀਆ ਨੇ ਪੰਜਾਬੀ ਮੁੰਡਿਆਂ ਦੀ ਬੇਚੈਨੀ ਨੂੰ ਆਪਣੀ ਹਰ ਤਰ੍ਹਾਂ ਦੀ ਹਵਸ ਦੀ ਪੂਰਤੀ ਲਈ ਵਰਤਿਆ ਅਤੇ ਅਗਾਂਹ ਇਨ੍ਹਾਂ ਨੂੰ ਹਵਸ ਦੀਆਂ ਪਰਚੂਨ ਦੁਕਾਨਾਂ ਚਲਾਉਣ ਲਈ ਬੇਮੁਹਾਰ ਕਰ ਦਿੱਤਾ ਹੈ। ਇਸ ਰੁਝਾਨ ਦਾ ਦੂਜਾ ਪਾਸਾ ਸਾਹਿਤਕ, ਸਮਾਜਿਕ, ਧਾਰਮਿਕ ਅਤੇ ਵਿਦਵਾਨੀ ਅਦਾਰਿਆਂ ਨਾਲ ਜੁੜਦਾ ਹੈ। ਇਨ੍ਹਾਂ ਅਦਾਰਿਆਂ ਨੇ ਆਪਣੀਆਂ ਤਰੱਕੀਆਂ, ਨੌਕਰੀਆਂ, ਵਜ਼ੀਫ਼ਿਆਂ ਅਤੇ ਇਨਾਮਾਂ ਸਨਮਾਨਾਂ ਲਈ ਆਵਾਮ ਅਤੇ ਨਿਜ਼ਾਮ ਵਿਚੋਂ ਆਪਣੀ ਧਿਰ ਦੀ ਚੋਣ ਕੀਤੀ ਹੈ। ਦੰਦਾਂ ਦਾ ਸਸਤਾ ਇਲਾਜ ਕਰਵਾਉਣ ਆਏ ਪਰਵਾਸੀ ਪੰਜਾਬੀਆਂ ਲਈ ਸ਼ਰੀਕਾਂ ਨਾਲ ਹਿਸਾਬ ਬਰਾਬਰ ਕਰਨ ਦੀਆਂ ਸਸਤੀਆਂ ਦੁਕਾਨਾਂ ਪੰਜਾਬ ਵਿਚ ਚੱਲ ਪਈਆਂ ਹਨ। ਇਨ੍ਹਾਂ ਹਾਲਾਤ ਵਿਚ ਪੰਜਾਬ ਦੇ ਅਨਾਥ ਮੁੰਡੇ-ਕੁੜੀਆਂ ਪਸ਼ੂ ਬਿਰਤੀ ਵਿਚੋਂ ਆਪਣੀ ਬੇਚੈਨੀ ਦਾ ਹੱਲ ਲੱਭ ਰਹੇ ਹਨ ਤਾਂ ਕੋਈ ਬਜ਼ੁਰਗ, ਅਪਾਹਜ, ਜਾਇਦਾਦ ਅਤੇ ਬੱਚਾ ਮਹਿਫ਼ੂਜ਼ ਨਹੀਂ ਹੈ। ਹਰ ਅਹਿਸਾਸ ਕਿਸੇ ਠੇਸ ਨੂੰ ਸੱਦਾ ਦੇਣ ਦਾ ਸਬੱਬ ਬਣ ਰਿਹਾ ਹੈ...। ਜਦੋਂ ਕੁਝ ਵੀ ਮਹਿਫ਼ੂਜ਼ ਨਹੀਂ ਹੈ ਤਾਂ ਆਖ਼ਰੀ ਸੁਆਲ ਵਜੋਂ ਇਹ ਪੁੱਛਿਆ ਜਾ ਸਕਦਾ ਹੈ ਕਿ ਹਿਰਸ, ਹਵਸ ਅਤੇ ਬਦਲਾਖੋਰੀ ਦਾ ਬੋਲਬਾਲਾ ਮੌਜੂਦਾ ਨਿਜ਼ਾਮ ਅਤੇ ਸਰਕਾਰ ਦੇ ਖ਼ਾਸੇ ਨਾਲ ਮੇਲ ਕਿਉਂ ਖਾਂਦਾ ਜਾਪਦਾ ਹੈ? -0-

# ਪੰਜਾਬ ਦਾ ਸਿਆਸੀ ਭੇੜ

ਪੰਜਾਬ ਦੀ ਸਿਆਸਤ ਵਿਚ ਕੇਜਰੀਵਾਲ ਵਰਤਾਰੇ ਨਾਲ ਬਹੁਤ ਕੁਝ ਨਵਾਂ ਵਾਪਰਦਾ ਲੱਗਣ ਲੱਗ ਪਿਆ ਹੈ ਅਤੇ ਇਸ ਨਾਲ ਨਵੀਂ ਕਿਸਮ ਦੇ ਸਿਆਸੀ ਭੇੜ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਆਮ ਬੰਦੇ ਵਾਸਤੇ ਬਣੀ ਇਸ ਖਾਸ ਪਾਰਟੀ ਨੇ ਜਿਸ ਤਰ੍ਹਾਂ ਦਾ ਸਿਆਸੀ ਭੂਚਾਲ ਦਿੱਲੀ ਵਿਚ ਲਿਆਂਦਾ ਸੀ, ਉਸੇ ਤਰ੍ਹਾਂ ਦੇ ਸਿਆਸੀ ਭੂਚਾਲ ਦੀ ਆਸ ਦੇ ਇਰਦ ਗਿਰਦ ਪੰਜਾਬ ਦੀ ਸਿਆਸਤ ਘੁੰਮਣ ਲੱਗ ਪਈ ਹੈ। ਸਿਆਸੀ ਅਪ੍ਰਸੰਗਕਤਾ ਦੀ ਸ਼ਿਕਾਰ ਸਿਆਸੀ ਚੇਤਨਾ ਨੂੰ

**ਪ੍ਰੋ. ਬਲਕਾਰ ਸਿੰਘ**
ਫੋਨ: +91-93163-01328

ਪੰਜਾਬ ਵਿਚ ਸਿਆਸੀ ਤਬਦੀਲੀ ਦੀਆਂ ਸੰਭਾਵਨਾਵਾਂ ਦੇ ਹੱਕ ਵਿਚ ਲੋਕ ਲਹਿਰ ਨਜ਼ਰ ਆਉਣ ਲੱਗ ਪਈ ਹੈ। ਗੱਲ ਕਰਦਿਆਂ ਪਿਛਲੀਆਂ ਲੋਕ ਸਭਾ ਚੋਣਾਂ ਵਿਚ 'ਆਪ' ਨੂੰ ਮਿਲੀਆਂ ਚਾਰ ਸੀਟਾਂ ਨੂੰ ਤੁੱਕਾ-ਫੇਰੂ ਜਿੱਤ ਵਾਂਗ ਪੇਸ਼ ਕੀਤਾ ਜਾ ਰਿਹਾ ਅਤੇ ਦਿੱਲੀ ਵਾਲੀ ਜਿੱਤ ਨੂੰ ਪੰਜਾਬ ਦੀਆਂ ਚੋਣਾਂ ਜਿੱਤਣ ਦਾ ਆਧਾਰ ਬਣਾਇਆ ਜਾ ਰਿਹਾ ਹੈ। ਮੁਲਕ ਦਾ ਸਿਆਸੀ ਮਾਹੌਲ ਜਿਸ ਤਰ੍ਹਾਂ ਸਿਧਾਂਤਕਤਾ ਦੀ ਥਾਂ, ਜਜ਼ਬਾਤੀ-ਸ਼ੋਸ਼ਣ ਵਾਲੀ ਸਿਆਸਤ ਨਾਲ ਜੁੜਦਾ ਜਾ ਰਿਹਾ ਹੈ, ਉਸ ਨਾਲ ਕਿਸੇ ਵੀ ਸਿਆਸੀ ਪਾਰਟੀ ਵਾਸਤੇ ਕੁਝ ਵੀ ਸੌਖਾ ਨਹੀਂ ਰਿਹਾ। ਸਿਆਸਤਦਾਨਾਂ ਦੀਆਂ ਦਾਅਵੇਦਾਰੀਆਂ ਦੀ ਅਕਸਰ ਕੋਈ ਅਹਿਮੀਅਤ ਨਹੀਂ ਹੁੰਦੀ, ਕਿਉਂਕਿ ਥੋਕ ਵਿਚ ਜ਼ਮਾਨਤਾਂ ਜ਼ਬਤ ਕਰਾਉਣ ਵਾਲੀਆਂ ਪਾਰਟੀਆਂ ਦੇ ਲੀਡਰ ਸਾਰੀਆਂ ਸੀਟਾਂ ਲੜਨ ਅਤੇ ਸਰਕਾਰ ਬਣਾਉਣ ਦੀਆਂ ਦਾਅਵੇਦਾਰੀਆਂ ਕਰਦੇ ਰਹਿੰਦੇ ਹਨ। ਲੋਕਤੰਤਰ ਦੀ ਮਜ਼ਬੂਤੀ ਵਾਸਤੇ ਸਿਆਸਤ ਨਾਲ ਜੁੜੇ ਮੁੱਦਿਆਂ 'ਤੇ ਚਰਚਾ ਚੱਲਣੀ ਚਾਹੀਦੀ ਹੈ ਅਤੇ ਚਰਚਾ ਕਰਦਿਆਂ ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਪੰਜਾਬ ਦਾ ਸਿਆਸੀ ਅਖਾੜਾ ਕਦੇ ਵੀ ਕੌਮੀ ਸਿਆਸੀ ਅਖਾੜੇ ਵਰਗਾ ਨਹੀਂ ਸੀ, ਕਿਉਂਕਿ ਪੰਜਾਬ ਦੀ ਸਿਆਸਤ ਵਿਚ ਦਿੱਲੀ-ਵਿਰੋਧੀ ਜਜ਼ਬਾ ਸਦਾ ਹੀ ਭਾਰੂ ਰਿਹਾ ਹੈ। ਅਕਾਲੀਆਂ ਦਾ ਦਿੱਲੀ ਵਿਰੋਧੀ ਸਿਆਸੀ ਪੈਂਤੜਾ ਅਕਾਲੀ ਵੋਟ ਬੈਂਕ ਨੂੰ ਲਗਾਤਾਰ ਪੱਕਿਆਂ ਕਰਦਾ ਰਿਹਾ ਹੈ। ਇਸ ਵੇਲੇ ਅਕਾਲੀਆਂ ਲਈ ਇਹੋ ਪੈਂਤੜਾ ਬੇਸ਼ੱਕ ਸਮੱਸਿਆ ਹੋ ਗਿਆ ਹੈ, ਕਿਉਂਕਿ ਕਾਂਗਰਸ ਵਾਲੀ ਦਿੱਲੀ ਅਤੇ ਭਾਜਪਾ ਵਾਲੀ ਦਿੱਲੀ ਵਿਚ ਬਹੁਤਾ ਫਰਕ ਨਾ ਹੋਣ ਦੇ ਬਾਵਜੂਦ ਅਕਾਲੀਆਂ ਨੂੰ ਪਹਿਲੀ ਵਾਰ ਦਿੱਲੀ ਦੇ ਹੱਕ ਵਿਚ ਭੁਗਤਣਾ ਪੈ ਰਿਹਾ ਹੈ। ਇਸ ਨਾਲ ਪੈਦਾ ਹੋ ਗਈ ਸਿਆਸੀ ਸਪੇਸ ਵਿਚ 'ਆਪ' ਟਿਕਦੀ ਨਜ਼ਰ ਆਉਣ ਲੱਗ ਪਈ ਹੈ। ਪੰਜਾਬ ਵਿਚ ਪੱਕੇ ਤੌਰ 'ਤੇ ਟਿਕਣ ਦੀ ਸਿਆਸਤ ਨੇ ਪਹਿਲਾਂ ਹੀ ਪੱਕੇ ਤੌਰ 'ਤੇ ਟਿਕੀਆਂ ਹੋਈਆਂ ਸਿਆਸੀ ਪਾਰਟੀਆਂ ਨੂੰ ਫਿਕਰਮੰਦ ਕਰ ਦਿੱਤਾ ਹੈ। ਫਿਕਰਮੰਦੀ, ਸਿਆਸੀ ਪ੍ਰਸੰਗ ਵਿਚ ਹੁੰਦੀ ਹੀ ਗੁਆਉਣ ਦੀ ਸਿਆਸਤ ਹੈ। 'ਆਪ' ਕੋਲ ਗੁਆਉਣ ਵਾਸਤੇ ਕਦੇ ਵੀ ਕੁਝ ਨਹੀਂ ਸੀ ਅਤੇ ਇਸੇ ਦਾ ਉਹ ਲਾਹਾ ਲੈ ਰਹੇ ਹਨ। ਇਸੇ ਲਈ ਕੇਜਰੀਵਾਲ ਵਰਤਾਰਾ ਅਹਿਮ ਹੋ ਗਿਆ ਹੈ ਕਿਉਂਕਿ ਸਿਆਸਤਦਾਨਾਂ ਦੀ ਸਿਆਸੀ ਸਾਖ ਨੂੰ ਲੱਗੇ ਖੋਰੇ ਦੇ ਵਿਰੋਧ ਨੂੰ ਦਿੱਲੀ ਦੀਆਂ ਚੋਣਾਂ ਵਿਚ ਸਫਲਤਾ ਸਹਿਤ ਵਰਤਿਆ ਜਾ ਚੁੱਕਾ ਹੈ। ਇਸ ਨਾਲ ਜਿਸ ਕਿਸਮ ਦਾ ਸਿਆਸੀ ਉਬਾਲ ਸਾਹਮਣੇ ਆ ਗਿਆ ਹੈ, ਇਸ ਨੂੰ ਸਿਆਸਤ ਕਿਹਾ ਜਾਏ ਜਾਂ ਨਾ, ਇਸ ਦਾ ਫੈਸਲਾ ਅਜੇ ਹੋਣਾ ਹੈ? ਸਵਾਲ ਵੋਟ ਬੈਂਕ ਦੀ ਚੇਤਨਾ ਦਾ ਨਹੀਂ ਕਿਉਂਕਿ ਸਵਾਲ ਸਿਆਸੀ ਉਬਾਲ ਦਾ ਲਾਹਾ ਲੈ ਰਹੀ ਲੀਡਰਸ਼ਿਪ ਦਾ ਹੈ। ਦਿੱਲੀ ਵਾਲੀ ਪ੍ਰਾਪਤੀ ਕੇਜਰੀਵਾਲ ਦੀ 'ਆਪ' ਦਾ ਗਾਂਧੀ ਹੋ ਜਾਣ ਵਰਗੀ ਪ੍ਰਾਪਤੀ ਸੀ ਅਤੇ ਪੰਜਾਬ ਦੀ ਪ੍ਰਾਪਤੀ ਉਹ ਪੰਜਾਬ ਦਾ ਕੀ ਹੋ ਕੇ ਕਰਨਾ ਚਾਹੁੰਦਾ ਹੈ, ਇਸ ਦਾ ਫੈਸਲਾ ਵੀ ਅਜੇ ਹੋਣਾ ਹੈ?

ਸਿਆਸਤ ਦੀ ਸੁਰ ਸਥਾਪਤੀ ਵਿਚ ਸਭਿਆਚਾਰ ਦਾ ਅਹਿਮ ਰੋਲ ਹੁੰਦਾ ਹੈ। ਇਹ ਮਹਾਤਮਾ ਗਾਂਧੀ ਨਾਲ ਸ਼ੁਰੂ ਹੋਇਆ ਸੀ ਅਤੇ ਮੋਦੀ ਨਾਲ ਸਿਖਰ 'ਤੇ ਪਹੁੰਚ ਗਿਆ ਹੈ। ਪੰਜਾਬ ਨੇ ਨਾ ਕਦੇ ਮਹਾਤਮਾ ਗਾਂਧੀ ਦੀ ਸਿਆਸਤ ਨੂੰ ਸਵੀਕਾਰਿਆ ਸੀ ਅਤੇ ਨਾ ਮੋਦੀ ਦੀ ਸਿਆਸਤ ਨੂੰ ਸਵੀਕਾਰਿਆ ਹੈ। ਕਾਰਨ ਇਹ ਹੈ ਕਿ ਪੰਜਾਬ ਦੀ ਸਿਆਸਤ, ਪੰਜਾਬ ਦੇ ਸਭਿਆਚਾਰਕ ਪ੍ਰਸੰਗ ਵਿਚ ਹੀ ਸਥਾਪਤ ਹੁੰਦੀ ਰਹੀ ਹੈ। ਕੇਜਰੀਵਾਲ ਦੀ ਦਿੱਲੀ ਜਿੱਤਣ ਦੀ ਖਲਿਸ ਸਿਆਸਤ, ਪੰਜਾਬ ਵਿਚ ਚੱਲਣੀ ਮੁਸ਼ਕਲ ਹੈ ਕਿਉਂਕਿ ਪੰਜਾਬ ਵਿਚ ਖਲਿਸ ਦੀ ਸਿਆਸਤ ਵਾਰ ਵਾਰ ਫੇਲ੍ਹ ਹੋ ਚੁੱਕੀ ਹੈ। ਅਕਾਲੀਆਂ ਦੀ ਅਗਵਾਈ ਵਿਚ ਸਭਿਆਚਾਰ 'ਤੇ ਆਧਾਰਤ ਸਿਆਸੀ ਸਿਖਰ ਪ੍ਰਕਾਸ਼ ਸਿੰਘ ਬਾਦਲ ਹੋ ਗਏ ਹਨ ਅਤੇ ਇਸ ਦਾ ਬਦਲ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਕੈਪਟਨ ਅਮਰਿੰਦਰ ਸਿੰਘ ਸਨ ਅਤੇ ਹੁਣ ਵੀ ਉਹੀ ਦਾਅਵੇਦਾਰ ਹਨ। ਕੈਪਟਨ ਨੂੰ ਕਾਂਗਰਸੀ ਸ਼ਿਕੰਜੇ ਵਿਚ ਕੱਸਣ ਦੀ ਸਿਆਸਤ ਨੇ ਪਿਛਲੀ ਵਾਰ ਵੀ ਨੁਕਸਾਨ ਪਹੁੰਚਾਇਆ ਸੀ ਅਤੇ ਹੁਣ ਵੀ ਨੁਕਸਾਨ ਪਹੁੰਚ ਸਕਦਾ ਹੈ। ਕੇਜਰੀਵਾਲ ਦੀ ਅਗਵਾਈ ਵਿਚ ਤੀਸਰੀ ਸਿਆਸੀ ਧਿਰ (ਆਪ) ਵਜੋਂ ਪਰਵੇਸ਼ ਕਰ ਜਾਣ ਨਾਲ ਜਿਹੋ ਜਿਹਾ ਸਿਆਸੀ ਵਰਤਾਰਾ ਪੈਦਾ ਹੋ ਗਿਆ ਹੈ, ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਨੇ ਬਾਕੀ ਦੋਹਾਂ ਵਿਚੋਂ ਕਿਸੇ ਇਕ ਨੂੰ ਜਿਤਾਉਣ ਦੀ ਭੂਮਿਕਾ ਨਿਭਾਉਣੀ ਹੈ। ਸੰਗਰੂਰ ਦੇ ਪਾਰਲੀਮਾਨੀ ਅਤੇ ਧੂਰੀ ਦੇ ਵਿਧਾਨ ਸਭਾਈ ਨਤੀਜਿਆਂ ਨਾਲ ਇਸ ਧਾਰਨਾ ਦਾ ਸਮਰਥਨ ਹੋ ਜਾਂਦਾ ਹੈ। ਸ. ਸੁਖਦੇਵ ਸਿੰਘ ਢੀਂਡਸਾ ਨੂੰ ਲਗਭਗ ਉਨੀਆਂ ਹੀ ਵੋਟਾਂ ਪੈ ਗਈਆਂ ਸਨ ਜਿੰਨੀਆਂ ਪਿਛਲੀ ਵਾਰ ਪਈਆਂ ਸਨ, ਕਾਂਗਰਸ ਦੀਆਂ ਵੋਟਾਂ 'ਆਪ' ਵੱਲ ਭੁਗਤਣ ਨਾਲ ਨਤੀਜਾ ਹੈਰਾਨਕੁਨ ਹੋ ਗਿਆ ਸੀ। ਧੂਰੀ ਵਿਚ 'ਆਪ' ਵਾਲੀਆਂ ਵੋਟਾਂ ਅਕਾਲੀਆਂ ਵੱਲ ਜਾਣ ਕਰ ਕੇ ਗੋਬਿੰਦ ਸਿੰਘ ਲੌਂਗੋਵਾਲ ਜਿੱਤ ਗਿਆ ਸੀ। ਤਿੰਨਾਂ ਪਾਰਟੀਆਂ ਦੀ ਲੜਾਈ ਵਿਚ ਉਹੀ ਜਿੱਤੇਗਾ, ਜਿਹੜਾ ਹਾਰਨ ਵਾਲੇ ਦੀਆਂ ਵੋਟਾਂ ਵਿਚ ਸੰਨ੍ਹ ਲਾ ਸਕੇਗਾ। ਬੇਸ਼ੱਕ ਆਮ ਪੰਜਾਬੀ ਵੋਟਰ ਦੀ ਮਾਨਸਿਕਤਾ ਦਾ ਝੁਕਾਅ ਤੁਰਤ ਤਾਂ 'ਆਪ' ਵੱਲ ਲੱਗਦਾ ਹੈ, ਪਰ ਇਸ ਝੁਕਾਅ ਨੇ ਅਜੇ ਕਈ ਰੰਗ ਬਦਲਣੇ ਹਨ। ਹੁਣ ਇਹ ਝੁਕਾਅ ਜਿਸ ਤਰ੍ਹਾਂ ਲੱਗਦਾ ਹੈ, ਉਸ ਤਰ੍ਹਾਂ ਸਥਾਪਤ ਹੈ ਕਿ ਨਹੀਂ, ਇਸ ਦਾ ਫੈਸਲਾ ਹੋਣ ਤੱਕ ਇਸ ਬਾਰੇ ਚਰਚਾ ਚੱਲਦੀ ਰਹਿਣੀ ਚਾਹੀਦੀ ਹੈ।

ਅਕਾਲੀ-ਭਾਜਪਾ, ਕਾਂਗਰਸ ਅਤੇ 'ਆਪ', ਤਿੰਨੇ ਹੀ ਕ੍ਰਮਵਾਰ ਮੋਦੀ, ਰਾਹੁਲ ਅਤੇ ਕੇਜਰੀਵਾਲ ਦੀ ਕੇਂਦਰੀਕਰਨ ਦੀ ਸਿਆਸਤ ਦਾ ਸ਼ਿਕਾਰ ਹਨ। ਚੇਤੰਨ ਵੋਟਰ ਦਾ ਮੋਹ-ਭੰਗ ਜਿੰਨਾ ਕਾਂਗਰਸ ਨੇ ਦਹਾਕਿਆਂ ਵਿਚ ਕੀਤਾ ਸੀ, ਉਹੋ ਜਿਹੇ ਮੋਹ-ਭੰਗ ਵੱਲ ਭਾਜਪਾ ਛਾਲਾਂ ਵਧ ਰਹੀ ਹੈ। 'ਆਪ' ਮੌਕਾ ਮਿਲੇ ਤੋਂ ਬਿਨਾ ਹੀ ਇਸ ਪਾਸੇ ਤੁਰੀ ਹੋਈ ਹੈ। ਨਤੀਜੇ ਵਜੋਂ ਸਿਆਸੀ ਲੀਡਰਸ਼ਿਪ ਦੀ ਸਾਖ ਦਿਨੋਂ ਦਿਨ ਕਿਰਦੀ ਜਾ ਰਹੀ ਹੈ। ਮਜ਼ੇਦਾਰ ਸਥਿਤੀ ਇਹ ਹੈ ਕਿ ਹਰ ਲੀਡਰ ਦੀ ਉਂਗਲ ਦੂਜੇ ਵੱਲ ਉਠੀ ਹੋਈ ਹੈ। ਇਸ ਉਂਗਲ-ਸਿਆਸਤ ਦਾ ਲਾਹਾ ਇਕ ਵਾਰ ਤਾਂ 'ਆਪ' ਨੂੰ ਮਿਲ ਚੁਕਾ ਹੈ। ਇਸ ਹਾਲਤ ਵਿਚ ਇਹ ਲੱਗਣ ਲੱਗ ਪਿਆ ਹੈ ਕਿ ਮੋਦੀ, ਰਾਹੁਲ ਅਤੇ ਕੇਜਰੀਵਾਲ ਦੇ ਨਾਮ 'ਤੇ ਪੰਜਾਬੀ ਵੋਟਰ ਨੇ ਨਹੀਂ ਭੁਗਤਣਾ। ਇਨ੍ਹਾਂ ਤਿੰਨਾਂ ਦੇ ਨਾਮ 'ਤੇ ਵੋਟਾਂ ਮੰਗਣ ਵਾਲਿਆਂ ਨੂੰ ਪੰਜਾਬ ਦੇ ਵੋਟ ਬੈਂਕ ਨੇ ਪਰਵਾਨ ਕਰਨਾ ਹੈ ਕਿ ਨਹੀਂ, ਇਸ ਨੇ ਨਤੀਜਿਆਂ ਨੂੰ ਪ੍ਰਭਾਵਿਤ ਜ਼ਰੂਰ ਕਰਨਾ ਹੈ। ਅਕਾਲੀ-ਭਾਜਪਾ ਕੋਲ ਬਾਦਲ ਹਨ, ਕਾਂਗਰਸ ਕੋਲ ਕੈਪਟਨ ਅਤੇ 'ਆਪ' ਕੋਲ ਕੇਜਰੀਵਾਲ ਹੀ ਕੇਜਰੀਵਾਲ ਹੈ। ਕਾਂਗਰਸ, ਖੇਤਰੀ ਲੀਡਰਸ਼ਿਪ ਨੂੰ ਲਗਾਤਾਰ ਮਧੋਲਦੀ ਰਹੀ ਹੈ ਅਤੇ ਮੋਦੀ ਦੀ ਅਗਵਾਈ ਵਿਚ ਭਾਜਪਾ ਵੀ ਉਸੇ ਰਾਹ ਪਈ ਹੋਈ ਹੈ। ਮੂਲ ਰੂਪ ਵਿਚ ਖੇਤਰੀ ਪਾਰਟੀ 'ਆਪ' ਨੂੰ ਦਿੱਲੀ ਤੋਂ ਪਿਛੋਂ ਪੰਜਾਬ ਵਿਚੋਂ ਜੋ ਹੁੰਗਾਰਾ ਮਿਲਿਆ ਹੈ, ਉਸ ਨਾਲ ਪੰਜਾਬ ਦਾ ਕੋਈ ਖੇਤਰੀ ਲੀਡਰ ਉਸ ਤਰ੍ਹਾਂ ਸਾਹਮਣੇ ਨਹੀਂ ਆਇਆ ਜਿਸ ਤਰ੍ਹਾਂ ਬਾਦਲ ਅਤੇ ਕੈਪਟਨ ਆਏ ਹੋਏ ਹਨ। ਛੋਟੇਪੁਰ ਦੀ ਅਗਵਾਈ ਵਿਚ ਜਿਸ ਕਿਸਮ ਦੇ ਪਰਿਵਰਤਨ ਦਾ ਸਿਆਸੀ ਭਰਮ ਆਮ ਬੰਦੇ ਦੀ ਮਾਨਸਿਕਤਾ ਵਿਚ ਉਤਾਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਉਸ ਨੂੰ ਪੰਜਾਬੋਂ ਬਾਹਰਲੀ ਲੀਡਰਸ਼ਿਪ ਦੀਆਂ ਫਹੁਤੀਆਂ ਨਾਲ ਕਾਇਮ ਰਖਣਾ ਮੁਸ਼ਕਲ ਹੋ ਜਾਏਗਾ। 'ਆਪ' ਦਾ ਉਹ ਜਜ਼ਬਾਤੀ ਉਭਾਰ ਕਦੇ ਵੀ ਨਹੀਂ ਬਣ ਸਕਦਾ। ਦਿੱਲੀ ਵਿਚ ਇਹ ਤਜਰਬਾ ਹੋ ਚੁੱਕਾ ਹੈ ਅਤੇ ਪੰਜਾਬ ਵਿਚ ਹੋ ਵੀ ਜਾਵੇ ਤਾਂ ਵੀ ਇਸ ਨੂੰ ਪਾਏਦਾਰ ਸਿਆਸਤ ਵਜੋਂ ਇਸ ਲਈ ਪਰਵਾਨ ਨਹੀਂ ਕੀਤਾ ਜਾ ਸਕਦਾ, ਕਿਉਂਕਿ ਦਿੱਲੀ ਦੀ ਜਿੱਤ ਨਾਲ ਤਬਦੀਲੀ ਦੀਆਂ ਸੰਭਾਵਨਾਵਾਂ ਦਾ ਰਸਤਾ ਖੁੱਲ੍ਹਣ ਦੀ ਥਾਂ ਬੰਦ ਹੁੰਦਾ ਨਜ਼ਰ ਆ ਰਿਹਾ ਹੈ। ਇਸ ਪ੍ਰਸੰਗ ਵਿਚ ਕੈਪਟਨ ਦੀ ਇਸ ਟਿੱਪਣੀ 'ਤੇ ਬਹਿਸ ਹੋਣੀ ਚਾਹੀਦੀ ਹੈ ਕਿ ਪੰਜਾਬ ਵਿਚ ਦਿੱਲੀ ਵਰਗਾ ਸਿਆਸੀ ਤਜਰਬਾ ਕਰਨ ਦਾ ਜੋਖਮ ਨਹੀਂ ਉਠਾਉਣਾ ਚਾਹੀਦਾ। ਯੋਗਿੰਦਰ ਯਾਦਵ ਨੇ ਜਿਸ ਤਰ੍ਹਾਂ ਦੀ ਬਹਿਸ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਸੀ, ਉਸ ਦਾ ਖਮਿਆਜ਼ਾ ਉਸ ਨੂੰ ਪਹਿਲਾਂ ਪਾਰਟੀ




***ਪਹਿਲੀ ਵਾਰ ਪੰਜਾਬ ਵਿਚ ਤਿੰਨ ਧਿਰੀ ਫਸਵੀਂ ਟੱਕਰ ਦੀਆਂ ਸੰਭਾਵਨਾਵਾਂ ਹਨ। ਪਹਿਲਾਂ ਅਕਾਲੀ ਅਤੇ ਕਾਂਗਰਸੀ ਇਕ-ਦੂਜੇ ਦੇ ਵਿਰੋਧੀਆਂ ਨੂੰ ਆਪੋ-ਆਪਣੇ ਹੱਕ 'ਚ ਭੁਗਤਾਉਣ ਦੀ ਕੋਸ਼ਿਸ਼ ਕਰਦੇ ਸਨ। 'ਆਪ' ਨਾਲ ਦੋਹਾਂ ਧਿਰਾਂ ਦੇ ਵਿਰੋਧੀਆਂ ਵਾਸਤੇ ਇਕੱਠੇ ਹੋਣ ਦਾ ਸਿਆਸੀ ਪਲੇਟਫਾਰਮ ਪੈਦਾ ਹੋ ਗਿਆ ਹੈ।***

ਕੁਦਰਤੀ ਉਭਾਰ ਜੋ ਪਾਰਲੀਮੈਂਟ ਦੀਆਂ ਚੋਣਾਂ ਵੇਲੇ ਸਾਹਮਣੇ ਆਇਆ ਸੀ, ਉਸ ਨੂੰ ਅਕਾਲੀ-ਵਿਰੋਧ ਜਾਂ ਕਾਂਗਰਸੀ-ਵਿਰੋਧ ਦੀ ਸਿਆਸਤ ਵਜੋਂ ਬਹਾਲ ਨਹੀਂ ਰੱਖਿਆ ਜਾ ਸਕਦਾ। ਉਸ ਸਮੇਂ ਪ੍ਰਾਪਤ ਹੋਏ ਹੁੰਗਾਰੇ ਨੂੰ ਪ੍ਰੋਲੇਤਾਰੀ ਸਿਆਸਤ ਦੇ ਮੁੱਦਈਆਂ ਦੀ ਚੇਤੰਨ ਹਮਾਇਤ ਦੇ ਬਾਵਜੂਦ 'ਆਪ' ਦੀ ਜਿੱਤ ਨੂੰ ਪ੍ਰੋਲੇਤਾਰੀਆਂ ਦੀ ਜਿੱਤ ਨਹੀਂ ਕਿਹਾ ਜਾ ਸਕਦਾ। ਇਸ ਬਾਰੇ ਕੋਈ ਚਰਚਾ ਨਹੀਂ ਹੋ ਰਹੀ ਅਤੇ ਪੇਤਲੀ ਸਿਆਸਤ ਦੀਆਂ ਵਕਤੀ ਪ੍ਰਾਪਤੀਆਂ ਨੇ ਪੰਜਾਬ ਵਿਚ ਗਹਿ-ਗੱਚ ਸਿਆਸੀ ਭੇੜ ਦੀਆਂ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਹਨ।

ਇਹ ਸਚਾਈ ਹੈ ਕਿ ਦੁਨੀਆਂ ਭਰ ਵਿਚ ਜਦੋਂ ਸਿਆਸੀ ਤਬਦੀਲੀਆਂ ਆਈਆਂ ਹਨ, ਉਸ ਦਾ ਆਧਾਰ ਕਿਸੇ ਨਾ ਕਿਸੇ ਰੂਪ ਵਿਚ ਹੈਂਕੜੀ ਸਿਆਸਤ ਨੂੰ ਸਜ਼ਾ ਦੇਣ ਦੀ ਮਾਨਸਿਕਤਾ ਹੀ ਰਹੀ ਹੈ। ਵਕਤੀ ਖਿਲਾਅ ਵਿਚੋਂ ਪੈਦਾ ਹੋਏ ਸਿਆਸੀ ਉਭਾਰ ਨੂੰ ਸਿਆਸੀ ਬਦਲ ਦਾ ਉਲਾਰ, ਗੁਸੈਲਾ ਅਤੇ ਜਜ਼ਬਾਤੀ ਵਹਿਣ, ਸਦਾ ਹੀ ਵਕਤੀ ਸਿਆਸੀ ਜਿੱਤਾਂ ਦੇ ਰਾਹ ਪਾਉਂਦਾ ਰਿਹਾ ਹੈ। ਇਸ ਦਾ ਸਮਰਥਨ ਇਸ ਸਚਾਈ ਨਾਲ ਹੋ ਜਾਂਦਾ ਹੈ ਕਿ ਜੋ ਸਥਿਤੀ ਅੰਨਾ ਹਜ਼ਾਰੇ ਦੀ ਲੋਕ ਲਹਿਰ ਨਾਲ ਪੈਦਾ ਹੋਈ ਸੀ, ਉਸ ਦਾ ਸਿਆਸੀ ਲਾਹਾ ਦਿੱਲੀ ਦੀਆਂ ਚੋਣਾਂ ਵਿਚ ਲੈ ਲੈਣ ਪਿਛੋਂ ਲਹਿਰ ਦਾ ਭੋਗ ਪੈ ਗਿਆ ਸੀ। ਸਿਧਾਂਤਕਤਾ ਦਾ ਬਦਲ, ਵਿਚ ਹਾਸ਼ੀਆਗ੍ਰਸਤ ਹੋ ਕੇ ਤੇ ਫਿਰ ਬਾਹਰ ਹੋ ਕੇ ਭੁਗਤਣਾ ਪਿਆ ਸੀ। ਇਸ ਨਾਲ ਕੇਜਰੀਵਾਲ ਵਰਤਾਰੇ ਦੀ ਦਿਸ਼ਾ ਅਤੇ ਦਸ਼ਾ ਸਾਹਮਣੇ ਆ ਗਈ ਸੀ। ਪੰਜਾਬ ਦੀਆਂ ਚੋਣਾਂ ਨੇ ਇਸ ਨੂੰ ਚੰਗੀ ਤਰ੍ਹਾਂ ਸਾਹਮਣੇ ਲੈ ਆਉਣਾ ਹੈ ਅਤੇ ਪੰਜਾਬ ਦੀਆਂ ਚੋਣਾਂ ਕੇਜਰੀਵਾਲ ਸਿਆਸਤ ਬਾਰੇ ਰੈਫਰੈਂਡਮ ਵੀ ਹੋ ਸਕਦੀਆਂ ਹਨ।

ਪੰਜਾਬ ਜਦੋਂ ਨਹੀਂ ਵੰਡਿਆ ਗਿਆ ਸੀ, ਉਦੋਂ ਵੀ ਪੰਜਾਬ ਹਰ ਕਿਸਮ ਦੀ ਤਬਦੀਲੀ ਨੂੰ ਹੁੰਗਾਰਾ ਭਰਦਾ ਰਿਹਾ ਸੀ। ਲੋੜ ਪੈਣ 'ਤੇ ਤਬਦੀਲੀ ਦੇ ਵਿਰੋਧ ਵਿਚ ਨਾਬਰੀ ਮੁਹਿੰਮਾਂ ਵੀ ਚਲਦੀਆਂ ਰਹੀਆਂ ਸਨ। ਇਸ ਦੇ ਨਾਲ ਹੀ ਪੰਜਾਬ, ਵਾਰ ਵਾਰ ਸਿਆਸਤ ਵਾਸਤੇ ਵਰਤੇ ਜਾਣ ਤੋਂ ਇਨਕਾਰੀ ਵੀ ਹੁੰਦਾ ਰਿਹਾ ਸੀ। ਮਿਸਾਲ ਦੇ ਤੌਰ 'ਤੇ ਅਕਾਲੀ ਸਰਕਾਰ ਵਿਰੁਧ ਉਠਿਆ ਕਿਸਾਨ ਵਿਦਰੋਹ, ਕਿਸੇ ਤਰ੍ਹਾਂ ਦੀ ਸਿਆਸਤ ਦਾ ਸਿਆਸੀ ਹੱਥ-ਠੋਕਾ ਨਹੀਂ ਬਣਿਆ ਸੀ। ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਸਲਾ ਤੱਤੀ ਸਿਆਸਤ ਦੇ ਦਖਲ ਨਾਲ ਹੀ ਠੰਢਾ ਪੈ ਗਿਆ ਸੀ। ਸਰਬੱਤ ਖਾਲਸਾ ਨੂੰ ਸਿੱਖ ਹੁੰਗਾਰਾ, ਸਿਆਸੀ ਦਖਲ ਨਾਲ ਹੀ ਚੁੱਪ ਵਿਚ ਵਲ ਗਿਆ ਸੀ। ਜਿਸ ਤਰ੍ਹਾਂ 'ਆਪ' ਵਲੋਂ ਲੋਕਾਂ ਦੇ ਰੋਸੇ ਨੂੰ ਸਿਆਸਤ ਦਾ ਹਥਿਆਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਇਹ ਇੱਛਤ ਨਤੀਜਿਆਂ ਵਿਚ ਢਲਦੀ ਇਸ ਕਰ ਕੇ ਨਜ਼ਰ ਨਹੀਂ ਆਉਂਦੀ, ਕਿਉਂਕਿ 'ਆਪ' ਦਾ ਪੰਜਾਬੀ ਚਿਹਰਾ ਸਾਹਮਣੇ ਨਹੀਂ ਆਉਣ ਦਿੱਤਾ ਜਾ ਰਿਹਾ। ਸੰਜੇ-ਦੁਰਗੇਸ਼ ਦੀ ਜੋੜੀ ਦੀ ਪੰਜਾਬ ਵਿਚਲੀ ਭੂਮਿਕਾ ਨਾਲ ਜੋ ਕੁਝ ਸਾਹਮਣੇ ਆ ਰਿਹਾ ਹੈ, ਉਸ ਨਾਲ ਸਵਾਲ ਪੈਦਾ ਹੋ ਰਿਹਾ ਹੈ ਕਿ ਕੇਜਰੀਵਾਲ, ਪੰਜਾਬੀਆਂ ਦਾ ਸਿਆਸੀ ਮਸੀਹਾ ਕਿਵੇਂ ਅਤੇ ਕਿਉਂ ਹੋ ਸਕੇਗਾ?

ਚਰਚਾ ਇਸ ਮੁੱਦੇ 'ਤੇ ਹੋਣੀ ਚਾਹੀਦੀ ਹੈ ਕਿ ਸਿਆਸਤ ਦੇ ਮੰਡੀਕਰਨ ਨੇ ਮੁੱਦਿਆਂ ਦੀ ਸਿਆਸਤ ਦਾ ਰਸਤਾ ਕਿਉਂ ਅਤੇ ਕਿਵੇਂ ਰੋਕ ਦਿੱਤਾ ਹੈ? ਮੰਡੀਕਰਨ ਦੇ ਰੌਂਅ ਵਿਚ 'ਆਪ' ਵਰਗੀਆਂ ਪਰਚੂਨ-ਪਰਤਾਂ ਦੀ ਸੰਭਾਵੀ ਭੂਮਿਕਾ ਬਾਰੇ ਚਰਚਾ ਕਰਦਿਆਂ ਵੇਖਣਾ ਚਾਹੀਦਾ ਹੈ ਕਿ ਪ੍ਰਬੰਧ ਅਤੇ ਪ੍ਰਬੰਧਕ ਨੂੰ ਇਕ ਦੂਜੇ ਦੀ ਪੂਰਕਤਾ ਵਿਚ ਲਿਆਉਣ ਲਈ ਸਿਆਸਤ ਕੀ ਭੂਮਿਕਾ ਨਿਭਾਅ ਸਕਦੀ ਹੈ? ਇਸ ਸਵਾਲ ਬਾਰੇ ਵੀ ਚਰਚਾ ਹੋਣੀ ਚਾਹੀਦੀ ਹੈ ਕਿ ਸਭਿਆਚਾਰ ਨੂੰ ਸਿਆਸਤ ਮੁਤਾਬਿਕ ਬਦਲਣਾ ਚਾਹੀਦਾ ਹੈ ਕਿ ਸਿਆਸਤ ਨੂੰ ਸਭਿਆਚਾਰਕ ਮੁਤਾਬਿਕ ਬਦਲਣਾ ਚਾਹੀਦਾ ਹੈ? ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਪੰਜਾਬੀਆਂ ਨੇ ਜਿਸ ਮਾਤਰਾ ਵਿਚ ਕੌਮੀ ਅੰਦੋਲਨਾਂ ਵਿਚ ਹਿੱਸਾ ਪਾਇਆ ਸੀ, ਉਸ ਮਾਤਰਾ ਵਿਚ ਕੌਮੀ ਲੀਡਰਸ਼ਿਪ ਨੇ ਪੰਜਾਬੀਆਂ ਨੂੰ ਸਮਝਣ ਅਤੇ ਸੰਭਾਲਣ ਦੀ ਕੋਸ਼ਿਸ਼ ਨਹੀਂ ਕੀਤੀ। ਕਾਰਨ, ਪੰਜਾਬੀਆਂ ਨੂੰ ਸਮਝਣ ਦੀ ਥਾਂ ਵਰਤਿਆ ਜਾਂਦਾ ਰਿਹਾ। ਪੰਜਾਬੀਆਂ ਵਾਸਤੇ ਬਾਬਾ ਬੰਦਾ ਸਿੰਘ ਬਹਾਦਰ ਭਾਰਤ ਦੀ ਸੁਤੰਤਰਤਾ ਲਹਿਰ ਦਾ ਮੋਢੀ ਹੈ, ਪਰ ਕੌਮੀ ਸਿਆਸਤਦਾਨ ਇਸ ਪਾਸੇ ਸੋਚਣ ਲਈ ਤਿਆਰ ਵੀ ਨਹੀਂ ਹਨ, ਸ਼ਾਇਦ ਸਮਰਥ ਵੀ ਨਹੀਂ। 'ਆਪ' ਦੀ ਪੰਜਾਬੀ ਲੀਡਰਸ਼ਿਪ ਨੂੰ ਇਸ ਪਾਸੇ ਸੋਚਣ ਦੀ ਆਗਿਆ ਉਨ੍ਹਾਂ ਤੋਂ ਲੈਣੀ ਪਵੇਗੀ ਜਿਹੜੇ ਇਸ ਬਾਰੇ ਕੁਝ ਜਾਣਦੇ ਹੀ ਨਹੀਂ। ਇਹੋ ਜਿਹੀ ਸਜ਼ਾ ਪੰਜਾਬ ਦੇ ਕਾਂਗਰਸੀਆਂ ਨੂੰ ਭੁਗਤਣੀ ਪਈ ਹੈ। ਇਸ ਤੋਂ ਮੁਕਤ ਹੋ ਕੇ ਹੀ ਕੈਪਟਨ ਪੰਜਾਬ ਦੀ ਸਿਆਸਤ ਦਾ ਕਾਂਗਰਸੀ ਚਿਹਰਾ ਹੋ ਸਕੇ ਹਨ। 'ਆਪ' ਦਾ ਪੰਜਾਬੀ ਚਿਹਰਾ ਹੋ ਸਕਣ ਦਾ ਰਾਹ ਅਜੇ ਰੁਕਿਆ ਹੋਇਆ ਹੈ। 'ਆਪ' ਦੇ ਪੰਜਾਬੀ ਲੀਡਰਾਂ ਕੋਲ ਅਹੁਦੇਦਾਰੀਆਂ ਤਾਂ ਹਨ, ਪਰ ਅਹੁਦੇਦਾਰੀਆਂ ਮੁਤਾਬਿਕ ਤਾਕਤ ਕਿਧਰੇ ਨਜ਼ਰ ਨਹੀਂ ਆਉਂਦੀ। ਇਸ ਨਾਲ ਸਥਿਤੀ ਇਹ ਬਣ ਗਈ ਹੈ ਕਿ ਅਕਾਲੀਆਂ ਤੇ ਕਾਂਗਰਸੀਆਂ ਦੇ ਇਕ ਸੀਟ ਵਾਸਤੇ ਦੋ ਜਾਂ ਤਿੰਨ ਦਾਅਵੇਦਾਰ ਹਨ, 'ਆਪ' ਦੇ ਦਾਅਵੇਦਾਰਾਂ ਦੀ ਗਿਣਤੀ ਦਸ ਤੋਂ ਟੱਪਦੀ ਨਜ਼ਰ ਆ ਰਹੀ ਹੈ। ਜੋ ਸਥਿਤੀ ਉਮੀਦਵਾਰਾਂ ਦੇ ਐਲਾਨ ਪਿਛੋਂ ਪੈਦਾ ਹੋਣੀ ਹੈ, ਉਸ ਨੂੰ ਧਿਆਨ ਵਿਚ ਰੱਖੇ ਬਿਨਾ ਨਤੀਜੇ 'ਤੇ ਨਹੀਂ ਪਹੁੰਚਿਆ ਜਾ ਸਕਦਾ। ਪਹਿਲੀ ਵਾਰ ਪੰਜਾਬ ਵਿਚ ਤਿੰਨ ਧਿਰੀ ਫਸਵੀਂ ਟੱਕਰ ਦੀਆਂ ਸੰਭਾਵਨਾਵਾਂ ਹਨ। ਪਹਿਲਾਂ ਅਕਾਲੀ ਅਤੇ ਕਾਂਗਰਸੀ ਇਕ-ਦੂਜੇ ਦੇ ਵਿਰੋਧੀਆਂ ਨੂੰ ਆਪੋ-ਆਪਣੇ ਹੱਕ 'ਚ ਭੁਗਤਾਉਣ ਦੀ ਕੋਸ਼ਿਸ਼ ਕਰਦੇ ਸਨ। 'ਆਪ' ਨਾਲ ਦੋਹਾਂ ਧਿਰਾਂ ਦੇ ਵਿਰੋਧੀਆਂ ਵਾਸਤੇ ਇਕੱਠੇ ਹੋਣ ਦਾ ਸਿਆਸੀ ਪਲੇਟਫਾਰਮ ਪੈਦਾ ਹੋ ਗਿਆ ਹੈ। -0-

# ਸਿੱਖ ਬਨਾਮ ਡੇਰੇਦਾਰੀ

ਸਿੱਖ ਧਰਮ ਸਮਾਜਿਕ ਅਤੇ ਸਮੂਹਿਕ ਧਰਮ ਹੈ ਜਿਸ ਵਿਚ ਸੰਗਤ ਦੀ ਮਹੱਤਤਾ ਹੈ। ਸਿੱਖ ਧਰਮ ਪੁਰਾਤਨ ਭਾਰਤ ਦੇ ਧਰਮਾਂ ਵਾਂਗ ਵਿਅਕਤੀਗਤ ਧਰਮ ਨਹੀਂ। ਅੱਜ ਕੱਲ੍ਹ ਜੋ ਕੁਝ ਸਿੱਖ ਧਰਮ ਅਤੇ ਸਮਾਜ ਵਿਚ ਹੋ ਰਿਹਾ ਹੈ, ਉਸ ਨੂੰ ਵੇਖ ਕੇ ਚੁੱਪ ਰਹਿਣਾ ਔਖਾ ਹੈ ਅਤੇ ਨਾ ਹੀ ਚੁੱਪ ਰਹਿਣਾ ਸਾਡੇ ਧਰਮ ਦੇ ਅਨੁਕੂਲ ਹੈ। ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥ ਇਥੇ ਤਾਂ ਆਪਣੀ ਸਰਕਾਰ ਦੀ ਛਤਰ-ਛਾਇਆ



**ਭਾਈ ਅਸ਼ੋਕ ਸਿੰਘ ਬਾਗੜੀਆਂ**

ਹੁੰਦਿਆਂ, ਸਾਡੇ ਗੁਰੂ ਦੇ ਹੀ ਅੰਗ-ਅੰਗ ਕਰ ਕੇ ਵਿਖੇਰ ਦਿੱਤੇ ਗਏ। ਗੁਰੂ ਸਾਹਿਬਾਨ ਨੇ ਖਿਲਰੇ ਸਮਾਜ ਨੂੰ ਇਕੱਠਾ ਕਰ ਕੇ ਇੱਕ ਸੂਰਤ ਵਿਚ ਪਰੋਣ ਵਾਸਤੇ ਸਭ ਤੋਂ ਲਾਜ਼ਮੀ ਗੱਲ ਜੋ ਕੀਤੀ ਸੀ, ਉਹ ਇੱਕ ਰੱਬ ਦੀ ਬੰਦਗੀ ਦੀ ਸੀ। ਗੁਰੂ ਨਾਨਕ ਤੋਂ ਪਹਿਲਾਂ ਸਮਾਜ ਦੀ ਅਖੌਤ ਪ੍ਰਚੱਲਤ ਸੀ- ਬਾਰਾਂ ਪੂਰਬੀਏ ਅਠਾਰਾਂ ਚੁੱਲ੍ਹੇ। ਇੱਕ ਲੰਗਰ ਦਾ ਤਾਂ ਸਵਾਲ ਹੀ ਨਹੀਂ ਸੀ। ਦੂਸਰਾ ਕਦਮ ਹਰ ਵਰਗ, ਧਰਮ ਦੇ ਮਹਾਂਪੁਰਸ਼ਾਂ ਦੀ ਬਾਣੀ ਜੋ ਨਾਨਕ ਦੇ ਰੱਬ ਅਤੇ ਸਮਾਜ ਦੇ ਸੰਕਲਪ ਨਾਲ ਮੇਲ ਖਾਂਦੀਆਂ ਸਨ, ਨੂੰ ਇਕੱਤਰ ਕਰ ਕੇ 1604 ਈਸਵੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਕਲਨ ਕਰ ਕੇ ਪ੍ਰਸਤੁਤ ਕਰਨਾ ਸੀ।

ਅੱਜ ਹੁਣ ਉਹ ਹਰ ਮਹਾਂਪੁਰਸ਼ ਜਿਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇ ਬਰਾਬਰ ਦਾ ਸਥਾਨ ਦਿੱਤਾ ਗਿਆ ਸੀ, ਉਸ ਦੇ ਨਾਮ 'ਤੇ ਵੱਖ ਵੱਖ ਗੁਰਦੁਆਰੇ, ਪੂਜਾ ਸਥਾਨ ਕਾਇਮ ਕੀਤੇ ਹੋਏ ਹਨ ਤੇ ਹੋਰ ਵੀ ਹੋ ਰਹੇ ਹਨ। ਇਹ ਸਭ ਹੁਣ ਸ਼ਰੀਕ ਬਣ ਗਏ ਹਨ। ਇਹ ਜੋ ਕੁਝ ਹੋ ਰਿਹਾ ਹੈ, ਗੁਰੂ ਨਾਨਕ ਦੇ ਆਸ਼ੇ, ਆਦਰਸ਼ ਅਤੇ ਆਦੇਸ਼ ਦੇ ਬਰਅਕਸ ਹੈ, ਉਸ ਦੇ ਬਿਲਕੁੱਲ ਉਲਟ ਹੈ।

ਗੁਰੂ ਸਾਹਿਬਾਨ ਨੇ ਸਮਾਜ ਨੂੰ ਇਕੱਤਰ ਕੀਤਾ। ਅੱਜ ਅਸੀਂ ਇਸ ਨੂੰ ਲੀਰੋ-ਲੀਰ ਹੁੰਦੇ ਦੇਖ ਰਹੇ ਹਾਂ। 2012-13 ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਦੇ ਲਗਪਗ 12,500 ਪਿੰਡ ਵਿਚ ਉਦੋਂ ਤਕ 9000-10,000 ਗੁਰਦੁਆਰੇ ਬਣ ਚੁੱਕੇ ਸਨ ਅਤੇ ਹੁਣ ਸ਼ਾਇਦ 'ਉੱਪਰਲਿਆਂ ਦੀ ਕਿਰਪਾ' ਨਾਲ ਹਰ ਪਿੰਡ ਵਿਚ ਘੱਟੋ-ਘੱਟ ਇੱਕ ਡੇਰੇ ਦੀ ਸਥਾਪਨਾ ਤਾਂ ਹੋ ਹੀ ਚੁੱਕੀ ਹੋਵੇਗੀ। ਇਨ੍ਹਾਂ ਡੇਰਿਆਂ ਵਿਚ ਕਿੰਨੇ ਹੀ ਗੁਰਦੁਆਰੇ ਅੰਗੀਠਾ ਸਾਹਿਬ ਦੇ ਨਾਂ 'ਤੇ ਹਨ। ਇਹ ਅੰਗੀਠੇ ਦਾ ਦੁਆਰ ਹੈ ਜਾਂ ਫਿਰ ਗੁਰੂ ਦਾ ਦੁਆਰ ਹੈ? ਸਿੱਖ ਰਹਿਤ ਮਰਿਯਾਦਾ ਵਿਚ ਅੰਗੀਠੇ ਵਾਲੀ ਜਗ੍ਹਾ 'ਤੇ ਕੋਈ ਯਾਦਗਾਰ ਬਣਾਉਣ ਦੀ ਮਨਾਹੀ ਹੈ। ਪਿਛਲੇ ਸਾਲ ਮੀਡੀਆ ਵਿਚ ਛਪੀ ਰਿਪੋਰਟ ਮੁਤਾਬਕ ਅੰਮ੍ਰਿਤਸਰ ਦੇ ਪਿੰਡ ਵਰਪਾਲ ਵਿਚ ਹੀ ਗੁਰਦੁਆਰਿਆਂ ਦੀ ਗਿਣਤੀ 45 ਹੋ ਗਈ ਹੈ। ਪਿੰਡਾਂ ਵਿਚ ਜੋ ਸੈਂਟਰ ਅਖੌਤੀ ਪਛੜੀਆਂ ਸ਼੍ਰੇਣੀਆਂ ਅਤੇ ਦੂਜੀਆਂ ਜਾਤਾਂ ਲਈ ਬਣਾਉਣ ਦਾ ਸੰਕਲਪ ਕੀਤਾ ਜਾ ਰਿਹਾ ਹੈ, ਇਹ ਵੀ ਸਿੱਖ ਸਿਧਾਂਤ ਦੇ ਵਿਰੁੱਧ ਹੈ। ਹਰ ਡੇਰੇ ਦੀ ਆਪਣੀ ਮਰਯਾਦਾ ਹੈ ਜਿਸ ਨਾਲ ਸਮਾਜ ਬੁਰੀ ਤਰ੍ਹਾਂ ਵੰਡਿਆ ਗਿਆ ਹੈ ਅਤੇ ਵੰਡਿਆ ਜਾ ਰਿਹਾ ਹੈ। ਅੱਜ 'ਗੁਰੂ ਦੇ ਸਿੱਖਾਂ' ਦੀ ਗਿਣਤੀ ਘੱਟ ਹੈ ਅਤੇ 'ਡੇਰੇਦਾਰਾਂ ਦੇ ਸਿੱਖਾਂ' ਦੀ ਕਈ ਗੁਣਾ ਵਧ ਗਈ ਹੈ। ਇਹ ਕਿਰਿਆ ਲਗਾਤਾਰ ਜਾਰੀ ਹੈ।

ਸਿੱਖ ਧਰਮ ਦੇ ਪ੍ਰਚਾਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੈਰ-ਹਾਜ਼ਰੀ ਦਾ ਇਹ ਪਰਪੰਚੀ ਖੂਬ ਫਾਇਦਾ ਉਠਾ ਰਹੇ ਹਨ। ਗੁਰੂ ਸਾਹਿਬ ਵੀ ਇਨ੍ਹਾਂ ਬਾਰੇ ਕਹਿੰਦੇ ਹਨ- 'ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾ ਘਰੇ ਮਸੀਤਿ॥ ਸ਼੍ਰੋਮਣੀ ਕਮੇਟੀ ਦੀਆਂ ਆਪਣੀਆਂ ਕਮੀਆਂ ਕਾਰਨ ਇਨ੍ਹਾਂ ਡੇਰੇਦਾਰਾਂ ਦਾ ਖੂਬ ਕਾਰੋਬਾਰ ਚੱਲ ਰਿਹਾ ਹੈ।

ਕਿਸਾਨ ਵਿਚਾਰੇ ਜ਼ਮੀਨਾਂ ਦੀ ਵੰਡ ਦਰ ਵੰਡ ਹੋਣ ਕਾਰਨ ਖੁਦਕੁਸ਼ੀਆਂ ਕਰ ਰਹੇ ਹਨ, ਪਰ ਡੇਰਿਆਂ ਦੀਆਂ ਜ਼ਮੀਨਾਂ 'ਤੇ ਕੋਈ ਜ਼ਮੀਨ ਐਕਟ ਲਾਗੂ ਨਹੀਂ। ਇਹ ਡੇਰੇ ਅਜੋਕੇ ਦੌਰ ਵਿਚ ਸਾਡੇ ਰਾਜਨੀਤਕ ਆਗੂਆਂ ਲਈ ਨੋਟ ਅਤੇ ਵੋਟ ਦੇ ਅਦਾਨ-ਪ੍ਰਦਾਨ ਦਾ ਕੇਂਦਰ ਬਣ ਗਏ ਹਨ। ਇਨ੍ਹਾਂ ਡੇਰਿਆਂ ਵੱਲੋਂ ਬਹੁਤ ਸਾਰੀਆਂ ਸਹੂਲਤਾਂ ਦੇ ਬਦਲੇ ਆਪਣੇ ਸ਼ਰਧਾਲੂ ਭਗਤ ਰਾਜਨੀਤਕ ਤੌਰ 'ਤੇ ਵੇਚੇ ਜਾਂਦੇ ਹਨ। ਇਸ ਦੀਆਂ ਕੁਝ ਉਦਾਹਰਣਾਂ ਅਸੀਂ ਹਾਲ ਹੀ ਵਿਚ ਦੇਖੀਆਂ ਹਨ। ਇੱਕ ਧਰਮੀ ਆਦਮੀ ਨੂੰ ਹਿਫਾਜ਼ਤ ਦੀ ਜ਼ਰੂਰਤ ਕਿੱਥੋਂ ਹੈ। ਇਹ ਉਪਰੋਕਤ ਘਟਨਾਚੱਕਰ ਸਿਆਸਤ ਅਤੇ ਧਰਮ ਦੇ ਕੁਮੇਲ ਦੇ ਅਸਰ ਕਾਰਨ ਹੈ। ਗੁਰੂ ਸਾਹਿਬਾਨ ਨੇ ਗੁਰਦੁਆਰੇ ਬਣਾ ਕੇ ਇਨ੍ਹਾਂ ਵਿਚ ਆਏ ਮਨੁੱਖਾਂ ਨੂੰ ਪਰਮਾਤਮਾ ਨਾਲ ਜੋੜਨ ਦਾ ਕੰਮ ਕੀਤਾ ਸੀ ਪਰ ਇਨ੍ਹਾਂ ਡੇਰੇਦਾਰਾਂ ਨੇ ਗੁਰਦੁਆਰਿਆਂ ਵਿਚ ਆਏ ਮਨੁੱਖਾਂ ਨੂੰ ਜਾਤੀ ਮੁਫਾਦਾਂ ਵਾਲੀ ਲੀਡਰਾਂ ਨਾਲ ਜੋੜਨ ਦਾ ਕੋਝਾ ਕੰਮ ਸ਼ੁਰੂ ਕਰ ਦਿੱਤਾ ਹੈ।

ਸਿੱਖ ਧਰਮ ਦੀ ਅੱਡਰੀ ਤੇ ਨਿਵੇਕਲੀ ਪਛਾਣ ਦੇ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਰੱਦ ਕਰਵਾਉਣ ਵਿਚ ਡੇਰੇਦਾਰੀ ਪ੍ਰਥਾ ਨੇ ਅਹਿਮ ਭੂਮਿਕਾ ਨਿਭਾਈ ਹੈ। ਮੀਰੀ-ਪੀਰੀ ਦਾ ਸਿਧਾਂਤ ਸਿੱਖ ਮੱਤ ਵਿਚ ਜੋ ਹੈ ਉਸ ਵਿਚ 'ਮੀਰੀ' 'ਪੀਰੀ' (ਧਰਮ) ਦੇ ਅਧੀਨ ਹੈ। ਰਾਜ ਸੱਤਾ ਧਰਮ ਦੀ ਹਿਫਾਜ਼ਤ ਵਾਸਤੇ ਹੈ, ਧਰਮ ਸਿਆਸਤ ਦੀ ਪ੍ਰਾਪਤੀ ਲਈ ਪੌੜੀ ਨਹੀਂ ਹੈ। ਧਰਮ ਦੀ ਗੈਰਹਾਜ਼ਰੀ ਵਿਚ ਹੁਣ ਧਰਮ ਬਿਨਾਂ ਸਭ ਦਲੇ-ਮਲੇ ਵਾਲੀ ਸਥਿਤੀ ਹੈ।

# ਕੈਨੇਡੀਅਨ ਪ੍ਰਧਾਨ ਮੰਤਰੀ ਦਾ ਸਿੱਖਾਂ ਪ੍ਰਤੀ ਮੋਹ

ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਪਿਏਰੇ ਜੇਮਸ ਟਰੂਡੋ ਦਾ ਸਿੱਖਾਂ ਪ੍ਰਤੀ ਮੋਹ ਕਈਆਂ ਨੂੰ ਹੈਰਾਨ ਕਰ ਰਿਹਾ ਹੈ। ਵੈਸੇ ਇਹ ਹੈਰਾਨੀ ਖੁਸ਼ੀ ਭਰੀ ਹੈ। ਇਸ ਬਾਰੇ ਗੱਲ ਕਰਨ ਤੋਂ ਪਹਿਲਾਂ ਕੁਝ ਹੋਰ ਨੁਕਤਿਆਂ ਨੂੰ ਜਾਣ ਲੈਣਾ ਠੀਕ ਰਹੇਗਾ।

ਮੌਜੂਦਾ ਕੈਨੇਡੀਅਨ ਪ੍ਰਧਾਨ ਮੰਤਰੀ ਲਿਬਰਲ ਪਾਰਟੀ ਦਾ ਨੇਤਾ ਹੈ। ਕੈਨੇਡਾ ਦੇ ਇਤਿਹਾਸ ਵਿਚ ਉਹ ਜੋ ਕਲਾਰਕ ਤੋਂ ਬਾਅਦ ਦੂਜਾ ਯੁਵਾ ਪ੍ਰਧਾਨ ਮੰਤਰੀ ਹੈ ਅਤੇ ਕੈਨੇਡਾ ਦੇ 15ਵੇਂ ਪ੍ਰਧਾਨ ਮੰਤਰੀ ਪਿਏਰੇ ਟਰੂਡੋ ਦਾ ਪੁੱਤਰ ਹੈ। ਕੈਨੇਡਾ ਦੇ ਸਭ ਤੋਂ ਹਰਮਨ ਪਿਆਰੇ ਤੇ ਪਸੰਦੀਦਾ ਪ੍ਰਧਾਨ ਮੰਤਰੀ ਦੀ ਜਦੋਂ ਗੱਲ ਆਉਂਦੀ ਹੈ ਤਾਂ ਜਸਟਿਨ ਟਰੂਡੋ ਦੇ ਪਿਤਾ ਪਿਏਰੇ ਟਰੂਡੋ

ਡਾ. ਪਰਮਜੀਤ ਸਿੰਘ ਕੱਟੂ
ਫੋਨ: 91-94631-24131

ਦਾ ਨਾਂ ਸਭ ਤੋਂ ਪਹਿਲਾਂ ਲੋਕਾਂ ਦੀ ਜ਼ੁਬਾਨ ਉਤੇ ਆਉਂਦਾ ਹੈ। ਪਿਛਲੇ ਦਿਨੀਂ ਫੋਰਮ ਰਿਸਰਚ ਵੱਲੋਂ ਕਰਵਾਏ ਗਏ ਸਰਵੇਖਣ ਦੇ ਨਤੀਜੇ ਜਾਰੀ ਕੀਤੇ ਗਏ। 1,525 ਕੈਨੇਡੀਅਨਾਂ ਤੋਂ ਇਹ ਪੁੱਛਿਆ ਗਿਆ ਕਿ ਹੇਠਾਂ ਦਿੱਤੇ ਪ੍ਰਧਾਨ ਮੰਤਰੀਆਂ ਵਿਚੋਂ ਬਿਹਤਰੀਨ ਕੌਣ ਸੀ? ਸਭ ਤੋਂ ਵੱਧ 26 ਫੀਸਦੀ ਲੋਕਾਂ ਨੇ ਪਿਏਰੇ ਟਰੂਡੋ ਨੂੰ ਪਸੰਦ ਕੀਤਾ। ਆਪਣੇ ਪਿਤਾ ਦੇ ਦਿਹਾਂਤ ਤੋਂ ਬਾਅਦ ਜਸਟਿਨ ਟਰੂਡੋ ਰਾਜਨੀਤੀ ਵਿਚ ਹੋਰ ਅੱਗੇ ਵਧੇ ਤੇ 2008 ਵਿਚ ਫੈਡਰਲ ਚੋਣਾਂ ਜਿੱਤੇ ਅਤੇ ਹਾਊਸ ਆਫ ਕਾਮਨਜ਼ ਵਿਚ ਪੈਪੀਨਿਓ ਦੀ ਪ੍ਰਤੀਨਿਧਤਾ ਕੀਤੀ। ਫਿਰ 2009 ਵਿਚ ਲਿਬਰਲ ਪਾਰਟੀ ਵੱਲੋਂ ਯੁਵਕ ਅਤੇ ਬਹੁਰਾਸ਼ਟਰੀਅਤਾ ਮੰਤਰੀ ਬਣੇ ਅਤੇ ਉਸੇ ਸਾਲ ਹੀ ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਮੰਤਰਾਲੇ ਦੇ ਮੰਤਰੀ ਨਾਮਜ਼ਦ ਹੋਏ। ਸਾਲ 2011 ਵਿਚ ਉਨ੍ਹਾਂ ਨੂੰ ਸੈਕੰਡਰੀ ਸਿੱਖਿਆ, ਯੁਵਕ ਤੇ ਖੇਡ ਮੰਤਰਾਲੇ 'ਚ ਨਾਮਜ਼ਦ ਕੀਤਾ ਗਿਆ। ਟਰੂਡੋ ਨੇ ਲਿਬਰਲ ਪਾਰਟੀ ਦੀ ਕਮਾਨ ਅਪਰੈਲ 2013 ਵਿਚ ਸੰਭਾਲੀ ਅਤੇ ਫਿਰ ਇਸ ਪਾਰਟੀ ਨੇ 2015 ਦੀਆਂ ਚੋਣਾਂ 'ਚ ਭਾਰੀ ਜਿੱਤ ਪ੍ਰਾਪਤ ਕੀਤੀ।

ਜਸਟਿਨ ਟਰੂਡੋ ਇਸ ਵੇਲੇ ਦੁਨੀਆਂ ਭਰ ਵਿਚ ਮਕਬੂਲ ਨੇਤਾ ਵਜੋਂ ਉਭਰ ਰਹੇ ਹਨ। ਇਸ ਦਾ ਵੱਡਾ ਕਾਰਨ ਇਹ ਹੈ ਕਿ ਕੈਨੇਡਾ ਬਹੁ-ਸਭਿਆਚਾਰਕ ਮੁਲਕ ਹੈ ਤੇ ਜਸਟਿਨ ਟਰੂਡੋ ਇਸ ਨੁਕਤੇ ਨੂੰ ਬਹੁਤ ਸੰਜੀਦਗੀ ਨਾਲ ਲਾਗੂ ਕਰ ਰਹੇ ਹਨ। ਉਹ ਘੱਟ-ਗਿਣਤੀਆਂ ਦੇ ਸਭਿਆਚਾਰਕ ਤੇ ਧਾਰਮਿਕ ਸਮਾਗਮਾਂ 'ਚ ਨਿਰੰਤਰ ਸ਼ਾਮਲ ਹੁੰਦੇ ਰਹਿੰਦੇ ਹਨ। ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਜਿਹੜਾ ਕਥਨ ਲੋਕਾਂ 'ਚ ਬਹੁਤ ਮਕਬੂਲ ਹੋਇਆ, ਉਹ ਸੀ ਜਦੋਂ ਉਨ੍ਹਾਂ ਕਿਹਾ ਕਿ ਸਾਨੂੰ ਦੁਨੀਆਂ ਨੂੰ ਬਿਹਤਰ ਬਣਾਉਣ ਲਈ ਕਵੀਆਂ ਦੀ ਜ਼ਰੂਰਤ ਹੈ। ਇਹ ਕੋਈ ਸਾਧਾਰਨ ਕਥਨ ਨਹੀਂ ਬਲਕਿ ਇਕ ਦਾਰਸ਼ਨਿਕ ਵਿਚਾਰ ਹੈ। ਇਕ ਵੇਲੇ ਪਲੈਟੋ ਨੇ ਵੀ ਕਿਹਾ ਸੀ, ਕਵਿਤਾ ਇਤਿਹਾਸ ਨਾਲੋਂ ਮਾਰਮਿਕ ਸੱਚ ਦੇ ਵਧੇਰੇ ਨੇੜੇ ਹੁੰਦੀ ਹੈ।

ਜਸਟਿਨ ਟਰੂਡੋ ਨੇ ਆਪਣੀ ਵਜ਼ਾਰਤ ਵਿਚ ਚਾਰ ਸਿੱਖਾਂ ਨੂੰ ਸ਼ਾਮਲ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਇਨ੍ਹਾਂ ਚਾਰ ਸਿੱਖ ਮੰਤਰੀਆਂ ਵਿਚ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਵੀ ਸ਼ਾਮਿਲ ਹਨ ਜਿਨ੍ਹਾਂ ਨੇ ਕੈਨੇਡਾ ਦੀ ਹਥਿਆਰਬੰਦ ਫੌਜ ਵਿਚ ਕੰਮ ਕਰਦਿਆਂ ਅਫਗਾਨਿਸਤਾਨ ਦਾ ਤਿੰਨ ਵਾਰ ਦੌਰਾ ਕੀਤਾ ਸੀ। ਸੱਜਣ ਤੋਂ ਇਲਾਵਾ ਦੂਸਰੇ ਤਿੰਨ ਸਿੱਖ ਮੰਤਰੀ ਹਨ, ਬੁਨਿਆਦੀ ਢਾਂਚੇ ਬਾਰੇ ਮੰਤਰੀ ਅਮਰਜੀਤ ਸੋਹੀ, ਛੋਟੇ ਕਾਰੋਬਾਰ ਬਾਰੇ ਮੰਤਰੀ ਬਰਦਿਸ਼ ਚੱਗਰ ਅਤੇ ਇਨੋਵੇਸ਼ਨ ਮੰਤਰੀ ਨਵਦੀਪ ਸਿੰਘ ਬੈਂਸ। ਕੈਨੇਡਾ ਵਿਚ ਪਿਛਲੇ ਸਾਲ ਹੋਈਆਂ ਚੋਣਾਂ ਵਿਚ 17 ਸਿੱਖ ਸੰਸਦ ਮੈਂਬਰ ਚੁਣੇ ਗਏ ਸਨ ਜਿਨ੍ਹਾਂ ਵਿਚੋਂ 16 ਕੈਨੇਡਾ ਦੀ ਲਿਬਰਲ ਪਾਰਟੀ ਅਤੇ ਇਕ ਕੰਜ਼ਰਵੇਟਿਵ ਪਾਰਟੀ ਨਾਲ ਸਬੰਧਤ ਹੈ। ਇਸ ਦੇ ਉਲਟ ਮੋਦੀ ਸਰਕਾਰ 'ਚ ਸਿਰਫ ਇਕ ਸਿੱਖ ਮੰਤਰੀ ਹੈ-ਹਰਸਿਮਰਤ ਕੌਰ ਬਾਦਲ। 31 ਮੈਂਬਰੀ ਵਜ਼ਾਰਤ 'ਚ ਅੱਧੇ ਮੰਤਰੀ ਮਰਦ ਅਤੇ ਅੱਧੀਆਂ ਔਰਤਾਂ ਸ਼ਾਮਲ ਕੀਤੀਆਂ ਗਈਆਂ ਹਨ।

12 ਅਪਰੈਲ ਨੂੰ ਕੈਨੇਡਾ ਦੀ ਰਾਜਧਾਨੀ ਔਟਵਾ ਵਿਚ ਪਾਰਲੀਮੈਂਟ ਹਿੱਲ 'ਤੇ ਵਿਸਾਖੀ ਦਾ ਤਿਉਹਾਰ ਸਾਰੇ ਪਾਰਲੀਮੈਂਟ ਮੈਂਬਰਾਂ ਵੱਲੋਂ ਕੈਨੇਡਾ-ਵਾਸੀਆਂ ਨਾਲ ਮਿਲ ਕੇ ਵੱਡੇ ਪੱਧਰ 'ਤੇ ਮਨਾਇਆ ਗਿਆ। ਇਸ ਮੌਕੇ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਪਾਰਲੀਮੈਂਟ 'ਚ ਅਖੰਡ ਪਾਠ ਦੇ ਭੋਗ ਉਪਰੰਤ ਦਿੱਤਾ ਸੁਨੇਹਾ ਨਾ ਸਿਰਫ ਸਿੱਖ ਧਰਮ ਦੇ ਬਰਾਬਰੀ, ਬਹਾਦਰੀ, ਮਾਨਵਵਾਦ ਅਤੇ ਇਨਸਾਫ਼ ਲਈ ਸੰਘਰਸ਼ ਦੇ ਪਹਿਲੂਆਂ ਨੂੰ ਉਜਾਗਰ ਕਰ ਗਿਆ, ਸਗੋਂ ਇਨ੍ਹਾਂ ਸੰਕਲਪਾਂ ਤੋਂ ਸੇਧ ਲੈਂਦਿਆਂ ਮੌਜੂਦਾ ਕੈਨੇਡਾ ਦੇ ਸਰੂਪ ਪ੍ਰਤੀ ਵੀ ਚਾਨਣਾ ਪਾ ਗਿਆ। ਜਸਟਿਨ ਟਰੂਡੋ ਨੇ ਇੰਡੋ-ਕੈਨੇਡੀਅਨ ਲੋਕਾਂ ਦੀ ਮੰਗ ਪ੍ਰਵਾਨ ਕਰਦਿਆਂ ਐਲਾਨ ਕੀਤਾ ਹੈ ਕਿ ਉਹ ਆਪਣੀ ਲਿਬਰਲ ਸਰਕਾਰ ਵੱਲੋਂ 102 ਵਰ੍ਹੇ ਪਹਿਲਾਂ ਦੇ 'ਕਾਮਾਗਾਟਾ ਮਾਰੂ' ਦੁਖਾਂਤ ਲਈ ਸੰਸਦ ਵਿਚ ਮੁਆਫੀ ਮੰਗਣਗੇ। ਵਿਸਾਖੀ ਦੇ ਦਿਹਾੜੇ 'ਤੇ ਉਥੇ ਵਸਦੇ ਸਿੱਖਾਂ ਵੱਲੋਂ ਮੁਲਕ ਦੀ ਸੰਸਦ ਵਿਚ ਪਹਿਲੀ ਵਾਰ



ਜਸਟਿਨ ਟਰੂਡੋ

ਅਖੰਡ ਪਾਠ ਪ੍ਰਕਾਸ਼ ਕਰਵਾਏ ਗਏ, ਜਿਨ੍ਹਾਂ ਦੀ ਸਮਾਪਤੀ ਮੌਕੇ ਸ੍ਰੀ ਟਰੂਡੋ ਨੇ ਆਖਿਆ, "ਸਾਨੂੰ ਤਤਕਾਲੀ ਹਕੂਮਤ ਵੱਲੋਂ ਸਿੱਖ ਭਾਈਚਾਰੇ ਨੂੰ ਦਿੱਤੀ ਵਿਤਕਰੇ ਦੀ ਪੀੜ ਕਦੇ ਨਹੀਂ ਭੁੱਲੇਗੀ ਅਤੇ ਉਹ 18 ਮਈ ਨੂੰ ਪਾਰਲੀਮੈਂਟ ਵਿਚ ਇਸ ਲਈ ਮੁਆਫੀ ਮੰਗਣਗੇ।"

ਕਾਮਾਗਾਟਾਮਾਰੂ ਦੇ ਇਤਿਹਾਸ 'ਤੇ ਸੰਖੇਪ ਨਜ਼ਰ ਮਾਰੀ ਜਾਵੇ ਤਾਂ ਪਤਾ ਚਲਦਾ ਹੈ ਕਿ ਵੀਹਵੀਂ ਸਦੀ ਦੇ ਅਰੰਭ ਵਿਚ ਹੀ ਪਰਵਾਸੀਆਂ ਦੀ ਵਧ ਰਹੀ ਗਿਣਤੀ ਤੋਂ ਕੈਨੇਡਾ ਸਰਕਾਰ ਫਿਕਰਮੰਦ ਹੋ ਗਈ ਤੇ ਇਸੇ ਫਿਕਰਮੰਦੀ ਵਿਚੋਂ 1908 ਈ. ਵਿਚ ਇਮੀਗਰੇਸ਼ਨ ਸੰਬੰਧੀ ਕੈਨੇਡਾ ਦੇ ਡਿਪਟੀ ਮਨਿਸਟਰ ਆਫ ਲੇਬਰ ਮਕੈਂਜੀ ਕਿੰਗ ਨੇ ਆਪਣੀ ਰਿਪੋਰਟ ਵਿਚ ਦੋ ਕਾਨੂੰਨ ਬਣਾਉਣ ਲਈ ਕਿਹਾ। ਇਸ ਕਾਨੂੰਨ ਅਨੁਸਾਰ ਏਸ਼ੀਆ ਦੇ ਕਿਸੇ ਵੀ ਵਿਅਕਤੀ 'ਤੇ ਕੈਨੇਡਾ ਵਿਚ ਦਾਖਲ ਹੋਣ ਉਪਰ ਮੁਕੰਮਲ ਪਾਬੰਦੀ ਲਾਈ ਗਈ। ਇਹ ਸ਼ਰਤ ਵੀ ਲਾਈ ਗਈ ਕਿ ਕੋਈ ਏਸ਼ੀਆਈ ਵਿਅਕਤੀ ਆਪਣੇ ਮੂਲ ਦੇਸ਼ ਤੋਂ ਸਿੱਧੇ ਸਫ਼ਰ ਰਾਹੀਂ ਕੈਨੇਡਾ ਆਵੇ ਤੇ ਉਸ ਕੋਲ ਸਫ਼ਰ ਦੀ ਟਿਕਟ ਵੀ ਮੂਲ ਦੇਸ਼ ਤੋਂ ਖਰੀਦੀ ਹੋਈ ਹੋਵੇ। ਦੂਜੇ ਕਾਨੂੰਨ ਅਨੁਸਾਰ ਕੈਨੇਡਾ ਆਉਣ ਵਾਲੇ ਵਿਅਕਤੀ ਕੋਲ 200 ਡਾਲਰ ਹੋਣ ਦੀ ਸੂਰਤ ਵਿਚ ਹੀ ਉਸ ਨੂੰ ਕੈਨੇਡਾ ਵਿਚ ਦਾਖਲ ਹੋਣ ਦੀ ਆਗਿਆ ਹੋਵੇਗੀ। ਇਨ੍ਹਾਂ ਕਾਨੂੰਨਾਂ ਰਾਹੀਂ ਕੈਨੇਡਾ ਸਰਕਾਰ ਏਸ਼ੀਆਈ ਲੋਕਾਂ ਦੇ ਕੈਨੇਡਾ ਵਿਚਲੇ ਪਰਵਾਸ ਉਤੇ ਰੋਕ ਲਾਉਣਾ ਚਾਹੁੰਦੀ ਸੀ।

ਹਿੰਦੋਸਤਾਨ ਤੋਂ ਵਿਦੇਸ਼ ਗਏ ਸਿੰਘਾਪੁਰ ਤੇ ਮਲਾਇਆ ਵਿਚ ਠੇਕੇਦਾਰੀ ਦਾ ਕੰਮ ਕਰਦੇ ਗੁਰਦਿੱਤ ਸਿੰਘ ਨੇ ਕੈਨੇਡਾ ਸਰਕਾਰ ਦੁਆਰਾ ਭਾਰਤੀਆਂ ਦੇ ਪ੍ਰਵੇਸ਼ 'ਤੇ ਲਾਈ ਪਾਬੰਦੀ ਦੀ ਸ਼ਰਤ ਪੂਰੀ ਕਰਨ ਲਈ ਜਾਪਾਨ ਦੀ ਇੱਕ ਕੰਪਨੀ ਕੋਲੋਂ ਕਾਮਾਗਾਟਾਮਾਰੂ ਨਾਮੀ ਜਹਾਜ਼ ਛੇ ਮਹੀਨੇ ਲਈ ਕਿਰਾਏ 'ਤੇ ਲੈ ਕੇ ਹਾਂਗਕਾਂਗ ਤੋਂ ਕੈਨੇਡਾ ਅਤੇ ਅਮਰੀਕਾ ਲਈ ਮੁਸਾਫ਼ਿਰਾਂ ਸਮੇਤ ਤੋਰ ਦਿੱਤਾ। ਉਹ ਹਾਂਗਕਾਂਗ ਤੋਂ 150, ਸ਼ੰਘਈ ਤੋਂ 111, ਜਾਪਾਨ ਦੇ ਸ਼ਹਿਰ ਮੋਜੀ ਤੋਂ 86 ਅਤੇ ਯੋਕੋਹਾਮਾ ਤੋਂ 14 ਹੋਰ ਮੁਸਾਫ਼ਿਰਾਂ ਨੂੰ ਲੈ ਕੇ ਕੈਨੇਡਾ ਨੂੰ ਰਵਾਨਾ ਹੋ ਗਏ। ਇਨ੍ਹਾਂ ਵਿਚੋਂ ਬਹੁਤੇ ਯਾਤਰੂ ਪੰਜਾਬੀ ਸਿੱਖ ਹੀ ਸਨ। 23 ਮਈ 1914 ਨੂੰ ਇਹ ਜਹਾਜ਼ 376 ਭਾਰਤੀ ਮੁਸਾਫ਼ਿਰਾਂ ਨੂੰ ਲੈ ਕੇ ਵੈਨਕੂਵਰ ਬੰਦਰਗਾਹ 'ਤੇ ਪਹੁੰਚ ਗਿਆ। ਇਨ੍ਹਾਂ ਵਿਚੋਂ ਸਿਰਫ 22 ਮੁਸਾਫ਼ਿਰਾਂ ਨੂੰ ਕੈਨੇਡਾ ਦੀ ਧਰਤੀ 'ਤੇ ਉਤਰਨ ਦੀ ਆਗਿਆ ਦਿੱਤੀ ਗਈ ਜੋ ਪਹਿਲਾਂ ਵੀ ਕੈਨੇਡਾ ਹੋ ਕੇ ਆਏ ਸਨ। ਇਸ ਦੇ ਵਿਰੋਧ ਵਿਚ ਵੈਨਕੂਵਰ ਰਹਿੰਦੇ ਪੰਜਾਬੀਆਂ ਨੇ ਅਦਾਲਤ ਤੱਕ ਪਹੁੰਚ ਕੀਤੀ ਪਰ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਦਰਖਾਸਤ ਰੱਦ ਕਰਕੇ ਪੰਜਾਬੀ ਮੁਸਾਫ਼ਿਰਾਂ ਨੂੰ ਕੈਨੇਡਾ ਉਤਰਨ ਦੀ ਇਜਾਜ਼ਤ ਨਾ ਦਿੱਤੀ। ਵੈਨਕੂਵਰ ਦੀ ਬੰਦਰਗਾਹ 'ਤੇ ਲਗਾਤਾਰ ਕਈ ਦਿਨ ਜਹਾਜ਼ ਖੜ੍ਹਾ ਰਹਿਣ ਕਰਕੇ ਮੁਸਾਫ਼ਿਰਾਂ ਦਾ ਰਾਸ਼ਨ ਖ਼ਤਮ ਹੋ ਗਿਆ ਅਤੇ ਲਗਭਗ ਮਹੀਨੇ ਬਾਅਦ ਕੈਨੇਡਾ ਸਰਕਾਰ ਕੋਲੋਂ ਰਾਸ਼ਨ ਲੈ ਕੇ ਜਹਾਜ਼ ਵਾਪਸ ਭਾਰਤ ਲਈ ਰਵਾਨਾ ਹੋ ਗਿਆ। ਇਸ ਘਟਨਾ ਦਾ ਪੂਰੇ ਸੰਸਾਰ 'ਚ ਰਹਿੰਦੇ ਪੰਜਾਬੀਆਂ ਨੇ ਬੁਰਾ ਮਨਾਇਆ। ਵਾਪਸ ਆ ਰਹੇ ਜਹਾਜ਼ ਮੁਸਾਫ਼ਿਰਾਂ ਦੇ ਗੁੱਸੇ ਨੂੰ 'ਗ਼ਦਰ' ਵਿਚ ਤਬਦੀਲ ਕਰਨ ਲਈ ਸੋਹਣ ਸਿੰਘ ਭਕਨਾ ਨੂੰ ਭੇਜਿਆ ਗਿਆ ਤਾਂ ਜੋ ਮੁਸਾਫ਼ਿਰਾਂ ਨੂੰ ਇਨਕਲਾਬ ਲਈ ਪ੍ਰੇਰਿਆ ਜਾ ਸਕੇ। ਮੁਸਾਫ਼ਿਰਾਂ ਨੂੰ ਦੇਣ ਲਈ ਹਥਿਆਰਾਂ ਦਾ ਪ੍ਰਬੰਧ ਵੀ ਕੀਤਾ ਗਿਆ। ਅੰਤ ਕਾਮਾਗਾਟਾਮਾਰੂ ਜਹਾਜ਼ ਦੇ 28 ਸਤੰਬਰ 1914 ਨੂੰ ਬਜਬਜ ਘਾਟ ਕਲਕੱਤਾ ਪਹੁੰਚਣ 'ਤੇ ਜਹਾਜ਼ ਦੇ ਮੁਸਾਫ਼ਿਰਾਂ 'ਤੇ ਅੰਗਰੇਜ਼ ਸਰਕਾਰ ਵੱਲੋਂ ਅੰਨ੍ਹਾ ਤਸ਼ੱਦਦ ਕੀਤਾ ਗਿਆ ਜਿਸ ਵਿਚ ਕਈ ਪੰਜਾਬੀ ਮਰੇ, ਫੱਟੜ ਹੋਏ ਅਤੇ ਕਈ ਬਚਣ ਵਿਚ ਕਾਮਯਾਬ ਹੋ ਗਏ।

ਇਹ ਨੁਕਤਾ ਵੀ ਵਿਚਾਰਨਯੋਗ ਹੈ ਕਿ ਭਾਵੇਂ ਇਹ ਸਾਰੇ ਲੋਕ ਕਾਮਿਆਂ ਦੇ ਰੂਪ ਵਿਚ ਕੈਨੇਡਾ ਜਾਣਾ ਚਾਹੁੰਦੇ ਸਨ ਪਰ ਕਾਮਾ ਸਿਰਫ਼ ਕਾਮਾ ਨਹੀਂ ਹੁੰਦਾ ਉਹ ਕਿਸੇ ਧਰਮ ਜਾਂ ਨਸਲ ਦਾ ਹਿੱਸਾ ਵੀ ਹੁੰਦਾ ਹੈ। ਭਾਵੇਂ ਇਹ ਨੁਕਤਾ ਵਾਦ-ਵਿਵਾਦ ਦਾ ਵਿਸ਼ਾ ਹੈ ਕਿ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ ਪੰਜਾਬੀ ਕਿਹਾ ਜਾਵੇ ਜਾਂ ਸਿੱਖ? ਪਹਿਲੀ ਗੱਲ ਤਾਂ ਸਪਸ਼ਟ ਹੈ ਕਿ ਇਹ ਪੰਜਾਬ ਦੇ ਬਾਸ਼ਿੰਦੇ ਹੋਣ ਦੇ ਨਾਤੇ ਪੰਜਾਬੀ ਸਨ ਪਰ ਇਹ ਵੀ ਸਪਸ਼ਟ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਮੁਸਾਫ਼ਰ ਸਿੱਖ ਸਨ ਤੇ ਬਜਬਜ ਘਾਟ 'ਤੇ ਉਤਰਨ ਸਮੇਂ ਇਨ੍ਹਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ ਵੀ ਇਨ੍ਹਾਂ ਵਿਚੋਂ ਬਹੁਗਿਣਤੀ ਦਾ ਸਿੱਖ ਹੋਣਾ ਸਿੱਧ ਕਰਦਾ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਆਪਣੇ ਭਾਸ਼ਣ ਵਿਚ 'ਸਿੱਖ ਭਾਈਚਾਰੇ ਨੂੰ ਦਿੱਤੀ ਵਿਤਕਰੇ ਦੀ ਪੀੜ' ਕਿਹਾ ਹੈ। ਵੈਸੇ ਇਹ ਵੱਖਰੀ ਬਹਿਸ ਦਾ ਮੁੱਦਾ ਹੈ ਕਿ 'ਪਰਵਾਸੀ ਪੰਜਾਬੀ' ਤੇ 'ਪਰਵਾਸੀ ਸਿੱਖ' ਪਦਾਂ ਵਿਚ ਕੀ-ਕੀ ਵੱਖਰੇਵਾਂ ਤੇ ਸਮਾਨਤਾ ਹੈ।

ਭਾਵੇਂ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਪਿਛਲੇ ਸਾਲ ਵੈਨਕੂਵਰ ਦੇ ਇੱਕ ਜਨਤਕ ਇਕੱਠ 'ਚ ਇਸ ਘਟਨਾ ਲਈ ਮੁਆਫੀ ਤਾਂ ਮੰਗੀ ਸੀ ਪਰ ਸੰਸਦ ਵਿਚ ਦਸਤਾਵੇਜ਼ੀ ਮੁਆਫੀਨਾਮਾ ਨਾ ਹੋਣ ਕਾਰਨ ਸਿੱਖਾਂ ਨੇ ਇਹ ਪ੍ਰਵਾਨ ਨਹੀਂ ਸੀ ਕੀਤੀ। ਹੁਣ ਜਸਟਿਨ ਟਰੂਡੋ ਵਲੋਂ ਮੁਆਫ਼ੀ ਮੰਗੇ ਜਾਣਾ ਨਿਸ਼ਚੇ ਹੀ ਪੰਜਾਬੀਆਂ, ਖਾਸ ਕਰ ਸਿੱਖਾਂ ਲਈ ਇਤਿਹਾਸਕ ਪ੍ਰਾਪਤੀ ਹੋਵੇਗੀ। ਇਸ ਨਾਲ ਘੱਟ-ਗਿਣਤੀਆਂ ਨੂੰ ਹੌਸਲਾ ਵੀ ਮਿਲੇਗਾ ਅਤੇ ਸਿੱਖਾਂ ਨਾਲ ਪ੍ਰਵਾਸ ਦੌਰਾਨ ਹੋ ਰਹੇ ਨਸਲੀ ਵਿਤਕਰੇ ਨੂੰ ਵੀ ਠੱਲ੍ਹ ਪੈਣ ਦੀ ਆਸ ਹੈ।

# ਪੰਜਾਬ ਸਰਕਾਰ ਲਈ ਨਮੋਸ਼ੀ ਬਣਿਆ ਅਨਾਜ ਘੁਟਾਲਾ

**ਚੰਡੀਗੜ੍ਹ:** ਕੇਂਦਰ ਸਰਕਾਰ ਦੇ ਦਬਾਅ ਹੇਠ ਭਾਰਤੀ ਰਿਜ਼ਰਵ ਬੈਂਕ ਨੇ ਭਾਵੇਂ ਪੰਜਾਬ ਵਿਚ ਕਣਕ ਦੀ ਖਰੀਦ ਲਈ 17,523 ਕਰੋੜ ਰੁਪਏ ਦੀ ਕੈਸ਼ ਕ੍ਰੈਡਿਟ ਲਿਮਿਟ (ਸੀ.ਸੀ.ਐਲ.) ਨੂੰ ਪ੍ਰਵਾਨਗੀ ਦੇ ਦਿੱਤੀ ਹੈ, ਪਰ 12,000 ਕਰੋੜ ਤੋਂ ਵੱਧ ਦੇ ਅਨਾਜ ਘੁਟਾਲੇ ਦਾ ਮੁੱਦਾ ਹਾਲੇ ਜਿਉਂ ਦਾ ਤਿਉਂ ਹੈ। ਗੌਰਤਲਬ ਹੈ ਕਿ ਹਫਤਾ ਪਹਿਲਾਂ ਮੀਡੀਆ ਨੇ ਅਧਿਕਾਰਤ ਸੂਤਰਾਂ ਰਾਹੀਂ ਪੰਜਾਬ ਦੇ ਗੁਦਾਮਾਂ ਵਿਚੋਂ 12,000 ਕਰੋੜ ਰੁਪਏ ਤੋਂ ਵੱਧ ਦੇ ਅਨਾਜ ਸਟਾਕਾਂ ਦੇ ਗਾਇਬ ਹੋਣ ਦਾ ਖੁਲਾਸਾ ਕੀਤਾ ਸੀ। ਇਸ ਦੇ ਮੱਦੇਨਜ਼ਰ ਰਿਜ਼ਰਵ ਬੈਂਕ ਵੱਲੋਂ ਸਾਰੇ ਬੈਂਕਾਂ ਨੂੰ ਨਿਰਦੇਸ਼ ਦਿੱਤੇ ਗਏ ਕਿ ਪੰਜਾਬ ਸਰਕਾਰ ਦੇ ਅਨਾਜ ਦੀ ਖਰੀਦ ਲਈ ਲਏ ਗਏ ਉਧਾਰ ਕਰਜ਼ੇ ਦੀ ਜਾਂਚ ਕੀਤੀ ਜਾਵੇ ਅਤੇ ਅੱਗੋਂ ਹੋਰ ਕਰਜ਼ੇ ਦੇਣ ਤੋਂ ਸੰਕੋਚ ਕੀਤਾ ਜਾਵੇ।

ਰਿਜ਼ਰਵ ਬੈਂਕ ਵੱਲੋਂ ਬੈਂਕਾਂ ਨੂੰ ਪੰਜਾਬ ਨੂੰ ਦਿੱਤੇ ਗਏ 40,000 ਕਰੋੜ ਰੁਪਏ ਦੇ ਕਰਜ਼ਿਆਂ ਵਿਚੋਂ ਅਨਾਜ ਖਰੀਦ ਨਾਲ ਸਬੰਧਤ 12,000 ਕਰੋੜ ਦੀ ਰਕਮ ਨੂੰ ਮਾੜਾ ਕਰਜ਼ਾ ਐਲਾਨ ਕਰਨ ਦਾ ਸੁਝਾਅ ਵੀ ਪੰਜਾਬ ਲਈ ਨਮੋਸ਼ੀ ਦੀ ਗੱਲ ਹੈ।

ਪੰਜਾਬ ਦੇ ਉਪ ਮੁੱਖ ਮੰਤਰੀ ਅਤੇ ਖੁਰਾਕ ਸਪਲਾਈ ਮੰਤਰੀ ਨੇ ਅਨਾਜ ਖਰੀਦ ਅਤੇ ਸਟਾਕ ਵਿਚ ਕਿਸੇ ਵੀ ਤਰ੍ਹਾਂ ਦੀ ਘਾਟ ਜਾਂ ਹੇਰਾਫੇਰੀ ਦੀ ਸੰਭਾਵਨਾ ਨੂੰ ਰੱਦ ਕਰਦਿਆਂ ਇਸ ਨੂੰ ਸਿਰਫ ਸਟਾਕਾਂ ਅਤੇ ਹਿਸਾਬ-ਕਿਤਾਬ ਦੇ ਮਿਲਾਨ ਵਿਚ ਗਲਤੀ ਕਾਰਨ ਪੈ ਰਿਹਾ ਭੁਲੇਖਾ ਦੱਸਿਆ ਹੈ। ਉਨ੍ਹਾਂ ਬੈਂਕਾਂ ਦਾ ਕੋਈ ਵੀ ਕਰਜ਼ਾ ਦੇਣ ਦੇ ਦੋਸ਼ਾਂ ਤੋਂ ਭਾਵੇਂ ਇਨਕਾਰ ਕੀਤਾ ਹੈ ਪਰ ਨਾਲ ਹੀ ਕੇਂਦਰ ਸਰਕਾਰ ਨਾਲ 26,000 ਕਰੋੜ ਰੁਪਏ ਦੇ ਵਿਵਾਦ ਨੂੰ ਜ਼ਰੂਰ ਮੰਨਿਆ ਹੈ।

ਦੂਜੇ ਪਾਸੇ 'ਕੈਗ' ਦੇ ਆਡਿਟ ਨਿਰੀਖਣ ਅਨੁਸਾਰ ਅਨਾਜ ਖਰੀਦਣ ਲਈ ਲਏ ਕਰਜ਼ੇ ਦੀ ਦੁਰਵਰਤੋਂ ਕੀਤੀ ਗਈ ਹੈ ਅਤੇ ਢੋਆ-ਢੁਆਈ



ਦੇ ਖਰਚੇ ਵਧਾ ਚੜ੍ਹਾ ਕੇ ਪੇਸ਼ ਕੀਤੇ ਗਏ ਹਨ। ਕੈਗ ਵੱਲੋਂ ਕੀਤੇ ਗਏ ਨਿਰੀਖਣ ਸਮੇਂ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਪੰਜਾਬ ਸਰਕਾਰ ਵੱਲੋਂ ਅਨਾਜ ਦੀ ਢੋਆ-ਢੁਆਈ ਦੇ ਖਰਚਿਆਂ ਲਈ ਪੇਸ਼ ਕੀਤੇ ਗਏ ਗੱਡੀਆਂ ਦੇ ਬਿੱਲਾਂ ਵਾਲੀਆਂ ਬਹੁਤੀਆਂ ਗੱਡੀਆਂ ਹੀ ਮੌਜੂਦ ਨਹੀਂ ਜਦੋਂਕਿ ਕੁਝ ਦੇ ਨੰਬਰ ਕਾਰਾਂ ਅਤੇ ਮੋਟਰਸਾਈਕਲਾਂ ਵਾਲੇ ਹਨ। ਇਹ ਤੱਥ ਘਪਲੇ ਦੇ ਸੰਕੇਤਾਂ ਨੂੰ ਹੋਰ ਮਜ਼ਬੂਤ ਕਰ ਰਹੇ ਦਿਖਾਈ ਦੇ ਰਹੇ ਹਨ।

ਖੁਰਾਕ ਸਪਲਾਈ ਮੰਤਰੀ ਨੇ ਅਨਾਜ ਖਰੀਦਣ ਲਈ ਲਏ ਗਏ ਬੈਂਕਾਂ ਦੇ ਕਰਜ਼ਿਆਂ ਵਿਚੋਂ 800 ਕਰੋੜ ਰੁਪਇਆ ਆਟਾ-ਦਾਲ ਸਕੀਮ ਲਈ ਵਰਤੇ ਜਾਣ ਦਾ ਖ਼ੁਦ ਇੰਕਸ਼ਾਫ ਕੀਤਾ ਹੈ ਭਾਵੇਂ ਕਿ ਉਹ ਇਹ ਰਕਮ ਵਾਪਸ ਕਰਨ ਦਾ ਦਾਅਵਾ ਵੀ ਕਰ ਰਹੇ ਹਨ। ਸਰਕਾਰ ਸ਼ੈਲਰ ਮਾਲਕਾਂ ਤੋਂ ਵੀ 1300 ਕਰੋੜ ਰੁਪਏ ਵਸੂਲਣ ਵਿਚ ਨਾਂਹ-ਨੁੱਕਰ ਕਰਦੀ ਦਿਖਾਈ ਦੇ ਰਹੀ ਹੈ। ਸੂਬਾ ਸਰਕਾਰ ਨੇ ਕੌਮੀ ਹਿੱਤਾਂ ਲਈ ਕੇਂਦਰੀ ਅਨਾਜ ਭੰਡਾਰ ਵਾਸਤੇ ਅਨਾਜ ਖਰੀਦਣ ਨੂੰ ਮੁਨਾਫ਼ੇ ਵਾਲਾ ਕਾਰੋਬਾਰ ਬਣਾ ਲਿਆ ਹੈ। ਇਸ ਕਾਰੋਬਾਰ ਵਿਚੋਂ ਮੰਡੀ ਬੋਰਡ ਨੂੰ ਲਗਪਗ 5000 ਕਰੋੜ ਸਾਲਾਨਾ ਦੀ ਆਮਦਨ ਹੁੰਦੀ ਹੈ ਜਦੋਂਕਿ ਆੜ੍ਹਤੀਆਂ ਦੀਆਂ ਜੇਬਾਂ ਵਿਚ 1200 ਕਰੋੜ ਰੁਪਇਆ ਅਲੱਗ ਚਲਾ ਜਾਂਦਾ ਹੈ।

ਭਾਰਤੀ ਰਿਜ਼ਰਵ ਬੈਂਕ, ਕੈਗ ਅਤੇ ਮੀਡੀਆ ਰਾਹੀਂ ਹੋਏ ਖੁਲਾਸੇ ਪੰਜਾਬ ਸਰਕਾਰ ਦੁਆਰਾ ਅਨਾਜ ਖਰੀਦ ਦੇ ਕਾਰੋਬਾਰ ਵਿਚ ਕਿਤੇ ਨਾ ਕਿਤੇ ਘਪਲੇ ਅਤੇ ਰਕਮ ਦੀ ਦੁਰਵਰਤੋਂ ਦੇ ਸੰਕੇਤ ਦੇ ਰਹੇ ਹਨ। ਜੇ ਪੰਜਾਬ ਸਰਕਾਰ ਇਸ ਨੂੰ ਹਿਸਾਬ-ਕਿਤਾਬ ਦੀ ਗਲਤੀ ਮੰਨਦੀ ਹੈ ਤਾਂ ਉਸ ਨੇ ਕੇਂਦਰ ਸਰਕਾਰ ਨਾਲ ਇਸ ਵਿਵਾਦ ਨੂੰ ਸੁਲਝਾਉਣ ਵਿਚ ਇੰਨਾ ਲੰਬਾ ਸਮਾਂ ਕਿਉਂ ਲਗਾ ਦਿੱਤਾ ਹੈ? ਕਿਸਾਨਾਂ ਦੀਆਂ ਹੋ ਰਹੀਆਂ ਖ਼ੁਦਕੁਸ਼ੀਆਂ ਅਤੇ ਕਣਕ ਦੀ ਅਦਾਇਗੀ ਵਿਚ ਹੋ ਰਹੀ ਦੇਰੀ ਕਾਰਨ ਲੋਕਾਂ ਦੇ ਸੂਬਾ ਸਰਕਾਰ ਵਿਰੁੱਧ ਪੈਦਾ ਹੋ ਰਹੇ ਰੋਹ ਦਾ ਵਾਸਤਾ ਪਾ ਕੇ ਭਾਵੇਂ ਮੁੱਖ ਮੰਤਰੀ ਕੇਂਦਰ ਸਰਕਾਰ ਤੋਂ ਸੀ.ਸੀ.ਐਲ. ਜਾਰੀ ਕਰਵਾਉਣ ਵਿਚ ਸਫਲ ਹੋ ਗਏ ਪਰ ਨੈਤਿਕਤਾ ਅਤੇ ਰਾਜ ਧਰਮ ਦਾ ਤਕਾਜ਼ਾ ਹੈ ਕਿ ਇਸ ਮਾਮਲੇ ਦੀ ਉਚ ਪੱਧਰੀ ਜਾਂਚ ਕਰਵਾ ਕੇ ਸੱਚਾਈ ਸਾਹਮਣੇ ਲਿਆਂਦੀ ਜਾਵੇ।

# ਬਿਜਲੀ ਚੋਰੀ ਰੋਕ ਕੇ ਪਾਵਰਕਾਮ ਹੋਇਆ ਮਾਲਾਮਾਲ

**ਜਲੰਧਰ:** ਪੰਜਾਬ ਵਿਚ 60 ਲੱਖ ਤੋਂ ਜ਼ਿਆਦਾ ਬਿਜਲੀ ਦੇ ਮੀਟਰ ਬਾਹਰ ਕੱਢਣ ਨਾਲ ਪਾਵਰਕਾਮ ਨੂੰ ਹੁਣ ਤੱਕ ਦੀ 300 ਕਰੋੜ ਤੋਂ ਜ਼ਿਆਦਾ ਦੀ ਬੱਚਤ ਹੋ ਚੁੱਕੀ ਹੈ ਜਿਸ ਕਰ ਕੇ ਪਾਵਰਕਾਮ ਦਾ ਟਰਾਂਸਮਿਸ਼ਨ ਨੁਕਸਾਨ ਹੁਣ 15 ਫੀਸਦੀ ਤੋਂ ਹੇਠਾਂ ਆਉਣ ਦੀ ਸੰਭਾਵਨਾ ਹੈ। ਉਂਜ ਸੂਤਰ ਬਿਜਲੀ ਪ੍ਰਣਾਲੀ ਵਿਚ ਕੀਤੇ ਜਾ ਰਹੇ ਸੁਧਾਰ ਕਰ ਕੇ 300 ਕਰੋੜ ਤੋਂ ਜ਼ਿਆਦਾ ਦੀ ਹੋਈ ਬੱਚਤ ਦੱਸ ਰਹੇ ਹਨ। ਦੋ ਸਾਲ ਤੋਂ ਬਿਜਲੀ ਪ੍ਰਣਾਲੀ ਵਿਚ ਸੁਧਾਰ ਕਰਨ ਲਈ ਕੰਪਨੀਆਂ ਵੱਲੋਂ ਸ਼ੁਰੂ ਕੀਤੇ ਗਏ ਕੰਮਾਂ ਦਾ ਹੁਣ ਫ਼ਾਇਦਾ ਦਿਖਾਈ ਦੇਣ ਲੱਗ ਪਿਆ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰ ਨੇ ਟਰਾਂਸਮਿਸ਼ਨ ਨੁਕਸਾਨ 15 ਫੀਸਦੀ ਤੋਂ ਹੇਠਾਂ ਲਿਆਉਣ ਲਈ ਕਿਹਾ ਸੀ ਜਿਸ ਨੂੰ ਪਾਵਰਕਾਮ ਹੁਣ ਪੂਰਾ ਕਰ ਲਏਗਾ। ਪਾਵਰਕਾਮ ਨੇ ਕੇਂਦਰ ਤੋਂ ਆਏ ਫੰਡ ਨਾਲ 47 ਸ਼ਹਿਰਾਂ ਵਿਚ 1500 ਕਰੋੜ ਦੀ ਲਾਗਤ ਨਾਲ ਬਿਜਲੀ ਪ੍ਰਣਾਲੀ ਦੇ ਸੁਧਾਰ ਦੇ ਕੰਮ ਸ਼ੁਰੂ ਕੀਤੇ ਸੀ ਜਿਸ ਤਹਿਤ ਮੀਟਰਾਂ ਨੂੰ ਬਾਹਰ ਲਗਾਉਣਾ, ਨਵੀਆਂ ਲਾਈਨਾਂ ਵਿਛਾਉਣੀਆਂ, ਨਵੇਂ ਸਬ-ਸਟੇਸ਼ਨ ਬਣਾਉਣੇ ਸ਼ਾਮਲ ਹਨ।

ਆਰ.ਏ.ਪੀ. ਡੀ.ਆਰ.ਪੀ. ਸਕੀਮ ਤਹਿਤ ਕੇਂਦਰ ਤੋਂ ਮਿਲੀ ਇਸ ਰਕਮ ਦੇ ਨਾਲ ਹੀ ਕੇਂਦਰ ਨੇ ਪਾਵਰਕਾਮ ਨੂੰ ਹਦਾਇਤ ਜਾਰੀ ਕੀਤੀ ਸੀ ਕਿ ਜੇਕਰ ਉਹ ਆਪਣੀਆਂ ਲਾਈਨਾਂ ਦੇ ਨੁਕਸਾਨ ਘਟਾ ਕੇ 15 ਫੀਸਦੀ ਕਰ ਲੈਂਦਾ ਹੈ ਤਾਂ ਮਿਲੇ ਕਰਜ਼ੇ ਦੀ ਰਕਮ ਵਿਚ ਅੱਧੀ ਰਕਮ ਗਰਾਂਟ ਵਿਚ ਬਦਲ ਦਿੱਤੀ ਜਾਏਗੀ। ਪਾਵਰਕਾਮ ਦੇ ਸੂਤਰਾਂ ਦਾ ਕਹਿਣਾ ਹੈ ਕਿ ਜਦੋਂ ਕੰਪਨੀਆਂ ਨੇ ਬਿਜਲੀ ਸੁਧਾਰ ਦੇ ਕੰਮ ਸ਼ੁਰੂ ਕੀਤੇ ਸੀ ਤਾਂ ਉਸ ਵੇਲੇ ਟਰਾਂਸਮਿਸ਼ਨ ਨੁਕਸਾਨ 21 ਤੋਂ 22 ਫ਼ੀਸਦੀ ਤੱਕ ਸੀ, ਪਰ ਹੁਣ ਇਹ ਨੁਕਸਾਨ ਘਟ ਕੇ 16 ਫ਼ੀਸਦੀ ਤੱਕ ਆ ਗਿਆ ਹੈ। ਪਾਵਰਕਾਮ ਨੇ ਸ਼ਹਿਰਾਂ ਅਤੇ ਪੇਂਡੂ ਹਲਕਿਆਂ ਵਿਚ ਬਿਜਲੀ ਦੇ ਮੀਟਰ ਘਰਾਂ ਤੋਂ ਬਾਹਰ ਕੱਢਣ ਦਾ ਕੰਮ ਨਿੱਜੀ ਕੰਪਨੀਆਂ ਨੂੰ ਦਿੱਤਾ ਹੋਇਆ ਹੈ ਜਿਨ੍ਹਾਂ ਨੇ ਹੁਣ ਤੱਕ 60 ਲੱਖ ਦੇ ਕਰੀਬ ਮੀਟਰਾਂ ਨੂੰ ਬਾਹਰ ਕੱਢ ਦਿੱਤਾ ਹੈ।

ਪਾਵਰਕਾਮ ਨੇ ਮੀਟਰ ਲਗਾਉਣ ਵਿਚ ਇਸ ਤਰ੍ਹਾਂ ਦੀ ਪ੍ਰਣਾਲੀ ਫਿਟ ਕਰ ਦਿੱਤੀ ਹੈ ਕਿ ਹੁਣ ਬਿਜਲੀ ਸਪਲਾਈ ਬਾਰੇ ਸਾਰੀ ਜਾਣਕਾਰੀ ਮਿਲ ਜਾਏਗੀ ਕਿ ਕਿਸ ਖੇਤਰ ਵਿਚ ਬਿਜਲੀ ਸਪਲਾਈ ਕਿੰਨੀ ਜਾਰੀ ਹੋਈ ਤੇ ਬਦਲੇ ਵਿਚ ਕਿੰਨੀ ਅਦਾਇਗੀ ਪ੍ਰਾਪਤ ਹੋਈ। ਸੂਤਰਾਂ ਦਾ ਕਹਿਣਾ ਹੈ ਕਿ ਇਸ ਨਾਲ ਲੀਕੇਜ ਉਤੇ ਕਾਫੀ ਕੰਟਰੋਲ ਹੋ ਗਿਆ ਹੈ। ਬਿਜਲੀ ਮੀਟਰਾਂ ਨਾਲ ਵੀ ਇਸ ਤਰ੍ਹਾਂ ਦੀਆਂ ਤਾਰਾਂ ਲਗਾਈਆਂ ਗਈਆਂ ਹਨ ਕਿ ਕਿਸੇ ਤਰ੍ਹਾਂ ਦੀ ਛੇੜਛਾੜ ਕਰਨ ਬਾਰੇ ਦਫਤਰ ਵਿਚ ਕੰਪਨੀ ਦੇ ਆਨਲਾਈਨ ਕੰਟਰੋਲ ਰੂਮ ਵਿਚ ਜਾਣਕਾਰੀ ਮਿਲ ਜਾਏਗੀ। ਕੰਪਨੀਆਂ ਨੇ ਆਪਣਾ ਕੰਮ ਮਾਰਚ ਦੇ ਮਹੀਨੇ ਵਿਚ ਪੂਰਾ ਕਰ ਲੈਣਾ ਸੀ ਪਰ ਗਰਮੀਆਂ ਆਉਣ ਕਰ ਕੇ ਕੰਪਨੀਆਂ ਨੂੰ ਹੁਣ ਕੰਮ ਦੀ ਗਤੀ ਹੌਲੀ ਕਰਨ ਲਈ ਕਿਹਾ ਗਿਆ ਹੈ ਕਿਉਂਕਿ ਗਰਮੀਆਂ ਵਿਚ ਬਿਜਲੀ ਬੰਦ ਕਰਨਾ ਔਖਾ ਹੁੰਦਾ ਹੈ। ਕੰਪਨੀਆਂ ਦਾ ਕੰਮ ਹੁਣ ਕਾਫ਼ੀ ਘੱਟ ਰਹਿ ਗਿਆ ਹੈ ਤੇ ਸਤੰਬਰ ਦੇ ਮਹੀਨੇ ਵਿਚ ਸਾਰੀਆਂ ਕੰਪਨੀਆਂ ਵੱਲੋਂ ਬਿਜਲੀ ਪ੍ਰਣਾਲੀ ਵਿਚ ਸੁਧਾਰ ਕਰਨ ਦਾ ਕੰਮ ਖ਼ਤਮ ਹੋ ਜਾਏਗਾ।

# ਪਾਣੀ ਦੀ ਸੰਭਾਲ ਅਤੇ ਸਿਆਸਤਦਾਨਾਂ ਦੀ ਸੌੜੀ ਸੋਚ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

'ਮੈਂ ਇੱਕ ਜਾਣੇ-ਪਛਾਣੇ ਈਮਾਨਦਾਰ ਆਜ਼ਾਦੀ ਘੁਲਾਟੀਏ ਦਾ ਪੁੱਤਰ ਹਾਂ। ਮੈਂ ਈਮਾਨਦਾਰੀ ਨਾਲ ਜ਼ਿੰਦਗੀ ਜਿਊਣ ਦੀ ਆਪ ਵੀ ਕੋਸ਼ਿਸ਼ ਕੀਤੀ ਸੀ, ਪਰ ਹੁਣ ਮੈਨੂੰ ਇਸ ਗੱਲ ਦਾ ਪਤਾ ਨਹੀਂ ਲੱਗਦਾ ਕਿ ਜੋ ਮੈਂ ਕਰ ਰਿਹਾ ਹਾਂ, ਉਸ ਨਾਲ ਮੈਂ ਈਮਾਨਦਾਰੀ ਦੇ ਖਾਤੇ ਵਾਲਿਆਂ ਵਿਚ ਹਾਂ ਜਾਂ ਮੈਂ ਬੇਈਮਾਨੀ ਕਰ ਰਿਹਾ ਹਾਂ। ਏਨਾ ਯਕੀਨ ਹੈ ਕਿ ਜੋ ਮੈਂ ਕਰ ਰਿਹਾ ਹਾਂ, ਇਹ ਇਨਸਾਨ ਦੇ ਅੱਜ ਲਈ ਨਾ ਸਹੀ, ਇਸ ਦੇ ਭਵਿੱਖ ਲਈ ਕਰਨਾ ਜ਼ਰੂਰੀ ਹੈ।'

ਬਾਈ ਸਾਲ ਪਹਿਲਾਂ ਇਹ ਜਵਾਬ ਮੈਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਇੱਕ ਨੌਜਵਾਨ ਨੇ ਦਿੱਤਾ ਸੀ, ਜਿਸ ਨੂੰ ਮੈਂ ਐਵੇਂ ਇਹ ਸਵਾਲ ਪੁੱਛ ਬੈਠਾ ਸਾਂ ਕਿ ਉਹ ਕੰਮ ਕੀ ਕਰਦਾ ਹੈ? ਬੰਦੇ ਨੂੰ ਬੌਂਦਲਾ ਦੇਣ ਵਾਲੇ ਅਲੋਕਾਰ ਜਵਾਬ ਨੂੰ ਸੁਣ ਕੇ ਮੈਂ ਥੋੜ੍ਹਾ ਸਪੱਸ਼ਟ ਕਰਨ ਨੂੰ ਕਿਹਾ। ਉਸ ਨੇ ਕਿਹਾ ਕਿ ਤਨਖਾਹ ਉਸ ਨੂੰ ਇਸ ਖੋਜ ਵਾਸਤੇ ਮਿਲ ਰਹੀ ਹੈ ਕਿ ਜ਼ਮੀਨ ਦੇ ਵੱਧ ਤੋਂ ਵੱਧ ਹੇਠਾਂ ਤੋਂ ਪਾਣੀ ਕਿਵੇਂ ਕੱਢਿਆ ਜਾਵੇ, ਪਰ ਇਹ ਕੰਮ ਉਹ ਕਰਦਾ ਨਹੀਂ। ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਕਿ ਪੰਜਾਬ ਜਿਸ ਰਾਹੇ ਪੈ ਚੁੱਕਾ ਹੈ, ਇਸ ਨੂੰ ਥੋੜ੍ਹੇ ਸਾਲਾਂ ਤੱਕ ਪਾਣੀ ਦੀ ਏਨੀ ਘਾਟ ਹੰਢਾਉਣੀ ਪੈਣੀ ਹੈ ਕਿ ਸੈਂਕੜੇ ਫੁੱਟ ਹੇਠਾਂ ਪਾਈਪ ਸੁੱਟ ਕੇ ਵੀ ਪਾਣੀ ਨਹੀਂ ਮਿਲਣਾ। ਲੋਕ ਇੱਕ-ਇੱਕ ਬੂੰਦ ਲਈ ਆਪੋ ਵਿਚ ਲੜਨ-ਮਰਨ ਤੱਕ ਜਾਣਗੇ। ਉਸ ਨੇ ਇਹ ਵੀ ਦੱਸਿਆ ਕਿ ਜ਼ਮੀਨ ਦੇ ਹੇਠੋਂ ਪਾਣੀ ਕੱਢਣ ਦੀ ਖੋਜ ਕਰਨ ਵਾਸਤੇ ਤਨਖਾਹ ਲੈਂਦਾ ਹੈ, ਪਰ ਖੋਜ ਸੁੱਕਦੇ ਜਾਂਦੇ ਪਾਣੀ ਨੂੰ ਬਚਾਉਣ ਦੇ ਤਰੀਕਿਆਂ ਦੀ ਕਰੀ ਜਾਂਦਾ ਹੈ। ਜਦੋਂ ਉਹ ਇਸ ਗੱਲ ਬਾਰੇ ਸੋਚਦਾ ਹੈ ਕਿ ਇਸ ਵਿਚ ਮਨੁੱਖ ਦਾ ਭਵਿੱਖ ਲੁਕਿਆ ਹੈ ਤਾਂ ਆਪਣੇ ਆਪ ਨੂੰ ਈਮਾਨਦਾਰ ਵੀ ਮੰਨ ਲੈਂਦਾ ਹੈ, ਪਰ ਜਦੋਂ ਫਿਰ ਇਹ ਸੋਚਦਾ ਹੈ ਕਿ ਜਿਸ ਕੰਮ ਦੀ ਤਨਖਾਹ ਲਈ, ਉਸ ਨੂੰ ਕੀਤਾ ਨਹੀਂ ਤਾਂ ਆਪਣੇ ਆਪ ਨੂੰ ਈਮਾਨਦਾਰੀ ਤੋਂ ਦੂਰ ਨਿਕਲ ਗਿਆ ਮਹਿਸੂਸ ਕਰਦਾ ਹੈ। ਉਸ ਦੇ ਚਿਹਰੇ ਦੇ ਭਾਵ ਹੀ ਉਸ ਦੇ ਅੰਦਰ ਚੱਲ ਰਹੀ ਮਾਨਸਿਕ ਖਿੱਚੋਤਾਣ ਨੂੰ ਪ੍ਰਗਟ ਕਰਨ ਲਈ ਕਾਫੀ ਜਾਪਦੇ ਸਨ।

ਅੱਜ ਜਦੋਂ ਕਈ ਰਾਜਾਂ ਵਿਚ ਪਾਣੀ ਦੀ ਘਾਟ ਅਤੇ ਇਸ ਦੁੱਖੋਂ ਪਿੰਡਾਂ ਦੇ ਪਿੰਡ ਖਾਲੀ ਹੁੰਦੇ ਵੇਖੇ ਅਤੇ ਸੁਣੇ ਜਾ ਰਹੇ ਹਨ ਤਾਂ ਉਹ ਨੌਜਵਾਨ ਮੁੜ-ਮੁੜ ਅੱਖਾਂ ਸਾਹਮਣੇ ਆਉਂਦਾ ਹੈ, ਜਿਹੜਾ ਇਹ ਕਹਿੰਦਾ ਸੀ, 'ਮੈਨੂੰ ਪਤਾ ਨਹੀਂ ਲੱਗ ਰਿਹਾ ਕਿ ਮੈਂ ਈਮਾਨਦਾਰ ਹਾਂ ਜਾਂ ਬੇਈਮਾਨੀ ਕਰ ਰਿਹਾ ਹਾਂ?' ਉਸ ਵਾਂਗ ਸੋਚਣ ਵਾਲੇ ਕਈ ਲੋਕ ਭਾਰਤ ਵਿਚ ਹਨ, ਪਰ ਉਨ੍ਹਾਂ ਤੋਂ ਵੱਧ ਇਸ ਦੇਸ਼ ਵਿਚ ਉਹ ਆਗੂ ਹਨ, ਜਿਨ੍ਹਾਂ ਨੂੰ ਇਹ ਸੋਚਣ ਦੀ ਲੋੜ ਹੀ ਮਹਿਸੂਸ ਨਹੀਂ ਹੁੰਦੀ। ਲਾਤੂਰ ਦਾ ਤਿੰਨ ਲੱਖ ਦੀ ਆਬਾਦੀ ਦਾ ਸ਼ਹਿਰ ਹੈ, ਸਤਾਈ ਲੱਖ ਲੀਟਰ ਪਾਣੀ ਲੈ ਕੇ ਰੇਲ ਗੱਡੀ ਆਈ ਅਤੇ ਉਸ ਅੱਗੇ ਖੜੇ ਹੋ ਕੇ ਲੀਡਰ ਫੋਟੋ ਖਿਚਵਾਉਂਦੇ ਰਹੇ। ਇਹ ਗੱਲ ਕਿਸੇ ਨਹੀਂ ਸੋਚੀ ਕਿ ਤਿੰਨ ਲੱਖ ਦੀ ਆਬਾਦੀ ਨੂੰ ਇਸ ਵਿਚੋਂ ਨੌਂ-ਨੌਂ ਲੀਟਰ ਪਾਣੀ ਮਸਾਂ ਮਿਲਣਾ ਹੈ ਤੇ ਅਗਲੀ ਗੱਡੀ ਤੀਸਰੇ ਦਿਨ ਆਉਣੀ ਹੈ। ਸਿਰਫ ਨੌਂ ਲੀਟਰ ਦੇ ਨਾਲ ਅਗਲੇ ਤਿੰਨ ਦਿਨ ਕੱਢਣੇ ਹਨ, ਇੱਕ ਦਿਨ ਵਿਚ ਤਿੰਨ ਲੀਟਰ ਤੋਂ ਵੱਧ ਨਹੀਂ ਵਰਤਣਾ। ਫਿਰ ਨਹਾਉਣ ਵਾਲੀ ਗੱਲ ਤਾਂ ਗਈ, ਕੁਦਰਤੀ ਮਜਬੂਰੀਆਂ ਵੇਲੇ ਵੀ ਪਾਣੀ ਵਰਤਣ ਲੱਗਿਆਂ ਕੰਜੂਸੀ ਕਰਨੀ ਪਵੇਗੀ। ਇਹ ਹਾਲਤ ਦੇਸ਼ ਦੇ ਕਈ ਹੋਰ ਇਲਾਕਿਆਂ ਵਿਚ ਵੀ ਬਣ ਚੁੱਕੀ ਹੈ, ਜਾਂ ਫਿਰ ਅਗਲੇ ਦਿਨਾਂ ਵਿਚ ਬਣਦੀ ਜਾਪਦੀ ਹੈ।

ਆਖਰ ਏਦਾਂ ਦੀ ਹਾਲਤ ਬਣੀ ਕਿਉਂ ਹੈ? ਇਸ ਲਈ ਕਿ ਸਰਕਾਰਾਂ ਦੀ ਨਜ਼ਰ ਮਸਾਂ ਦਸ-ਵੀਹ ਸਾਲਾਂ ਤੱਕ ਵੇਖਣ ਜੋਗੀ ਹੈ। ਅੰਨ ਦੀ ਘਾਟ ਹੈ ਤਾਂ ਉਹ ਫਸਲਾਂ ਪੈਦਾ ਕਰੋ, ਜਿਹੜੀਆਂ ਝਾੜ ਦੇਣ ਵੇਲੇ ਭਾਵੇਂ ਧਰਤੀ ਦੇ ਡੋਕੇ ਵੀ ਖਿਚ ਲੈਂਦੀਆਂ ਹੋਣ। ਅੰਕੜੇ ਪੇਸ਼ ਕਰੋ ਕਿ ਐਨੇ ਲੱਖ ਟਨ ਝੋਨਾ ਪੈਦਾ ਕੀਤਾ, ਪਰ ਇਸ ਦੌਰਾਨ ਧਰਤੀ ਹੇਠ ਪਾਣੀ ਦਾ ਪੱਧਰ ਕਿੰਨੇ ਫੁੱਟ ਹੇਠਾਂ ਚਲਾ ਗਿਆ, ਇਸ ਬਾਰੇ ਚੁੱਪ ਕੀਤੇ ਰਹੋ। ਜਦੋਂ ਮੁਸੀਬਤ ਸਿਰ ਪਵੇਗੀ ਤਾਂ ਜਿਹੜਾ ਰਾਜ ਕਰਦਾ ਹੋਵੇਗਾ, ਆਪੇ ਕੋਈ ਬਹਾਨਾ ਘੜ ਲਵੇਗਾ। ਇਸ ਡੰਗ-ਟਪਾਊ ਨੀਤੀ ਦੇ ਨਾਲ ਜਦੋਂ ਵੋਟਾਂ ਲਈ ਲੋਕ-ਲੁਭਾਊ ਨੀਤੀ ਵੀ ਜੁੜ ਜਾਵੇ ਤਾਂ ਮੁਹਾਵਰੇ ਵਾਂਗ 'ਸੱਤਿਆਨਾਸ ਦਾ ਸਵਾ-ਸੱਤਿਆਨਾਸ' ਹੋ ਜਾਂਦਾ ਹੈ।

> ***ਖੁਰਾਕ ਸਪਲਾਈ ਮੰਤਰੀ ਜਦੋਂ ਖੁਰਾਕ ਦੇ ਗੋਦਾਮਾਂ ਤੋਂ ਕਣਕ ਦੀ ਚੋਰੀ ਦੇ ਕੇਸ ਵਿਚ ਉਲਝਿਆ ਹੋਵੇ, ਮਾਲ ਮੰਤਰੀ ਜਦੋਂ ਮਾਲ ਕਮਾਉਣ ਲੱਗ ਜਾਵੇ ਤਾਂ ਜਿਸ ਮੰਤਰੀ ਨੂੰ ਜੰਗਲਾਤ ਦਾ ਮਹਿਕਮਾ ਮਿਲ ਗਿਆ, ਉਹ ਉਸ ਦੇ ਰੁੱਖ ਏਦਾਂ ਚੱਟ ਜਾਂਦਾ ਹੈ ਕਿ ਫਿਰ ਹਰੇ ਹੀ ਨਹੀਂ ਹੁੰਦੇ। ਆਮ ਲੋਕ ਇਹ ਗੱਲ ਜਾਣਦੇ ਹੋਣ ਜਾਂ ਨਾ, ਪਰ ਸਰਕਾਰਾਂ ਚਲਾਉਣ ਵਾਲੇ ਆਗੂਆਂ ਅਤੇ ਅਫਸਰਾਂ ਨੂੰ ਪਤਾ ਹੈ ਕਿ ਕਿਸੇ ਰਾਜ ਵਿਚ ਪੌਣ-ਪਾਣੀ ਕਾਇਮ ਰੱਖਣ ਵਿਚ ਰੁੱਖਾਂ ਦਾ ਕਿੰਨਾ ਯੋਗਦਾਨ ਹੈ, ਪਰ ਇਸ ਨੂੰ ਬਚਾਉਣ ਦੀ ਚਿੰਤਾ ਨਹੀਂ ਕਰਦੇ।***

ਜਿਹੜੀ ਗੱਲ ਵਿਕਸਿਤ ਦੇਸ਼ਾਂ ਵਿਚ ਪਹਿਲਾਂ ਸੋਚੀ ਜਾਂਦੀ ਹੈ, ਉਹ ਭਾਰਤ ਵਿਚ ਮੁਸੀਬਤ ਸਿਰ ਪੈਣ ਮਗਰੋਂ ਸੋਚਣ ਦਾ ਰਿਵਾਜ ਹੈ ਤੇ ਜੇ ਉਸ ਵਿਚ ਆਪਣੀ ਕੋਈ ਕੋਤਾਹੀ ਨਿਕਲਦੀ ਹੋਵੇ ਤਾਂ ਉਸ ਨੂੰ ਢੱਕ ਦੇਣ ਦਾ ਆਮ ਜਿਹਾ ਰਿਵਾਜ ਹੈ। ਬੜੇ ਸਾਲ ਪਹਿਲਾਂ ਇੰਗਲੈਂਡ ਦੀ ਇੱਕ ਫੇਰੀ ਵੇਲੇ ਜਿਸ ਘਰ ਮੈਂ ਠਹਿਰਿਆ ਸੀ, ਸਵੇਰੇ ਉਨ੍ਹਾਂ ਲੋਕਾਂ ਦੇ ਉਠਣ ਤੋਂ ਬੜਾ ਪਹਿਲਾਂ ਚਾਹ ਪੀਣ ਦੀ ਇੱਛਾ ਮੈਨੂੰ ਕਿਚਨ ਵਿਚ ਲੈ ਗਈ। ਉਨ੍ਹਾਂ ਦੀ ਗੈਸ ਬਾਲਣ ਲਈ ਲਾਈਟਰ ਮੈਨੂੰ ਨਾ ਲੱਭਾ ਤਾਂ ਮਾਚਿਸ ਨਾਲ ਕੰਮ ਸਾਰ ਲਿਆ। ਫਿਰ ਮੈਂ ਮਾਚਿਸ ਵੇਖਣ ਲੱਗ ਪਿਆ। ਉਸ ਡੱਬੀ ਦੇ ਪਿਛਲੇ ਪਾਸੇ ਛਪਿਆ ਸੀ; ਇਸ ਮਾਚਿਸ ਦੀਆਂ ਤੀਲਾਂ ਬਣਾਉਣ ਲਈ ਜਿੱਥੋਂ ਰੁੱਖ ਕੱਟੇ ਸਨ, ਉਥੇ ਨਵੇਂ ਲਾ ਦਿੱਤੇ ਹਨ ਤੇ ਕੰਪਨੀ ਉਨ੍ਹਾਂ ਦੀ ਸੰਭਾਲ ਦੀ ਜ਼ਿੰਮੇਵਾਰੀ ਲੈਂਦੀ ਹੈ। ਭਾਰਤ ਵਿਚ ਇਸ ਦਾ ਸੁਫਨਾ ਵੀ ਨਹੀਂ ਆ ਸਕਦਾ। ਇਥੇ ਦਿੱਲੀ ਵਿਚ ਬੈਠੀ ਸਰਕਾਰ ਰੁੱਖ ਕੱਟਣ ਤੋਂ ਰੋਕਣ ਦਾ ਫੈਸਲਾ ਲੈਂਦੀ ਹੈ, ਚੰਡੀਗੜ੍ਹ ਤੇ ਸ਼ਿਮਲੇ ਵਿਚੋਂ ਰਾਜ ਸਰਕਾਰਾਂ ਇਸ ਫੈਸਲੇ ਦੀ ਪ੍ਰੋੜ੍ਹਤਾ ਦੇ ਮਤੇ ਪਾਸ ਕਰਦੀਆਂ ਹਨ ਤੇ ਕੁਝ ਦਿਨਾਂ ਪਿੱਛੋਂ ਇਹ ਖਬਰ ਮਿਲਦੀ ਹੈ ਕਿ ਰੁੱਖ ਵੱਢਣ ਤੇ ਵੇਚਣ ਦਾ ਕੰਮ ਕੈਬਨਿਟ ਮੰਤਰੀਆਂ ਦੇ ਬੰਦੇ ਕਰੀ ਜਾਂਦੇ ਹਨ। ਖੁਰਾਕ ਸਪਲਾਈ ਮੰਤਰੀ ਜਦੋਂ ਖੁਰਾਕ ਦੇ ਗੋਦਾਮਾਂ ਤੋਂ ਕਣਕ ਦੀ ਚੋਰੀ ਦੇ ਕੇਸ ਵਿਚ ਉਲਝਿਆ ਹੋਵੇ, ਮਾਲ ਮੰਤਰੀ ਜਦੋਂ ਮਾਲ ਕਮਾਉਣ ਲੱਗ ਜਾਵੇ ਤਾਂ ਜਿਸ ਮੰਤਰੀ ਨੂੰ ਜੰਗਲਾਤ ਦਾ ਮਹਿਕਮਾ ਮਿਲ ਗਿਆ, ਉਹ ਉਸ ਦੇ ਰੁੱਖ ਏਦਾਂ ਚੱਟ ਜਾਂਦਾ ਹੈ ਕਿ ਫਿਰ ਹਰੇ ਹੀ ਨਹੀਂ ਹੁੰਦੇ। ਆਮ ਲੋਕ ਇਹ ਗੱਲ ਜਾਣਦੇ ਹੋਣ ਜਾਂ ਨਾ, ਪਰ ਸਰਕਾਰਾਂ ਚਲਾਉਣ ਵਾਲੇ ਆਗੂਆਂ ਅਤੇ ਅਫਸਰਾਂ ਨੂੰ ਪਤਾ ਹੈ ਕਿ ਕਿਸੇ ਰਾਜ ਵਿਚ ਪੌਣ-ਪਾਣੀ ਕਾਇਮ ਰੱਖਣ ਵਿਚ ਰੁੱਖਾਂ ਦਾ ਕਿੰਨਾ ਯੋਗਦਾਨ ਹੈ, ਪਰ ਇਸ ਨੂੰ ਬਚਾਉਣ ਦੀ ਚਿੰਤਾ ਨਹੀਂ ਕਰਦੇ।

ਅਸੀਂ ਲੋਕ ਪਿੰਡਾਂ ਵਿਚੋਂ ਸ਼ਹਿਰਾਂ ਵਿਚ ਆਏ, ਪਿੰਡਾਂ ਵਿਚ ਸ਼ਹਿਰਾਂ ਵਰਗੀਆਂ ਸਹੂਲਤਾਂ ਦੇਣ ਵੀ ਤੁਰ ਪਏ, ਪਰ ਇਸ ਨਾਲ ਪੈਣ ਵਾਲੇ ਅਸਰ ਬਾਰੇ ਨਹੀਂ ਸੋਚਿਆ। ਸਵੇਰੇ ਉਠ ਕੇ ਕੁਦਰਤੀ ਲੋੜਾਂ ਲਈ ਖੇਤਾਂ ਵਿਚ ਬੰਦੇ ਨੂੰ ਸਿਰਫ ਅੱਧਾ ਲੀਟਰ ਪਾਣੀ ਦੀ ਲੋੜ ਹੁੰਦੀ ਸੀ, ਘਰ ਦੀ ਟਾਇਲੇਟ ਸੀਟ ਕਈ ਲੀਟਰ ਵਗਾਉਂਦੀ ਹੈ ਤਾਂ ਇਸ ਨਾਲ ਸਾਡੇ ਕੋਲ ਪਾਣੀ ਦੀ ਘਾਟ ਆਉਣੀ ਹੈ। ਉਸ ਨੂੰ ਪੂਰਾ ਕਰਨ ਦੇ ਨਵੇਂ ਰਾਹ ਲੱਭਣੇ ਪੈਣਗੇ। ਉਹ ਰਾਹ ਸੋਚਣਾ ਸਾਡੀ ਕਿਸੇ ਸਰਕਾਰ ਤੇ ਕਿਸੇ ਸਿਆਸੀ ਪਾਰਟੀ ਦੇ ਏਜੰਡੇ ਉਤੇ ਨਹੀਂ ਆਉਂਦਾ। ਏਜੰਡਾ ਸਾਹਮਣੇ ਆ ਰਹੀਆਂ ਚੋਣਾਂ ਤੇ ਅਗਲੇ 5 ਸਾਲ ਰਾਜ ਸੁਖ ਮਾਣਨ ਤੱਕ ਸੀਮਤ ਹੁੰਦਾ ਜਾਂਦਾ ਹੈ ਤੇ ਨਤੀਜੇ ਲੋਕ ਭੁਗਤਦੇ ਹਨ।

ਸਾਡੇ ਲੋਕਾਂ ਨੂੰ ਇਸ ਵਕਤ ਪਾਣੀ ਬਚਾਉਣ ਦੀ ਲੋੜ ਹੈ। ਅਸੀਂ ਇਸ ਦੀ ਥਾਂ ਪਾਣੀ ਦੀ ਬਰਬਾਦੀ ਹੁੰਦੀ ਵੇਖ ਕੇ ਚੁੱਪ ਰਹਿੰਦੇ ਹਾਂ। ਮਹਾਰਾਸ਼ਟਰ ਵਿਚ ਇੱਕ ਮੰਤਰੀ ਨੇ ਕਿਤੇ ਜਾਣਾ ਸੀ ਤਾਂ ਉਸ ਦੇ ਹੈਲੀਕਾਪਟਰ ਦੇ ਉਤਰਨ ਦੀ ਥਾਂ ਦੇ ਚੁਫੇਰੇ ਘੱਟਾ ਉਡਣ ਤੋਂ ਰੋਕਣ ਲਈ ਪਾਣੀ ਦੇ ਇੱਕ ਲੱਖ ਲੀਟਰ ਤੋਂ ਵੱਧ ਬਰਬਾਦ ਕੀਤੇ ਗਏ। ਕਰਨਾਟਕਾ ਦੇ ਮੁੱਖ ਮੰਤਰੀ ਨੇ ਜਿਸ ਖੱਡਿਆਂ ਵਾਲੀ ਸੜਕ ਤੋਂ ਲੰਘਣਾ ਸੀ, ਉਥੇ ਘੱਟਾ ਬਿਠਾਉਣ ਲਈ ਇਸ ਤੋਂ ਵੱਧ ਪਾਣੀ ਦੀ ਬਰਬਾਦੀ ਕਰ ਦਿੱਤੀ। ਲੋਕਾਂ ਲਈ ਪੀਣ ਜੋਗਾ ਪਾਣੀ ਮਿਲੇ ਜਾਂ ਨਾ ਮਿਲੇ, ਕ੍ਰਿਕਟ ਖੇਡ ਨਾਲ ਜੁੜੇ ਹੋਏ ਪੈਸਾ ਗਿਣਨ ਦੇ ਸ਼ੌਕੀਨ ਕਹਿੰਦੇ ਹਨ ਕਿ ਸਾਡੀ ਪਿੱਚ ਲਈ ਪਾਣੀ ਮਿਲਣ ਤੋਂ ਨਹੀਂ ਰੋਕਿਆ ਜਾ ਸਕਦਾ।

ਪਾਣੀ ਬਚਾਉਣ ਦੀ ਕੌਣ ਸੋਚੇਗਾ ਤੇ ਕਿਵੇਂ ਸੋਚੇਗਾ? ਇਹ ਸਵਾਲ ਬਹਿਸ ਵਿਚੋਂ ਗੁੰਮ ਹੈ। ਕਪਾਹ, ਝੋਨਾ ਤੇ ਕਮਾਦ ਤਿੰਨ ਫਸਲਾਂ ਸਭ ਤੋਂ ਵੱਧ ਪਾਣੀ ਪੀਂਦੀਆਂ ਹਨ, ਇਨ੍ਹਾਂ ਦਾ ਬਦਲ ਨਹੀਂ ਲੱਭਿਆ ਜਾਂਦਾ। ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗਦਾ ਹੈ ਤਾਂ ਇਸ ਨੂੰ ਰੋਕਣ ਦਾ ਕੋਈ ਯਤਨ ਨਹੀਂ ਹੁੰਦਾ। ਇਸ ਕੰਮ ਨੂੰ ਕੁਝ ਲੋਕ ਆਪਣੇ ਤੌਰ ਉਤੇ ਲੱਗੇ ਹੋਏ ਹਨ, ਸਰਕਾਰਾਂ ਇਸ ਤੋਂ ਦੂਰ ਖੜੀਆਂ ਹਨ। ਰਾਜਸਥਾਨ ਦੇ ਰਾਜਿੰਦਰ ਸਿੰਘ ਦਾ ਕੀਤਾ ਕੰਮ ਸੰਸਾਰ ਭਰ ਵਿਚ ਚਰਚਿਤ ਹੋਇਆ, ਭਾਰਤ ਦੇ ਲੋਕ ਨਹੀਂ ਜਾਣਦੇ। ਅਲਾਹਾਬਾਦ ਯੂਨੀਵਰਸਿਟੀ ਤੋਂ ਪੜ੍ਹੇ ਹੋਏ ਉਸ ਬੰਦੇ ਨੇ ਆਪਣੇ ਪਿੰਡ ਵਿਚ ਬਰਸਾਤ ਦੇ ਪਾਣੀ ਨੂੰ ਇਕੱਠਾ ਕਰਨ ਲਈ ਤਲਾਬ ਬਣਾਉਣ ਤੋਂ ਸ਼ੁਰੂ ਕੀਤਾ ਤੇ ਫਿਰ ਮਾਰੂਥਲ ਦੇ ਰੇਤਲੇ ਟਿੱਬਿਆਂ ਵਿਚਾਲੇ ਰਹਿੰਦੇ ਲੋਕਾਂ ਦੀ ਪਾਣੀ ਦੀ ਘਾਟ ਪੂਰੀ ਕਰਨ ਦਾ ਉਹ ਕ੍ਰਿਸ਼ਮਾ ਕਰ ਦਿੱਤਾ ਕਿ ਉਸ ਨੂੰ 'ਸਟਾਕਹੋਮ ਵਾਟਰ ਪ੍ਰਾਈਜ਼' ਦੇ ਨਾਲ ਨਿਵਾਜਿਆ ਗਿਆ। ਸਵੀਡਨ ਦੀ ਰਾਜਧਾਨੀ ਸਟਾਕਹੋਮ ਨਾਲ ਜੁੜਿਆ ਇਹ ਇਨਾਮ ਸੰਸਾਰ ਭਰ ਵਿਚ 'ਪਾਣੀ ਲਈ ਨੋਬਲ ਐਵਾਰਡ' ਵਜੋਂ ਗਿਣਿਆ ਜਾਂਦਾ ਹੈ। ਭਾਰਤੀ ਲੋਕਾਂ ਨੂੰ ਇਸ ਦਾ ਕੋਈ ਪਤਾ ਹੀ ਨਹੀਂ। ਰਾਜਿੰਦਰ ਸਿੰਘ ਤੋਂ ਸੇਧ ਲਈ ਜਾ ਸਕਦੀ ਹੈ, ਪਰ ਕੋਈ ਲੈਣਾ ਵਾਲਾ ਚਾਹੀਦਾ ਹੈ।

ਹੁਣ ਸਾਡੇ ਪੰਜਾਬ ਦੀ ਇੱਕ ਮਿਸਾਲ ਲੈ ਲਈਏ। ਜਲੰਧਰ ਜ਼ਿਲੇ ਦੇ ਪਿੰਡ ਸੰਘੇ ਖਾਲਸਾ ਵਾਲਿਆਂ ਨੇ ਏਦਾਂ ਦਾ ਕੰਮ ਕੀਤਾ ਹੈ। ਉਸ ਪਿੰਡ ਦੇ ਪਰਵਾਸੀ ਭਾਰਤੀਆਂ ਨੇ ਆਪਣੇ ਪਿੰਡ ਵਿਚ ਬਰਸਾਤੀ ਪਾਣੀ ਲਈ ਜ਼ਮੀਨ ਹੇਠਾਂ ਪਾਈਪ ਵਿਛਾਏ ਤੇ ਉਨ੍ਹਾਂ ਨੂੰ ਪਿੰਡ ਦੇ ਪੁਰਾਣੇ ਬੰਦ ਪਏ ਖੇਤੀ ਵਾਲੇ ਖੂਹਾਂ ਨਾਲ ਜੋੜ ਦਿੱਤਾ। ਬਰਸਾਤ ਦੇ ਪਾਣੀ ਨੂੰ ਪਿੰਡ ਦੀ ਜੂਹ ਤੋਂ ਨਹੀਂ ਨਿਕਲਣ ਦਿੰਦੇ ਅਤੇ ਸਾਰਾ ਪਾਣੀ ਧਰਤੀ ਹੇਠਲੇ ਪਾਣੀ ਦਾ ਪੱਧਰ ਸੰਭਾਲਣ ਲਈ ਖੂਹਾਂ ਵਿਚ ਸੁੱਟ ਕੇ ਯਤਨ ਅਰੰਭਿਆ ਹੈ। ਇਸ ਯਤਨ ਦਾ ਲਾਭ ਉਸ ਪਿੰਡ ਲਈ ਨਹੀਂ, ਨੀਵਾਣ ਦੇ ਹਿਸਾਬ ਉਸ ਤੋਂ ਅਗਲੇ ਪਿੰਡ ਨੂੰ ਹੋਣਾ ਹੈ, ਪਰ ਉਹ ਇਹ ਸੋਚ ਕੇ ਕਰਦੇ ਹਨ ਕਿ ਇਸ ਨੂੰ ਵੇਖ ਕੇ ਚੜ੍ਹਦੀ ਵਾਲੇ ਪਾਸੇ ਦੇ ਪਿੰਡਾਂ ਦੇ ਲੋਕ ਵੀ ਕਰਨ ਲੱਗਣਗੇ ਤਾਂ ਸਾਡੇ ਪਿੰਡ ਦਾ ਭਲਾ ਵੀ ਕਦੇ ਹੋ ਜਾਵੇਗਾ। ਇਹ ਕੰਮ ਸਾਡੇ ਹਰ ਪਿੰਡ ਵਿਚ ਕੀਤਾ ਜਾ ਸਕਦਾ ਹੈ, ਪਰ ਕਰਨ ਦੀ ਪਹਿਲ ਨਹੀਂ ਹੋ ਰਹੀ। ਹਰ ਸਾਲ ਜਦੋਂ ਮੀਂਹ ਪੈਂਦੇ ਹਨ, ਹੜ੍ਹਾਂ ਦੀ ਮਾਰ ਅਸੀਂ ਭੁਗਤ ਲੈਂਦੇ ਹਾਂ, ਮੁਆਵਜ਼ੇ ਲਈ ਧਰਨੇ-ਮੁਜ਼ਾਹਰੇ ਕਰਨ ਨੂੰ ਤਿਆਰ ਹਾਂ, ਪਰ ਰਾਜਸਥਾਨ ਦੇ ਰਾਜਿੰਦਰ ਸਿੰਘ ਜਾਂ ਸੰਘੇ ਖਾਲਸਾ ਦੇ ਲੋਕਾਂ ਵਾਂਗ ਆਪੋ ਆਪਣੇ ਪਿੰਡ ਵਿਚ ਕੁਦਰਤ ਦਾ ਤ੍ਰੌਂਕਿਆ ਪਾਣੀ ਸੰਭਾਲਣ ਦਾ ਯਤਨ ਕਦੀ ਨਹੀਂ ਕਰਦੇ।

ਅਸੀਂ ਹਰ ਗੱਲ ਲਈ ਉਸ ਸਰਕਾਰ ਤੋਂ ਝਾਕ ਰੱਖਦੇ ਹਾਂ, ਜਿਸ ਨੂੰ ਆਪਣੇ ਏਜੰਡੇ ਵਿਚ ਪੰਜਾਬ ਦੀ ਏਦਾਂ ਦੀ ਕੋਈ ਸੋਚ ਰੱਖਣ ਦਾ ਕਦੇ ਚੇਤਾ ਹੀ ਨਹੀਂ ਆਇਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕਿਸੇ ਕਿਹਾ ਸੀ ਕਿ ਪਾਕਿਸਤਾਨ ਨੂੰ ਜਾਂਦਾ ਫਾਲਤੂ ਪਾਣੀ ਰੋਕਣ ਲਈ ਯਤਨ ਕਰੋ। ਕਹਿਣ ਲੱਗਾ ਕਿ ਪਾਣੀ ਦੀ ਢਲਾਣ ਇੱਕ ਕਿਲੋਮੀਟਰ ਪਿੱਛੇ ਮਸਾਂ ਇੱਕ ਫੁੱਟ ਹੈ, ਏਨੀ ਨੀਵਾਣ ਦਾ ਕੋਈ ਲਾਭ ਨਹੀਂ ਹੁੰਦਾ। ਜੇ ਕਰਨਾ ਨਹੀਂ ਤਾਂ ਨਹੀਂ ਹੁੰਦਾ। ਕਿਲੋਮੀਟਰਾਂ ਨੂੰ ਮਾਪਦੇ ਤਾਂ ਪਤਾ ਲੱਗਦਾ ਕਿ ਸਾਡੀਆਂ ਨਹਿਰਾਂ ਦੀ ਢਲਾਣ ਵੀ ਏਨੀ ਹੈ, ਪਰ ਉਨ੍ਹਾਂ ਉਤੇ ਕਈ ਥਾਂ ਪਾਣੀ ਰੋਕ ਕੇ ਪੰਜਾਬ ਵਿਚ ਵੀ ਮਿੰਨੀ ਪਣ-ਬਿਜਲੀ ਘਰ ਬਣਾਏ ਗਏ ਹਨ। ਮਾਧੋਪੁਰ ਤੋਂ ਤੁਰ ਕੇ ਨਿਠਾਰ ਕੋਲੋਂ ਪਾਕਿਸਤਾਨ ਵਿਚ ਵੜਨ ਤੱਕ ਰਾਵੀ ਦਰਿਆ ਚਾਲੀ ਕਿਲੋਮੀਟਰ ਪੈਂਡਾ ਪੰਜਾਬ ਵਿਚ ਕਰਦਾ ਹੈ ਤੇ ਇਸ ਹਿਸਾਬ ਨਾਲ ਚਾਲੀ ਫੁੱਟ ਬਣ ਜਾਂਦੇ ਹਨ। ਉਸ ਨੂੰ ਰੋਕ ਕੇ ਕਿਸੇ ਤਰ੍ਹਾਂ ਵਰਤਿਆ ਜਾ ਸਕਦਾ ਹੈ, ਪਰ ਵਰਤਣ ਦਾ ਇਰਾਦਾ ਹੀ ਨਹੀਂ ਹੈ।

ਮਿਸਰ ਦੀ ਇੱਕ ਲੋਕ-ਕਥਾ ਹੈ। ਉਥੋਂ ਦੇ ਰਾਜੇ ਨੂੰ ਇੱਕੋ ਸੁਫਨਾ ਮੁੜ-ਮੁੜ ਆਉਂਦਾ ਸੀ ਕਿ ਨੀਲ ਦਰਿਆ ਵਿਚੋਂ ਗਾਂਵਾਂ ਨਿਕਲਦੀਆਂ ਤੇ ਬਾਹਰ ਆ ਕੇ ਮਰ ਜਾਂਦੀਆਂ ਹਨ। ਪਹਿਲਾਂ ਉਹ ਜੋਤਸ਼ੀਆਂ ਨੂੰ ਇਸ ਬਾਰੇ ਪੁੱਛਦਾ ਅਤੇ ਟੂਣੇ-ਟਾਮਣ ਕਰਦਾ ਰਿਹਾ। ਸੁਫਨਾ ਫਿਰ ਵੀ ਬੰਦ ਨਾ ਹੋਇਆ ਤਾਂ ਬੁੱਧੀਜੀਵੀਆਂ ਲਈ ਸੱਦਾ ਕੱਢ ਦਿੱਤਾ। ਬਾਕੀ ਸਭ ਤਾਂ ਚਲੰਤ ਗੱਲਾਂ ਕਰ ਕੇ ਮੁੜ ਆਏ, ਇੱਕ ਜਣੇ ਨੇ ਕਾਫੀ ਸੋਚ ਕੇ ਕਿਹਾ: 'ਤੁਸੀ ਆਪਣੇ ਦੇਸ਼ ਦੀ ਜਨਤਾ ਦੇ ਭਲੇ ਬਾਰੇ ਸੋਚਦੇ ਹੋ, ਪਿਛਲੇ ਸਾਲਾਂ ਤੋਂ ਨੀਲ ਦਰਿਆ ਦਾ ਪਾਣੀ ਘਟਦਾ ਮੈਂ ਵੀ ਵੇਖਿਆ ਹੈ, ਤੁਹਾਨੂੰ ਇਹ ਫਿਕਰ ਹੈ ਕਿ ਇਹ ਦਰਿਆ ਹੌਲੀ-ਹੌਲੀ ਜੇ ਕਿਸੇ ਦਿਨ ਸੁੱਕ ਗਿਆ ਤਾਂ ਮੇਰੇ ਦੇਸ਼ ਦੀ ਜਨਤਾ ਮਰ ਜਾਵੇਗੀ। ਦਰਿਆ ਦੇ ਸੁੱਕਣ ਨੂੰ ਰੋਕਣ ਦੇ ਉਪਾਅ ਕਰਨੇ ਸ਼ੁਰੂ ਕਰੋਗੇ ਤਾਂ ਇਹ ਡਰਾਉਣਾ ਸੁਫਨਾ ਕਦੀ ਨਹੀਂ ਆਵੇਗਾ।' ਰਾਜੇ ਨੇ ਅਗਲੇ ਦਿਨ ਤੋਂ ਉਸ ਦੇ ਸੁਝਾਅ ਉਤੇ ਅਮਲ ਕੀਤਾ ਤਾਂ ਉਸ ਦੇ ਸੁਫਨਿਆਂ ਦੀ ਧਾਰਾ ਆਪਣੇ-ਆਪ ਬਦਲ ਗਈ ਸੀ।

ਕਈ ਲੋਕ ਸੋਚਣਗੇ ਕਿ ਪੰਜਾਬ ਤੇ ਭਾਰਤ ਦੇ ਹਾਕਮਾਂ ਨੂੰ ਇਹ ਸੁਫਨਾ ਕਦੋਂ ਆਵੇਗਾ? ਇਹ ਸੁਫਨੇ ਜਾਗਦੀ ਜ਼ਮੀਰ ਵਾਲਿਆਂ ਨੂੰ ਆਉਂਦੇ ਹਨ, ਭਾਰਤ ਦੇ ਲੀਡਰਾਂ ਨੂੰ ਏਦਾਂ ਦਾ ਸੁਫਨਾ ਅਜੇ ਨਹੀਂ ਆਉਣਾ!

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash
Grand Opening

• 8 Drive Tires For $3300
Kelly KDA

• Two Steer Tire Michelin $1150
Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਪੰਜਾਬ ਦੀ ਡੁਬਦੀ ਬੇੜੀ ਲਈ 'ਆਪ' ਮਲਾਹ ਬਣ ਸਕਦੀ ਹੈ: ਖਹਿਰਾ

**ਫਰਿਜ਼ਨੋ (ਬਿਊਰੋ):** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਸ. ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਪੰਜਾਬ ਦੀ ਡੁੱਬਦੀ ਬੇੜੀ ਲਈ ਆਮ ਆਦਮੀ ਪਾਰਟੀ ਮਲਾਹ ਬਣ ਸਕਦੀ ਹੈ ਕਿਉਂਕਿ ਇਹ ਪਾਰਟੀ ਆਮ ਲੋਕਾਂ ਦੀ ਹੈ ਤੇ ਇਸ ਦੀ ਸੋਚ ਪੰਜਾਬ ਦੇ ਹਾਲਾਤ ਬਿਹਤਰ ਬਣਾਉਣ ਦੀ ਹੈ।

ਸ. ਖਹਿਰਾ 'ਆਪ' ਵਾਲੰਟੀਅਰਾਂ ਵਲੋਂ ਇਥੇ ਐਡੀਸਨ ਸੋਸ਼ਲ ਕਲੱਬ ਵਿਚ ਉਲੀਕੇ ਪਾਰਟੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਉਹ ਇਨ੍ਹੀਂ ਦਿਨੀਂ ਅਮਰੀਕਾ ਦੀ ਫੇਰੀ 'ਤੇ ਹਨ ਅਤੇ ਵੱਖ ਵੱਖ ਸ਼ਹਿਰਾਂ ਵਿਚ ਸਮਾਗਮ ਦੌਰਾਨ 'ਆਪ' ਹਿਤੈਸ਼ੀਆਂ ਨੂੰ ਸੰਬੋਧਨ ਕਰ ਰਹੇ ਹਨ।

ਇਸ ਮੌਕੇ ਸ. ਖਹਿਰਾ ਨੇ ਪੰਜਾਬ ਦੇ ਭਖਦੇ ਮਸਲਿਆਂ 'ਤੇ ਖੁਲ੍ਹੀ ਚਰਚਾ ਕਰਦਿਆਂ ਕਿਹਾ ਕਿ ਜੇ ਸਰਕਾਰਾਂ ਚਾਹੁਣ ਤਾਂ ਕੀ ਨਹੀਂ ਹੋ ਸਕਦਾ? ਲੇਕਿਨ ਪਹਿਲਾਂ ਕਾਂਗਰਸ ਅਤੇ ਹੁਣ ਅਕਾਲੀਆਂ ਨੇ ਪੰਜਾਬ ਨੂੰ ਲੁਟਣ ਤੇ ਕੁਟਣ ਤੋਂ ਸਿਵਾਏ ਕੁਝ ਨਹੀਂ ਕੀਤਾ।

ਉਨ੍ਹਾਂ ਪੰਜਾਬ ਦੇ ਹਾਲਾਤ ਦਾ ਸੰਖੇਪ ਬਿਆਨ ਕਰਦਿਆਂ ਕਿਹਾ ਕਿ ਪੰਜਾਬ ਵਿਚ ਇਸ ਸਮੇਂ ਜੰਗਲ ਰਾਜ ਹੈ, ਨਸ਼ਾ ਤਸ਼ਕਰ ਸਰਕਾਰੀ ਸ਼ਹਿ 'ਤੇ ਸ਼ੱਰੇਆਮ ਪੰਜਾਬ ਅੰਦਰ ਚਿੱਟਾ ਵੇਚ ਰਹੇ ਹਨ। ਉਨ੍ਹਾਂ ਫਿਕਰ ਜ਼ਾਹਰ ਕੀਤਾ ਕਿ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਮਹਿੰਗਾਈ ਆਦਿ ਅਲਾਮਤਾਂ ਨੇ ਪੰਜਾਬ ਵਾਸੀਆਂ ਨੂੰ ਕੱਖੋਂ ਹੌਲੇ ਕੀਤਾ ਪਿਆ ਹੈ। ਅਕਾਲੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਕਿਸਾਨ ਕਰਜ਼ਈ ਹੋ ਰਹੇ ਹਨ ਤੇ ਖੁਦਕੁਸ਼ੀਆਂ ਦੇ ਰਾਹ ਪੈ ਗਏ ਹਨ।




*ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸੁਖਪਾਲ ਸਿੰਘ ਖਹਿਰਾ*

ਸ. ਖਹਿਰਾ ਨੇ ਪੰਜਾਬ ਦੇ ਭਲੇ ਦਾ ਵਾਸਤਾ ਪਾਉਂਦਿਆਂ ਹਾਜ਼ਰੀਨ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਵਿਚ ਰਹਿੰਦੇ ਆਪਣੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਤੇ ਮਿੱਤਰਾਂ ਨੂੰ 2017 ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦਾ ਸਾਥ ਦੇਣ ਲਈ ਕਹਿਣ ਤਾਂ ਜੋ ਪੰਜਾਬ ਨੂੰ ਵਾਪਸ ਤਰੱਕੀ ਦੇ ਰਾਹ ਤੋਰਿਆ ਜਾ ਸਕੇ।

ਜਲਸੇ ਦੇ ਅਖੀਰ ਵਿਚ ਲੋਕਾਂ ਨੇ ਸੁਖਪਾਲ ਸਿੰਘ ਖਹਿਰਾ ਨਾਲ ਸੁਆਲ-ਜੁਆਬ ਵੀ ਕੀਤੇ ਜਿਨ੍ਹਾਂ ਦਾ ਸ. ਖਹਿਰਾ ਨੇ ਤਸੱਲੀਬਖਸ਼ ਜੁਆਬ ਦਿੱਤਾ। ਉਨ੍ਹਾਂ ਲੋਕਾਂ ਨਾਲ ਤਸਵੀਰਾਂ ਵੀ ਖਿਚਵਾਈਆਂ ਅਤੇ ਲੋਕਾਂ ਨੂੰ ਠਰੰਮ੍ਹੇ ਨਾਲ ਮਿਲੇ ਤੇ ਉਨ੍ਹਾਂ ਦੀ ਗੱਲ ਸੁਣੀ। ਪ੍ਰਬੰਧਕ ਨੇ ਸ. ਖਹਿਰਾ ਨੂੰ ਯਾਦਗਾਰੀ ਚਿੰਨ੍ਹ ਦੇ ਸਨਮਾਨਿਤ ਕੀਤਾ।

ਸਮਾਗਮ ਦੌਰਾਨ ਹੋਰਨਾਂ ਤੋਂ ਇਲਾਵਾ ਪ੍ਰਦੀਪ ਸੁੰਦਰਿਆਲ (ਆਪ ਕਰਵੀਨਰ ਅਮਰੀਕਾ), ਗੁਰਦੀਪ ਸਿੰਘ ਗਗੜਾ, ਬਬਲਾ ਮਲੂਕਾ, ਸੁਖਦੇਵ ਸਿੰਘ ਸਿੱਧੂ, ਸੁਰਿੰਦਰ ਸਿੰਘ ਗੋਗੀ, ਹਾਕਮ ਸਿੰਘ ਢਿੱਲੋਂ, ਕੁੰਦਨ ਸਿੰਘ ਧਾਮੀ, ਪਾਲ ਧਾਲੀਵਾਲ, ਮਹਿੰਦਰ ਸਿੰਘ ਸੰਧਾਵਾਲੀਆ ਅਤੇ ਜਗਦੇਵ ਸਿੰਘ ਨੇ ਵੀ ਸੰਬੋਧਨ ਕੀਤਾ।

ਜਲਸੇ ਵਿਚ 'ਆਪ' ਹਿਤੈਸ਼ੀਆਂ ਨੇ ਫਰਿਜ਼ਨੋ ਤੋਂ ਇਲਾਵਾ ਹੋਰਨਾਂ ਸ਼ਹਿਰਾਂ ਤੋਂ ਵੀ ਵੱਡੀ ਗਿਣਤੀ ਵਿਚ ਸ਼ਿਕਰਤ ਕੀਤੀ। ਲੋਕਾਂ ਨੇ ਦਿਲ ਖੋਲ ਕੇ ਪਾਰਟੀ ਲਈ ਫੰਡ ਵੀ ਦਿੱਤਾ। ਆਮ ਆਦਮੀ ਪਾਰਟੀ ਦੀ ਫਰਿਜ਼ਨੋ ਇਕਾਈ ਦੇ ਮੈਂਬਰਾਂ ਨੇ ਸਮਾਗਮ ਨੂੰ ਕਾਮਯਾਬ ਕਰਨ ਲਈ ਸਹਿਯੋਗੀ ਸੱਜਣਾਂ ਅਤੇ ਸਪਾਂਸਰਾਂ ਦਾ ਉਚੇਚਾ ਧੰਨਵਾ ਕੀਤਾ ਹੈ। ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਅਤੇ ਗੁਰਨੇਕ ਸਿੰਘ ਬਾਗੜੀ ਨੇ ਬਾਖੂਬੀ ਕੀਤਾ।










ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਲਈ ਅਟਵਾਲ ਬ੍ਰਦਰਜ਼ ਮਰਸਿਡ, ਜਗਰੂਪ ਸਿੰਘ ਭੰਡਾਲ, ਸੁਖਬੀਰ ਸਿੰਘ ਭੰਡਾਲ, ਅਮੋਲਕ ਸਿੰਘ ਸਿੱਧੂ, ਜੱਗਾ ਸਧਾਰ, ਸਤਵੰਤ ਵਿਰਕ, ਜੰਗੀਰ ਸਿੰਘ ਗਿੱਲ, ਜੱਸੀ ਸਟੋਨ ਟਰੱਕਿੰਗ, ਦੀਪਾ ਚੌਹਾਨ, ਲਖਵੀਰ ਗਿੱਲ, ਗੁਰਦੇਵ ਨਿੱਝਰ, ਟਹਿਲ ਸਿੰਘ ਥਾਂਦੀ, ਨਾਜ਼ਰ ਸਿੰਘ ਸਹੋਤਾ, ਨਿੱਝਰ ਬ੍ਰਦਰਜ਼, ਤਾਰ ਸਿੰਘ ਰਠੌਰ, ਅਮਨਪ੍ਰੀਤ ਸਿੰਘ ਗਿੱਲ, ਸਮਰਵੀਰ ਸਿੰਘ ਵਿਰਕ, ਪ੍ਰਮੋਧ ਲੋਈ ਅਤੇ ਫਰਿਜ਼ਨੋ 'ਆਪ' ਵਲੰਟੀਅਰਾਂ ਨੇ ਭਰਵੀਂ ਮਿਹਨਤ ਕੀਤੀ।

ਸਮਾਗਮ ਦੌਰਾਨ ਖਾਣੇ ਦੀ ਸੇਵਾ ਮੰਗਲ ਸਿੰਘ ਜੌਹਲ, ਬਲਵੀਰ ਸਿੰਘ ਢਿੱਲੋਂ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਸੀ। ਪ੍ਰੋਗਰਾਮ ਦੇ ਯਾਦਗਾਰੀ ਪਲਾਂ ਨੂੰ ਕੈਮਰਾਬੱਧ ਸ਼ਿਆਰਾ ਸਿੰਘ ਢੀਂਡਸਾ (ਓਮਨੀ ਵੀਡੀਓ, ਬੇਕਰਜ਼ਫੀਲਡ) ਨੇ ਕੀਤਾ।








*ਸਪਾਂਸਰ ਅਤੇ ਵਾਲੰਟੀਅਰ ਇੰਡੀਅਨ ਕਬਾਬ ਪੈਲੇਸ ਰੈਸਟੋਰੈਂਟ ਵਿਚ ਦੁਪਹਿਰ ਦੇ ਖਾਣੇ ਸਮੇਂ*

# ਪੀ ਸੀ ਐਸ ਵਲੋਂ ਵਿਸਾਖੀ ਤੇ ਤੀਆਂ ਦੇ ਮੇਲੇ ਦੀ ਲੜੀ ਨਿਰੰਤਰ ਜਾਰੀ ਰੱਖੀ ਜਾਵੇਗੀ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵਲੋਂ ਵਿਸਾਖੀ ਅਤੇ ਤੀਆਂ ਦੇ ਮੇਲੇ ਦੀ ਲੜੀ ਬਾਕਾਇਦਾ ਜਾਰੀ ਰਹੇਗੀ। ਇਹ ਫੈਸਲਾ ਸੰਸਥਾ ਨੇ ਸਥਾਨਕ ਐਲਕ ਗਰੋਵ ਪਾਰਕ ਵਿਚ ਇਕ ਪਿਕਨਿਕ ਮਨਾਉਂਦਿਆਂ ਬੀਤੀ 16 ਅਪਰੈਲ ਨੂੰ ਲਿਆ।



ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਐਸ. ਈ. ਐਸ. ਹਾਲ ਦੇ ਪ੍ਰਬੰਧਕਾਂ ਵਲੋਂ ਐਸੇ ਮੌਕੇ 'ਤੇ ਬੁਕਿੰਗ ਕੈਂਸਲ ਕੀਤੀ ਗਈ ਕਿ ਕੋਈ ਹੋਰ ਪ੍ਰਬੰਧ ਵੀ ਨਾ ਹੋ ਸਕਿਆ ਜਿਸ ਕਾਰਨ ਪੀ. ਸੀ. ਐਸ. ਸੈਕਰਾਮੈਂਟੋ ਦੀ ਪ੍ਰਬੰਧਕੀ ਟੀਮ ਅਤੇ ਇਸ ਨਾਲ ਜੁੜੇ ਸਮੁੱਚੇ ਭਾਈਚਾਰੇ ਨੂੰ ਮਾਯੂਸੀ ਝੱਲਣੀ ਪਈ। ਅਜਿਹਾ ਪਿਛਲੇ 27 ਵਰ੍ਹਿਆਂ ਵਿਚ ਪਹਿਲੀ ਵਾਰ ਹੋਇਆ ਹੈ।

ਜ਼ਿਕਰਯੋਗ ਹੈ ਕਿ ਸੰਸਥਾ ਵਲੋਂ ਹਰ ਵਰ੍ਹੇ ਵਿਸਾਖੀ ਅਤੇ ਤੀਆਂ ਦਾ ਮੇਲਾ ਮਨਾਇਆ ਜਾਂਦਾ ਹੈ। ਇਨ੍ਹਾਂ ਦੋਹਾਂ ਮੇਲਿਆਂ ਵਿਚ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਬੱਚੇ ਵਧ ਚੜ੍ਹ ਕੇ ਹਿਸਾ ਲੈਂਦੇ ਹਨ।

ਪਿਕਨਿਕ ਵਿਚ ਸੰਸਥਾ ਦੇ ਪ੍ਰਬੰਧਕਾਂ, ਮੈਂਬਰਾਂ, ਸਪਾਂਸਰਾਂ ਅਤੇ ਹੋਰ ਹਿੱਸਾ ਲੈਣ ਵਾਲੇ ਸੱਜਣਾਂ-ਮਿੱਤਰਾਂ ਨੇ ਪਰਿਵਾਰਾਂ ਸਮੇਤ ਵਧ ਚੜ੍ਹ ਕੇ ਹਿੱਸਾ ਲਿਆ। ਯਾਦ ਰਹੇ, ਇਹ ਸੰਸਥਾ ਪਿਛਲੇ 27 ਵਰ੍ਹਿਆਂ ਤੋਂ ਪੰਜਾਬ ਦੇ ਗੌਰਵਮਈ ਵਿਰਾਸਤੀ ਸਭਿਆਚਾਰ ਨੂੰ ਸੰਭਾਲਣ ਲਈ ਲਗਾਤਾਰ ਯਤਨ ਕਰਦੀ ਆ ਰਹੀ ਹੈ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਰਛਪਾਲ ਸਿੰਘ ਫਰਵਾਲਾ, ਹਰਜਿੰਦਰ ਪੰਧੇਰ, ਸੁਖਰਾਜ ਔਲਖ, ਅਜਾਇਬ ਸਿੰਘ ਕਾਹਲੋਂ, ਪਰਮਜੀਤ ਢਿੱਲੋਂ, ਰਾਜਿੰਦਰਪਾਲ ਸਿੰਘ, ਅਮਰੀਕ ਸਿੰਘ, ਰਣਜੀਤ ਮਾਨ, ਹਕੀਕਤ ਸਿੰਘ, ਰਵੇਲ ਸਿੰਘ, ਐਸ. ਪੀ. ਸਿੰਘ, ਤੀਰਥ ਸਿੰਘ ਸਹੋਤਾ, ਜਸਵੰਤ ਸਿੰਘ, ਮਾਧੋ ਸਿੰਘ ਚਾਹਲ, ਬਰਿੰਦਰ ਸੰਘੇੜਾ ਆਦਿ ਅਤੇ ਬੀਬੀਆਂ ਵਿਚੋਂ ਮਨਦੀਪ ਫਰਵਾਲਾ, ਪਰਦੀਪ ਪੂਨੀ, ਪਰਮਿੰਦਰ ਕੌਰ (ਸੋਨੂੰ), ਇੰਦਰਪਾਲ ਕਾਹਲੋਂ, ਹਰਵਿੰਦਰ, ਪਰਮਜੀਤ ਕੌਰ, ਰਾਜਵਿੰਦਰ ਕੌਰ, ਅਮਨਦੀਪ ਵਿਰਕ, ਰਛਪਾਲ ਪਰਹਾਰ, ਦਿਲਜੀਤ ਮੈਂਗਰ, ਭਵਨਦੀਪ ਗਿੱਲ, ਬਲਜੀਤ ਕੌਰ, ਰਾਜਵਿੰਦਰ ਕੌਰ, ਸੁਰਿੰਦਰ ਗਿੱਲ, ਰੂਪਾ, ਸਿਮਰਜੀਤ ਕੌਰ ਧਾਲੀਵਾਲ, ਪਰਮਜੀਤ ਕੌਰ, ਬਲਦੇਵ ਕੌਰ, ਹਰਪ੍ਰੀਤ ਕੌਰ ਅਤੇ ਕਮਲ ਕੌਰ ਸ਼ਾਮਲ ਹੋਈਆਂ।

ਬੀਬੀ ਮਨਦੀਪ ਫਰਵਾਲਾ ਨੇ ਦੱਸਿਆ ਕਿ 'ਤੀਆਂ ਦਾ ਮੇਲਾ' 24 ਜੁਲਾਈ 2016 ਨੂੰ ਐਸ. ਈ. ਐਸ ਹਾਲ ਵਿਚ ਕਰਵਾਇਆ ਜਾਵੇਗਾ।

# ਪੰਜਾਬੀ ਰੇਡੀਓ ਪੇਸ਼ਕਾਰਾਂ ਵੱਲੋਂ ਪ੍ਰੋਗਰਾਮਾਂ ਨੂੰ ਮਿਆਰੀ ਬਣਾਉਣ ਦਾ ਅਹਿਦ

**ਫਰਿਜ਼ਨੋ (ਬਿਊਰੋ):** ਪੰਜਾਬੀ ਭਾਈਚਾਰੇ ਵਿਚ ਮੀਡੀਆ ਰਾਹੀਂ ਸਮਾਜਿਕ, ਸੱਭਿਆਚਾਰਕ ਸੰਵਾਦ ਨੂੰ ਅਰਥ ਭਰਪੂਰ ਬਣਾਉਣ ਲਈ ਕੇ.ਬੀ.ਆਈ.ਐਫ. 800 ਰੇਡੀਓ ਦੇ ਪੇਸ਼ਕਾਰਾਂ ਨੇ ਇਕ ਗੈਰਰਸਮੀ ਮੀਟਿੰਗ ਦੌਰਾਨ ਪ੍ਰੋਗਰਾਮਾਂ ਨੂੰ ਮਿਆਰੀ ਬਣਾਉਣ ਲਈ ਵਿਚਾਰ-ਵਟਾਂਦਰਾ ਕੀਤਾ। ਇਸ ਰੇਡੀਓ ਉਤੇ ਦੋ ਦਰਜਨ ਦੇ ਕਰੀਬ ਪੇਸ਼ਕਾਰ ਸਨਿਚਰਵਾਰ ਅਤੇ ਐਤਵਾਰ ਪੰਜਾਬੀ ਦੇ ਪ੍ਰੋਗਰਾਮ ਪੇਸ਼ ਕਰਦੇ ਹਨ, ਜਿਨ੍ਹਾਂ ਵਿਚ ਪੰਜਾਬੀ ਸੱਭਿਆਚਾਰ, ਧਰਮ ਅਤੇ ਖੇਤੀਬਾੜੀ ਮਸਲਿਆਂ ਸਬੰਧੀ ਗੱਲਬਾਤ ਹੁੰਦੀ ਹੈ।



ਇਸ ਮੌਕੇ ਹੈਰੀ ਮਾਨ ਨੇ ਕਿਹਾ ਕਿ ਮੀਡੀਆ ਵਿਚ ਵਧ ਰਹੇ ਮੁਕਾਬਲੇ ਦੀ ਰੋਸ਼ਨੀ ਵਿਚ ਰੇਡੀਓ ਹੋਸਟਾਂ ਵਿਚ ਆਪਸੀ ਤਾਲਮੇਲ ਬਹੁਤ ਜਰੂਰੀ ਹੈ। ਪ੍ਰੋਗਰਾਮਾਂ ਦੇ ਮਿਆਰ ਨੂੰ ਉਚਾ ਚੁੱਕਣ ਲਈ ਵਿਚਾਰ ਵਟਾਂਦਰੇ ਦੀ ਜਰੂਰਤ ਹੈ। ਉਸ ਨੇ ਪੇਸ਼ਕਾਰਾਂ ਲਈ ਲੋੜੀਂਦੇ ਨੈਤਿਕ ਮਿਆਰਾਂ ਦਾ ਖਿਆਲ ਰੱਖਣ ਲਈ ਵੀ ਕਿਹਾ ਤਾਂ ਜੋ ਬੇਲੋੜੇ ਵਿਵਾਦਾਂ ਤੋਂ ਬਚਿਆ ਜਾ ਸਕੇ।

ਪ੍ਰੋਗਰਾਮਾਂ ਦੀ ਗੁਣਾਤਮਕਤਾ 'ਤੇ ਜੋਰ ਦਿੰਦਿਆਂ ਕਵੀ ਅਤੇ ਰੇਡੀਓ ਹੋਸਟ ਸੰਤੋਖ ਮਿਨਹਾਸ ਨੇ ਕਿਹਾ ਕਿ ਸਾਡੇ ਪ੍ਰੋਗਰਾਮ ਏਨੇ ਰੌਚਿਕ ਹੋਣੇ ਚਾਹੀਦੇ ਹਨ ਕਿ ਸਰੋਤੇ ਸਮਾਂ ਕੱਢ ਕੇ ਉਨ੍ਹਾਂ ਨੂੰ ਸੁਣਨ।

ਸ਼ਾਇਰ ਹਰਜਿੰਦਰ ਕੰਗ ਦਾ ਕਹਿਣਾ ਸੀ ਕਿ ਸਾਨੂੰ ਫੋਨ ਕਾਲਾਂ ਦਾ ਲਾਲਚ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਬਹੁਤੀਆਂ ਕਾਲਾਂ ਆਉਣ ਦਾ ਭਾਵ ਹੈ, ਸਰੋਤੇ ਗੱਲ ਨਹੀਂ ਸੁਣ ਰਹੇ। ਉਨ੍ਹਾਂ ਪ੍ਰੋਗਰਾਮਾਂ ਬਾਰੇ ਫਲਾਇਰ ਛਾਪ ਕੇ ਜਨਤਕ ਥਾਂਵਾਂ 'ਤੇ ਲਾਉਣ ਦਾ ਸੁਝਾਅ ਦਿੱਤਾ।


ਪ੍ਰੋਗਰਾਮਾਂ ਨੂੰ ਰੁਜ਼ਗਾਰ ਦੀ ਥਾਂ ਰੇਡੀਓ ਪ੍ਰੋਗਰਾਮ ਬਣਾਉਣ 'ਤੇ ਜੋਰ ਦਿੰਦਿਆਂ ਪਾਲ ਧਾਲੀਵਾਲ ਨੇ ਕਿਹਾ ਕਿ ਇਸ ਨਾਲ ਪ੍ਰੋਗਰਾਮਾਂ ਦਾ ਮਿਆਰ ਵਧੇਗਾ। ਰਾਜਵਿੰਦਰ ਧਾਲੀਵਾਲ ਦਾ ਕਹਿਣਾ ਸੀ ਕਿ ਪ੍ਰੋਗਰਾਮਾਂ ਵਿਚ ਵਿਸ਼ੇ ਨਾਲ ਸਬੰਧਤ ਮਾਹਿਰਾਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਉਸ ਨੇ ਮਿਨਹਾਸ, ਕੇਵਲ ਬਾਸੀ ਤੇ ਡਾ. ਅਰਜਨ ਜੋਸਨ ਵਲੋਂ ਪੇਸ਼ ਕੀਤੇ ਜਾਂਦੇ ਪ੍ਰੋਗਰਾਮਾਂ ਦਾ ਵੀ ਹਵਾਲਾ ਦਿੱਤਾ। ਰੌਜਰ ਗਿੱਲ ਨੇ ਆਪਣੇ ਤਜਰਬੇ ਸਾਂਝੇ ਕੀਤੇ।

ਰਾਮਾ ਡਾਵਰ ਦਾ ਕਹਿਣਾ ਸੀ ਕਿ ਇਸ ਦੀ ਸ਼ੁਰੂਆਤ ਸਾਨੂੰ ਇੱਕ ਦੂਜੇ ਨੂੰ ਰਚਨਾਤਮਕ ਸੁਝਾਅ ਦੇ ਕੇ ਕਰਨੀ ਚਾਹੀਦੀ ਹੈ। ਚੱਲੇ ਰਹੇ ਪ੍ਰੋਗਰਾਮ ਵਿਚ ਜੇ ਕੋਈ ਗੱਲ ਜਾਂ ਹਵਾਲਾ ਲਾਹੇਵੰਦ ਹੋਵੇ ਤਾਂ ਫੋਨ 'ਤੇ ਸਾਂਝਾ ਕਰਨਾ ਚਾਹੀਦਾ ਹੈ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਡਾ. ਅਰਜਨ ਜੋਸਨ, ਮਹਿੰਦਰ ਸੰਧਾਵਾਲੀਆ, ਅਵਤਾਰ ਗੋਂਦਾਰਾ, ਕੈਮ ਨਿਗਮ, ਬਲਵੀਰ ਢਿਲੋਂ, ਜਸਵੰਤ ਮਹਿਮੀ ਅਤੇ ਕੇਵਲ ਬਾਸੀ ਵੀ ਸ਼ਾਮਲ ਹੋਏ।

## ਭਗਤ ਸਿੰਘ ਕੇਸ ਵਿਚ ਇੰਗਲੈਂਡ ਨੂੰ ਬਣਾਇਆ ਜਾਵੇਗਾ ਧਿਰ

**ਚੰਡੀਗੜ੍ਹ:** ਸ਼ਹੀਦ ਭਗਤ ਸਿੰਘ ਬਾਰੇ ਕੇਸ ਮੁੜ ਖੋਲ੍ਹਣ ਲਈ ਲਾਹੌਰ ਹਾਈ ਕੋਰਟ ਵਿਚ ਰਿੱਟ ਪਟੀਸ਼ਨ ਦਾਖਲ ਕਰਨ ਵਾਲੇ ਵਕੀਲ ਨੇ ਕਿਹਾ ਹੈ ਕਿ ਉਹ ਇੰਗਲੈਂਡ ਨੂੰ ਵੀ ਇਸ ਅਪਰਾਧ ਲਈ ਕੇਸ ਵਿਚ ਧਿਰ ਬਣਾਉਣਗੇ। ਭਗਤ ਸਿੰਘ ਯਾਦਗਾਰ ਫਾਊਂਡੇਸ਼ਨ ਦੇ ਚੇਅਰਮੈਨ ਇਮਤਿਆਜ਼ ਰਾਸ਼ਿਦ ਕੁਰੈਸ਼ੀ ਨੇ ਇਹ ਪਟੀਸ਼ਨ ਦਾਖ਼ਲ ਕੀਤੀ ਸੀ, ਜਿਸ 'ਤੇ ਹਾਈ ਕੋਰਟ ਨੇ ਇਸ ਸਾਲ ਦੇ ਸ਼ੁਰੂ ਵਿਚ ਸੁਣਵਾਈ ਸ਼ੁਰੂ ਕੀਤੀ ਸੀ।

ਸ੍ਰੀ ਕੁਰੈਸ਼ੀ ਨੇ ਕਿਹਾ ਕਿ ਇਸ ਕੇਸ ਵਿਚ ਇੰਗਲੈਂਡ ਨੂੰ ਵੀ ਧਿਰ ਬਣਾਇਆ ਜਾਵੇਗਾ ਕਿਉਂਕਿ ਬਰਤਾਨੀਆ ਦੇ ਇਸ਼ਾਰੇ 'ਤੇ ਹੀ ਤਿੰਨ ਬੇਕਸੂਰ ਨੌਜਵਾਨਾਂ ਨੂੰ ਨਿਰਪੱਖ ਸੁਣਵਾਈ ਬਗੈਰ ਫਾਹੇ ਲਾ ਦਿੱਤਾ ਗਿਆ ਸੀ। ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਬਨਾਉਟੀ ਅਦਾਲਤੀ ਕਾਰਵਾਈ ਰਾਹੀਂ ਫਾਂਸੀ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਬ੍ਰਿਟਿਸ਼ ਰਾਜ ਵਿਚ ਅਦਾਲਤਾਂ ਆਜ਼ਾਦ ਤੌਰ 'ਤੇ ਕੰਮ ਨਹੀਂ ਕਰਦੀਆਂ ਸਨ। ਹੁਣ ਪਾਕਿਸਤਾਨ ਵਿਚ ਨਿਆਂਪਾਲਿਕਾ ਆਜ਼ਾਦ ਹੈ। ਇਸ ਲਈ ਅਸੀਂ ਹੁਣ ਸਿੱਧ ਕਰਾਂਗੇ ਕਿ ਬ੍ਰਿਟਿਸ਼ ਰਾਜ ਵਿਚ ਅਦਾਲਤਾਂ ਲੋਕਾਂ ਨੂੰ ਇਨਸਾਫ ਨਹੀਂ ਦਿੰਦੀਆਂ ਸਨ।




# 9 YEARS OF PROGRESS IN PUNJAB

## ONLY STATE IN INDIA TO CONNECT ALL BIG AND SMALL TOWNS WITH 4/6 LANE HIGHWAYS


Roads and development go together. They are universally recognised as harbingers of growth. We in Punjab can proudly state this to be true. Investment in the State has gone up drastically with the advent on world class four to six lane highway infrastructure. The new and improved road network has also played an important role in the State emerging as the number one State as far as ease of doing business is concerned.

But it was not always like this. During the Congress regime (2002-07) no new projects were taken up for construction and even the old ones were allowed to decay. However immediately after taking over the reins of the state, chief minister Parkash Singh Badal and Deputy chief minister Sukhbir Singh Badal made a comprehensive plan to link all major towns and cities with four to six lane highways besides going in for a comprehensive widening and road repair exercise.

Today Punjab can proudly state that it has invested Rs 32,000 crore in the last nine years to create a world class road infrastructure. As Deputy CM Sukhbir Badal puts it "we have taken the road infrastructure to such a level that within one and a half year people will be able to traverse the same destination in half the time."

All this was achieved by dint of hard work and determination. The SAD-BJP government had to reckon with the former UPA government which stalled permission to key projects. However when the NDA government came into being, major projects were cleared immediately by Prime Minister Shri Narendra Modi and Road and Surface Transport minister Shri Nitin Gadkari. Today new projects worth Rs 23,025 crore are being taken up for construction. Such a huge road building exercise has never been conducted in the history of the State in such a short time.

Equal emphasis has been laid not only on major highways but also repair and maintenance of link roads. Today we can say with great pride that each and every nook and corner of Punjab has been connected with world class infrastructure.




" We have taken the road infrastructure to such a level that within one and a half year people will be able to traverse the same destination in half the time. "

**-Sukhbir Singh Badal**




Concrete Roads under construction



Punjab has highest (in India) Road Density of 133 Kms/100 Sq. Kms

## Punjab leads the Nation in construction of Bridges & Flyover




## Investment on Bridges

| CONGRESS 2002-2007 | SAD-BJP 2007-2016 |
| --- | --- |
| 218 Crores | 2312 Crores |


" Travel in Punjab has become hassle free with Railway Over Bridges coming up at 95% railway crossings on highways in the State. "

*-Sukhbir Singh Badal*

## Investment on Roads

**SAD-BJP (2007-16)**
**32,275 Crore**

**Congress (2002-07)**
**3,156 Crore**




## 4/6 LANING OF ALL MAJOR ROADS (2007 ONWARDS)

### 4 LANE HIGHWAYS COMPLETED

| NH No. | Name of the roads (4 Lanes) | Length (in Kms.) | Approx. cost (In crores) | Date of Completion |
| --- | --- | --- | --- | --- |
| 1 | Dhilwan - Amritsar | 49 | 263 | April, 2010 |
| 1 | Amritsar - Wagha Border | 35 | 206 | June, 2010 |
| 1A | Bhogpur - Mukerian | 44 | 300 | Dec, 2013 |
| | Mukerian - Pathankot | 43 | 300 | 2010-11 |
| 21 | Kurali - Kiratpur Sahib | 44 | 309 | July, 2011 |
| 15 | Pathankot - Amritsar Road | 103 | 705 | Sept, 2014 |
| | Total : | 319 | 2083 | |

### 4/6 LANE HIGHWAYS UNDER CONSTRUCTION

| NH No. | Name of the roads | Length (in Kms.) | Approx. cost (In crores) | DATE OF COMPLETION |
| --- | --- | --- | --- | --- |
| 1 | Shambhu - Jalandhar Section (6-laning) | 175 | 1975 | Dec, 2016 |
| 1 | Jalandhar - Dhilwan Road (6 laning) | 20 | 525 | Dec, 2016 |
| 95 | Ludhiana - Talwadi Bhai Road (4 Laning) | 78 | 479 | Sept, 2016 |
| 21 | Kharar - Kurali Road (4 Laning) | 13 | 220 | Dec., 2017 |
| 71 | Sangrur to Partran upto Punjab/Hargana Border (4 Laning) | 57 | 1151 | Dec, 2016 |
| 64 | Zirakpur - Patiala - Bathinda (4 Laning) | 215 | 2806 | July, 2017 |
| 15 | Amritsar - Harike - Zira - Faridkot - Bathinda (4 Laning) | 175 | 2894 | Feb, 2018 |
| 71 | Jalandhar - Moga - Barnala (4 Laning) | 132 | 3096 | Sept, 2017 |
| 1 | Improvement of Amritsar bypass upto Wagha Border (4 Laning) | 42 | 400 | Dec, 2017 |
| 95 | Chandigarh - Kharar (4 Laning) | 10 | 447 | June, 2018 |
| | Total : | 917 | 13,993 | |

### 4 LANE HIGHWAYS WORK TO START (Tenders Invited)

| NH No. | Name of the roads | Length (in Kms.) | Approx. cost (In crores) | START DATE | COMPLETION DATE |
| --- | --- | --- | --- | --- | --- |
| 70 | Jalandhar-Hoshiarpur upto Himachal Border (4-laning) | 39 | 1069 | April, 2016 | April, 2018 |
| 95 | Kharar- Ludhiana (upto Samrala Chowk) (4-laning) | 76 | 1500 | April, 2016 | April, 2018 |
| 344A | Ropar Phagwara road (4-laning) | 88 | 1000 | April, 2016 | April, 2018 |
| 95 | Elevated road project in Ludhiana from Samrala Chowk to MC limit Ludhiana | 12 | 930 | April, 2016 | April, 2018 |
| 95 | Laddowal Bypass (Linking NH-95 with NH-1) via Laddowal Seed Farm at Ludhiana | 16 | 500 | April, 2016 | April, 2018 |
| | Total : | 231 | 4,999 | | |

### 33 FT. WIDE ROADS APPROVED

| NH No. | Name of the roads | Length (in Kms.) | Approx. cost (In crores) | DATE OF START |
| --- | --- | --- | --- | --- |
| 503A | Amritsar - Mehta - Sri Hargobindpur - Hoshiarpur | 126 | 700 | June 2016 |
| 254 | Mudki - Rampura - Talwandi Sabo | 155 | 650 | July, 2016 |
| 205A | Kharar - Banur - Tapla | 39 | 400 | August, 2016 |
| | Total : | 320 | 1750 | |

**Grand Total : 1,787 22,825**

# ਸੁਰਾਂ ਦੀ ਸਰਗਮ

## ਜ਼ਿਲਾ ਖਾਨ ਦੀ ਜ਼ਿਆਰਤ



ਕਲਾ ਪਰਿਕਰਮਾ



### ਕਮਲ ਸਿੱਦੀਕੀ

ਅੱਜ ਦੀ ਸੰਗੀਤ ਹਸਤੀ ਜ਼ਿਲਾ ਖਾਨ ਦੀ ਪਹਿਲੀ ਪਛਾਣ ਤਾਂ ਇਹੀ ਸੀ ਕਿ ਉਹ ਮਸ਼ਹੂਰ ਉਸਤਾਦ ਵਲਾਇਤ ਖਾਨ ਦੀ ਧੀ ਹੈ, ਪਰ ਬਾਅਦ ਵਿਚ ਉਸ ਨੇ ਕਲਾਸੀਕਲ ਅਤੇ ਸੈਮੀ-ਕਲਾਸੀਕਲ ਸੰਗੀਤ ਵਿਚ ਜੋ ਪੈੜਾਂ ਪਾਈਆਂ, ਉਸ ਨਾਲ ਉਸ ਦੀ ਆਪਣੀ ਵੱਖਰੀ, ਨਿਆਰੀ ਅਤੇ ਨਿਵੇਕਲੀ ਪਛਾਣ ਬਣ ਗਈ। ਉਹ ਅੱਜ ਕੱਲ੍ਹ ਇਮਦਾਦਖਾਨੀ ਸੰਗੀਤ ਘਰਾਣੇ ਦੀ ਰਵਾਇਤ ਨੂੰ ਬਾਖੂਬੀ ਅੱਗੇ ਤੋਰ ਰਹੀ ਹੈ।


ਜ਼ਿਲਾ ਖਾਨ ਦਾ ਜਨਮ ਕੋਲਕਾਤਾ ਵਿਚ ਹੋਇਆ। ਉਸਤਾਦ ਵਲਾਇਤ ਨੇ ਆਪਣੀ ਇਸ ਧੀ ਦਾ ਨਾਂ ਅਮੀਰ ਖੁਸਰੋ ਦੇ ਰਾਗ 'ਜ਼ਿਲਾ ਕਾਫੀ' ਦੇ ਨਾਂ ਉਤੇ ਰੱਖਿਆ ਸੀ ਅਤੇ ਜ਼ਿਲਾ ਖਾਨ ਨੇ ਆਪਣੇ ਇਸ ਨਾਂ ਦੀ ਲਾਜ ਪਾਲੀ। ਅੱਜ ਰਾਗ 'ਜ਼ਿਲਾ ਕਾਫੀ' ਵਾਂਗ ਜ਼ਿਲਾ ਖਾਨ ਵੀ ਆਪਣੀ ਵੱਖਰੀ ਸੰਗੀਤ-ਸਾਧਨਾ ਕਾਰਨ ਚਰਚਾ ਵਿਚ ਹੈ। ਉਸ ਨੇ ਬੱਚਿਆਂ ਲਈ ਸੰਗੀਤ ਵਰਕਸ਼ਾਪਾਂ ਦੀ ਲੜੀ ਚਲਾਈ ਹੋਈ ਹੈ ਜਿਥੇ ਉਹ ਖੁਦ ਜਾ ਕੇ ਬੱਚਿਆਂ ਨੂੰ ਸੰਗੀਤ ਨਾਲ ਜੋੜਨ ਦੇ ਸਿਰਤੋੜ ਯਤਨ ਕਰ ਰਹੀ ਹੈ। ਭਾਰਤੀ ਅਤੇ ਸੂਫੀ ਸੰਗੀਤ ਬੱਚਿਆਂ ਤਕ ਅਗਾਂਹ ਪਹੁੰਚਾਉਣ ਵਿਚ ਉਸ ਦਾ ਯੋਗਦਾਨ ਬੜਾ ਅਹਿਮ ਹੈ। ਸੰਗੀਤ ਦੀ ਇਹ ਲਗਨ ਅਤੇ ਚਿਣਗ ਉਸ ਦੇ ਅੱਬਾ ਉਸਤਾਦ ਵਲਾਇਤ ਖਾਨ ਦੀ ਲਾਈ ਹੋਈ ਹੈ। ਉਸ ਨੇ ਆਪਣੇ ਅੱਬਾ ਨਾਲ ਬਹੁਤ ਸਾਰੇ ਸੰਗੀਤ ਟੂਰ ਲਾਏ ਅਤੇ ਹੁਣ ਖੁਦ ਅਜਿਹੇ ਸੰਗੀਤ ਟੂਰਾਂ ਉਤੇ ਰਹਿੰਦੀ ਹੈ।


ਅਸਲ ਵਿਚ ਜ਼ਿਲਾ ਖਾਨ ਦੀ ਇਹ ਪ੍ਰਤਿਭਾ ਉਸਤਾਦ ਵਲਾਇਤ ਖਾਨ ਨੇ ਉਸ ਦੇ ਬਚਪਨ ਵਿਚ ਹੀ ਸਿਆਣ ਲਈ ਸੀ। ਉਹ ਆਪਣੀ ਇਸ ਪ੍ਰਤਿਭਾਸ਼ਾਲੀ ਧੀ ਨੂੰ ਹਰ ਰੋਜ਼ 14 ਤੋਂ 16 ਘੰਟਿਆਂ ਤਕ ਸੰਗੀਤ ਸਾਧਨਾ ਨਾਲ ਜੋੜੀ ਰੱਖਦੇ। ਜ਼ਿਲਾ ਖਾਨ ਦੀਆਂ ਸੱਤ ਪੁਸ਼ਤਾਂ ਸੰਗੀਤ ਨਾਲ ਜੁੜੀਆਂ ਹੋਈਆਂ ਹਨ ਅਤੇ ਹੁਣ ਜ਼ਿਲਾ ਖਾਨ ਦਾ ਆਪਣਾ ਪੁੱਤਰ ਫੈਜ਼ਨ ਸ਼ੇਖ ਖਾਨ ਵੀ ਸੰਗੀਤ ਦੀ ਦੁਨੀਆ ਦਾ ਰਾਹੀ ਹੋ ਗਿਆ ਹੈ। ਜ਼ਿਲਾ ਖਾਨ ਦਾ ਵਿਆਹ 24 ਸਾਲ ਦੀ ਉਮਰ ਵਿਚ ਹੋ ਗਿਆ ਸੀ। ਜ਼ਿਲਾ ਖਾਨ ਨੇ ਆਪਣੇ ਇਸੇ ਪੁੱਤਰ ਨਾਲ ਰਲ ਕੇ ਸਾਂਝਾ 'ਦਿ ਫੈੱਜ਼ ਪ੍ਰੋਜੈਕਟ' ਆਰੰਭ ਕੀਤਾ। ਇਸ ਪ੍ਰੋਜੈਕਟ ਦਾ ਸਾਰਾ ਦਾਰੋਮਦਾਰ ਕਲਾਸੀਕਲ ਅਤੇ ਸੂਫੀ ਸੰਗੀਤ ਹੈ।



ਸੰਗੀਤ ਦੇ ਖੇਤਰ ਵਿਚ ਪਾਏ ਯੋਗਦਾਨ ਸਦਕਾ ਜ਼ਿਲਾ ਖਾਨ ਨੂੰ ਬਹੁਤ ਸਾਰੇ ਇਨਾਮ ਅਤੇ ਸਨਮਾਨ ਮਿਲੇ ਹਨ। ਉਹ ਇਨਾਮਾਂ ਅਤੇ ਸਨਮਾਨਾਂ ਨੂੰ ਕਲਾਕਾਰ ਲਈ ਹੌਸਲਾ-ਅਫਜ਼ਾਈ ਦਾ ਜ਼ਰੀਆ ਹੀ ਮੰਨਦੀ ਹੈ ਅਤੇ ਆਖਦੀ ਹੈ ਕਿ ਕੋਈ ਵੀ ਇਨਾਮ ਜਾਂ ਸਨਮਾਨ ਹਾਸਲ ਕਰਨ ਤੋਂ ਬਾਅਦ ਪਹਿਲਾਂ ਨਾਲੋਂ ਵੀ ਵੱਧ ਜ਼ਿੰਮੇਵਾਰੀ ਦਾ ਅਹਿਸਾਸ ਜਾਗਦਾ ਹੈ ਅਤੇ ਦਿਲ ਵਿਚ ਪਹਿਲਾਂ ਨਾਲੋਂ ਵੀ ਵੱਧ ਤੀਬਰਤਾ ਨਾਲ ਸੰਗੀਤ ਨਾਲ ਜੁੜਨ ਦੀ ਲਲ੍ਹਕ ਪੈਦਾ ਹੁੰਦੀ ਹੈ।

ਜ਼ਿਲਾ ਖਾਨ ਸੰਗੀਤ ਦੇ ਨਾਲ ਨਾਲ ਸਮਾਜਕ ਕਾਰਜਾਂ ਨਾਲ ਵੀ ਜੁੜੀ ਹੋਈ ਹੈ। ਪਿਛੇ ਜਿਹੇ ਉਸ ਨੂੰ ਗੌਹਰ ਜਾਨ ਦੀ ਜ਼ਿੰਦਗੀ 'ਤੇ ਆਧਾਰਤ ਨਾਟਕ 'ਗੌਹਰ ਜਾਨ' ਵਿਚ ਅਦਾਕਾਰੀ ਕਰਨ ਦਾ ਮੌਕਾ ਮਿਲਿਆ। ਜਦੋਂ ਉਹਨੂੰ ਗੌਹਰ ਜਾਨ ਵਾਲਾ ਇਹ ਕਿਰਦਾਰ ਨਿਭਾਉਣ ਦੀ ਪੇਸ਼ਕਸ਼ ਹੋਈ ਤਾਂ ਪਹਿਲਾਂ-ਪਹਿਲ ਤਾਂ ਉਹ ਝਿਜਕੀ, ਪਰ ਫਿਰ ਉਸ ਨੇ ਇਸ ਨੂੰ ਵੰਗਾਰ ਵਜੋਂ ਲਿਆ ਅਤੇ ਤੁਰੰਤ ਇਹ ਜੋਖਮ ਉਠਾਉਣ ਦਾ ਫੈਸਲਾ ਕੀਤਾ। ਆਪਣੇ ਇਸ ਪ੍ਰੋਜੈਕਟ ਵਿਚ ਵੀ ਜ਼ਿਲਾ ਆਪਣੇ ਪਹਿਲੇ ਪ੍ਰੋਜੈਕਟਾਂ ਵਾਂਗ ਪੂਰੀ ਤਰ੍ਹਾਂ ਸਫਲ ਰਹੀ। ਦਰਅਸਲ, ਜ਼ਿਲਾ ਖਾਨ ਹਮੇਸ਼ਾ ਵੱਡੇ ਪ੍ਰੋਜੈਕਟ ਉਲੀਕਦੀ ਰਹੀ ਹੈ। ਇਸ ਨਾਟਕ ਵਿਚ ਤਾਂ ਉਸ ਨੂੰ ਅਦਾਕਾਰੀ ਦਿਖਾਉਣ ਦੇ ਨਾਲ-ਨਾਲ ਨੱਚਣਾ ਵੀ ਪਿਆ। ਅਦਾਕਾਰੀ ਉਸ ਨੂੰ ਔਖੀ ਤਾਂ ਲੱਗੀ, ਪਰ ਉਹ ਆਖਦੀ ਹੈ ਕਿ ਸਾਥੀ ਕਲਾਕਾਰਾਂ ਦੇ ਭਰਪੂਰ ਸਹਿਯੋਗ ਨਾਲ ਉਹ ਇਹ ਕਲਾ ਨਿਭਾਉਣ ਵਿਚ ਵੀ ਸਫ਼ਲ ਰਹੀ।





ਜ਼ਿਲਾ ਖਾਨ ਆਪਣੇ ਪੁੱਤਰ ਫੈਜ਼ਨ ਸ਼ੇਖ ਖਾਨ ਨਾਲ ਇਕ ਸੈਰ-ਸਫਰ ਦੌਰਾਨ ਅਤੇ (ਸੱਜੇ) ਸੰਗੀਤ ਸਾਧਨਾ ਦਾ ਇਕ ਅੰਦਾਜ਼।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਮਈ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-219



*ਐਵੇਂ ਬਾਪੂ ਖਿਝਦਾ ਰਹਿੰਦਾ, ਵੱਟੀ ਰੱਖਦਾ ਘੂਰੀ।
ਅਸੀਂ ਛੱਪੜ 'ਚੋਂ ਨਹਾ ਕੇ ਤੋਰ'ਤੀ ਕਦ ਦੀ ਇਹਦੀ ਬੂਰੀ।
ਇਸ ਅਮਰੀਕਨ ਬੂਟੀ ਦੇ ਵਿਚ ਆਪਾਂ ਵੀ ਹੁਣ ਨਹਾਈਏ।
ਇਹ ਬਚਪਨ ਮੁੜ ਹੱਥ ਨਹੀਂ ਆਉਣਾ, ਬਾਪੂ ਨੂੰ ਸਮਝਾਈਏ।*

## ਕੈਪਸ਼ਨ ਮੁਕਾਬਲਾ-217



ਲਾਡਾਂ ਨਾਲ ਪਾਲੇ ਜਿਹੜੇ ਪੁੱਤ ਸੀ
ਪਿੱਠ ਉਹ ਬੁਢਾਪੇ ਵਿਖਾ ਗਏ ਨੇ।
ਗਿੱਲੀ ਥਾਂ ਪੈ, ਸੁੱਕੀ ਥਾਂ ਪਾਉਂਦੀ ਸੀ
ਪੀਤੇ ਦੁੱਧੀ ਲਾਜ ਉਹ ਲਾ ਗਏ ਨੇ।
ਘਰੋਂ ਕੱਢ ਕੇ ਬਣੇ ਉਹ ਕਪੁੱਤ ਸੀ
ਬਜ਼ੁਰਗ ਸੜਕਾਂ 'ਤੇ ਲਾਹ ਗਏ ਨੇ।
ਵੱਸਦੇ ਉਹ ਰਹਿਣ ਥਾਂਦੀ ਸੂਰਮੇ
ਜੋ ਮਾਪਿਆਂ ਨੂੰ ਪਿੱਤਰ ਬਣਾ ਗਏ ਨੇ।
ਸੇਵਾ ਚਾਹੀਦੀ ਸੀ ਜਿਨ੍ਹਾਂ ਦੀ ਰੱਜ ਕੇ
ਕਹਿਰ ਬੁਢਾਪੇ ਉਤੇ ਢਾਹ ਗਏ ਨੇ।
ਬਣ ਬਗਲੇ ਪਖੰਡੀ ਸੁੱਖ ਨਾ ਮਿਲਣਾ
ਘਰ ਆਏ ਰੱਬ ਜੋ ਭੁਲਾ ਗਏ ਨੇ।

***-ਸਤਵਿੰਦਰ ਥਾਂਦੀ ਦੌਲਤਪੁਰੀਆ***

---

ਪ੍ਰਵਾਹ ਕਿਸੇ ਦੀ ਅਸਾਂ ਨਾ ਕੀਤੀ
ਲੋਕੀਂ ਲੱਖ ਨਘੋਚਾਂ ਕੱਢਦੇ ਰਹੇ।
ਆਪਣੀ ਧੁਨ ਵਿਚ ਮਸਤ ਰਹੇ ਹਾਂ
ਕੁਝ ਰਲਦੇ ਗਏ, ਕੁਝ ਛੱਡਦੇ ਰਹੇ।
ਵਾਟ ਦੀ ਕੋਈ ਨਾ ਚਿੰਤਾ ਕੀਤੀ
ਬੱਸ ਕਦਮ ਮਿਲਾ ਕੇ ਧਰਦੇ ਰਹੇ।
ਝੋਲਾ ਤੇ ਡੋਲੂ ਸਦਾ ਦੇ ਸਾਥੀ
ਭਰਦੇ ਰਹੇ, ਖਾਲੀ ਕਰਦੇ ਰਹੇ।

***-ਜਗਮੀਤ ਸਿੰਘ ਪੰਧੇਰ***

---

ਉਮਰਾਂ ਦੀ ਸ਼ਾਮ ਉਤੋਂ ਸਿਖਰ ਦੁਪਹਿਰਾ
ਹਫਿਆ, ਟੁੱਟਿਆ ਸਰੀਰ
ਦੋਹਾਂ ਦਾ ਇਕਹਿਰਾ।
ਤੂੰ ਹੱਥ ਵਿਚ ਹੈ ਡਾਂਗ ਫੜੀ
ਸਾਰੀ ਉਮਰ ਮੈਂ ਹੱਥ ਛੱਡਿਆ ਨਾ ਤੇਰਾ।
ਦੋ ਡੋਲੂ, ਇਕ ਝੋਲਾ,
ਮੇਰੇ ਕੋਲ ਭਾਰ ਹੈ ਬਥੇਰਾ।
ਲਿਫੇ ਸਰੀਰ 'ਤੇ ਭਾਰੂ ਨਹੀਂ,
ਹੈ ਵੱਡਾ ਜਿਗਰਾ ਮੇਰਾ।
ਇਕ ਤੇ ਇਕ ਗਿਆਰਾਂ ਹੁੰਦੇ
ਫਿਰ ਰਾਹ ਕਦੇ ਨਾ ਲੰਬੇ ਹੁੰਦੇ।
ਬਹੁਤਾ ਰਾਹ ਤਾਂ ਕੱਟ ਲਿਆ ਹੈ
ਬਾਕੀ ਰਹਿ ਗਿਆ ਏ ਥੋੜ੍ਹਾ।
ਇਕ ਦੂਜੇ ਦੀ ਡੰਗੋਰੀ ਬਣੀਏ
ਨਾ ਲਾਈਏ ਕੁਲਦੀਪ ਕਦੇ ਝੋਰਾ।

***-ਕੁਲਦੀਪ ਪੰਨੂ***
***ਇੰਡੀਅਨਐਪੋਲਿਸ, ਇੰਡੀਆਨਾ।***

---

ਆ ਗਿਆ ਬੁਢਾਪਾ ਢਲ ਗਈ ਜਵਾਨੀ।
ਦੋਸ਼ ਨਹੀਂ ਕਿਸੇ ਨੂੰ ਹਰ ਪਲ ਜੋ ਬੀਤਦਾ,
ਮਨਫੀ ਹੁੰਦਾ ਰਹਿੰਦਾ ਜ਼ਿੰਦਗੀ 'ਚੋਂ।
ਪਾ ਸਾਫ ਸੁਥਰੇ ਕੱਪੜੇ
ਫੜ੍ਹ ਸੋਟਾ ਲੈ ਸਹਾਰਾ।
ਮੱਧਮ ਚਾਲੇ ਤੁਰੀ ਆਉਂਦੇ
ਸੁੱਚਾ ਸਿਹੁੰ ਅਤੇ ਧੰਨੋ।
ਮਿੱਠੀਆਂ ਮਿੱਠੀਆਂ ਕਰ ਗੱਲਾਂ
ਦੋਵੇਂ ਹੱਸਦੇ ਲੁਕਵਾਂ ਹਾਸਾ।
ਵਾਟ ਵੀ ਹੁੰਦੀ ਨੇੜੇ
ਚੱਲਦਾ ਰਹੇਗਾ ਇੰਜ ਜੋੜਾ।
ਸਮੁੰਦਰ ਦੀਆਂ ਲਹਿਰਾਂ ਵਾਂਗ
ਵਸਲੋਂ ਉਰੇ ਮੁਕਾਮ ਨਾ ਕੋਈ
ਉਹ ਦਿਨੇ ਰਾਤ ਪਏ ਵਹਿੰਦੇ।

***-ਦਰਸ਼ਨਪਾਲ ਦੋਸਾਂਝ***

---

ਬੇਬੇ ਬਾਪੂ ਇੰਜ ਕੁੰਜੜੀ ਪਾ ਕੇ
ਇਕ ਦੂਜੇ ਦਾ ਬਣਨ ਸਹਾਰਾ।
ਨੂੰਹਾਂ-ਧੀਆਂ ਘਰ ਆਪਣੇ ਰਚੀਆਂ
ਪੁੱਤਾਂ ਨੇ ਵੀ ਕੀਤਾ ਕਿਨਾਰਾ।
ਜਦੋਂ ਸਾਹਾਂ ਦੀ ਤੰਦ ਹੈ ਬਾਕੀ
ਆਪਾਂ ਕਿਉਂ ਐਵੇਂ ਦੀਨ ਕਹਾਈਏ?
ਦੁੱਖਾਂ-ਸੁੱਖਾਂ ਦੇ ਰਹੇ ਹਾਂ ਸਾਥੀ
ਆਖਰੀ ਦਮ ਤੱਕ
ਕਿਉਂ ਨਾ ਸਾਥ ਨਿਭਾਈਏ।

***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***


ਸ੍ਰੀਮਤੀ ਸੋਨੀਆ ਗਾਂਧੀ
ਡਾ: ਮਨਮੋਹਨ ਸਿੰਘ
ਸ੍ਰੀ ਰਾਹੁਲ ਗਾਂਧੀ
ਕੈਪਟਨ ਲਿਆਓ, ਪੰਜਾਬ ਬਚਾਓ
ਮਿਸ਼ਨ 2017 ਫਰਿਜ਼ਨੋ ਕਾਨਫਰੰਸ
ਸਤਿਕਾਰਯੋਗ ਵੀਰੋ ਅਤੇ ਭੈਣੋ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ
ਕੈਪਟਨ ਅਮਰਿੰਦਰ ਸਿੰਘ
3 ਮਈ, 2016 ਦਿਨ ਮੰਗਲਵਾਰ ਸ਼ਾਮ ਫਰਿਜ਼ਨੋ ਵਿਖੇ ਪਹੁੰਚ ਰਹੇ ਹਨ।
ਆਪਣੇ ਹਰਮਨ ਪਿਆਰੇ ਨੇਤਾ ਦੇ ਵਿਚਾਰ ਸੁਣਨ ਲਈ
ਆਪ ਸਭ ਨੂੰ ਇਸ ਪ੍ਰੋਗਰਾਮ ਵਿਚ ਪਹੁੰਚਣ ਲਈ
ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।
Tuesday, 3 May, 2016
Venue : Clovis Veteran Memorial District Hall,
808 4th St., Clovis. CA. 93612 at 5-8 pm
For more info Call :
Paul Sahota
559-269-6974
Charan Gurm
559-349-6242
Rana Gill
559-269-8949
Harninder Gill
559-906-7411
Dinner will be served after the event.

# ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦ 'ਚ ਸਮਾਗਮ

**ਨਿਊ ਯਾਰਕ (ਬਿਊਰੋ):** ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਆਫ ਨਿਊ ਯਾਰਕ ਵੱਲੋਂ ਭਾਰਤ ਦੀ ਆਜ਼ਾਦੀ ਦੇ ਅਮਰ ਸ਼ਹੀਦ-ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦ 'ਚ ਇਕ ਸਮਾਗਮ ਕਰਵਾਇਆ ਗਿਆ। ਪ੍ਰੋਗਰਾਮ ਦੇ ਸ਼ੁਰੂ ਵਿਚ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਨ ਕਰਦਿਆਂ ਦੋ ਮਿੰਟ ਦਾ ਮੋਨ ਰੱਖਿਆ ਗਿਆ। ਨਾਮਧਾਰੀ ਸੰਸਥਾ ਦੇ ਮਾਤਾ ਚੰਦ ਕੌਰ ਦੀ ਅਣਸੁਖਾਵੀਂ ਹੱਤਿਆਂ 'ਤੇ ਵੀ ਸੋਗ ਪ੍ਰਗਟ ਕੀਤਾ ਗਿਆ।

ਪ੍ਰਧਾਨਗੀ ਮੰਡਲ ਵਿਚ ਭਾਰਤ ਤੋਂ ਆਏ ਦੇਸ਼ ਭਗਤ ਯਾਦਗਾਰ ਹਾਲ ਦੇ ਟਰੱਸਟੀ ਸੁਰਿੰਦਰ ਸਿੰਘ, ਗੁਰਮੀਤ ਸਿੰਘ ਸ਼ੁਗਲੀ, ਉਂਕਾਰ ਸਿੰਘ ਡੁਮੇਲੀ ਅਤੇ ਨਾਮਧਾਰੀ ਸੰਸਥਾ ਵਲੋਂ ਸੰਤ ਸਵਰਨ ਸਿੰਘ ਸੁਸ਼ੋਭਿਤ ਸਨ।

ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਦਿਆਂ ਸਟੇਜ ਦੀ ਸ਼ੁਰੂਆਤ ਦਮਨਜੀਤ ਕੌਰ ਭੰਗੂ ਨੇ ਭਾਗ ਸਿੰਘ ਰੱਕੜ ਦੀਆਂ ਸਤਰਾਂ 'ਫੜ ਲਗਾਮ ਰਕਾਬ 'ਤੇ ਪੈਰ ਧਰਨ, ਉਹੀ ਰੱਕੜ ਸਮੇਂ ਦੇ ਸ਼ਾਹ ਅਸਵਾਰ ਹੁੰਦੇ ਨੇ' ਨਾਲ ਕੀਤੀ।

ਦੇਸ਼ ਭਗਤ ਯਾਦਗਾਰ ਹਾਲ ਦੇ ਟਰੱਸਟੀ ਸੁਰਿੰਦਰ ਸਿੰਘ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਦੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ। ਉਹ ਪੀੜ੍ਹੀ ਦਰ ਪੀੜ੍ਹੀ ਦੱਬੇ ਕੁਚਲੇ ਲੋਕਾਂ ਦੇ ਹੱਕਾਂ ਦੀ ਗੱਲ ਕਰਦੇ ਰਹਿੰਦੇ ਹਨ। ਉਨ੍ਹਾਂ ਬੀਬੀ ਸ਼ਰਨਜੀਤ ਕੌਰ ਦੇ ਪਤੀ ਗੁਰਮੇਲ ਸਿੰਘ ਹੁੰਜਣ ਦੇ ਕਤਲ ਅਤੇ ਮਾਤਾ ਚੰਦ ਕੌਰ ਦੀ ਪਿਛਲੇ ਦਿਨੀਂ ਹੋਈ ਹੱਤਿਆ ਦੀ ਵੀ ਨਿਖੇਧੀ ਕੀਤੀ।

ਭਾਰਤ ਤੋਂ ਆਏ ਗੁਰਮੀਤ ਸਿੰਘ ਸ਼ੁਗਲੀ ਨੇ ਕਿਹਾ ਕਿ ਇਨ੍ਹਾਂ ਸ਼ਹੀਦਾਂ ਸਦਕਾ ਹੀ ਅਸੀਂ ਆਜ਼ਾਦ ਭਾਰਤ ਦੇ ਬਾਸ਼ਿੰਦੇ ਕਹਾਉਂਦੇ ਹਾਂ। ਉਨ੍ਹਾਂ ਪ੍ਰੋਗਰਾਮ ਦੀ ਉਸਾਰੀ ਹਿਤ ਕੀਤੇ ਯਤਨਾਂ ਪ੍ਰਤੀ ਬੋਲਦਿਆਂ ਕਿਹਾ ਕਿ ਇਕ ਪਲ ਲਈ ਉਨ੍ਹਾਂ ਨੂੰ ਇਹ ਸਮੁੱਚਾ ਮਾਹੌਲ ਦੇਸ਼ ਭਗਤ ਯਾਦਗਾਰ ਹਾਲ ਵਰਗਾ ਹੀ ਲੱਗਿਆ।

ਇਸ ਤੋਂ ਪਹਿਲਾਂ ਪੰਜਾਬੀ ਗਜ਼ਲਗੋ ਰਜਿੰਦਰ ਜਿੰਦ ਨੇ ਮਨਜੀਤ ਸੋਹਲ ਦੀ ਰਚਨਾ 'ਸ਼ਹੀਦਾਂ ਦੀ ਯਾਦਗਾਰ 'ਤੇ ਖੱਬਲ ਉਗ ਆਇਆ ਹੈ' ਨੂੰ ਖੂਬਸੂਰਤ ਅੰਦਾਜ਼ ਵਿਚ ਪੇਸ਼ ਕਰ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਮੋਹਨ ਸਿੰਘ ਭੰਵਰਾ ਨੇ ਆਪਣੀ ਨਜ਼ਮ ਰਾਹੀਂ ਗੁਲਾਮੀ ਭਰੇ ਇਤਿਹਾਸ ਨੂੰ ਫਰੋਲਿਆ। ਦਲਜੀਤ ਮੋਖਾ ਨੇ ਆਪਣੀ ਕਵਿਤਾ ਪੜ੍ਹ ਆਜ਼ਾਦੀ ਦੇ ਜਨੂਨ ਦੀ ਗੱਲ ਕਰਦਿਆਂ ਦਰਸ਼ਕਾਂ ਦੇ ਮਨਾਂ ਨੂੰ ਟੁੰਬਿਆ। ਤਰਸੇਮ ਸਿੰਘ ਘੁੰਮਣ ਨੇ ਵੀ ਸ਼ਹੀਦਾਂ ਦੀ ਯਾਦ ਵਿਚ ਕਵਿਤਾ ਪੜ੍ਹੀ।

ਕੋਲੰਬੀਆ ਯੂਨੀਵਰਸਿਟੀ 'ਚ ਪੰਜਾਬੀ ਦੇ ਪ੍ਰੋਫੈਸਰ ਸੰਦੀਪ ਸਿੰਘ ਨੇ ਸ਼ਹੀਦਾਂ ਦੀ ਆਜ਼ਾਦੀ ਵਾਸਤੇ ਦਿੱਤੀ ਕੁਰਬਾਨੀ ਦੀ ਗੱਲ ਕਰਦਿਆਂ ਉਨ੍ਹਾਂ ਦੀ ਵਿਚਾਰਧਾਰਾ ਆਪਣੇ ਜੀਵਨ ਵਿਚ ਅਪਨਾਉਣ ਦੀ ਗੱਲ ਕੀਤੀ। ਬਲਵੀਰ ਡੁਮੇਲੀ ਨੇ ਵੀ ਆਪਣੀ ਰਚਨਾ ਪੜ੍ਹੀ ਤੇ ਸ਼ਹੀਦਾਂ ਦੀ ਯਾਦ ਵਿਚ ਕਰਵਾਏ ਅਜਿਹੇ ਪ੍ਰੋਗਰਾਮਾਂ ਦੀ ਸ਼ਲਾਘਾ ਕੀਤੀ।

ਨਿਊ ਯਾਰਕ ਦੇ ਪੰਜਾਬੀ ਸਾਹਿਤਕ ਜਗਤ ਦੀ ਜਾਣੀ-ਪਛਾਣੀ ਹਸਤੀ ਸੁਰਿੰਦਰ ਸੋਹਲ ਨੇ ਆਪਣੀ ਗਜ਼ਲ ਪੜ੍ਹੀ ਤੇ ਸ਼ਹੀਦ ਭਗਤ ਸਿੰਘ ਦੀ ਉਸ ਇਤਿਹਾਸਕ ਯਾਦ ਨੂੰ ਤਾਜ਼ਾ ਕਰਵਾਇਆ ਜਦ ਉਸ ਨੇ ਆਪਣੇ ਆਖਰੀ ਸਮੇਂ ਵਿਚ ਹਥਲੀ ਕਿਤਾਬ ਦਾ ਪੰਨਾ ਮੋੜਦਿਆਂ ਸੰਤਰੀ ਨੂੰ ਕਿਹਾ ਸੀ ਕਿ ਅੱਗੋਂ ਇਹ ਕਿਤਾਬ ਨੌਜਾਵਾਨਾਂ ਨੇ ਪੜ੍ਹਨੀ ਹੈ। ਇਸ ਘਟਨਾ ਦੇ ਬਿਰਤਾਂਤ ਨੇ ਦਰਸ਼ਕਾਂ ਨੂੰ ਸੋਚਣ ਲਈ ਮਜ਼ਬੂਰ ਕੀਤਾ।

ਬੀਬੀ ਸੁਰਿੰਦਰ ਕੌਰ ਪੱਖੋਕੇ ਅਤੇ ਬੀਬੀ ਸਿਮਰਜੀਤ ਕੌਰ ਨੇ ਬੜੀਆਂ ਭਾਵੁਕ ਕਵਿਤਾਵਾਂ ਪੜ੍ਹ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਭਾਗ ਸਿੰਘ ਰੱਕੜ ਨੇ ਸ਼ਹੀਦਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਦਰਸਾਏ ਨਕਸ਼ੇ-ਕਦਮ 'ਤੇ ਚੱਲਣ ਦੀ ਗੱਲ ਕੀਤੀ।

ਨਿਊ ਯਾਰਕ ਵਿਚ ਨਾਮਧਾਰੀ ਸੰਸਥਾ ਦੇ ਮੋਢੀ ਸਰਮੁੱਖ ਸਿੰਘ, ਸੁਖਦੇਵ ਸਿੰਘ ਤੇ ਸੰਸਥਾ ਦੇ ਪ੍ਰਧਾਨ ਸਵਰਨ ਸਿੰਘ ਨੇ ਸਭ ਸੰਸਥਾਵਾਂ ਨੂੰ ਇਕੱਤਰ ਹੋ ਕੇ ਅਜਿਹੇ ਉਸਾਰੂ ਪ੍ਰੋਗਰਾਮ ਕਰਨ ਦੀ ਅਪੀਲ ਕੀਤੀ।

ਸਰਮੁੱਖ ਸਿੰਘ ਨੇ ਸ਼ਹੀਦਾਂ ਬਾਰੇ ਬੋਲਦਿਆਂ ਕਿਹਾ ਕਿ ਉਨ੍ਹਾਂ ਨੂੰ ਕਿਸੇ ਖਾਸ ਸੰਸਥਾ ਜਾਂ ਮਜ਼ਹਬ ਨਾਲ ਜੋੜ ਕੇ ਨਹੀਂ ਦੇਖਿਆ ਜਾਣਾ ਚਾਹੀਦਾ। ਉਹ ਭਾਰਤ ਦੇ ਸ਼ਹੀਦ ਸਨ ਤੇ ਭਾਰਤ ਦੀ ਆਜ਼ਾਦੀ ਲਈ ਲੜੇ, ਜੋ ਸਾਨੂੰ ਸੋਚਣ ਲਈ ਮਜ਼ਬੂਰ ਕਰਦੇ ਹਨ ਕਿ ਮਨੁੱਖ ਨੂੰ ਰਲ-ਮਿਲ ਦੁੱਖਾਂ ਤੋਂ ਬਾਹਰ ਨਿਕਲਣ ਦੇ ਯਤਨ ਕਰਨੇ ਚਾਹੀਦੇ ਹਨ। ਪੱਤਰਕਾਰ ਬਲਦੇਵ ਸਿੰਘ ਗਰੇਵਾਲ ਤੋਂ ਇਲਾਵਾ ਰਾਜਿੰਦਰ ਸਿੰਘ ਖਾਲਸਾ, ਹਿੰਮਤ ਸਿੰਘ ਖਾਲਸਾ ਤੇ ਹਰਦੇਵ ਸਿੰਘ ਪੱਡਾ ਨੇ ਵੀ ਆਪਣੇ ਵਿਚਾਰ ਰੱਖੇ।

ਉਂਕਾਰ ਸਿੰਘ ਡੁਮੇਲੀ ਨੇ ਆਪਣੇ ਉਸਾਰੂ ਵਿਚਾਰਾਂ ਨੂੰ ਸਭ ਨਾਲ ਸਾਂਝੇ ਕਰਦਿਆਂ ਇਤਿਹਾਸ ਦੇ ਕੁਝ ਉਨ੍ਹਾਂ ਪਲਾਂ ਨੂੰ ਤਾਜ਼ਾ ਕਰਵਾਇਆ ਜੋ ਆਜ਼ਾਦੀ ਦੀ ਲਹਿਰ ਵਿਚ ਅਹਿਮ ਭੂਮਿਕਾ ਰੱਖਦੇ ਹਨ। ਸਤਨਾਮ ਸਿੰਘ ਨੇ 'ਛਿੱਟਾ ਚਾਨਣਾ ਦਾ ਦਈ ਜਾਣਾ' ਗੀਤ ਗਾ ਕੇ ਸਮੁੱਚੇ ਮਾਹੌਲ ਨੂੰ ਮੰਤਰਮੁਗਧ ਕਰ ਦਿਤਾ।

ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਦੇ ਨਿਸ਼ਾਨਿਆਂ ਪ੍ਰਤੀ ਸੁਖਬੀਰ ਸਿੰਘ ਕੰਦੋਲਾ ਤੇ ਸੁਖਦੇਵ ਸਿੰਘ (ਨਾਮਧਾਰੀ ਸੰਸਥਾ) ਨੇ ਸਟੇਜ ਤੋਂ ਬੋਲਦਿਆਂ ਕਿਹਾ ਅਸੀਂ ਅਗਲੇਰੇ ਸਮੇਂ ਵਿਚ ਇਕ ਪੰਜਾਬੀ ਲਾਇਬਰੇਰੀ ਤੇ ਕਮਿਊਨਿਟੀ ਸੈਂਟਰ ਬਣਾਉਣਾ ਚਾਹੁੰਦੇ ਹਾਂ, ਜਿਸ ਲਈ ਇਸ ਸੰਸਥਾ ਨੂੰ ਸਮੁੱਚੇ ਭਾਈਚਾਰੇ ਦੇ ਸਾਥ ਦੀ ਲੋੜ ਹੈ। ਪੰਜਾਬੀ ਸਾਹਿਤਕ ਸੰਸਥਾਵਾਂ ਨੂੰ ਇਕ ਮੰਚ 'ਤੇ ਇਕੱਠਾ ਕਰ ਪੰਜਾਬੀ ਨੂੰ ਸਮਰਪਿਤ ਰਾਸ਼ਟਰੀ ਤੇ ਅੰਤਰਰਾਟਰੀ ਪੱਧਰ 'ਤੇ ਪ੍ਰੋਗਰਾਮ ਕਰਵਾਉਣੇ ਵੀ ਏਜੰਡੇ ਅਧੀਨ ਰੱਖੇ ਗਏ।

ਮੰਚ ਸੰਚਾਲਨ ਮਨਮੋਹਨ ਪੂਨੀ ਨੇ ਬਾਖੂਬੀ ਕੀਤਾ ਜੋ ਕਿ ਆਪਣੀ ਅਣਥੱਕ ਮਿਹਨਤ ਸਦਕਾ ਇਸ ਸੰਸਥਾ ਨੂੰ ਉਚੇਰੇ ਦਿਸਹੱਦੇ ਪ੍ਰਦਾਨ ਕਰਨ ਲਈ ਵਚਨਬੱਧ ਹਨ।

ਸੰਸਥਾ ਨੇ ਪ੍ਰੋਗਰਾਮ ਨੂੰ ਸਫਲ ਕਰਨ ਲਈ ਹੋਰਨਾਂ ਤੋਂ ਇਲਾਵਾ ਸ਼ਹੀਦ ਭਾਈ ਮਨੀ ਸਿੰਘ ਜੀ ਕਲਚਰਲ ਸੁਸਾਇਟੀ (ਨਿਊ ਯਾਰਕ) ਦੇ ਪ੍ਰਧਾਨ ਸ਼ਮਸ਼ੇਰ ਸਿੰਘ, ਪੰਜਾਬੀ ਸਾਹਿਤਕ ਅਕੈਡਮੀ (ਨਿਊ ਯਾਰਕ), ਫਲੱਸ਼ਿੰਗ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਿੰਮਤ ਸਿੰਘ, ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ (ਅਮਰੀਕਾ) ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜੀਆਂ, ਬਲਵਿੰਦਰ ਸਿੰਘ ਜੰਡਿਆਲਾ ਤੇ ਸਮੁੱਚੇ ਸਰੋਤਿਆਂ ਦਾ ਧੰਨਵਾਦ ਕੀਤਾ।



ਸੁਰਿੰਦਰ ਸਿੰਘ ਗੁਰਮੀਤ ਸ਼ੁਗਲੀ ਸੁਰਿੰਦਰ ਪੱਖੋਕੇ ਮੋਹਨ ਭੰਬਰਾ ਤਰਸੇਮ ਘੁਮਾਣ ਜਸਵਿੰਦਰਪਾਲ ਸਿੰਘ ਸੁਖਦੇਵ ਸਿੰਘ ਸਵਰਨ ਸਿੰਘ ਸਰਮੁੱਖ ਸਿੰਘ ਸਿਮਰਜੀਤ ਕੌਰ



ਪ੍ਰੋ. ਸੰਦੀਪ ਸਿੰਘ ਸਤਨਾਮ ਸਿੰਘ ਓਂਕਾਰ ਸਿੰਘ ਮਨਮੋਹਨ ਪੁਨੀ ਸੁਖਵੀਰ ਬੈਂਸ ਭਾਗ ਸਿੰਘ ਰੱਕੜ ਸੁਰਿੰਦਰ ਸੋਹਲ ਬਲਬੀਰ ਡੁਮੇਲੀ ਬਲਦੇਵ ਗਰੇਵਾਲ ਦਲਜੀਤ ਮੋਖਾ







# ਪੋਰਟਰਵਿਲ ਗੁਰੂਘਰ 'ਚ ਵਿਸਾਖੀ ਮੌਕੇ ਸਮਾਗਮ

**ਪੋਰਟਰਵਿਲ, ਕੈਲੀਫੋਰਨੀਆ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਸੈਂਟਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਵਲੋਂ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਦੇ ਮਕਸਦ ਨਾਲ ਖਾਲਸਾ ਸਿਰਜਣਾ ਦਿਵਸ ਤੇ ਵਿਸਾਖੀ ਨੂੰ ਸਮਰਪਿਤ ਬੱਚਿਆਂ ਦਾ ਇਕ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਬੱਚਿਆਂ ਨੇ ਵਿਸਾਖੀ ਦੇ ਦਿਹਾੜੇ ਦੀ ਮਹੱਤਤਾ ਸਬੰਧੀ ਭਾਸ਼ਣ, ਕਵਿਤਾ, ਗੀਤ, ਇਤਿਹਾਸ ਅਤੇ ਪਾਠ ਦਾ ਉਚਾਰਣ ਕੀਤਾ।

ਸੰਗਤ ਇਸ ਗੱਲੋਂ ਵੀ ਬਹੁਤ ਪ੍ਰਸੰਨ ਸੀ ਕਿ ਸਟੇਜ ਦੀ ਕਾਰਵਾਈ ਵੀ ਬੱਚਿਆਂ ਨੇ ਹੀ ਨਿਭਾਈ ਤੇ ਉਨ੍ਹਾਂ ਵਿਚ ਸਮਾਗਮ ਪ੍ਰਤੀ ਭਾਰੀ ਉਤਸ਼ਾਹ ਸੀ। ਬੱਚਿਆਂ ਨੇ ਕਵਿਤਾ ਗਾਇਨ ਅਤੇ ਜੈਕਾਰਿਆਂ ਨਾਲ ਮਾਹੌਲ ਨੂੰ ਖਾਲਸਈ ਰੰਗ ਵਿਚ ਰੰਗ ਦਿੱਤਾ। ਇਸ ਮੌਕੇ ਹਜ਼ੂਰੀ ਰਾਗੀ ਭਾਈ ਬਲਵਿੰਦਰ ਸਿੰਘ ਅਤੇ ਭਾਈ ਸੁਰਿੰਦਰ ਸਿੰਘ ਜਲੰਧਰ ਵਾਲਿਆਂ ਨੇ ਬੱਚਿਆਂ ਦਾ ਸਾਥ ਦਿੱਤਾ। ਡਾ. ਸਤਿਵੰਤ ਸਿੰਘ ਢਿੱਲੋਂ ਨੇ 'ਖਾਲਸਾ' ਸ਼ਬਦ ਦੀ ਵਿਆਖਿਆ ਕੀਤੀ।

ਪ੍ਰਬੰਧਕ ਕਮੇਟੀ ਨੇ ਸਮਾਗਮ ਵਿਚ ਭਾਗ ਲੈਣ ਵਾਲੇ ਬੱਚਿਆਂ ਨੂੰ ਯਾਦਗਾਰੀ ਚਿੰਨ੍ਹ ਦਿੱਤੇ।



*ਸਮਾਗਮ ਉਪਰੰਤ ਬੱਚਿਆਂ ਨਾਲ ਸੰਗਤ ਅਤੇ ਪ੍ਰਬੰਧਕ ਕਮੇਟੀ*

# ਅਮਰੀਕਾ ਦੇ ਮਿਸੀਸਿਪੀ ਸੂਬੇ ਵਿਚ ਭਾਰਤੀ ਦੇ ਨਾਂ 'ਤੇ ਬਣੀ ਸੜਕ

**ਵਾਸ਼ਿੰਗਟਨ:** ਅਮਰੀਕਾ ਦੇ ਮਿਸੀਸਿਪੀ ਸੂਬੇ ਵਿਚ ਭਾਰਤੀ ਮੂਲ ਦੇ ਇਕ ਵਿਅਕਤੀ ਦੀ ਭਾਈਚਾਰੇ ਪ੍ਰਤੀ ਸੇਵਾ ਨੂੰ ਵੇਖਦਿਆਂ ਉਸ ਦੇ ਨਾਂ 'ਤੇ ਇਕ ਸੜਕ ਦਾ ਨਾਮ ਰੱਖਿਆ ਗਿਆ ਹੈ। ਸੂਬੇ ਦੇ ਇਕ ਦਿੱਗਜ ਰਿਪਬਲਿਕਨ ਡਾ. ਸੰਪਤ ਸ਼ਿਵਾਂਗੀ ਨੂੰ ਮਾਨਤਾ ਪ੍ਰਦਾਨ ਕਰਦਿਆਂ ਅਧਿਕਾਰਕ ਰੂਪ ਨਾਲ ਸੜਕ ਦਾ ਨਾਮ 'ਡਾਕਟਰ ਸੰਪਤ ਸ਼ਿਵਾਂਗੀ ਲੇਨ' ਰੱਖਿਆ ਗਿਆ।



ਇਸ ਹਫਤੇ ਰਾਜ ਦੇ ਗਵਰਨਰ ਫਿਲ ਬ੍ਰਾਂਇਟ ਨੇ ਵੀ ਉਨ੍ਹਾਂ ਨੂੰ ਮਿਸੀਸਿਪੀ ਦੇ ਮਾਨਸਿਕ ਸਿਹਤ ਵਿਭਾਗ ਦੇ ਬੋਰਡ ਵਿਚ ਸੱਤ ਸਾਲ ਲਈ ਦੂਸਰੀ ਵਾਰ ਫਿਰ ਤੋਂ ਨਿਯੁਕਤ ਕੀਤਾ ਹੈ। ਸ਼ਿਵਾਂਗੀ ਨੇ ਮੀਡੀਆ ਵਿਚ ਜਾਰੀ ਬਿਆਨ ਵਿਚ ਕਿਹਾ ਕਿ, 'ਮੈਂ ਗਵਰਨਰ ਫਿਲ ਬ੍ਰਾਂਇਟ ਦਾ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਕਈ ਸਾਲ ਪਹਿਲਾਂ ਮੇਰੇ ਅਹੁਦਾ ਸੰਭਾਲਣ ਦੇ ਬਾਅਦ ਤੋਂ ਰਾਜ ਦੇ ਮਾਨਸਿਕ ਸਿਹਤ ਵਿਭਾਗ ਵਿਚ ਮੇਰੇ ਵੱਲੋਂ ਲਿਆਂਦੇ ਗਏ ਬਦਲਵਾਂ 'ਤੇ ਵਿਸ਼ਵਾਸ ਪ੍ਰਗਟ ਕੀਤਾ ਹੈ।'' ਮਾਨਸਿਕ ਸਿਹਤ ਵਿਭਾਗ ਮਿਸੀਸਿਪੀ ਰਾਜ ਏਜੰਸੀ ਦਾ ਦੂਸਰਾ ਵੱਡਾ ਵਿਭਾਗ ਹੈ। ਇਹ ਮਾਨਸਿਕ ਰੂਪ ਤੋਂ ਬਿਮਾਰਾਂ ਦੀ ਦੇਖ ਭਾਲ, ਬੌਧਿਕ ਵਿਕਾਸ ਅਤੇ ਸ਼ਰਾਬ ਦੀ ਆਦਤ ਦੇ ਪੀੜਤਾਂ ਦੀ ਦੇਖ ਭਾਲ ਲਈ ਅਹਿਮ ਭੂਮਿਕਾ ਨਿਭਾਉਂਦਾ ਹੈ। ਦੱਸਣਯੋਗ ਹੈ ਕਿ ਸ਼ਿਵਾਂਗੀ ਨੇ 2005 ਤੋਂ 2008 ਤੱਕ ਅਮਰੀਕੀ ਸਿਹਤ ਅਤੇ ਮਨੁੱਖੀ ਸੇਵਾਵਾਂ ਦੇ ਸਕੱਤਰ ਦੇ ਸਲਾਹਕਾਰ ਵਜੋਂ ਵੀ ਸੇਵਾ ਨਿਭਾਈ ਹੈ।

# ਨਾਮਧਾਰੀ ਮਾਤਾ ਚੰਦ ਕੌਰ ਕਤਲ ਕਾਂਡ ਦੀ ਤਾਣੀ ਉਲਝੀ

## ਪੁਲੀਸ ਵੱਲੋਂ ਕਿਸੇ ਭੇਤੀ ਦਾ ਕਾਰਾ ਹੋਣ ਦਾ ਦਾਅਵਾ



**ਚੰਡੀਗੜ੍ਹ:** ਮਾਤਾ ਚੰਦ ਕੌਰ ਦੇ ਕਤਲ ਦੀ ਤਾਣੀ ਉਲਝਦੀ ਜਾ ਰਹੀ ਹੈ। ਵਿਸ਼ੇਸ਼ ਜਾਂਚ ਟੀਮ ਦੀ ਹੁਣ ਤੱਕ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਚੰਦ ਕੌਰ ਦੇ ਕਾਤਲਾਂ ਨੂੰ ਸਾਰੀ ਜਾਣਕਾਰੀ ਕਿਸੇ ਨੇ ਭੈਣੀ ਸਾਹਿਬ ਅੰਦਰੋਂ ਹੀ ਦਿੱਤੀ ਸੀ।

ਇਸ ਕਤਲ ਤੋਂ ਤਕਰੀਬਨ ਮਹੀਨੇ ਬਾਅਦ ਵੀ ਪੁਲਿਸ ਦੇ ਹੱਥ ਖਾਲੀ ਹਨ। ਲੁਧਿਆਣਾ ਦੇ ਪੁਲਿਸ ਕਮਿਸ਼ਨਰ ਜਤਿੰਦਰ ਸਿੰਘ ਔਲਖ ਦੀ ਅਗਵਾਈ ਹੇਠਲੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵੱਲੋਂ ਤਫ਼ਤੀਸ਼ ਲਈ ਅਪਨਾਈਆਂ ਗਈਆਂ ਤਕਨੀਕਾਂ ਅਜੇ ਤਾਈਂ ਰੰਗ ਨਹੀਂ ਲਿਆਈਆਂ ਹਨ। ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਪੇਸ਼ੇਵਰ ਮੁਜਰਮਾਂ ਦੀ ਸ਼ਮੂਲੀਅਤ ਕਾਰਨ ਪੁਲਿਸ ਨੂੰ ਕਾਤਲਾਂ ਦੀ ਸੂਹ ਲਾਉਣੀ ਔਖੀ ਹੋਈ ਪਈ ਹੈ। ਸੂਤਰਾਂ ਮੁਤਾਬਕ ਪੁਲਿਸ ਵੱਲੋਂ ਹੁਣ ਤੱਕ 70 ਤੋਂ ਵੱਧ ਸ਼ੱਕੀਆਂ ਨੂੰ ਹਿਰਾਸਤ ਵਿਚ ਲੈ ਕੇ ਪੁੱਛ ਪੜਤਾਲ ਕੀਤੀ ਜਾ ਚੁੱਕੀ ਹੈ।

ਮੋਬਾਈਲ ਫੋਨ ਤੇ ਸੀ.ਸੀ.ਟੀ.ਵੀ. ਫੁਟੇਜ ਦੀ ਵੀ ਪੁਣਛਾਣ ਕੀਤੀ ਗਈ ਹੈ, ਪਰ ਪੁਲਿਸ ਦੇ ਹੱਥ ਪੱਲੇ ਅਜੇ ਤੱਕ ਕੁਝ ਨਹੀਂ ਪਿਆ ਹੈ। ਮਾਤਾ ਚੰਦ ਕੌਰ ਦਾ ਕਤਲ ਚਾਰ ਅਪਰੈਲ ਨੂੰ ਹੋਇਆ ਸੀ। ਜਾਂਚ ਨਾਲ ਜੁੜੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਕਤਲ ਦੀ ਗੁੱਥੀ ਸੁਲਝਾਉਣ ਵਿਚ ਅਜੇ ਸਮਾਂ ਲੱਗੇਗਾ। ਸੰਪਰਦਾ ਵਿਚ ਧੜੇਬੰਦੀ ਕਾਰਨ ਇਸ ਕਤਲ ਨੂੰ ਲੈ ਕੇ ਦੂਸ਼ਣਬਾਜ਼ੀ ਵੀ ਭਾਰੂ ਹੈ। ਪੁਲਿਸ ਨੇ ਧੜੇਬੰਦੀ ਨੂੰ ਵੀ ਜਾਂਚ ਦਾ ਆਧਾਰ ਤਾਂ ਬਣਾਇਆ ਹੈ ਪਰ ਚੋਣ ਵਰ੍ਹਾ ਹੋਣ ਕਾਰਨ ਪੁਲਿਸ ਵੱਲੋਂ ਜਾਂਚ ਸੰਭਲ ਕੇ ਕੀਤੀ ਜਾ ਰਹੀ ਹੈ।

ਐਸ.ਆਈ.ਟੀ. ਵੱਲੋਂ ਲੁਧਿਆਣਾ ਨੂੰ ਆਉਣ ਵਾਲੇ ਸਮੁੱਚੇ ਸ਼ਹਿਰਾਂ ਤੇ ਸੜਕਾਂ ਉਤੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀਆਂ ਫੁਟੇਜ ਮੰਗਵਾਈਆਂ ਗਈਆਂ ਸਨ। ਲੁਧਿਆਣਾ ਦੇ ਆਸ ਪਾਸ ਟੋਲ ਬੈਰੀਅਰਾਂ ਦੇ ਕੈਮਰਿਆਂ ਦੀਆਂ ਫੁਟੇਜ ਵੀ ਘੋਖੀਆਂ ਗਈਆਂ ਪਰ ਕਾਤਲਾਂ ਦਾ ਕੋਈ ਸੁਰਾਗ ਨਹੀਂ ਲੱਗਾ। ਸੂਤਰਾਂ ਮੁਤਾਬਕ ਚਸ਼ਮਦੀਦਾਂ ਨੂੰ ਵੀਡੀਓ ਦਿਖਾਈਆਂ ਗਈਆਂ ਪਰ ਕਿਸੇ ਵੀ ਵਿਅਕਤੀ ਦੀ ਸ਼ਨਾਖ਼ਤ ਨਹੀਂ ਹੋ ਸਕੀ। ਪੁਲਿਸ ਵੱਲੋਂ ਪੰਜਾਬ 'ਚ ਸੰਗੀਨ ਅਪਰਾਧਾਂ ਦੀਆਂ ਘਟਨਾਵਾਂ ਵਿਚ ਸ਼ਾਮਲ ਰਹੇ ਮਸ਼ਕੂਕਾਂ ਦੀਆਂ ਤਸਵੀਰਾਂ ਵੀ ਚਸ਼ਮਦੀਦਾਂ ਨੂੰ ਦਿਖਾਈਆਂ ਗਈਆਂ ਹਨ ਪਰ ਕਿਸੇ ਦੀ ਸ਼ਨਾਖ਼ਤ ਨਹੀਂ ਹੋਈ।

ਸੂਤਰਾਂ ਮੁਤਾਬਕ ਪੁਲਿਸ ਵੱਲੋਂ ਮੋਬਾਈਲ ਫੋਨ ਤਕਨੀਕ ਦਾ ਸਹਾਰਾ ਲੈਂਦਿਆਂ ਘਟਨਾ ਵਾਲੇ ਦਿਨ ਇਸ ਖੇਤਰ ਅੰਦਰ ਵਰਤੋਂ ਵਿਚ ਆਏ ਹਜ਼ਾਰਾਂ ਮੋਬਾਈਲ ਫੋਨਾਂ ਦੀਆਂ ਲੋਕੇਸ਼ਨਾਂ, ਫੋਨ ਕਾਲਾਂ ਦੀ ਪੜਤਾਲ ਵੀ ਕੀਤੀ ਗਈ ਹੈ ਪਰ ਕਿਸੇ ਵੀ ਮੋਬਾਈਲ ਫੋਨ ਦੀਆਂ ਤਾਰਾਂ ਕਤਲ ਨਾਲ ਸਬੰਧਤ ਸ਼ੱਕੀ ਵਿਅਕਤੀਆਂ ਨਾਲ ਨਹੀਂ ਜੁੜੀਆਂ। ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਕਾਤਲਾਂ ਨੂੰ ਪੁਲਿਸ ਤਫ਼ਤੀਸ਼ ਦੇ ਪਹਿਲੂਆਂ ਬਾਰੇ ਬਾਰੀਕੀ ਨਾਲ ਪਤਾ ਹੋਣ ਕਾਰਨ ਉਨ੍ਹਾਂ ਕਤਲ ਦਾ ਕੋਈ ਸੁਰਾਗ ਨਹੀਂ ਛੱਡਿਆ ਤੇ ਕਤਲ ਸਮੇਂ ਮੋਬਾਈਲ ਫੋਨ ਜਿਹਾ ਆਧੁਨਿਕ ਯੰਤਰ ਵੀ ਵਰਤੋਂ ਵਿਚ ਨਹੀਂ ਲਿਆਂਦਾ ਗਿਆ।

ਸਰਕਾਰ ਲਈ ਰਾਜਸੀ ਤੌਰ ਉਤੇ ਵੀ ਇਹ ਮਾਮਲਾ ਸਿਰਦਰਦੀ ਬਣਿਆ ਹੋਇਆ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਬਾਦਲ ਅਤੇ ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਨਾਮਧਾਰੀ ਸੰਪਰਦਾ ਦੇ ਹੈੱਡਕੁਆਰਟਰ ਅਤੇ ਘਟਨਾ ਸਥਾਨ ਦਾ ਦੌਰਾ ਵੀ ਕੀਤਾ ਸੀ ਤੇ ਕਾਤਲਾਂ ਨੂੰ ਤੁਰਤ ਫੜਨ ਦਾ ਭਰੋਸਾ ਦਿਵਾਇਆ ਸੀ। ਸ੍ਰੀ ਬਾਦਲ ਤੇ ਡੀ.ਜੀ.ਪੀ. ਦੇ ਐਲਾਨ ਤੋਂ ਬਾਅਦ ਪੁਲਿਸ ਨੇ ਜਾਂਚ ਤਾਂ ਤੇਜ਼ ਕੀਤੀ ਪਰ ਪੱਲੇ ਨਿਰਾਸ਼ਾ ਹੀ ਪਈ।

## ਉਦੈ ਸਿੰਘ ਨੂੰ ਜ਼ੈੱਡ ਪਲੱਸ ਸੁਰੱਖਿਆ

**ਸਮਰਾਲਾ:** ਮਾਤਾ ਚੰਦ ਕੌਰ ਦੀ ਹੱਤਿਆ ਤੋਂ ਬਾਅਦ ਕਾਤਲਾਂ ਤੱਕ ਨਾ ਪਹੁੰਚਣ ਤੋਂ ਚਿੰਤਤ ਗ੍ਰਹਿ ਵਿਭਾਗ ਵੱਲੋਂ ਅਚਾਨਕ ਸਤਿਗੁਰੂ ਉਦੈ ਸਿੰਘ ਨੂੰ ਜ਼ੈੱਡ ਪਲੱਸ ਸੁਰੱਖਿਆ ਮੁਹੱਈਆ ਕਰਵਾ ਦੇਣ ਦੇ ਨਾਲ-ਨਾਲ ਡੇਰਾ ਭੈਣੀ ਸਾਹਿਬ ਦੇ ਚਹੁੰ ਪਾਸਾ ਸੁਰੱਖਿਆ ਦੇ ਸਖ਼ਤ ਪ੍ਰਬੰਧ ਕਰ ਦੇਣ ਦੇ ਫੈਸਲਿਆਂ ਨੇ ਇਥੇ ਖੌਫ਼ਜ਼ਦਾ ਮਾਹੌਲ ਹੋਣ ਨੂੰ ਤਸਦੀਕ ਕਰ ਦਿੱਤਾ ਹੈ। ਇਸ ਕਾਰਵਾਈ ਤੋਂ ਬਾਅਦ ਇਸ ਰੂਹਾਨੀ ਕੇਂਦਰ ਨਾਲ ਜੁੜੀਆਂ ਸੰਗਤਾਂ ਵਿਚ ਹੋਰ ਵੀ ਸਹਿਮ ਪੈਦਾ ਹੋ ਗਿਆ ਹੈ। ਸਤਿਗੁਰੂ ਉਦੈ ਸਿੰਘ ਦੇ ਸੁਰੱਖਿਆ ਦਸਤੇ ਵਿਚ ਪਹਿਲਾਂ ਪੰਜਾਬ ਪੁਲਿਸ ਦੇ 17 ਕਾਂਸਟੇਬਲ ਤਾਇਨਾਤ ਸਨ

## ਪੰਜ ਸਾਲਾਂ 'ਚ ਵੀ ਨਹੀਂ ਮਿਲੇ ਅਵਤਾਰ ਸਿੰਘ ਦੇ ਕਾਤਲ

**ਚੰਡੀਗੜ੍ਹ:** ਮਰਹੂਮ ਸਤਿਗੁਰੂ ਜਗਜੀਤ ਸਿੰਘ ਦੇ ਬੇਹੱਦ ਨਜ਼ਦੀਕੀ ਅਵਤਾਰ ਸਿੰਘ ਤਾਰੀ ਦੇ ਪੰਜ ਸਾਲ ਪਹਿਲਾਂ ਕੀਤੇ ਗਏ ਕਤਲ ਬਾਰੇ ਪੁਲਿਸ ਅੱਜ ਤੱਕ ਕੋਈ ਥਹੁ-ਪਤਾ ਨਹੀਂ ਲੱਗ ਸਕੀ। 12 ਅਪਰੈਲ, 2011 ਵਾਲੇ ਦਿਨ ਅਵਤਾਰ ਸਿੰਘ ਤਾਰੀ (57) ਵਾਸੀ ਮੁਹਾਲੀ ਦਾ ਕਤਲ ਵੀ ਭੈਣੀ ਸਾਹਿਬ ਦੇ ਬਿਲਕੁੱਲ ਨਜ਼ਦੀਕ ਹੋਇਆ ਸੀ। ਕਾਤਲਾਂ ਵੱਲੋਂ ਅਵਤਾਰ ਸਿੰਘ ਨੂੰ ਬੜੀ ਬੇਰਹਿਮੀ ਨਾਲ ਗੋਲੀਆਂ ਨਾਲ ਛਲਨੀ ਕਰ ਦਿੱਤਾ ਗਿਆ ਸੀ, ਉਸ ਦੀ ਲਾਸ਼ ਪਾਸੋਂ 11 ਖਾਲੀ ਕਾਰਤੂਸ ਬਰਾਮਦ ਹੋਏ ਸਨ। ਇਹ ਗੋਲੀਆਂ ਹਮਲਾਵਰਾਂ ਵੱਲੋਂ ਏ.ਕੇ.47 ਰਾਈਫਲ ਨਾਲ ਚਲਾਈਆਂ ਗਈਆਂ ਸਨ।

# ਆਸਾਰਾਮ ਦੀ ਜਾਇਦਾਦ ਤੋਂ ਹੋਵੇਗੀ 750 ਕਰੋੜ ਦੀ ਟੈਕਸ ਵਸੂਲੀ



**ਸੂਰਤ:** ਆਪਣੇ ਆਸ਼ਰਮ ਵਿਚ ਜਿਸਮਾਨੀ ਸ਼ੋਸ਼ਣ ਦੇ ਮਾਮਲੇ ਵਿਚ ਜੇਲ੍ਹ 'ਚ ਬੰਦ ਆਸਾਰਾਮ ਤੇ ਉਸ ਦੇ ਬੇਟੇ ਨਰਾਇਣ ਸਾਈਂ 'ਤੇ ਹੁਣ ਸ਼ਿਕੰਜਾ ਕੱਸਦਾ ਨਜ਼ਰ ਆ ਰਿਹਾ ਹੈ।

ਸੂਰਤ ਆਮਦਨ ਟੈਕਸ ਵਿਭਾਗ ਨੇ ਆਸਾਰਾਮ ਤੇ ਨਰਾਇਣ ਸਾਈਂ ਦੀ 2500 ਕਰੋੜ ਦੀ ਸੰਪਤੀ 'ਤੇ 30 ਪ੍ਰਤੀਸ਼ਤ ਟੈਕਸ ਦੇ ਹਿਸਾਬ ਨਾਲ 750 ਕਰੋੜ ਦੀ ਪ੍ਰਾਪਰਟੀ ਟੈਕਸ ਵਸੂਲੀ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਇਸ ਬਾਰੇ ਸੂਰਤ ਆਮਦਨ ਟੈਕਸ ਵਿਭਾਗ ਨੇ ਇਕ ਰਿਪੋਰਟ ਤਿਆਰ ਕਰ ਅਹਿਮਦਾਬਾਦ ਇਨਕਮ ਟੈਕਸ ਵਿਭਾਗ ਨੂੰ ਦੇ ਦਿੱਤੀ। ਆਸਾਰਾਮ ਤੇ ਉਨ੍ਹਾਂ ਦੇ ਬੇਟੇ ਨਰਾਇਣ ਦੇ ਦੇਸ਼ ਭਰ 'ਚ 70 ਆਸ਼ਰਮਾਂ ਉਤੇ ਪੁਲਿਸ ਨੇ ਛਾਪੇ ਮਾਰ ਕੇ ਤਕਰੀਬਨ 2000 ਕਰੋੜ ਦੀ ਪ੍ਰੋਪਰਟੀ ਨੂੰ ਪ੍ਰੋਵੀਜ਼ਨਲ ਅਟੈਚਮੈਂਟ 'ਚ ਲੈ ਕੇ ਛੇ ਮਹੀਨੇ ਵਿਚ ਟੈਕਸ ਨਹੀਂ ਦੇਣ ਉਤੇ ਪ੍ਰਾਪਰਟੀ ਵੇਚ ਕੇ ਟੈਕਸ ਵਸੂਲ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪਰਮਜੀਤ ਪੰਮਾ ਨੂੰ ਪੰਜਾਬ ਲਿਆਉਣ ਦੀ ਫਿਰ ਤਿਆਰੀ

**ਮੁਹਾਲੀ:** ਪੁਰਤਗਾਲ ਜੇਲ੍ਹ ਵਿਚੋਂ ਕੁਝ ਸਮਾਂ ਪਹਿਲਾਂ ਰਿਹਾਅ ਹੋਏ ਪਰਮਜੀਤ ਸਿੰਘ ਪੰਮਾ ਨੂੰ ਪੰਜਾਬ ਪੁਲਿਸ ਵੱਲੋਂ ਭਾਰਤ ਲਿਆਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਪੁਲਿਸ ਪੰਮਾ ਨੂੰ ਕਾਨੂੰਨ ਮੁਤਾਬਕ ਭਾਰਤ ਲਿਆਉਣ ਲਈ ਅਦਾਲਤ ਵਿਚ ਅਰਜ਼ੀ ਦਾਇਰ ਕਰਨ ਜਾ ਰਹੀ ਹੈ, ਜਿਸ ਲਈ ਪੁਲਿਸ ਨੇ ਜ਼ਿਲ੍ਹਾ ਅਟਾਰਨੀ ਤੋਂ ਲੀਗਲ ਰਾਏ ਵੀ ਮੰਗੀ ਹੈ। ਪੁਲਿਸ ਮੁਤਾਬਕ ਜੇਕਰ ਸਭ ਕੁਝ ਸਹੀ ਰਿਹਾ ਤਾਂ ਪੁਲਿਸ ਇੰਗਲੈਂਡ ਦੀ ਸੁਰੱਖਿਆ ਏਜੰਸੀ ਨਾਲ ਰਾਬਤਾ ਕਾਇਮ ਕਰੇਗੀ।



ਜ਼ਿਕਰਯੋਗ ਹੈ ਕਿ 1998 ਵਿਚ ਮਟੌਰ ਪੁਲਿਸ ਨੇ ਪੰਮਾ ਤੇ ਤਿੰਨ ਹੋਰਨਾਂ ਖਿਲਾਫ਼ ਫਰਜ਼ੀ ਦਸਤਾਵੇਜ਼ਾਂ ਦੇ ਆਧਾਰ 'ਤੇ ਪਾਸਪੋਰਟ ਬਣਾਉਣ ਦਾ ਮਾਮਲਾ ਦਰਜ ਕੀਤਾ ਸੀ, ਜਿਸ ਲਈ ਚਾਰੇ ਮੁਲਜ਼ਮਾਂ ਨੇ ਅਦਾਲਤ ਤੋਂ ਜ਼ਮਾਨਤ ਲੈ ਲਈ ਸੀ। ਤਿੰਨਾਂ ਮੁਲਜ਼ਮਾਂ ਨੂੰ ਤਾਂ ਸਜ਼ਾ ਹੋ ਗਈ ਸੀ, ਜਦੋਂ ਕਿ ਪਰਮਜੀਤ ਸਿੰਘ ਪੰਮਾ ਦੇ ਵਿਦੇਸ਼ ਚਲੇ ਜਾਣ ਕਾਰਨ ਉਸ ਨੂੰ 2000 ਵਿਚ ਭਗੌੜਾ ਕਰਾਰ ਦੇ ਦਿੱਤਾ ਗਿਆ। ਮੁਹਾਲੀ ਦੀ ਅਦਾਲਤ ਨੇ ਪੰਮਾ ਦੇ ਪੀ.ਓ. ਦੇ ਖੁੱਲ੍ਹੇ ਵਾਰੰਟ ਜਾਰੀ ਕੀਤੇ ਹੋਏ ਹਨ।

# ਬਰਾਕ ਓਬਾਮਾ ਵੱਲੋਂ ਪਰਵਾਸੀ ਭਾਰਤੀ ਨੂੰ ਵੱਡਾ ਅਹੁਦਾ

**ਵਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਇੰਡੋ-ਅਮਰੀਕਨ ਗੀਤਾ ਪਾਸੀ ਨੂੰ ਅਫਰੀਕਨ ਦੇਸ਼ ਚਾਡ ਦਾ ਰਾਜਦੂਤ ਨਿਯੁਕਤ ਕੀਤਾ ਹੈ। ਪਾਸੀ ਨੇ ਅਮਰੀਕਾ ਦੇ ਰਾਜਦੂਤ ਵਜੋਂ ਦੀਜੇਬੂਗਤੀ 'ਚ 2011 ਤੋਂ 2014 ਤੱਕ ਕੰਮ ਕੀਤਾ ਹੈ। ਉਹ ਵਿਦੇਸ਼ੀ ਕਰੀਅਰ ਸਰਵਿਸ ਨਾਲ ਜੁੜੇ ਹੋਏ ਹਨ। ਉਹ ਅੱਜ-ਕੱਲ੍ਹ ਕਰੀਅਰ ਵਿਕਾਸ ਤੇ ਬਿਊਰੋ ਆਫ ਹਿਊਮਨ ਰਿਸੋਰਸ ਦੇ ਨਿਰਦੇਸ਼ਕ ਹਨ।



ਪਾਸੀ ਦੇ ਨਾਂ ਦੀ ਨਾਮਜ਼ਦਗੀ ਦੇ ਐਲਾਨ ਤੋਂ ਬਾਅਦ ਭਾਰਤੀ ਭਾਈਚਾਰੇ ਵਿਚ ਖ਼ੁਸ਼ੀ ਦੀ ਲਹਿਰ ਹੈ। ਓਬਾਮਾ ਨੇ ਇਸ ਬਾਰੇ ਵਾਈਟ ਹਾਊਸ ਤੋਂ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ ਗੀਤਾ ਦਾ ਨਾਂ ਐਲਾਨਣ 'ਚ ਬੇਹੱਦ ਖ਼ੁਸ਼ੀ ਪ੍ਰਾਪਤ ਹੋ ਰਹੀ ਹੈ। ਉਨ੍ਹਾਂ ਕੋਲ ਚੰਗਾ ਤਜਰਬਾ ਹੈ ਤੇ ਉਹ ਹੋਣਹਾਰ ਹਨ।

ਉਨ੍ਹਾਂ ਦੇ ਕੰਮ ਕਰਨ ਨਾਲ ਚਾਡ ਨਾਲ ਰਿਸ਼ਤੇ ਮਜ਼ਬੂਤ ਹੋਣਗੇ। ਪਾਸੀ ਈਸਟ ਅਫਰੀਕਨ ਅਫੇਅਰਜ਼ ਦੇ ਅਫਰੀਕਾ ਬਿਊਰੋ ਦੇ 2009 ਤੋਂ 2011 ਤੱਕ ਨਿਰਦੇਸ਼ਨ ਰਹੇ ਹਨ। ਉਹ ਯੂ.ਐਸ. ਅੰਬੈਸੀ ਵੱਲੋਂ ਢਾਕਾ ਵਿਚ ਮੁਖੀ ਵੀ ਸਨ। ਇਸ ਦੇ ਨਾਲ ਹੀ ਉਹ 2003 ਤੋਂ 2006 ਵਿਚ ਜਰਮਨੀ ਦੀ ਰਾਜਧਾਨੀ ਫਰੈਂਕਫਰਟ 'ਚ ਡਿਪਟੀ ਪ੍ਰਿੰਸੀਪਲ ਆਫੀਸਰ ਰਹੇ ਹਨ। ਉਨ੍ਹਾਂ ਨੇ 1988 'ਚ ਵਿਦੇਸ਼ ਸੇਵਾਵਾਂ ਵਿਭਾਗ 'ਚ ਨੌਕਰੀ ਸ਼ੁਰੂ ਕੀਤੀ ਸੀ।

# ਗੁਰੂ ਘਰ 'ਚ ਭੰਨ-ਤੋੜ ਕਰਨ ਵਾਲੇ ਅਮਰੀਕੀ ਨੂੰ ਸੇਵਾ ਦਾ ਹੁਕਮ

**ਲਾਸ ਏਂਜਲਸ:** ਸ਼ਹਿਰ ਨੇੜਲੇ ਕਸਬੇ ਬੁਏਨਾ ਪਾਰਕ ਵਿਚ ਪੈਂਦੇ ਗੁਰਦੁਆਰਾ ਸਿੰਘ ਸਭਾ ਵਿਚ ਆਈ.ਐਸ.ਆਈ.ਐਸ ਵਿਰੋਧੀ ਨਫ਼ਰਤ ਭਰੇ ਨਾਅਰੇ ਲਿਖਣ ਅਤੇ ਭੰਨ-ਤੋੜ ਕਰਨ ਵਾਲੇ ਨੌਜਵਾਨ ਬਰੋਡੀ ਦੁਰਾਜ਼ੋ (21) ਵੱਲੋਂ ਦੋਸ਼ ਕਬੂਲਣ ਅਤੇ ਮੁਆਫ਼ੀ ਮੰਗੇ ਜਾਣ ਤੋਂ ਬਾਅਦ ਅਦਾਲਤ ਨੇ ਉਸੇ ਗੁਰਦੁਆਰੇ ਵਿਚ 80 ਘੰਟੇ ਸੇਵਾ ਕਰਨ ਅਤੇ 240 ਘੰਟੇ ਨਾਅਰੇ ਸਾਫ਼ ਕਰਨ ਦੀ ਸਜ਼ਾ ਸੁਣਾਈ।

ਡਿਪਟੀ ਜ਼ਿਲ੍ਹਾ ਅਟਾਰਨੀ ਜੈਂਸ ਰੋਡਰਿਗਜ਼ ਨੇ ਜੱਜ ਨੂੰ ਦੱਸਿਆ ਕਿ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਦੁਰਾਜ਼ੋ ਨੂੰ ਉਥੇ ਸੇਵਾ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਸੁਣਵਾਈ ਦੌਰਾਨ ਰੋਡਰਿਗਜ਼ ਨੇ ਕਿਹਾ, "ਸਿੱਖ ਪ੍ਰਬੰਧਕਾਂ ਦਾ ਮੰਨਣਾ ਹੈ ਕਿ ਉਸ ਨੂੰ ਸਿੱਖੀ ਅਤੇ ਉਨ੍ਹਾਂ ਨੂੰ ਜਾਣਨ ਦਾ ਮੌਕਾ ਮਿਲੇਗਾ। ਉਹ ਚਾਹੁੰਦੇ ਹਨ ਕਿ ਇਸ ਹੁਕਮ ਨਾਲ ਕੁਝ ਹਾਂ ਪੱਖੀ ਨਤੀਜੇ ਨਿਕਲਣ।"

ਗੁਰਦੁਆਰੇ ਦੇ ਲੰਬੇ ਸਮੇਂ ਤੋਂ ਮੈਂਬਰ ਜਪਨਾਮ ਸਿੰਘ ਨੇ ਕਿਹਾ ਕਿ ਦੁਰਾਜ਼ੋ ਵੱਲੋਂ ਮੁਆਫ਼ੀ ਮੰਗੇ ਜਾਣ 'ਤੇ ਇਹ ਸਜ਼ਾ ਲਾਈ ਗਈ ਹੈ। ਸਿੱਖ ਕੋਲੀਸ਼ਨ ਵੱਲੋਂ ਫੇਸਬੁੱਕ 'ਤੇ ਪਾਈ ਪੋਸਟ ਵਿਚ ਦੁਰਾਜ਼ੋ ਨੇ ਕਿਹਾ ਹੈ ਕਿ ਕਾਰੇ ਤੋਂ ਬਾਅਦ ਉਸ ਨੇ ਕਾਫੀ ਸਮਾਂ ਤਣਾਅ ਵਿਚ ਬਿਤਾਇਆ ਅਤੇ ਹੁਣ ਉਹ ਇਸ ਤੋਂ ਛੁਟਕਾਰਾ ਚਾਹੁੰਦਾ ਹੈ।

# ਸ਼੍ਰੋਮਣੀ ਅਕਾਲੀ ਦਲ ਦੀ ਮਾਨਤਾ ਬਾਰੇ ਪਟੀਸ਼ਨ 'ਤੇ ਸੁਣਵਾਈ 5 ਮਈ ਨੂੰ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦੀ ਮਾਨਤਾ ਰੱਦ ਕਰਨ ਬਾਰੇ ਪਟੀਸ਼ਨ 'ਤੇ ਪੰਜ ਮਈ ਨੂੰ ਸੁਣਵਾਈ ਲਈ ਦਿੱਲੀ ਹਾਈ ਕੋਰਟ ਸਹਿਮਤ ਹੋ ਗਈ ਹੈ। ਇਹ ਪਟੀਸ਼ਨ ਪਹਿਲਾਂ ਸੁਣਵਾਈ ਲਈ ਚੀਫ਼ ਜਸਟਿਸ ਜੇ. ਰੋਹਿਣੀ ਦੀ ਅਗਵਾਈ ਵਾਲੇ ਬੈਂਚ ਕੋਲ ਭੇਜੀ ਗਈ ਸੀ, ਜੋ ਸੁਣਵਾਈ ਲਈ ਜਸਟਿਸ ਪ੍ਰਦੀਪ ਨੰਦਰਾਜੋਗ ਅਤੇ ਮੁਕਤਾ ਗੁਪਤਾ ਦੇ ਬੈਂਚ ਕੋਲ ਪੁੱਜੀ। ਹਾਈ ਕੋਰਟ ਦੇ ਬੈਂਚ ਨੇ ਦੱਸਿਆ ਕਿ ਇਹ ਪਟੀਸ਼ਨ ਤਬਦੀਲ ਹੋ ਕੇ ਉਨ੍ਹਾਂ ਕੋਲ ਆਈ ਹੈ ਅਤੇ ਇਸ ਬਾਰੇ ਪੰਜ ਮਈ ਨੂੰ ਸੁਣਵਾਈ ਹੋਵੇਗੀ। ਇਸ ਤੋਂ ਪਹਿਲਾਂ ਚੋਣ ਕਮਿਸ਼ਨ ਸ਼੍ਰੋਮਣੀ ਅਕਾਲੀ ਦਲ ਦੀ ਮਾਨਤਾ ਰੱਦ ਕਰਨ ਬਾਰੇ ਹਾਈ ਕੋਰਟ ਵਿਚ ਪਾਈ ਲੋਕ ਹਿੱਤ ਪਟੀਸ਼ਨ ਨੂੰ ਰੱਦ ਕਰਨਾ ਚਾਹੁੰਦਾ ਸੀ।

# ਚੰਡੀਗੜ੍ਹ ਨੂੰ ਪਛਾੜ ਕੇ ਬੀਕਾਨੇਰ ਤੇ ਸਿੱਕਮ ਬਣੇ 'ਸਿਟੀ ਬਿਊਟੀਫੁਲ'

**ਨਵੀਂ ਦਿੱਲੀ:** 'ਸਿਟੀ ਬਿਊਟੀਫੁੱਲ' ਦੇ ਨਾਮ ਨਾਲ ਜਾਂਦੇ ਚੰਡੀਗੜ੍ਹ ਨੂੰ ਸਫ਼ਾਈ ਪੱਖੋਂ ਰਾਜਸਥਾਨ ਦੇ ਸ਼ਹਿਰ ਬੀਕਾਨੇਰ ਤੇ ਸਿੱਕਮ ਨੇ ਪਛਾੜ ਦਿੱਤਾ ਹੈ। ਸਿਵਲ ਸਰਵਿਸ ਦੇ ਮੌਕੇ ਉਤੇ ਕਰਵਾਏ ਸਮਾਗਮ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੋਵਾਂ ਸ਼ਹਿਰਾਂ ਨੂੰ ਕਲੀਨ ਇੰਡੀਆ ਪ੍ਰੋਗਰਾਮ ਤਹਿਤ ਪੁਰਸਕਾਰ ਦਿੱਤਾ ਹੈ। ਕੇਂਦਰ ਸਰਕਾਰ ਦੇ ਇਸ ਇਨਾਮ ਵੰਡ ਸਮਾਰੋਹ ਨੇ ਦਰਸਾ ਦਿੱਤਾ ਹੈ ਕਿ ਸਫ਼ਾਈ ਪੱਖੋਂ ਬੀਕਾਨੇਰ ਤੇ ਸਿੱਕਮ, ਚੰਡੀਗੜ੍ਹ ਨਾਲੋਂ ਜ਼ਿਆਦਾ ਸੋਹਣੇ ਹਨ।

ਚੰਡੀਗੜ੍ਹ ਨੂੰ ਸਰਕਾਰ ਦੀ ਜਨ-ਧਨ ਯੋਜਨਾ ਨੂੰ ਸਹੀ ਤਰੀਕੇ ਨਾਲ ਲਾਗੂ ਕਰਨ ਲਈ ਜਨ-ਧਨ ਯੋਜਨਾ ਪੁਰਸਕਾਰ ਦਿੱਤਾ ਗਿਆ ਹੈ। ਇਸ ਤਰ੍ਹਾਂ ਛੱਤੀਸਗੜ੍ਹ ਦੇ ਸ਼ਹਿਰ ਬਾਲਾ ਰਾਮਪੁਰ ਨੂੰ ਭੂਮੀ ਹੈਲਥ ਸਕੀਮ ਤਹਿਤ ਤੇ ਹਿਮਾਚਲ ਦੇ ਹਮੀਰਪੁਰ ਨੂੰ ਭੂਮੀ ਹੈਲਥ ਪ੍ਰੋਗਰਾਮ ਦੇ ਆਧਾਰ ਉਤੇ ਪੁਰਸਕਾਰ ਦਿੱਤਾ ਗਿਆ। ਇਸ ਦੌਰਾਨ ਪ੍ਰਧਾਨ ਮੰਤਰੀ ਨੇ ਸਰਕਾਰੀ ਅਫ਼ਸਰਾਂ ਨੂੰ ਲੋਕਾਂ ਵਿਚ ਜਾ ਕੇ ਕੰਮ ਕਰਨ ਦੀ ਨਸੀਹਤ ਵੀ ਦਿੱਤੀ।



ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨੇ ਸਾਰੇ ਜ਼ਿਲ੍ਹਿਆਂ ਵਿਚ ਅਫ਼ਸਰਾਂ ਨੂੰ ਲੋਕਾਂ ਵਿਚ ਵਿਸ਼ਵਾਸ ਪੈਦਾ ਕਰਨ ਲਈ ਵੀ ਆਖਿਆ।

# ਗੋਲੀਆਂ ਮਾਰ ਕੇ ਸ਼ਿਵ ਸੈਨਾ ਆਗੂ ਦੁਰਗਾ ਪ੍ਰਸ਼ਾਦ ਦੀ ਹੱਤਿਆ

**ਖੰਨਾ:** ਇਥੇ ਲਲਹੇੜੀ ਰੋਡ ਚੌਕ ਵਿਚ ਦੋ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਸ਼ਿਵ ਸੈਨਾ ਆਗੂ ਦੁਰਗਾ ਪ੍ਰਸ਼ਾਦ ਗੁਪਤਾ (40) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਜ਼ਿਕਰਯੋਗ ਹੈ ਕਿ ਦੁਰਗਾ ਪ੍ਰਸ਼ਾਦ ਗੁਪਤਾ ਸ਼ਿਵ ਸੈਨਾ ਦੇ ਮਜ਼ਦੂਰ ਵਿੰਗ ਦਾ ਸੂਬਾਈ ਪ੍ਰਧਾਨ ਸੀ ਅਤੇ ਉਸ ਨੂੰ ਕੁਝ ਸਮਾਂ ਪਹਿਲਾਂ ਗੰਨਮੈਨ ਵੀ ਮਿਲਿਆ ਸੀ। ਘਟਨਾ ਵੇਲੇ ਗੰਨਮੈਨ ਮੌਜੂਦ ਨਹੀਂ ਸੀ। ਉਸ ਦਾ ਪਿਛੋਕੜ ਬਿਹਾਰ ਦਾ ਹੈ ਅਤੇ ਉਹ ਤਕਰੀਬਨ 12 ਸਾਲਾਂ ਤੋਂ ਮੰਡੀ ਗੋਬਿੰਦਗੜ੍ਹ ਨੇੜੇ ਅਲੌੜ ਵਿਚ ਰਹਿ ਰਿਹਾ ਸੀ। ਉਹ ਅਕਸਰ ਮੁੱਖ ਮੁੱਦਿਆਂ ਉਤੇ ਬਿਆਨਬਾਜ਼ੀ ਕਰ ਕੇ ਚਰਚਾ ਵਿਚ ਰਹਿੰਦਾ ਸੀ।

# ਪਾਕਿਸਤਾਨੀ ਸਿੱਖਾਂ 'ਤੇ ਤਾਲਿਬਾਨ ਦਾ ਖੌਫ ਵਧਿਆ

**ਅੰਮ੍ਰਿਤਸਰ:** ਪਾਕਿਸਤਾਨ ਦੇ ਸੂਬਾ ਖੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਦੇ ਸਲਾਹਕਾਰ ਅਤੇ ਕੈਬਨਿਟ ਮੰਤਰੀ ਡਾ. ਸਵਰਨ ਸਿੰਘ ਦੀ ਹੱਤਿਆ ਤੇ ਸੂਬਾ ਬਲੋਚਿਸਤਾਨ ਦੇ ਜ਼ਿਲ੍ਹਾ ਕੱਚੀ ਦੇ ਪਿੰਡ ਹਾਜੀ ਸ਼ਹਿਰ ਸਥਿਤ ਗੁਰਦੁਆਰਾ ਸਾਹਿਬ 'ਚੋਂ ਗੁਰੂ ਗ੍ਰੰਥ ਸਾਹਿਬ ਚੋਰੀ ਹੋਣ ਨਾਲ ਪਾਕਿਸਤਾਨ ਦੇ ਸਿੱਖ ਆਬਾਦੀ ਵਾਲੇ ਇਲਾਕਿਆਂ ਵਿਚ ਖ਼ੌਫ਼ ਹੈ। ਉਧਰ, ਇਸ ਹੱਤਿਆ ਦੀ ਜ਼ਿੰਮੇਵਾਰੀ ਪਾਕਿਸਤਾਨ ਦੀ ਅਤਿਵਾਦੀ ਜਥੇਬੰਦੀ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ.ਟੀ.ਪੀ.) ਨੇ ਲੈ ਲਈ ਹੈ।

ਪਾਕਿਸਤਾਨ ਸਰਕਾਰ ਨੇ ਸਿੱਖ ਆਗੂਆਂ ਨੂੰ ਸੁਰੱਖਿਆ ਉਪਲਬਧ ਕਰਾਉਣ ਦੇ ਨਾਂ 'ਤੇ ਆਪੋ-ਆਪਣੇ ਘਰਾਂ ਵਿਚ ਰਹਿਣ ਦੀ ਸਲਾਹ ਦਿੱਤੀ ਹੈ। ਲਗਾਤਾਰ ਦੋ ਵਾਰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹਿ ਚੁੱਕੇ ਡਾ. ਸਵਰਨ ਸਿੰਘ ਲੰਬੇ ਸਮੇਂ ਤੋਂ ਸੂਬਾ ਖੈਬਰ ਪਖਤੂਨਖਵਾ ਵਿਚ ਸਿੱਖਾਂ ਦੀ ਵੱਖਰੀ ਪਛਾਣ ਬਣਾਉਣ ਲਈ ਸੰਘਰਸ਼ ਕਰਦੇ ਆ ਰਹੇ ਸਨ ਅਤੇ ਉਨ੍ਹਾਂ ਦੀਆਂ ਇਨ੍ਹਾਂ ਕਾਰਵਾਈਆਂ ਨੂੰ ਪਾਕਿਸਤਾਨ ਦੀਆਂ ਅਤਿਵਾਦੀ ਜਥੇਬੰਦੀਆਂ ਨਾਪਸੰਦ ਕਰ ਰਹੀਆਂ ਸਨ।

ਕੁਝ ਪਾਕਿਸਤਾਨੀ ਸਿੱਖ ਆਗੂਆਂ ਦਾ ਕਹਿਣਾ ਹੈ ਕਿ ਡਾ. ਸਵਰਨ ਸਿੰਘ ਦੀ ਹੱਤਿਆ ਬਾਰੇ ਫਿਲਹਾਲ ਕਿਸੇ ਵੀ ਤਰ੍ਹਾਂ ਦਾ ਵਿਰੋਧ ਪ੍ਰਦਰਸ਼ਨ ਨਹੀਂ ਕੀਤਾ ਜਾ ਰਿਹਾ ਕਿਉਂਕਿ ਇਸ ਨਾਲ ਪਾਕਿਸਤਾਨੀ ਸਿੱਖਾਂ ਲਈ ਹਾਲਾਤ ਹੋਰ ਨਾਜ਼ੁਕ ਬਣ ਸਕਦੇ ਹਨ। ਡਾ. ਸਵਰਨ ਸਿੰਘ ਦੀ ਹੱਤਿਆ ਕਰਨ ਵਾਲੇ ਅਤਿਵਾਦੀ ਦੋ ਮੋਟਰਸਾਈਕਲਾਂ 'ਤੇ ਸਵਾਰ ਸਨ। ਉਨ੍ਹਾਂ ਵੱਲੋਂ ਚਲਾਈਆਂ ਗੋਲੀਆਂ ਵਿਚੋਂ ਕਾਰ ਦੀ ਅਗਲੀ ਸੀਟ ਉਤੇ ਬੈਠੇ ਡਾ. ਸਵਰਨ ਸਿੰਘ ਦੇ ਇਕ ਗੋਲੀ ਅੱਖ ਅਤੇ ਇਕ ਸਿਰ ਵਿਚ ਲੱਗੀ।

ਉਨ੍ਹਾਂ ਨੂੰ ਤੁਰਤ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਿਸ ਮੁਤਾਬਕ ਮੁੱਖ ਸੜਕ 'ਤੇ ਇਕ ਧਾਰਮਿਕ ਥਾਂ ਨੇੜੇ ਘਾਤ ਲਗਾ ਕੇ ਬੈਠੇ ਹਮਲਾਵਰਾਂ ਨੇ ਸਵਰਨ ਸਿੰਘ ਦੀ ਕਾਰ 'ਤੇ ਹਮਲਾ ਕੀਤਾ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ ਸਵਰਨ ਸਿੰਘ ਟੀ.ਵੀ ਐਂਕਰ ਵੀ ਸਨ। ਇਮਰਾਨ ਖ਼ਾਨ ਦੀ ਪਾਰਟੀ ਤਹਿਰੀਕ-ਏ-ਇਨਸਾਫ਼ ਵਿਚ 2011 'ਚ ਸ਼ਾਮਲ ਹੋਣ ਤੋਂ ਪਹਿਲਾਂ ਉਹ ਨੌਂ ਸਾਲ ਤਕ ਜਮਾਤ-ਏ-ਇਸਲਾਮੀ ਦੇ ਮੈਂਬਰ ਵੀ ਰਹੇ।



## ਗੁਰੂ ਗ੍ਰੰਥ ਸਾਹਿਬ ਚੋਰੀ ਮਾਮਲੇ ਵਿਚ ਪਾਕਿ ਹਿੰਦੂਆਂ ਵਲੋਂ ਰੋਸ ਪ੍ਰਦਰਸ਼ਨ

**ਅੰਮ੍ਰਿਤਸਰ:** ਪਾਕਿਸਤਾਨ ਦੇ ਸੂਬਾ ਬਲੋਚਿਸਤਾਨ ਦੇ ਜ਼ਿਲ੍ਹਾ ਕੱਚੀ ਦੇ ਪਿੰਡ ਹਾਜੀ ਸ਼ਹਿਰ ਸਥਿਤ ਗੁਰਦੁਆਰਾ ਸਾਹਿਬ 'ਚੋਂ ਗੁਰੂ ਗ੍ਰੰਥ ਸਾਹਿਬ ਚੋਰੀ ਹੋ ਗਿਆ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਪਿੰਡ ਹਾਜੀ ਸ਼ਹਿਰ ਸਥਿਤ ਇਸ ਗੁਰਦੁਆਰਾ ਸਾਹਿਬ ਦੀ ਦੇਖ-ਭਾਲ ਪਿਛਲੇ ਲੰਬੇ ਸਮੇਂ ਤੋਂ ਸਿੰਧ ਦੀ ਹਿੰਦੂ ਸੰਗਤ ਕਰਦੀ ਆ ਰਹੀ ਹੈ। ਗੁਰਦੁਆਰੇ ਦੇ ਸੇਵਾਦਾਰ ਜਤਿੰਦਰ ਕੁਮਾਰ ਨੇ ਦੱਸਿਆ ਕਿ ਰਾਤ ਨੂੰ ਗੁਰਦੁਆਰਾ ਸਾਹਿਬ ਦੀ ਗੋਲਕ 'ਚੋਂ ਚੋਰੀ ਕਰਨ ਆਏ ਚੋਰ ਆਪਣੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ, ਚੌਰ ਸਾਹਿਬ ਅਤੇ ਜੋਤਿ ਵੀ ਲੈ ਗਏ। ਇਸ ਘਟਨਾ ਦੇ ਵਿਰੋਧ ਵਿਚ ਜ਼ਿਲ੍ਹਾ ਕੱਚੀ ਦੇ ਹਿੰਦੂਆਂ ਨੇ ਆਪਣੇ ਕਾਰੋਬਾਰ ਪੂਰੀ ਤਰ੍ਹਾਂ ਨਾਲ ਬੰਦ ਰੱਖ ਕੇ ਇਲਾਕੇ ਵਿਚ ਰੋਸ-ਮਾਰਚ ਕੱਢਿਆ ਅਤੇ ਪੁਲਿਸ ਤੋਂ ਮੰਗ ਕੀਤੀ ਕਿ ਇਹ ਅਪਰਾਧ ਕਰਨ ਵਾਲੇ ਵਿਅਕਤੀਆਂ ਨੂੰ ਜਲਦੀ ਤੋਂ ਜਲਦੀ ਗ੍ਰਿਫ਼ਤਾਰ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਬਰਾਮਦ ਕੀਤੇ ਜਾਣ।

## ਸ਼੍ਰੋਮਣੀ ਕਮੇਟੀ ਤੇ ਜਥੇਦਾਰ ਵਲੋਂ ਨਿੰਦਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖਤ ਸਾਹਿਬ ਨੇ ਪਾਕਿਸਤਾਨ ਵਿਚ ਸਿੱਖਾਂ ਦੀ ਜਾਨ-ਮਾਲ ਦੀ ਰਾਖੀ ਦਾ ਮੁੱਦਾ ਉਠਾਇਆ ਹੈ। ਪਾਕਿਸਤਾਨ ਨੈਸ਼ਨਲ ਅਸੈਂਬਲੀ ਦੇ ਮੈਂਬਰ ਸਵਰਨ ਸਿੰਘ ਦਾ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਕਤਲ ਕੀਤੇ ਜਾਣ ਦੀ ਖ਼ਬਰ ਤੋਂ ਬਾਅਦ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪਾਕਿ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਸਰਕਾਰ ਕਾਤਲਾਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰੇ ਤੇ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਵੇ। ਉਧਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਪਾਕਿਸਤਾਨ ਦੇ ਸੂਬਾ ਬਲੋਚਿਸਤਾਨ ਦੇ ਜ਼ਿਲ੍ਹਾ ਕੱਚੀ ਦੇ ਪਿੰਡ ਹਾਜੀ ਸ਼ਹਿਰ ਸਥਿਤ ਗੁਰਦੁਆਰਾ ਸਾਹਿਬ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਚੋਰੀ ਹੋਣ 'ਤੇ ਅਫਸੋਸ ਜ਼ਾਹਿਰ ਕੀਤਾ ਹੈ।

# ਹੁਣ ਸਿਆਚਿਨ ਵਿਚ ਨਹੀਂ ਜਾਏਗੀ ਫੌਜੀਆਂ ਦੀ ਜਾਨ

**ਨਵੀਂ ਦਿੱਲੀ:** ਹੁਣ ਸਿਆਚਿਨ ਵਰਗੇ ਜਮਾ ਦੇਣ ਵਾਲੇ ਠੰਢੇ ਇਲਾਕੇ ਵਿਚ ਡਿਊਟੀ ਕਰਨ ਵਾਲੇ ਜਵਾਨਾਂ ਦੀ ਜਾਨ ਨਹੀਂ ਜਾਏਗੀ। ਇਸਰੋ ਦੇ ਵਿਗਿਆਨੀਆਂ ਨੇ ਦੁਨੀਆਂ ਦਾ ਸਭ ਤੋਂ ਹਲਕਾ ਮਟੀਰੀਅਲ ਤਿਆਰ ਕਰਨ ਦਾ ਦਾਅਵਾ ਕੀਤਾ ਹੈ। ਇਹ ਮਟੀਰੀਅਲ ਸਿਆਚਿਨ ਵਿਚ ਤਾਇਨਾਤ ਫੌਜ ਦੇ ਜਵਾਨਾਂ ਨੂੰ ਗਰਮ ਰੱਖਣ ਵਿਚ ਕਾਫ਼ੀ ਮਦਦਗਾਰ ਸਾਬਤ ਹੋਵੇਗਾ। ਇਸ ਨੂੰ ਸਿਲੀਕਾ ਏਰੋਜੇਲ ਜਾਂ ਬਲੂ ਏਅਰ ਨਾਮ ਦਿੱਤਾ ਗਿਆ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਬਲੂ ਏਅਰ ਇਕ ਵਧੀਆ ਥਰਮਲ ਰੈਜਿਸਟੈਂਸ ਹੈ, ਜਿਸ ਨੂੰ ਸਿਆਚਿਨ ਵਿਚ ਤਾਇਨਾਤ ਫੌਜ ਦੇ ਜਵਾਨਾਂ ਲਈ ਬਣਾਈ ਜਾਣ ਵਾਲੀ ਵਰਦੀ ਵਿਚ ਵਰਤਿਆ ਜਾ ਸਕਦਾ ਹੈ। ਇਸ ਦੀ ਵਰਤੋਂ ਨਾਲ ਜਵਾਨਾਂ ਨੂੰ ਦਿੱਤੀ ਜਾਣ ਵਾਲੀ ਜੈਕੇਟ ਜ਼ਿਆਦਾ ਥਰਮਲ ਰੈਜਿਸਟੈਂਸ ਹੋਵੇਗੀ ਤੇ ਸਿਆਚਿਨ ਗਲੇਸ਼ੀਅਰ 'ਤੇ ਜਵਾਨਾਂ ਨੂੰ ਠੰਢ ਤੋਂ ਬਚਾਇਆ ਜਾ ਸਕੇਗਾ। ਬਲੂ ਏਅਰ ਸਪੇਸ ਤੇ ਧਰਤੀ ਦੋਵਾਂ 'ਤੇ ਵਰਤਿਆ ਜਾ ਸਕਦਾ ਹੈ। ਇਸ ਦੀ ਵਰਤੋਂ ਚੰਦਰਯਾਨ-2 ਮਿਸ਼ਨ ਵਿਚ ਵੀ ਕੀਤੇ ਜਾਣ ਦੀ ਉਮੀਦ ਹੈ। ਇਹ ਇਕ ਅਜਿਹਾ ਕੈਮੀਕਲ ਵੀ ਹੈ ਜਿਸ ਨੂੰ ਘਰ ਦੀਆਂ ਖਿੜਕੀਆਂ 'ਤੇ ਪੇਂਟ ਕਰ ਘਰ ਨੂੰ ਠੰਢਾ ਰੱਖਿਆ ਜਾ ਸਕਦਾ ਹੈ। ਮੰਨਿਆ ਜਾ ਰਿਹਾ ਹੈ ਕਿ ਜੇਕਰ ਬਲੂ ਏਅਰ ਤੋਂ ਬਣੀ ਜੈਕੇਟ ਸ਼ਹੀਦ ਲਾਂਸ ਨਾਇਕ ਹਨੂਮਨ ਥੱਪਾ ਨੇ ਪਾਈ ਹੁੰਦੀ ਤਾਂ ਉਸ ਦੀ ਜਾਨ ਬਚ ਸਕਦੀ ਸੀ।

# ਫੂਲਕਾ ਹੋਣਗੇ 'ਆਪ' ਵੱਲੋਂ ਮੁੱਖ ਮੰਤਰੀ ਉਮੀਦਵਾਰ?

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਵੱਲੋਂ ਸੁਪਰੀਮ ਕੋਰਟ ਦੇ ਪ੍ਰਸਿੱਧ ਵਕੀਲ ਐਚ.ਐਸ. ਫੂਲਕਾ ਨੂੰ ਪੰਜਾਬ ਦੇ ਮੁੱਖ ਮੰਤਰੀ ਅਹੁਦੇ ਲਈ ਉਮੀਦਵਾਰ ਵਜੋਂ ਮੈਦਾਨ ਵਿਚ ਉਤਾਰੇ ਜਾਣ ਦੇ ਆਸਾਰ ਦਿਖਾਈ ਦੇ ਰਹੇ ਹਨ। ਉਨ੍ਹਾਂ ਬਾਰੇ ਇਹ ਆਮ ਪ੍ਰਭਾਵ ਹੈ ਕਿ ਉਹ 'ਆਪ' ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਖਾਸ ਹਨ।


ਦੂਜਾ ਉਹ ਪੰਜਾਬ ਨਾਲ ਸਬੰਧਤ ਸਾਰੀਆਂ ਸਮੱਸਿਆਵਾਂ ਨੂੰ ਬਾਖੂਬੀ ਜਾਣਦੇ ਤੇ ਸਮਝਦੇ ਹਨ। 'ਆਪ' ਦੇ ਜਾਣਕਾਰ ਹਲਕਿਆਂ ਅਨੁਸਾਰ ਸ. ਫੂਲਕਾ ਦੇ ਨਾਂ 'ਤੇ ਸ੍ਰੀ ਕੇਜਰੀਵਾਲ ਦੇ ਵਿਰੋਧੀ ਯੋਗਿੰਦਰ ਯਾਦਵ, 'ਆਪ' ਤੋਂ ਮੁਅੱਤਲ ਪੰਜਾਬ ਤੋਂ ਲੋਕ ਸਭਾ ਦੇ ਦੋ ਮੈਂਬਰ ਹਰਿੰਦਰ ਸਿੰਘ ਖਾਲਸਾ ਤੇ ਡਾਕਟਰ ਧਰਮਵੀਰ ਗਾਂਧੀ ਨੂੰ ਵੀ ਸ਼ਾਇਦ ਕੋਈ ਇਤਰਾਜ਼ ਨਾ ਹੋਏ। ਸ. ਫੂਲਕਾ ਲੋਕ ਸਭਾ ਦੀਆਂ ਪਿਛਲੀਆਂ ਚੋਣਾਂ ਵਿਚ 'ਆਪ' ਦੇ ਉਮੀਦਵਾਰ ਵਜੋਂ ਲੁਧਿਆਣਾ ਤੋਂ ਉਮੀਦਵਾਰ ਵੀ ਸਨ ਪਰ ਥੋੜ੍ਹੀਆਂ ਵੋਟਾਂ ਦੇ ਫਰਕ ਨਾਲ ਹਾਰ ਗਏ ਸਨ। ਉਨ੍ਹਾਂ ਬਾਰੇ ਆਮ ਪ੍ਰਭਾਵ ਹੈ ਕਿ ਉਹ ਲੁਧਿਆਣਾ ਜਾਂ ਬਠਿੰਡਾ ਜ਼ਿਲ੍ਹਿਆਂ ਵਿਚੋਂ ਕਿਸੇ ਇਕ ਅਸੈਂਬਲੀ ਹਲਕੇ ਤੋਂ 'ਆਪ' ਉਮੀਦਵਾਰ ਦੇ ਤੌਰ ਉਤੇ ਚੋਣ ਵੀ ਲੜ ਸਕਦੇ ਹਨ। ਜੇ ਉਨ੍ਹਾਂ ਨੂੰ ਮੁੱਖ ਮੰਤਰੀ ਵਜੋਂ ਪੇਸ਼ ਕੀਤਾ ਜਾਏ ਤਾਂ ਇਹ ਪ੍ਰਚਾਰ ਵੀ ਖਤਮ ਹੋ ਜਾਏਗਾ ਕਿ ਸ੍ਰੀ ਕੇਜਰੀਵਾਲ ਦਿੱਲੀ ਤੋਂ ਪਿਛੋਂ ਯੂ.ਪੀ. ਤੇ ਬਿਹਾਰ ਦੇ ਕਿਸੇ ਵਿਅਕਤੀ ਨੂੰ ਪੰਜਾਬ ਵਿਚ ਆਪਣਾ ਉਮੀਦਵਾਰ ਲਾਉਣਾ ਚਾਹੁੰਦੇ ਹਨ। ਵਰਨਣਯੋਗ ਹੈ ਕਿ ਡਾ. ਧਰਮਵੀਰ ਗਾਂਧੀ ਤੇ ਸ. ਹਰਿੰਦਰ ਸਿੰਘ ਖਾਲਸਾ ਵਾਰ-ਵਾਰ ਇਹ ਦੋਸ਼ ਲਾਉਂਦੇ ਹਨ ਕਿ ਸ੍ਰੀ ਕੇਜਰੀਵਾਲ, ਸ੍ਰੀ ਸੰਜੇ ਸਿੰਘ ਤੇ ਹੋਰਨਾਂ ਨੂੰ ਪੰਜਾਬ ਵਿਚ ਭੇਜ ਸਕਦੇ ਹਨ, ਜਿਨ੍ਹਾਂ ਨੂੰ ਇਸ ਰਾਜ ਦੀ ਸਿਆਸਤ ਬਾਰੇ ਕੋਈ ਜਾਣਕਾਰੀ ਨਹੀਂ।



# ਵਿਜੇ ਮਾਲਿਆ ਦੋਸ਼ੀ ਕਰਾਰ

**ਹੈਦਰਾਬਾਦ:** ਅਦਾਲਤ ਨੇ ਭਾਰਤ ਤੋਂ ਭਗੌੜੇ ਹੋਏ ਕਾਰੋਬਾਰੀ ਵਿਜੇ ਮਾਲਿਆ ਨੂੰ ਚੈੱਕ ਬਾਊਂਸ ਹੋਣ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਹੈ। ਅਦਾਲਤ ਵਿਚ ਇਹ ਕੇਸ ਜੀ.ਐਮ.ਆਰ. ਹੈਦਰਾਬਾਦ ਇੰਟਰਨੈਸ਼ਨਲ ਏਅਰਪੋਰਟ ਵੱਲੋਂ ਫਾਈਲ ਕੀਤਾ ਗਿਆ ਸੀ। ਇਸ ਮਾਮਲੇ ਵਿਚ ਅਦਾਲਤ ਨੇ ਵਿਜੇ ਮਾਲਿਆ ਨੂੰ ਕੋਈ ਸਜ਼ਾ ਨਹੀਂ ਸੁਣਾਈ ਹੈ। ਇਸੇ ਦੌਰਾਨ ਵਿਜੈ ਮਾਲਿਆ ਦਾ ਪਾਸਪੋਰਟ ਵੀ ਰੱਦ ਕਰ ਦਿੱਤਾ ਗਿਆ ਹੈ।

ਸਜ਼ਾ ਸਣਾਉਣ ਲਈ ਅਦਾਲਤ ਨੇ ਪੰਜ ਮਈ ਦੀ ਤਰੀਕ ਤੈਅ ਕੀਤੀ ਹੈ। ਜੀ.ਐਮ.ਆਰ. ਦੇ ਵਕੀਲ ਅਸ਼ੋਕ ਰੈਡੀ ਨੇ ਕਿਹਾ ਹੈ ਕਿ ਅਦਾਲਤ ਨੇ ਬਹੁਤ ਸਹੀ ਫੈਸਲਾ ਲਿਆ ਹੈ। ਇਸ ਨਾਲ ਮਾਲਿਆ ਨੂੰ ਸਬਕ ਮਿਲੇਗਾ। ਇਸ ਕੇਸ ਦੀ ਸੁਣਵਾਈ ਮੌਕੇ ਮਾਲਿਆ ਵੱਲੋਂ ਉਨ੍ਹਾਂ ਦੇ ਵਕੀਲ ਐਚ. ਸੁਧਾਕਰ ਰਾਓ ਪੇਸ਼ ਹੋਏ। ਵਕੀਲ ਨੇ ਦੱਸਿਆ ਕਿ ਚੈੱਕ ਬਾਊਂਸ ਹੋਣ ਦੇ ਦੋ ਮਾਮਲਿਆਂ 'ਚ ਵਿਜੇ ਮਾਲਿਆ ਦੀ ਕੰਪਨੀ ਕਿੰਗਫਿਸ਼ਰ ਦੋਸ਼ੀ ਸੀ ਜਿਸ ਤੋਂ ਬਾਅਦ ਹੀ ਅਦਾਲਤ ਨੇ ਇਹ ਫੈਸਲਾ ਲਿਆ ਸੀ। ਉਨ੍ਹਾਂ ਦੱਸਿਆ ਕਿ ਇਸ ਨਾਲ ਕਿੰਗਫਿਸ਼ਰ ਏਅਰਲਾਈਨ 'ਤੇ ਕਾਨੂੰਨ ਦੇ ਘੇਰੇ ਵਿਚ ਆਈ ਹੈ।




# ਵਿਦੇਸ਼ਾਂ ਵਿਚ ਫਿੱਕਾ ਪਿਆ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਜਲਵਾ

**ਵਾਸ਼ਿੰਗਟਨ:** ਕੌਮਾਂਤਰੀ ਪੱਧਰ ਉਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਜਲਵਾ ਹੌਲੀ-ਹੌਲੀ ਫਿੱਕ ਪੈਂਦਾ ਜਾ ਰਿਹਾ ਹੈ ਜਿਸ ਦੀ ਉਦਾਹਰਨ 'ਟਾਈਮਜ਼' ਮੈਗਜ਼ੀਨ ਦੀ ਉਹ ਸੂਚੀ ਹੈ ਜੋ ਉਸ ਨੇ ਇਸ ਸਾਲ ਜਾਰੀ ਕੀਤੀ ਹੈ। ਦੁਨੀਆਂ ਦੇ ਜੋ 100 ਪ੍ਰਮੁੱਖ ਪ੍ਰਭਾਵਸ਼ਾਲੀ ਵਿਅਕਤੀਆਂ ਦੀ ਸੂਚੀ ਜਾਰੀ ਕੀਤੀ ਹੈ, ਉਸ ਵਿਚ ਪ੍ਰਧਾਨ ਮੰਤਰੀ ਮੋਦੀ ਦਾ ਨਾਮ ਗਾਇਬ ਹੈ।

ਮੈਗਜ਼ੀਨ ਨੇ ਮੋਦੀ ਦੀ ਥਾਂ ਪ੍ਰਿਅੰਕਾ ਚੋਪੜਾ, ਟੈਨਿਸ ਖਿਡਾਰਨ ਸਾਨੀਆ ਮਿਰਜ਼ਾ ਤੇ ਆਰ.ਬੀ.ਆਈ. ਦੇ ਗਵਰਨਰ ਰਘੂਰਾਮ ਰਾਜਨ ਦਾ ਨਾਮ ਸ਼ਾਮਲ ਕੀਤਾ ਹੈ। ਪ੍ਰਿਅੰਕਾ ਨੂੰ ਤਾਂ ਮੈਗਜ਼ੀਨ ਦੇ ਕਵਰ ਉਤੇ ਥਾਂ ਦਿੱਤੀ ਗਈ ਹੈ। ਪ੍ਰਿਅੰਕਾ ਤੋਂ ਪਹਿਲਾਂ ਇਹ ਮਾਣ ਅਮੀਰ ਖ਼ਾਨ ਨੂੰ ਮਿਲ ਚੁੱਕਾ ਹੈ। ਕਾਰੋਬਾਰ, ਸਿਨਮਾ, ਖੇਡਾਂ, ਰਾਜਨੀਤੀ ਤੇ ਸਮਾਜ ਦੇ ਹੋਰ ਖੇਤਰਾਂ ਦੇ ਪ੍ਰਮੁੱਖ ਵਿਅਕਤੀਆਂ ਦਾ ਨਾਂਅ ਟਾਈਮਜ਼ ਮੈਗਜ਼ੀਨ ਦੀ ਲਿਸਟ ਵਿਚ ਹਰ ਸਾਲ ਛਾਪੇ ਜਾਂਦੇ ਹਨ। ਰਾਜਨੀਤੀ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ, ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ, ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ, ਫ਼੍ਰਾਂਸ ਦੇ ਰਾਸ਼ਟਰਪਤੀ ਫ੍ਰਾਸਵਾਂ ਔਲਾਂਦ, ਉੱਤਰੀ ਕੋਰੀਆ ਦੇ ਤਾਨਾਸ਼ਾਹ ਕਿਮ ਜੌਂਗ ਲਿਸਟ ਵਿਚ ਸ਼ਾਮਲ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਨਾਮ ਲਿਸਟ ਵਿਚ ਸ਼ਾਮਲ ਨਾ ਹੋਣ ਦਾ ਇਕ ਕਾਰਨ ਭਾਰਤ ਵਿਚ ਅਸਹਿਣਸ਼ੀਲਤਾ ਦਾ ਮੁੱਦਾ ਹੈ। ਇਸ ਦੇ ਕਾਰਨ ਕੌਮਾਂਤਰੀ ਪੱਧਰ ਉਤੇ ਭਾਜਪਾ ਸਰਕਾਰ ਦੀ ਕਾਫੀ ਅਲੋਚਨਾ ਹੋਈ ਹੈ। ਖਾਸ ਤੌਰ ਉਤੇ ਅਮਰੀਕਾ ਦੇ ਪ੍ਰਮੁੱਖ ਮੀਡੀਆ ਨੇ ਭਾਰਤ ਦੀ ਸਥਿਤੀ ਨੂੰ ਪ੍ਰਮੁੱਖਤਾ ਨਾਲ ਛਾਪਿਆ ਹੈ। ਇਸ ਤੋਂ ਇਲਾਵਾ ਫੇਸਬੁੱਕ ਦੇ ਸੀ.ਈ.ਓ. ਮਾਰਕ ਜ਼ੁਕਰਬਰਗ ਤੇ ਉਸ ਦੀ ਪਤਨੀ ਪ੍ਰਿਸਿਲਾ ਚਾਨ, ਐਪਲ ਦੇ ਸੀ.ਈ.ਓ. ਟਿਮ ਕੁਕ ਤੇ ਪੋਪ ਫਰਾਂਸਿਸ ਦਾ ਨਾਮ ਟਾਈਮਜ਼ ਦੀ ਲਿਸਟ ਵਿਚ ਹੈ।



# ਟੈਲਗੋ ਰੇਲ 12 ਘੰਟੇ 'ਚ ਪਹੁੰਚਾਏਗੀ ਦਿੱਲੀ ਤੋਂ ਮੁੰਬਈ

**ਨਵੀਂ ਦਿੱਲੀ:** ਤੇਜ਼ ਰਫਤਾਰ ਵਾਲੀ ਟੈਲਗੋ ਰੇਲ ਗੱਡੀ ਰਾਹੀਂ ਯਾਤਰੀ ਦਿੱਲੀ ਤੋਂ ਮੁੰਬਈ ਤੱਕ ਦਾ 1200 ਕਿਲੋਮੀਟਰ ਸਫਰ ਸਿਰਫ 12 ਘੰਟਿਆਂ ਵਿਚ ਤੈਅ ਕਰ ਸਕਣਗੇ। ਮੌਜੂਦਾ ਸਮੇਂ ਵਿਚ ਰੇਲ ਗੱਡੀ ਰਾਹੀਂ ਦਿੱਲੀ ਤੋਂ ਮੁੰਬਈ ਜਾਣ ਲਈ 17 ਘੰਟੇ ਲੱਗਦੇ ਹਨ। ਤੇਜ਼ ਗਤੀ ਅਤੇ ਹਲਕੀਆਂ ਰੇਲ ਗੱਡੀਆਂ ਬਣਾਉਣ ਲਈ ਜਾਣੀ ਜਾਂਦੀ ਸਪੇਨ ਦੀ ਕੰਪਨੀ ਟੈਲਗੋ ਨੇ ਭਾਰਤ ਵਿਚ ਟ੍ਰਾਇਲ ਰਨ ਲਈ ਨੌਂ ਰੇਲ ਡੱਬਿਆਂ ਨੂੰ ਮੁੰਬਈ ਭੇਜਿਆ ਹੈ ਅਤੇ ਅਗਲੇ ਮਹੀਨੇ ਰੇਲਵੇ ਵੱਲੋਂ ਟੈਲਗੋ ਰੇਲ ਗੱਡੀ ਦੇ ਡੱਬਿਆਂ ਦਾ ਟ੍ਰਾਇਲ ਰਨ ਕੀਤਾ ਜਾਵੇਗਾ।

ਰੇਲਵੇ ਮੰਤਰਾਲੇ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ 27 ਮਾਰਚ ਨੂੰ ਬਾਰਸੀਲੋਨਾ ਤੋਂ ਪਾਣੀ ਦੇ ਜਹਾਜ਼ ਰਾਹੀ ਭੇਜੇ ਗਏ ਡੱਬੇ ਮੁੰਬਈ ਦੀ ਬੰਦਰਗਾਹ 'ਤੇ ਪੁੱਜੇ। ਕਸਟਮ ਪ੍ਰਵਾਨਗੀ ਮਿਲਣ ਤੋਂ ਬਾਅਦ ਇਨ੍ਹਾਂ ਡੱਬਿਆਂ ਨੂੰ ਇਜ਼ਤਨਗਰ ਭੇਜਿਆ ਜਾਵੇਗਾ। ਟੈਲਗੋ ਕੰਪਨੀ ਨੇ ਭਾਰਤੀ ਰੇਲਵੇ ਨੂੰ ਗਤੀ ਵਧਾਉਣ ਲਈ ਪੇਸ਼ਕਸ਼ ਕੀਤੀ ਹੈ ਅਤੇ ਦਾਅਵਾ ਕੀਤਾ ਹੈ ਕਿ ਮੌਜੂਦਾ ਰੇਲਵੇ ਟਰੈਕ 'ਤੇ ਹੀ ਉਨ੍ਹਾਂ ਦੇ ਬਣਾਏ ਡੱਬਿਆਂ ਨੂੰ 200 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਚਲਾਇਆ ਜਾ ਸਕਦਾ ਹੈ। ਖਾਸ ਗੱਲ ਇਹ ਹੈ ਕਿ ਕੰਪਨੀ ਨੇ ਮੁਫਤ ਟ੍ਰਾਇਲ ਲਈ ਨੌਂ ਡੱਬਿਆਂ ਨੂੰ ਭਾਰਤ ਭੇਜਿਆ ਹੈ।

ਅਧਿਕਾਰੀਆਂ ਅਨੁਸਾਰ ਪਹਿਲਾਂ ਟ੍ਰਾਇਲ ਰਨ ਬਰੇਲੀ ਅਤੇ ਮੋਰਾਦਾਬਾਦ ਵਿਚਾਲੇ 115 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ 'ਤੇ ਹੋਵੇਗਾ। ਫਿਰ ਪਲਵਾਲ ਅਤੇ ਮਥੁਰਾ ਰੂਟ ਵਿਚਾਲੇ ਵੱਧ ਤੋਂ ਵੱਧ 180 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ 'ਤੇ ਟ੍ਰਾਇਲ ਰਨ ਹੋਵੇਗਾ। ਤੀਸਰਾ ਟ੍ਰਾਇਲ ਰਨ ਦਿੱਲੀ ਅਤੇ ਮੁੰਬਈ ਵਿਚਾਲੇ 200 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ 'ਤੇ ਹੋਵੇਗਾ।





## ਸਮੁੰਦਰ ਅੰਦਰ ਦੌੜੇਗੀ ਭਾਰਤ ਦੀ ਪਹਿਲੀ ਬੁਲੇਟ ਟਰੇਨ

**ਨਵੀਂ ਦਿੱਲੀ:** ਦੇਸ਼ ਦੀ ਪਹਿਲੀ ਬੁਲੇਟ ਟਰੇਨ ਰਾਹੀਂ ਮੁੰਬਈ ਤੋਂ ਅਹਿਮਦਾਬਾਦ ਜਾਣ ਵਾਲੇ ਯਾਤਰੀ ਸਮੁੰਦਰ ਦੇ ਅੰਦਰ ਯਾਤਰਾ ਕਰਨ ਦਾ ਰੋਮਾਂਚ ਅਨੁਭਵ ਕਰ ਸਕਣਗੇ। ਬੁਲੇਟ ਟਰੇਨ ਯੋਜਨਾ ਵਿਚ ਸ਼ਾਮਲ ਰੇਲਵੇ ਮੰਤਰਾਲੇ ਦੇ ਇਕ ਸੀਨੀਅਰ ਅਧਿਕਾਰੀ ਅਨੁਸਾਰ ਮੁੰਬਈ ਤੋਂ ਅਹਿਮਦਾਬਾਦ ਦੇ ਵਿਚਕਾਰ 508 ਕਿਲੋਮੀਟਰ ਲੰਬੇ ਰੇਲ ਕਾਰੀਡੋਰ 'ਚ ਸਮੁੰਦਰ ਦੇ ਅੰਦਰ ਕਰੀਬ 21 ਕਿਲੋਮੀਟਰ ਦੀ ਸੁਰੰਗ ਬਣਾਈ ਗਈ ਹੈ। ਸੂਤਰਾਂ ਅਨੁਸਾਰ ਮੁੰਬਈ ਤੋਂ ਅਹਿਮਦਾਬਾਦ ਦਾ ਸਫਰ ਸਿਰਫ ਦੋ ਘੰਟੇ ਵਿਚ ਪੂਰਾ ਹੋਵੇਗਾ। ਜੇ.ਆਈ.ਸੀ.ਏ. ਦੀ ਪ੍ਰੋਜੈਕਟ ਰਿਪੋਰਟ ਅਨੁਸਾਰ ਠਾਣੇ ਤੇ ਵਿਰਾਰ ਦੇ ਵਿਚਕਾਰ ਇਹ ਬੁਲੇਟ ਰੇਲ-ਗੱਡੀ 21 ਕਿਲੋਮੀਟਰ ਲੰਬੀ ਸਮੁੰਦਰੀ ਸੁਰੰਗ ਨਾਲ ਗੁਜ਼ਰੇਗੀ। ਇਸ ਬੁਲੇਟ ਰੇਲ-ਗੱਡੀ ਪ੍ਰੋਜੈਕਟ ਦੀ ਅਨੁਮਾਨਤ ਲਾਗਤ 97.636 ਕਰੋੜ ਰੁਪਏ ਹੈ ਤੇ 81 ਫੀਸਦੀ ਰਾਸ਼ੀ ਜਾਪਾਨ ਨਾਲ ਕਰਜ਼ ਦੇ ਰੂਪ ਵਿਚ ਪ੍ਰਾਪਤ ਹੋਵੇਗੀ।

ਫਿਲਮ 'ਬਾਹੂਬਲੀ' ਨੂੰ ਕੌਮੀ ਇਨਾਮ ਮਿਲਣਾ ਆਮ ਘਟਨਾ ਨਹੀਂ। ਇਸ ਦੇ ਤਾਰ ਸਿੱਧੇ ਕੱਟੜਪੰਥੀ ਸਿਆਸਤ ਨਾਲ ਜੁੜੇ ਹੋਏ ਹਨ। 'ਬਾਹੂਬਲੀ' ਵਿਚ ਉਹੀ ਕੁਝ ਹੈ ਜੋ ਅੱਜ ਦਾ ਕੱਟੜ ਲਾਣਾ ਸਿਆਸਤ ਵਿਚ ਮਨਮਰਜ਼ੀ ਨਾਲ ਵਰਤਾਅ ਰਿਹਾ ਹੈ। ਇਸ ਫਿਲਮ ਦਾ ਕਲਾ ਨਾਲ ਕੋਈ ਸਬੰਧ ਨਹੀਂ, ਸਗੋਂ ਸਿੱਧਾ ਸਬੰਧ ਉਸ ਸਿਆਸਤ ਨਾਲ ਹੈ ਜਿਹੜੀ ਅਵਾਮ ਨੂੰ ਲਗਾਤਾਰ ਹਾਸ਼ੀਏ ਵੱਲ ਧੱਕ ਰਹੀ ਹੈ। ਸਾਡੀ ਕਾਲਮਨਵੀਸ ਕੁਲਦੀਪ ਕੌਰ ਨੇ ਫਿਲਮ 'ਬਾਹੂਬਲੀ' ਅਤੇ ਅੱਜ ਦੀ ਕੁਹਜੀ ਸਿਆਸਤ ਦੀ ਸਮਾਨਤਾ ਨੂੰ ਖਾਸ ਨੁਕਤਾ-ਨਿਗ੍ਹਾ ਤੋਂ ਪਾਠਕਾਂ ਦੇ ਸਾਹਮਣੇ ਰੱਖਿਆ ਹੈ। -ਸੰਪਾਦਕ

# 'ਬਾਹੂਬਲੀ' ਵਾਲੀ ਸਿਆਸਤ ਅਤੇ ਸਿਨੇਮਾ

'ਬਾਹੂਬਲੀ' ਦੇਖਣ ਤੋਂ ਬਾਅਦ ਦਰਸ਼ਕ ਇੱਕ-ਦੂਜੇ ਤੋਂ ਪੁੱਛਦੇ ਹਨ- "ਕਟੱਪਾ ਨੇ ਬਾਹੂਬਲੀ ਨੂੰ ਕਿਉਂ ਮਾਰਿਆ?" ਇਸ ਸਾਲ ਦੇ ਕੌਮੀ ਪੁਰਸਕਾਰਾਂ ਤੋਂ ਬਾਅਦ ਸਵਾਲ ਇਹ ਪੁੱਛਿਆ ਜਾ ਰਿਹਾ ਹੈ- "ਆਖਿਰ ਇਸ ਫਿਲਮ ਨੂੰ ਸਾਲ ਦੀ ਬਿਹਤਰੀਨ ਫਿਲਮ ਦਾ ਸਨਮਾਨ ਕਿਉਂ ਦਿੱਤਾ ਗਿਆ?" ਇਸ ਦਾ ਜਵਾਬ ਮੌਜੂਦਾ ਸਿਆਸੀ ਦ੍ਰਿਸ਼ ਦੇ ਰਿਹਾ ਹੈ ਜਿੱਥੇ 'ਬਾਹੂਬਲੀ' ਫਿਲਮ ਦੇ ਫਿਲਮਾਂਕਣ ਲਈ ਲਗਾਏ ਸੈੱਟਾਂ/ਡਾਇਲਾਗਾਂ ਅਤੇ ਸਰਕਾਰ ਦੁਆਰਾ ਗੋਦ ਲਏ ਧਾਰਮਿਕ ਆਗੂਆਂ ਦੇ ਸੈੱਟਾਂ/ਡਾਇਲਾਗਾਂ ਵਿਚ ਦਿਲਚਸਪ ਸਮਾਨਤਾ



ਕੁਲਦੀਪ ਕੌਰ
ਫੋਨ: +91-98554-04330

ਨਜ਼ਰ ਆ ਰਹੀ ਹੈ। ਦੋਵਾਂ ਪਟਕਥਾਵਾਂ ਵਿਚ ਵਿਰੋਧੀਆਂ ਦੇ ਸਿਰ ਕਲਮ ਕਰਨ, ਉਨ੍ਹਾਂ ਨੂੰ ਆਪਣੇ ਤਥਾਕਥਿਤ 'ਸਾਮਰਾਜ' ਵਿਚੋਂ ਖਦੇੜਨ ਅਤੇ ਧੱਕੇ ਨਾਲ ਆਪਣੀ ਜੈ ਬੁਲਾਉਣ ਦੀ ਹਾਹਾਕਾਰ ਹੈ। ਫਿਲਮ ਵਿਚ ਦਰਸ਼ਕ ਜਿਉਂਦੇ-ਜਾਗਦੇ ਜੀਆਂ ਨੂੰ ਜ਼ਿੰਦਾ ਜਲਾ ਦੇਣ, ਘੇਰ ਕੇ ਮਾਰਨ, ਸਾਜ਼ਿਸ਼ੀ ਤਰੀਕੇ ਨਾਲ ਕਤਲ ਕਰਨ ਵਾਲੀ ਭੜਕੀ ਭੀੜ ਦੀਆਂ ਕਰਤੂਤਾਂ ਅੱਗੇ ਬੇਵੱਸ ਖੜ੍ਹੇ ਨਰਿੰਦਰ ਦਾਭੋਲਕਰ, ਮੁਹੰਮਦ ਅਖਲਾਕ, ਰੋਹਿਤ ਵੇਮੁਲਾ, ਪ੍ਰੋ. ਕੁਲਬਰਗੀ ਨੂੰ ਸਹਿਜੇ ਹੀ ਪਛਾਣ ਸਕਦਾ ਹੈ। ਫਿਲਮ ਨੂੰ ਫੈਂਟਸੀ ਕਿਹਾ ਗਿਆ ਹੈ, ਪਰ ਅਸਲ ਵਿਚ ਇਹ ਸਾਡੇ ਸਮਿਆਂ ਦੀ ਸ਼ਰਮਨਾਕ ਹਕੀਕਤ ਹੋ ਨਿਬੜੀ ਹੈ।

ਸਿਨੇਮਾ ਨੂੰ ਸਮਾਜ ਦਾ ਦਰਪਨ ਕਿਹਾ ਜਾਂਦਾ ਹੈ। ਸੁਨਹਿਰੀ ਪਰਦੇ 'ਤੇ ਜਾਣ ਤੋਂ ਪਹਿਲਾ ਫਿਲਮ ਬਣਨ ਦੀ ਪ੍ਰਕਿਰਿਆ ਕਿਸੇ ਕਹਾਣੀ ਦੇ ਰੂਪ ਵਿਚ ਸਮਾਜਿਕ ਹਾਲਾਤ ਵਿਚੋਂ ਤਰਾਸ਼ ਹੋ ਕੇ ਆਉਂਦੀ ਹੈ। ਭਾਰਤੀ ਪ੍ਰਸੰਗ ਵਿਚ ਇਹ ਸਿਨੇਮਾ ਦੀ ਤਰਾਸਦੀ ਹੀ ਸਮਝੀ ਜਾ ਸਕਦੀ ਹੈ ਕਿ ਜਿੱਥੇ ਨਾਟਕ ਅਤੇ ਸਾਹਿਤ ਨੂੰ ਸਮਾਜਿਕ ਤਬਦੀਲੀ ਦਾ ਸੰਦ ਮੰਨਿਆ ਗਿਆ, ਉਥੇ ਸਿਨੇਮਾ ਨੂੰ ਮਨੋਰੰਜਨ ਤੱਕ ਮਹਿਦੂਦ ਕਰ ਦਿੱਤਾ ਗਿਆ। ਇਸ ਦੇ ਬਾਵਜੂਦ ਸਿਨੇਮਾ ਵਿਚ ਅਜਿਹੀਆਂ ਫਿਲਮਾਂ ਦੌਰ ਲਗਾਤਾਰ ਰਿਹਾ ਹੈ ਜਿਨ੍ਹਾਂ ਰਾਹੀ ਆਵਾਮ ਦੇ ਮੁੱਦਿਆਂ ਬਾਰੇ ਕੋਈ ਸਾਰਥਿਕ ਬਾਤ ਅੱਗੇ ਤੁਰ ਸਕੇ। ਅੰਗਰੇਜ਼ਾਂ ਦੇ ਸ਼ਾਸਨ ਦੌਰਾਨ ਬਣੀਆਂ ਫਿਲਮਾਂ 'ਵਰਥ' (1930) ਅਤੇ 'ਰਿਤੂ ਵਿਧਾ' (1938) ਤੋਂ ਬਿਨਾਂ ਬਹੁਤ ਸਾਰੀਆਂ ਅਜਿਹੀਆਂ ਨਿਊਜ਼-ਰੀਲ੍ਹਾਂ ਜਿਹੜੀਆਂ ਸੱਤਾ ਦੇ ਵਰਤਾਰੇ ਨੂੰ ਨੰਗਾ ਕਰਦੀਆਂ ਸਨ, ਜਾਂ ਜਿਨ੍ਹਾਂ ਵਿਚ ਸਿੱਧੇ-ਅਸਿੱਧੇ ਤਰੀਕੇ ਨਾਲ ਨਿਰੰਕੁਸ਼ਤਾ ਦੀ ਆਲੋਚਨਾ ਕੀਤੀ ਗਈ ਸੀ, ਉਪਰ ਸਰਕਾਰ ਦੁਆਰਾ ਪਾਬੰਦੀ ਲਗਾ ਦਿੱਤੀ ਗਈ। ਨੱਥੂ ਰਾਮ ਗੋਡਸੇ ਦੇ ਮੁਕੱਦਮੇ ਦੀ ਨਿਊਜ਼-ਰੀਲ, ਕਿਸਾਨਾਂ ਦੁਆਰਾਂ ਕੀਤੀਆਂ ਬਗਾਵਤਾਂ ਦੇ ਦ੍ਰਿਸ਼, ਜੱਲ੍ਹਿਆਂ ਵਾਲੇ ਬਾਗ ਦੇ ਕਤਲੇਆਮ 'ਤੇ ਆਧਾਰਿਤ ਫਿਲਮ 'ਮਹਾਤਮਾ ਵਿਧੁਰ' ਸਰਕਾਰ ਦੀ ਕਰੋਪੀ ਦਾ ਸ਼ਿਕਾਰ ਬਣੇ। ਦੂਜੇ ਪਾਸੇ ਅਜਿਹੀਆਂ ਫਿਲਮਾਂ ਵੀ ਲਗਾਤਾਰ ਬਣ ਰਹੀਆਂ ਸਨ ਜਿਹੜੀਆਂ ਸਸਤੇ ਚੁਟਕਲਿਆਂ, ਭੱਦੇ ਨਾਚ-ਗਾਣਿਆਂ ਅਤੇ ਔਰਤ-ਮਰਦਾਂ ਸਬੰਧਾਂ ਦੀਆਂ ਬਾਜ਼ਾਰੀ ਵਿਆਖਿਆਵਾਂ 'ਤੇ ਆਧਾਰਿਤ ਸਨ। ਸਸਤੀਆਂ ਹੋਣ ਅਤੇ 'ਟੈਂਟ ਸਭਿਆਚਾਰ' ਤੋਂ ਬਿਨਾਂ ਇਨ੍ਹਾਂ ਫਿਲਮਾਂ ਦੇ ਪਾਪੂਲਰ ਹੋਣ ਦਾ ਵੱਡਾ ਕਾਰਨ ਇਨ੍ਹਾਂ ਦਾ ਵਿਸ਼ਾ-ਵਸਤੂ ਮਰਦ ਦਰਸ਼ਕਾਂ ਦੇ ਸੁਆਦਾਂ ਅਨੁਸਾਰ ਢਾਲਿਆ ਹੋਣਾ ਸੀ। ਔਰਤਾਂ ਬਾਕੀ ਜਨਤਕ ਸਥਾਨਾਂ ਵਾਂਗ ਸਮਾਜਿਕ ਸੰਚਾਰ ਦੇ ਇਸ ਜਨਤਕ ਪਲੇਟਫਾਰਮ 'ਤੇ ਵੀ ਗੈਰਹਾਜ਼ਿਰ ਸਨ।

ਇਹ ਸਮਾਂ ਦੂਜੇ ਸੰਸਾਰ ਯੁੱਧ ਤੋਂ ਬਾਅਦ ਹਥਿਆਰਾਂ ਦੀ ਤਸਕਰੀ ਅਤੇ ਅਨਾਜ ਦੀ ਕਾਲਾਬਜ਼ਾਰੀ ਰਾਹੀਂ ਰਾਤੋ-ਰਾਤ ਅਮੀਰ ਬਣੇ ਵਪਾਰੀ ਤਬਕੇ ਦੁਆਰਾ ਭਾਰਤੀ ਸਿਨੇਮਾ ਵਿਚ ਮੁਨਾਫਾ ਕਮਾਉਣ ਦੀ ਇੱਛਾ ਨਾਲ ਨਿਵੇਸ਼ ਕਰਨ ਦਾ ਸਮਾਂ ਵੀ ਸੀ। ਇਸ ਕਾਰਨ ਅਜਿਹੀਆਂ ਫਿਲਮਾਂ ਦੀ ਗਿਣਤੀ ਸੈਂਕੜਿਆਂ ਵਿਚ ਸੀ ਜਿਹੜੀਆਂ ਹਕੀਕਤ ਤੋਂ ਕੋਹਾਂ ਦੂਰ ਦਰਸ਼ਕਾਂ ਨੂੰ ਸੁਪਨਮਈ ਦੁਨੀਆਂ ਦੀ ਸੈਰ ਕਰਾਉਣ ਤੱਕ ਸੀਮਿਤ ਸਨ।

ਇਸੇ ਦੌਰ ਵਿਚ ਬਣੀਆਂ 'ਨੀਚਾ ਨਗਰ' ਅਤੇ 'ਧਰਤੀ ਕੇ ਲਾਲ' ਫਿਲਮਾਂ ਨੇ ਭਾਰਤੀ ਸਿਨੇਮਾ ਨੂੰ ਬਨਾਵਟੀ ਫਾਰਮੂਲਿਆਂ ਤੋਂ ਬਾਹਰ ਦਾ ਰਾਸਤਾ ਦਿਖਾਇਆ। ਫਿਲਮਾਂ ਬਾਰੇ ਉਪਲਬਧ ਦਸਤਾਵੇਜ਼ਾਂ ਅਨੁਸਾਰ ਇਨ੍ਹਾਂ ਫਿਲਮਾਂ ਵਿਚ ਮੌਜੂਦ ਸਮਾਜਿਕ ਚੇਤਨਾ ਚੇਤਨ ਆਨੰਦ (ਨਿਰਦੇਸ਼ਕ 'ਨੀਚਾ ਨਗਰ') ਅਤੇ ਕੇ. ਅੱਬਾਸ (ਨਿਰਦੇਸ਼ਕ 'ਧਰਤੀ ਕੇ ਲਾਲ') ਦੀ ਨਜ਼ਰ ਦਾ ਕਮਾਲ ਨਹੀਂ, ਸਗੋਂ ਸੱਤਾ ਦੇ ਦਮਨ ਦੇ ਸਮੂਹਿਕ ਵਿਰੋਧ ਦਾ ਕਲਾਤਮਿਕ ਪ੍ਰਗਟਾਵਾ ਸੀ। ਇਨ੍ਹਾਂ ਫਿਲਮਾਂ ਦੇ ਕਿਰਦਾਰ ਉਸ ਆਵਾਮ ਦੇ ਪ੍ਰਤੀਨਿਧ ਬਣ ਕੇ ਉਭਰਦੇ ਹਨ ਜਿਨ੍ਹਾਂ ਦੀ ਹੋਂਦ ਮਾੜੇ ਜਿਉਣ ਹਾਲਾਤ ਵਿਚੋਂ ਨਿਕਲਣ ਲਈ ਤਿਲਮਿਲਾ ਰਹੀ ਹੈ। ਇਨ੍ਹਾਂ ਫਿਲਮਾਂ ਨੇ ਬਹੁਤਾ ਕਾਰੋਬਾਰ ਬੇਸ਼ੱਕ ਨਹੀਂ ਕੀਤਾ, ਪਰ ਇਹ ਨਾ ਸਿਰਫ ਭਾਰਤ ਦੇ ਸਮਾਜਿਕ ਇਤਿਹਾਸ ਨੂੰ ਸਾਂਭੀ ਬੈਠੀਆਂ ਹਨ, ਸਗੋਂ ਇਨ੍ਹਾਂ ਨੇ ਸਿਨੇਮਾ ਨੂੰ ਨਵੇਂ ਸਭਿਆਚਾਰਕ ਮੁੱਲਾਂ ਵਿਚ ਵੀ ਢਾਲਿਆ ਹੈ। ਇਨ੍ਹਾਂ ਫਿਲਮਾਂ ਦੀ ਵਿਆਖਿਆ ਕਰਨ ਸਮੇਂ ਇਨ੍ਹਾਂ ਨੂੰ ਬਣਾਉਣ ਪਿੱਛੇ ਕੰਮ ਕਰਦੀ ਭਾਵਨਾ ਅਤੇ ਮਿਹਨਤ ਨੂੰ ਤਾਂ ਸਤਿਕਾਰ ਮਿਲਦਾ ਹੈ, ਪਰ ਇਨ੍ਹਾਂ ਦੇ ਵਿਸ਼ੇ-ਵਸਤੂ ਨੂੰ ਘੜਦੀ ਵਿਚਾਰਧਾਰਾ ਅਤੇ ਬੌਧਿਕਤਾ ਪ੍ਰਤੀ ਅਕਸਰ ਘੇਸਲ ਵੱਟ ਲਈ ਜਾਂਦੀ ਹੈ। ਇਸ ਤੱਥ ਤੋਂ ਕਿਵੇਂ ਇਨਕਾਰ ਕੀਤਾ ਜਾ ਸਕਦਾ ਹੈ ਕਿ ਭਾਰਤੀ ਸਿਨੇਮਾ ਦੀਆਂ ਉਹ ਫਿਲਮਾਂ ਜਿਹੜੀਆਂ ਸਿਨੇਮਾ ਦੀ ਭਾਸ਼ਾ, ਉਦੇਸ਼ ਅਤੇ ਸਾਰਥਿਕ ਸਿਨੇਮਾ ਦੇ ਮਿਆਰਾਂ 'ਤੇ ਪੂਰੀ ਉਤਰਦੀਆਂ ਹਨ, ਉਹ ਸਥਾਪਤੀ ਦੇ ਵਿਰੋਧ ਅਤੇ ਸੱਤਾ ਦੀ ਨਿਰੰਕੁਸ਼ ਵਰਤੋਂ ਤੋਂ ਨਾਬਰੀ ਵਾਲੀਆਂ ਫਿਲਮਾਂ ਹਨ। ਇਹ ਸਾਧਾਰਨ ਆਵਾਮ ਦੀਆਂ ਸਮਾਜਿਕ ਦੁਸ਼ਵਾਰੀਆਂ, ਆਰਥਿਕ ਢਾਂਚਿਆਂ ਦੁਆਰਾ ਪੈਦਾ ਕੀਤੀਆਂ ਆਰਥਿਕ ਖਾਈਆਂ, ਧਾਰਮਿਕ ਜਨੂੰਨ ਦੁਆਰਾ ਕੀਤੇ ਕਤਲਾਂ, ਸਭਿਆਚਾਰਕ ਪਾੜਿਆਂ ਦੁਆਰਾ ਕੀਤੇ ਵਿਤਕਰਿਆਂ ਦੀ ਨਿਸ਼ਾਨਦੇਹੀ ਕਰਦੀਆਂ ਫਿਲਮਾਂ ਹਨ। ਇਨ੍ਹਾਂ ਨੂੰ ਬਣਾਉਣ ਦੀ ਸਿਆਸਤ ਤੋਂ ਕਿਨਾਰਾਕਸ਼ੀ ਕਰਨ ਦਾ ਮਾੜਾ ਰੁਝਾਨ ਮਾੜੀਆਂ ਫਿਲਮਾਂ ਬਣਾਉਣ ਵਾਲਿਆਂ ਨੂੰ ਨੈਤਿਕ ਬਲ ਬਖਸ਼ਦਾ ਹੈ। ਦਿਲਚਸਪ ਤੱਥ ਇਹ ਹੈ ਕਿ ਜਦੋਂ ਕਲਾ ਦੇ ਪੱਖ ਤੋਂ ਸਿਨੇਮਾ ਦੀ ਪੜਚੋਲ ਦਾ ਵਕਤ ਆਉਂਦਾ ਹੈ ਜਾਂ ਭਾਰਤੀ ਸਿਨੇਮਾ ਦੀ ਕੌਮਾਂਤਰੀ ਮਿਆਰਾਂ 'ਤੇ ਪੂਰਾ ਉਤਰਨ ਦੀ ਕਵਾਇਦ ਹੁੰਦੀ ਹੈ ਤਾਂ ਭਾਰਤ ਸਰਕਾਰ ਦੇ ਪੱਲੇ ਇਹੀ ਗਿਣਤੀ ਦੀਆਂ ਫਿਲਮਾਂ ਬਚਦੀਆਂ ਹਨ ਜਿਹੜੀਆਂ ਨਿਰਦੇਸ਼ਕਾਂ ਦੁਆਰਾ ਕਰਜ਼ੇ ਚੁੱਕ-ਚੁੱਕ ਕੇ ਸਰਕਾਰ ਦੇ ਅਸਹਿਯੋਗ ਨੂੰ ਝੱਲਦਿਆਂ ਬਣਾਈਆਂ ਹੁੰਦੀਆਂ ਹਨ।

1947 ਦੀ ਸੱਤਾ ਤਬਦੀਲੀ ਤੋਂ ਬਾਅਦ ਨਵੀਂ ਸਰਕਾਰ ਤੇ ਸੰਵਿਧਾਨ ਨੇ ਸਿਨੇਮਾ ਦੇ ਆਵਾਮ ਉਤੇ ਪੈਂਦੇ ਪ੍ਰਭਾਵ ਨੂੰ ਕਬੂਲਦਿਆਂ ਅਤੇ ਨਵੇਂ ਰਾਸ਼ਟਰ ਦੇ ਹਿੱਤ ਵਿਚ ਮੰਨਦਿਆਂ ਤਹੱਈਆ ਕੀਤਾ ਕਿ ਸਿਨੇਮਾ ਨੂੰ ਵੀ ਆਵਾਮ ਦੇ ਸਰੋਕਾਰਾਂ ਦੀ ਆਵਾਜ਼ ਬਣਾਇਆ ਜਾ ਸਕਦਾ ਹੈ। ਨਵੀਂ ਸਰਕਾਰ ਦਾ ਇਸ ਮਾਧਿਅਮ ਨਾਲ ਰਿਸ਼ਤਾ ਦੋ ਨੁਕਤਿਆਂ ਨਾਲ ਸਪਸ਼ਟ ਕੀਤਾ ਜਾ ਸਕਦਾ ਹੈ। ਪਹਿਲੇ ਨੁਕਤੇ ਅਨੁਸਾਰ ਨਵੀਂ ਸਰਕਾਰ ਦੁਆਰਾ ਕਲਾਵਾਂ ਨੂੰ ਉਤਸ਼ਾਹਿਤ ਕਰਨਾ ਵੀ ਰਾਸ਼ਟਰ ਦੌਰਾਨ ਨਵ-ਨਿਰਮਾਣ ਦਾ ਹਿੱਸਾ ਮੰਨਿਆ ਗਿਆ। ਕੁਝ ਸਾਲਾਂ ਦੇ ਫਰਕ ਨਾਲ ਲਲਿਤ ਕਲਾ ਅਕਾਦਮੀ, ਸਾਹਿਤ ਕਲਾ ਅਕਾਦਮੀ, ਨੈਸ਼ਨਲ ਅਕਾਦਮੀ ਆਫ ਆਰਟ ਆਦਿ ਦੀ ਸਥਾਪਨਾ ਕੀਤੀ ਗਈ। ਸਿਨੇਮਾ ਲਈ ਕੌਮੀ ਪੁਰਸਕਾਰ ਸ਼ੁਰੂ ਕੀਤੇ ਗਏ। ਸ਼ੁਰੂ ਦੇ ਇਸ ਦੌਰ ਬਾਰੇ ਕੌਮੀ ਪੁਰਸਕਾਰ ਜੇਤੂ ਫਿਲਮ 'ਗਰਮ ਹਵਾ' ਦੇ ਨਿਰਦੇਸ਼ਕ ਐਮ.ਐਸ. ਸੱਥਿਊ ਦੱਸਦੇ ਹਨ- "ਆਜ਼ਾਦੀ ਸਮੇਂ ਅਤੇ ਉਸ ਤੋਂ ਬਾਅਦ ਦੇ ਕਈ ਸਾਲਾਂ ਦੌਰਾਨ ਮੁਲਕ ਵਿਚ ਨਵੀਆਂ ਉਮੀਦਾਂ ਦੀ ਰੁੱਤ ਸੀ। ਆਵਾਮ ਨੂੰ ਆਪਣੇ ਆਗੂਆਂ 'ਤੇ ਭਰੋਸਾ ਸੀ। ਜੇ ਭਰੋਸਾ ਟੁੱਟ ਵੀ ਜਾਂਦਾ ਤਾਂ ਵੀ ਖੱਬੇ-ਪੱਖੀ ਵਿਚਾਰਧਾਰਾ ਦਾ ਸਹਾਰਾ ਸੀ, ਪਰ ਬਹੁਤੇ ਸਾਰੇ ਕਾਰਨਾਂ ਕਰ ਕੇ ਦੋਵੇਂ ਸਹਾਰੇ ਬਿਖਰ ਗਏ।"

ਦੂਜੇ ਨੁਕਤੇ ਅਨੁਸਾਰ ਕੌਮੀ ਪੁਰਸਕਾਰਾਂ ਲਈ ਫਿਲਮਾਂ ਦੀ ਚੋਣ ਦਾ ਮਿਆਰ ਕਲਾ ਅਤੇ ਸੁਹਜ 'ਤੇ ਆਧਾਰਿਤ ਰਿਹਾ। ਹੁਣ ਤੱਕ ਭਾਵੇਂ ਬਿਹਤਰੀਨ ਫਿਲਮ ਦਾ ਪੁਰਸਕਾਰ ਹਿੰਦੀ, ਮਲਿਆਲਮ, ਬੰਗਾਲੀ, ਮਰਾਠੀ ਭਾਸ਼ਾਵਾਂ ਦੀਆਂ ਫਿਲਮਾਂ ਨੂੰ ਮਿਲਦਾ ਰਿਹਾ ਹੈ, ਇਨ੍ਹਾਂ ਫਿਲਮਾਂ ਦੀ ਸਮਾਜਿਕ ਸਾਰਥਿਕਤਾ ਉੱਤੇ ਕਦੇ ਸਵਾਲ ਖੜ੍ਹੇ ਨਹੀਂ ਹੋਏ। ਇਨ੍ਹਾਂ ਦੇ ਵਿਸ਼ਾ-ਵਸਤੂ ਨੂੰ ਮਾਹਿਰ ਜਿਊਰੀ ਦੁਆਰਾ ਸਖਤ ਮਾਪਦੰਡਾਂ 'ਤੇ ਪਰਖਿਆ-ਘੋਖਿਆ ਜਾਂਦਾ ਹੈ ਅਤੇ ਫਿਰ ਪੁਰਸਕਾਰ ਲਈ ਸ਼ਿਫਾਰਿਸ਼ ਕੀਤੀ ਜਾਂਦੀ ਹੈ। ਜੇ ਅਤੀਤ ਵਿਚ ਇਹ ਪੁਰਸਕਾਰ ਜਿੱਤਣ ਵਾਲੀਆਂ ਫਿਲਮਾਂ ਨੂੰ ਜਿਊਰੀ ਦੀ ਸਿਫਾਰਿਸ਼ੀ ਟਿੱਪਣੀ ਦੇ ਹਵਾਲੇ ਨਾਲ ਪੜ੍ਹਿਆ ਜਾਵੇ ਤਾਂ ਇਨ੍ਹਾਂ ਪੁਰਸਕਾਰਾਂ ਦਾ ਖਾਕਾ ਅਤੇ ਖਾਸਾ ਦੋਵੇਂ ਸਮਝ ਵਿਚ ਆ ਜਾਂਦੇ ਹਨ। ਮਸਲਨ, 'ਸ਼ਿਆਮਚੀ ਆਈ'(ਕੌਮੀ ਪੁਰਸਕਾਰ ਜਿੱਤਣ ਵਾਲੀ ਪਹਿਲੀ ਫਿਲਮ) ਬਾਰੇ ਟਿੱਪਣੀ ਸੀ- "ਇਸ ਫਿਲਮ ਨੂੰ ਇਹ ਪੁਰਸਕਾਰ ਉਨ੍ਹਾਂ ਮਨੁੱਖੀ ਕਦਰਾਂ-ਕੀਮਤਾਂ ਦੀ ਪੇਸ਼ਕਾਰੀ ਲਈ ਦਿੱਤਾ ਜਾ ਰਿਹਾ ਹੈ ਜਿਹੜੀਆਂ ਮਾਨਵੀ ਜੀਵਨ ਦਾ ਆਧਾਰ ਹਨ"। 'ਪਾਂਥੇਰ ਪੰਚਾਲੀ' (ਬੰਗਾਲੀ) ਬਾਰੇ ਟਿੱਪਣੀ ਅਨੁਸਾਰ- "ਇਹ ਮਨੁੱਖੀ ਪੀੜਾ ਅਤੇ ਦਰਦ ਦਾ ਦਸਤਾਵੇਜ਼ ਹੈ"। 'ਪਿਰਵੀ' (ਮਲਿਆਲਮ) ਬਾਰੇ ਦਿੱਤੀ ਟਿੱਪਣੀ ਅਨੁਸਾਰ- "ਫਿਲਮ ਮਨੁੱਖੀ ਹੌਸਲੇ ਦੀ ਸਿਨੇਮਈ ਭਾਸ਼ਾ ਵਿਚ ਸੁਣਾਈ ਖੂਬਸੂਰਤ ਬਾਤ ਹੈ"। ਫਿਲਮ 'ਚਰਾਚਰ' (ਬੰਗਾਲੀ) ਬਾਰੇ ਦਿੱਤੀ ਟਿੱਪਣੀ ਹੈ- "ਫਿਲਮ ਵਿਚ ਮਨੁੱਖ ਦੀ ਆਜ਼ਾਦੀ ਲਈ ਸਦੀਵੀ ਤਾਂਘ, ਪਰ ਨਾਲ ਹੀ ਕੁਦਰਤ ਨਾਲੋਂ ਟੁੱਟਣ ਦੀ ਪੇਸ਼ਕਾਰੀ ਕਾਵਿਮਈ ਭਾਸ਼ਾ ਵਿਚ ਕੀਤੀ ਗਈ ਹੈ"। ਕਿਸਾਨਾਂ ਦੀਆਂ ਖੁਦਕੁਸ਼ੀਆਂ 'ਤੇ ਬਣੀ ਫਿਲਮ 'ਸਮਰ' (ਹਿੰਦੀ) ਬਾਰੇ ਦਿੱਤੀ ਟਿੱਪਣੀ ਦੇਖੋ- "ਫਿਲਮ ਇਸ ਸਮਾਜਿਕ ਬੁਰਾਈ ਨੂੰ ਜਿਸ ਤਰੀਕੇ ਨਾਲ ਗੁੰਦ ਕੇ ਪੇਸ਼ ਕਰਦੀ ਹੈ, ਉਹ ਆਪਣੀ ਮਿਸਾਲ ਆਪ ਹੈ"। ਫਿਲਮ 'ਕੋਰਟ' (ਮਰਾਠੀ) ਬਾਰੇ ਟਿੱਪਣੀ ਅਨੁਸਾਰ- "ਫਿਲਮ ਪੁਰਜ਼ੋਰ ਢੰਗ ਨਾਲ ਉਨ੍ਹਾਂ ਕਰੂਰ ਹਾਲਾਤ ਦੀ ਪੇਸ਼ਕਾਰੀ ਕਰਦੀ ਹੈ ਜਿਹੜੀਆਂ ਕਾਨੂੰਨੀ ਢਾਂਚੇ ਦੀਆਂ ਨੀਹਾਂ ਹਨ। ਫਿਲਮ ਇਸ ਕਾਨੂੰਨੀ ਢਾਂਚੇ ਦੀ ਮੌਜੂਦਾ ਅਸੰਵੇਦਨਸ਼ੀਲਤਾ ਦਾ ਚਿਤਰਨ ਕਰਦੀ ਹੈ"।

ਹੁਣ ਜੇ ਫਿਲਮ 'ਬਾਹੂਬਲੀ' ਨੂੰ ਮਿਲੀ ਟਿੱਪਣੀ ਦੇਖੀ ਜਾਵੇ ਤਾਂ ਇਸ ਫਿਲਮ ਦੀ ਚੋਣ 'ਤੇ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ। ਟਿੱਪਣੀ ਹੈ- "ਇਹ ਫਿਲਮ ਕਾਲਪਨਿਕ ਹੈ, ਪਰ ਨਿਰਮਾਣ ਲਾਗਤਾਂ ਅਤੇ ਸਿਨੇਮਈ ਚਮਕ-ਦਮਕ ਕਾਰਨ ਯਾਦਗਾਰੀ ਹੈ। ਫਿਲਮ ਫੈਂਟਸੀ ਨੂੰ ਪਰਦੇ 'ਤੇ ਸਾਕਾਰ ਕਰਦੀ ਹੈ"। ਇਹ ਟਿੱਪਣੀ ਆਪਣੇ-ਆਪ ਵਿਚ ਕੌਮੀ ਪੁਰਸਕਾਰ ਦੇਣ ਦੇ ਮੂਲ ਉਦੇਸ਼ ਦੇ ਖਿਲਾਫ ਹੈ। ਸਿਨੇਮਾ ਵਰਗੀ ਕਲਾ ਨੂੰ ਸਰਕਾਰ ਵੱਲੋਂ ਕਲਪਿਤ ਮਿੱਥਾਂ, ਧਾਰਨਾਵਾਂ, ਫੈਂਟਸੀ ਕਥਾਵਾਂ ਅਤੇ ਯੁੱਧ-ਪੱਖੀ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਨ ਲਈ ਵਰਤਿਆ ਜਾਣਾ ਬਹੁਤ ਸਾਰੇ ਸਿਆਸੀ ਸਵਾਲ ਖੜ੍ਹੇ ਕਰਦਾ ਹੈ ਜਿਨ੍ਹਾਂ ਦੇ ਜਵਾਬ ਵੀ ਸਿਆਸੀ ਹੀ ਹਨ। ਜਿਸ ਦੌਰ ਵਿਚ ਗਿਣੇ-ਮਿਥੇ ਢੰਗ ਨਾਲ ਮੁਲਕ ਦੀ ਵਿਗਿਆਨਕ ਸੋਚ ਨੂੰ ਖੁੰਢਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੋਵੇ, ਉਥੇ ਇਸ ਫਿਲਮ ਨੂੰ ਪੁਰਸਕਾਰ ਮਿਲਣਾ ਸੱਤਾ ਦੇ ਵਿਚਾਰਧਾਰਕ ਖੋਖਲੇਪਣ ਦੀ ਨਿਸ਼ਾਨੀ ਹੀ ਹੋ ਸਕਦਾ ਹੈ। ਇਹ ਫਿਲਮ ਇੱਕ ਰਾਜਸੀ ਟੱਬਰ ਦੀਆਂ ਆਪਸੀ ਸਾਜ਼ਿਸ਼ਾਂ ਦਾ ਤਾਣਾ-ਬਾਣਾ ਹੈ। ਟੱਬਰ ਵਿਚ ਸੱਤਾ ਲਈ ਖੂਨੀ ਜੰਗ ਚਲ ਰਹੀ ਹੈ ਜਿਸ ਵਿਚ ਹਜ਼ਾਰਾਂ ਨਾਗਰਿਕਾਂ ਦੀ ਸੈਨਿਕਾਂ ਦੇ ਰੂਪ ਵਿਚ ਬਲੀ ਦਿੱਤੀ ਜਾਂਦੀ ਹੈ। ਮਰਦਾਂ ਦੀ ਹਉਮੈ ਅਤੇ ਸ਼ਾਨ ਦੇ ਕਸੀਦੇ ਪੜ੍ਹੇ ਜਾਂਦੇ ਹਨ। ਆਵਾਮ ਦੀ ਕਿਰਤ ਦੀ ਬੇਕਿਰਕੀ ਨਾਲ ਮਹਿੰਗੇ ਭਵਨ ਬਣਾਉਣ, ਹਥਿਆਰਾਂ ਦੀ ਖਰੀਦ, ਕੱਪੜਿਆਂ ਤੇ ਗਹਿਣੇ ਦੇ ਦਿਖਾਵੇ ਲਈ ਵਰਤੋਂ ਕੀਤੀ ਜਾਂਦੀ ਹੈ। ਫਿਲਮ ਵਿਚ ਆਵਾਮ ਭੇਡਾਂ-ਬੱਕਰੀਆਂ ਵਾਂਗ ਹਰ ਜਗ੍ਹਾ ਹੱਥ ਜੋੜੀ ਖੜ੍ਹੀ ਦਿਸਦੀ ਹੈ ਜਿਸ ਦੀ ਜ਼ਿੰਦਗੀ ਦਾ ਇਕਲੌਤਾ ਉਦੇਸ਼ ਬਾਹੂਬਲੀ ਦੀ ਜੈ-ਜੈਕਾਰ ਕਰਨਾ ਹੈ। ਫਿਲਮ ਵਿਚ ਨੈਤਿਕਤਾ ਦੀ ਦੁਹਾਈ ਹੈ, ਪਰ ਜਦੋਂ ਆਵਾਮ ਦੇ ਸਿਰ ਮਸ਼ੀਨੀ ਕਟਰ ਨਾਲ ਵੱਢੇ ਜਾਂਦੇ ਹਨ ਤਾਂ ਯੁਵਰਾਜ 'ਤੇ ਕੋਈ ਸਵਾਲ ਕਰਨਾ ਗੁਸਤਾਖੀ ਮੰਨਿਆ ਜਾਂਦਾ ਹੈ। ਫਿਲਮ ਦੇ ਪ੍ਰੇਮ-ਦ੍ਰਿਸ਼ਾਂ ਵਿਚ ਮਰਦ ਨੂੰ ਭੋਲਾ-ਭਾਲਾ ਤੇ ਮਾਸੂਮ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜਿਵੇਂ ਵਿਚਾਰੇ ਤੋਂ ਕੁਦਰਤ, ਪ੍ਰੇਮ ਵੀ ਧੱਕੇ ਨਾਲ ਕਰਵਾ ਰਹੀ ਹੋਵੇ।

ਇਸ ਸਾਲ ਦੇ ਕੌਮੀ ਪੁਰਸਕਾਰਾਂ ਲਈ ਬਾਕੀ ਫਿਲਮਾਂ ਦੀ ਚੋਣ 'ਤੇ ਵੀ ਕਈ ਸਵਾਲ ਉਠੇ ਹਨ। ਜਿਊਰੀ ਦਾ ਚੇਅਰਮੈਨ ਰਮੇਸ਼ ਸਿੱਪੀ ਹੈ ਅਤੇ ਉਸ ਦੀ ਇਕਲੌਤੀ ਪਛਾਣ ਫਿਲਮ 'ਸ਼ੋਅਲੇ' ਹੈ। ਇਸ ਫਿਲਮ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਹ ਜਪਾਨੀ ਫਿਲਮਸਾਜ਼ ਅਕੀਰਾ ਕੁਰੋਸੋਵੋ ਦੀ 1954 ਵਿਚ ਬਣਾਈ ਫਿਲਮ 'ਸੈਵਨ ਸੁਮਰਾਇ' ਦਾ ਹੀ ਭਾਰਤੀ ਰੂਪ ਸੀ। 'ਸ਼ੋਅਲੇ' ਭਾਵੇਂ ਕਲਾਸਿਕ ਮੰਨੀ ਜਾ ਸਕਦੀ ਹੈ, ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਫਿਲਮ ਦਿਹਾਤੀ ਖੇਤਰਾਂ ਦੇ ਜੀਆਂ ਨੂੰ ਸਮੂਹਿਕ ਸੰਘਰਸ਼ ਕਰਨ ਦੀ ਮੱਤ ਦੇਣ ਦੀ ਥਾਂ ਮਸੀਹਾਗਿਰੀ ਦੀ ਭਾਲ ਕਰਨ ਲਈ ਉਕਸਾਉਂਦੀ ਹੈ।

ਇਸ ਸਾਲ ਫਿਲਮ 'ਬਾਹੂਬਲੀ' ਦੇ ਮੁਕਾਬਲੇ ਬਣੀਆਂ ਗੰਭੀਰ ਤੇ ਸਮਾਜਿਕ ਸੰਵੇਦਨਾ ਵਾਲੀਆਂ ਫਿਲਮਾਂ ਦੀ ਅਣਦੇਖੀ ਕਰਨਾ ਚਿੰਤਾ ਦਾ ਵਿਸ਼ਾ ਹੈ। ਇਸ ਸਾਲ ਚਾਰ ਭਾਰਤੀ ਫਿਲਮਾਂ ਕੌਮਾਂਤਰੀ ਪੱਧਰ 'ਤੇ ਚਰਚਾ ਵਿਚ ਰਹੀਆਂ ਹਨ। ਇਨ੍ਹਾਂ ਵਿਚੋਂ 'ਮਸਾਨ' ਵਾਰਾਨਸੀ ਦੇ ਘਾਟਾਂ 'ਤੇ ਜਲ ਰਹੀਆਂ ਚਿਖਾਵਾਂ ਦੇ ਦ੍ਰਿਸ਼ਾਂ ਦਰਮਿਆਨ ਪੁਰਾਤਨਤਾ ਅਤੇ ਆਧੁਨਿਕਤਾ ਦੇ ਆਪਸੀ ਦਵੰਦਾਂ ਵਿਚ ਉਲਝੇ ਨੌਜਵਾਨਾਂ ਦੀ ਹੋਣੀ ਹੈ ਜਿਨ੍ਹਾਂ ਦੇ ਸੁਪਨੇ ਵੀ ਚਿਖਾਵਾਂ ਵਾਂਗ ਲਗਾਤਾਰ ਧੁਖਦੇ ਰਹਿੰਦੇ ਹਨ। ਫਿਲਮ 'ਤਿਤਲੀ' ਵੀ ਭਾਰਤੀ ਪਰਿਵਾਰ ਦੁਆਲੇ ਸਿਰਜੀਆਂ ਬਨਾਵਟੀ ਮਿੱਥਾਂ ਤੇ ਭਰਮਾਂ ਨੂੰ ਸੰਬੋਧਿਤ ਹੈ। ਇਸ ਤੋਂ ਬਿਨਾਂ ਤਮਿਲ ਫਿਲਮ 'ਵਿਸਰਅਨਾਈ' ਜੋ ਪੁਲਿਸ ਤਸ਼ੱਦਦ ਦੇ ਸਮਕਾਲੀ ਰੁਝਾਨਾਂ ਨੂੰ ਸੂਤਰਬੱਧ ਕਰਦੀ ਹੈ, ਨੂੰ ਅਣਦੇਖਿਆ ਕਰ ਦਿੱਤਾ ਗਿਆ; ਅਰਥਾਤ ਫਿਲਮਾਂ ਦੀ ਚੋਣ ਕਰਦੇ ਸਮੇਂ ਜਾਣ-ਬੁੱਝ ਕੇ ਮੌਜੂਦਾ ਦੌਰ ਦੇ ਮਸਲਿਆਂ ਨਾਲ ਸੰਵਾਦ ਰਚਾਉਂਦੀਆਂ ਫਿਲਮਾਂ ਨੂੰ ਖੂੰਜੇ ਲਾ ਦਿੱਤਾ ਗਿਆ, ਤੇ ਉਨ੍ਹਾਂ ਦੇ ਬਦਲੇ ਲੱਖਾਂ-ਕਰੋੜਾਂ ਦੇ ਮਸਨੂਈ ਸੈੱਟਾਂ ਵਾਲੀਆਂ, ਨਿੱਜੀ ਦੁੱਖਾਂ ਦੀ ਰਾਈ ਨੂੰ ਪਹਾੜ ਬਣਾਉਂਦੀਆਂ, ਸੁਭਾਵਿਕ ਰਿਸ਼ਤਿਆਂ ਨੂੰ ਬੇਲੋੜੇ ਸ਼ੋਰ-ਸ਼ਰਾਬੇ ਵਿਚ ਲਪੇਟ ਕੇ ਪੇਸ਼ ਕਰਦੀਆਂ ਫਿਲਮਾਂ ਨੂੰ ਚੁਣਿਆ ਗਿਆ। ਇਹ ਸਿਨੇਮਾ ਤੇ ਸਟੇਟ ਦੇ ਸਬੰਧਾਂ ਵਿਚ ਆਇਆ ਉਹ ਮੋੜ ਹੈ ਜਿਥੇ ਬਾਜ਼ਾਰ, ਸੰਵੇਦਨਾ ਅਤੇ ਕਲਾ ਦੀ ਕੀਮਤ ਲਗਾ ਰਿਹਾ ਹੈ ਤੇ ਦਰਸ਼ਕ ਖਾਮੋਸ਼ ਹਨ।

'ਬਾਹੂਬਲੀ' ਵਾਲੀ ਚੋਣ ਕਮੇਟੀ ਨੇ ਪੁਰਸਕਾਰ ਜਿੱਤਣ ਵਾਲੀਆਂ ਬਹੁਤੀਆਂ ਫਿਲਮਾਂ ਉਹ ਚੁਣੀਆਂ ਹਨ ਜਿਹੜੀਆਂ ਬਾਕਸ ਆਫਿਸ 'ਤੇ ਕਾਮਯਾਬ ਰਹੀਆਂ ਹਨ, ਜਿਵੇਂ 'ਪੀਕੂ', 'ਤਨੂੰ ਵੈੱਡਜ਼ ਮਨੂ ਰਿਟਰਨਜ਼', 'ਬਾਜੀਰਾਓ ਮਸਤਾਨੀ' ਆਦਿ। ਇਹ ਫਿਲਮਾਂ ਬੇਸ਼ੱਕ ਵੱਡੀ ਪੱਧਰ 'ਤੇ ਦਰਸ਼ਕਾਂ ਨੂੰ ਆਪਣੇ ਵੱਲ ਖਿੱਚਣ ਵਿਚ ਕਾਮਯਾਬ ਰਹੀਆਂ ਹਨ, ਪਰ ਇਹ ਮਨੋਰੰਜਕ ਕਹਾਣੀਆਂ ਹਨ ਤੇ ਕੌਮੀ ਪੁਰਸਕਾਰਾਂ ਦੀ ਮੂਲ ਭਾਵਨਾ ਦੇ ਖਿਲਾਫ ਹਨ। ਅਜਿਹੀਆਂ ਫਿਲਮਾਂ ਦੇ ਸਨਮਾਨ ਲਈ ਹੋਰ ਬਹੁਤ ਸਾਰੇ ਪਲੇਟਫਾਰਮ ਪਹਿਲਾਂ ਹੀ ਮੌਜੂਦ ਹਨ, ਜਿਵੇਂ ਜ਼ੀ ਸਿਨੇ ਐਵਾਰਡ, ਫਿਲਮ ਫੇਅਰ ਐਵਾਰਡ ਅਤੇ ਸਟਾਰ ਐਵਾਰਡ ਆਦਿ। ਦੂਜੇ ਪਾਸੇ ਭਾਰਤ ਦੀਆਂ ਭਾਸ਼ਾਈ ਫਿਲਮਾਂ ਅਤੇ ਲੀਕ ਤੋਂ ਹਟ ਕੇ ਫਿਲਮ ਬਣਾਉਣ ਵਾਲਿਆਂ ਲਈ ਕੌਮੀ ਪੁਰਸਕਾਰ ਇਕਲੌਤਾ ਪੁਰਸਕਾਰ ਹੈ। ਇਹ ਉਹ ਫਿਲਮਾਂ ਹਨ ਜਿਹੜੀਆਂ ਭਾਵੇਂ ਦਰਸ਼ਕ ਬਟੋਰਨ ਵਿਚ ਕਾਮਯਾਬ ਨਹੀਂ ਹੁੰਦੀਆਂ, ਪਰ ਇਹ ਉਨ੍ਹਾਂ ਦੀਆਂ ਆਪਣੀਆਂ ਕਹਾਣੀਆਂ ਹਨ। 'ਬਾਹੂਬਲੀ' ਵਰਗੀ 'ਜਗਮਗਾਉਂਦੀ' ਕਲਪਿਤ ਮਿੱਥ ਕਦੇ ਵੀ ਆਵਾਮ ਦੇ ਹਨੇਰੇ ਮਨਾਂ ਨੂੰ ਰੌਸ਼ਨ ਨਹੀਂ ਕਰ ਸਕਦੀ। ਹੁਣ ਇਹ ਸਮਝਣਾ ਪਵੇਗਾ ਕਿ ਕੌਮੀ ਪੁਰਸਕਾਰ ਲਈ ਫਿਲਮ 'ਬਾਹੂਬਲੀ' ਦੀ ਸਿਆਸੀ ਚੋਣ ਕਿਤੇ ਆਕਾਦਮਿਕ, ਸਭਿਆਚਾਰਕ ਤੇ ਬੌਧਿਕ ਪਰੰਪਰਾਵਾਂ 'ਤੇ ਹੋਇਆ ਹਮਲਾ ਤਾਂ ਨਹੀਂ?

-0-

*'ਬਾਹੂਬਲੀ' ਦੇ ਮੁਕਾਬਲੇ ਗੰਭੀਰ ਤੇ ਸਮਾਜਿਕ ਸੰਵੇਦਨਾ ਵਾਲੀਆਂ ਫਿਲਮਾਂ ਦੀ ਅਣਦੇਖੀ ਚਿੰਤਾ ਦਾ ਵਿਸ਼ਾ ਹੈ। ਚਾਰ ਭਾਰਤੀ ਫਿਲਮਾਂ ਕੌਮਾਂਤਰੀ ਪੱਧਰ 'ਤੇ ਚਰਚਾ ਵਿਚ ਰਹੀਆਂ। 'ਮਸਾਨ' ਵਾਰਾਨਸੀ ਦੇ ਘਾਟਾਂ 'ਤੇ ਜਲ ਰਹੀਆਂ ਚਿਖਾਵਾਂ ਦੇ ਦ੍ਰਿਸ਼ਾਂ ਦਰਮਿਆਨ ਪੁਰਾਤਨਤਾ ਅਤੇ ਆਧੁਨਿਕਤਾ ਦੇ ਆਪਸੀ ਦਵੰਦਾਂ ਵਿਚ ਉਲਝੇ ਨੌਜਵਾਨਾਂ ਦੀ ਹੋਣੀ ਹੈ ਜਿਨ੍ਹਾਂ ਦੇ ਸੁਪਨੇ ਵੀ ਚਿਖਾਵਾਂ ਵਾਂਗ ਧੁਖਦੇ ਹਨ। 'ਤਿਤਲੀ' ਪਰਿਵਾਰ ਦੁਆਲੇ ਸਿਰਜੀਆਂ ਬਨਾਵਟੀ ਮਿੱਥਾਂ ਤੇ ਭਰਮਾਂ ਬਾਰੇ ਹੈ। ਤਮਿਲ ਫਿਲਮ 'ਵਿਸਰਅਨਾਈ' ਪੁਲਿਸ ਤਸ਼ੱਦਦ ਦੇ ਰੁਝਾਨਾਂ ਨੂੰ ਸੂਤਰਬੱਧ ਕਰਦੀ ਹੈ। ਫਿਲਮਾਂ ਦੀ ਚੋਣ ਸਮੇਂ ਮੌਜੂਦਾ ਦੌਰ ਦੇ ਮਸਲਿਆਂ ਨਾਲ ਸੰਵਾਦ ਰਚਾਉਂਦੀਆਂ ਫਿਲਮਾਂ ਨੂੰ ਖੂੰਜੇ ਲਾ ਦਿੱਤਾ ਗਿਆ। 'ਬਾਹੂਬਲੀ' ਵਰਗੀ ਮਿੱਥ ਆਵਾਮ ਦੇ ਹਨ੍ਹੇਰੇ ਮਨਾਂ ਨੂੰ ਰੌਸ਼ਨ ਨਹੀਂ ਕਰ ਸਕਦੀ। ਹੁਣ ਸਮਝਣਾ ਪਵੇਗਾ ਕਿ ਕੌਮੀ ਇਨਾਮ ਲਈ 'ਬਾਹੂਬਲੀ' ਦੀ ਸਿਆਸੀ ਚੋਣ ਆਕਾਦਮਿਕ, ਸਭਿਆਚਾਰਕ ਤੇ ਬੌਧਿਕ ਪਰੰਪਰਾਵਾਂ 'ਤੇ ਹੋਇਆ ਹਮਲਾ ਤਾਂ ਨਹੀਂ?*



ਇਨਾਮ ਜਿੱਤਣ ਵਾਲੀ ਫਿਲਮ 'ਬਾਹੂਬਲੀ' ਦੀ ਝਲਕ।

ਗੁਰਮਤਿ ਵਿਚਾਰ

# ਗੁਰਮੁਖਿ ਗਿਆਨੀ ਸਹਜਿ ਸਮਾਈ



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਲੇਖ ਵਿਚ ਅਸੀਂ ਭਾਈ ਗੁਰਦਾਸ ਅਨੁਸਾਰ ਸਾਮ ਵੇਦ ਅਤੇ ਵੇਦਾਂਤ ਸਬੰਧੀ ਗੱਲ ਕੀਤੀ ਸੀ। ਇਸ ਲੇਖ ਵਿਚ ਭਾਈ ਗੁਰਦਾਸ ਦੇ ਕਥਨ ਅਨੁਸਾਰ ਅਥਰਵ ਵੇਦ (ਅਥਰਵਣ ਵੇਦ) ਨਾਲ ਸਾਂਖ ਸ਼ਾਸਤਰ ਦੇ ਸਬੰਧ ਬਾਰੇ ਵਿਚਾਰ-ਚਰਚਾ ਕਰਾਂਗੇ। ਅਥਰਵ ਵੇਦ ਦਾ ਅਰਥ ਕਰਦਿਆਂ ਇਸ ਨੂੰ ਅਥਰਵਾਣਾਂ ਦੇ ਗਿਆਨ ਦਾ ਭੰਡਾਰ ਕਿਹਾ ਜਾਂਦਾ ਹੈ ਅਰਥਾਤ ਇਹ ਵੇਦ ਰੋਜ਼ਮੱਰਾ ਜੀਵਨ ਦੇ ਕਾਰਜਾਂ ਜਾਂ ਅਮਲਾਂ ਦੇ ਗਿਆਨ ਦਾ ਭੰਡਾਰ ਹੈ। ਇਹ ਚੌਥਾ ਵੇਦ ਹੈ ਪ੍ਰੰਤੂ ਇਸ ਨੂੰ ਵੈਦਿਕ ਗ੍ਰੰਥਾਂ ਵਿਚ ਬਹੁਤ ਬਾਅਦ ਦੇ ਸਮੇਂ ਦੀ ਰਚਨਾ ਮੰਨਿਆ ਗਿਆ ਹੈ।

ਜੇ ਅਸੀਂ ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਪੰਜਵੀਂ, ਛੇਵੀਂ, ਸੱਤਵੀਂ ਅਤੇ ਅੱਠਵੀਂ ਪਉੜੀ ਨੂੰ ਧਿਆਨ ਨਾਲ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਇਸ ਤੱਥ ਵੱਲ ਇਸ਼ਾਰਾ ਕੀਤਾ ਹੈ ਕਿ ਹਿੰਦੂ ਧਰਮ ਸ਼ਾਸਤਰਾਂ ਅਨੁਸਾਰ ਚਾਰ ਯੁਗ ਥਾਪੇ ਗਏ, ਚਾਰ ਯੁਗਾਂ ਦੇ ਚਾਰ ਹੀ ਵੇਦ ਅਤੇ ਚਾਰਾਂ ਵੇਦਾਂ ਦੇ ਵੱਖਰੇ ਵੱਖਰੇ ਚਾਰ ਧਰਮ, ਚਾਰ ਅਵਤਾਰ ਅਤੇ ਚਾਰੇ ਯੁਗਾਂ ਵਿਚ ਚਾਰ ਵਰਨਾਂ ਵਿਚੋਂ ਕਿਸ ਕਿਸ ਵਰਨ ਦੀ ਬਿਰਤੀ ਪ੍ਰਧਾਨ ਰਹੇਗੀ, ਇਸ ਸਭ ਦਾ ਖੁਲਾਸਾ ਸੰਕੇਤਕ ਰੂਪ ਵਿਚ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਅਠਵੀਂ ਪਉੜੀ ਵਿਚ ਉਹ ਇਹ ਵੀ ਖੁਲਾਸਾ ਕਰਦੇ ਹਨ ਕਿ ਚਾਰ ਵੇਦਾਂ ਦੇ ਚਾਰ ਧਰਮ ਰਿੜਕ ਕੇ ਹੀ ਰਿਸ਼ੀਆਂ ਨੇ ਖਟ ਸ਼ਾਸਤਰਾਂ ਜਾਂ ਛੇ ਸ਼ਾਸਤਰਾਂ ਦੀ ਰਚਨਾ ਕੀਤੀ।

ਬਾਰਵੀਂ ਪਉੜੀ, ਜਿਸ ਵਿਚ ਉਹ ਸਾਂਖ ਸ਼ਾਸਤਰ ਦਾ ਸਬੰਧ ਅਥਰਵ ਵੇਦ ਨਾਲ ਦੱਸਦੇ ਹਨ, ਉਥੇ ਇਹ ਜਾਣਕਾਰੀ ਵੀ ਸਾਂਝੀ ਕਰਦੇ ਹਨ ਕਿ ਦੁਆਪਰ ਯੁਗ ਬੀਤ ਜਾਣ ਤੋਂ ਬਾਅਦ ਕਲਯੁਗ ਦਾ ਸਮਾਂ ਆਉਂਦਾ ਹੈ ਅਤੇ ਇਸ ਕਲਯੁਗ ਦੇ ਸਮੇਂ ਅੰਦਰ ਹੀ ਅਥਰਵਣ ਵੇਦ ਦੀ ਰਚਨਾ ਹੁੰਦੀ ਹੈ। ਇਸ ਤਰ੍ਹਾਂ ਭਾਈ ਸਾਹਿਬ ਦੇ ਕਥਨ ਤੋਂ ਵੀ ਸਪੱਸ਼ਟ ਹੈ ਕਿ ਅਥਰਵ ਵੇਦ ਦੀ ਰਚਨਾ ਦੂਸਰੇ ਵੇਦਾਂ ਨਾਲੋਂ ਬਹੁਤ ਬਾਅਦ ਦੀ ਰਚਨਾ ਹੈ। ਇਥੇ ਇੱਕ ਗੱਲ ਹੋਰ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਭਾਈ ਗੁਰਦਾਸ ਨੇ ਇਸ ਨੂੰ ਅਥਰਵ ਦੀ ਥਾਂ ਅਥਰਵਣ ਵੇਦ ਕਿਹਾ ਹੈ ਜੋ ਕਿ ਸਹੀ ਜਾਪਦਾ ਹੈ ਕਿਉਂਕਿ ਇਸ ਵੇਦ ਦੇ ਅਰਥ ਕਰਨ ਲੱਗਿਆਂ, ਜਿਵੇਂ ਕਿ ਉਪਰ ਦੇਖਿਆ ਹੈ, ਇਸ ਨੂੰ ਅਥਰਵਾਣਾਂ ਅਰਥਾਤ ਰੋਜ਼ਾਨਾ ਜੀਵਨ ਦੇ ਕਾਰਜਾਂ ਦੇ ਗਿਆਨ ਦਾ ਭੰਡਾਰ ਕਿਹਾ ਗਿਆ ਹੈ। ਇੱਕ ਧਾਰਨਾ ਇਹ ਵੀ ਪ੍ਰਚਲਿਤ ਹੈ ਕਿ ਇਸ ਦਾ ਨਾਂ ਇਸ ਦੇ ਰਚਣ ਵਾਲੇ ਰਿਸ਼ੀ ਆਥਰਵਣ ਦੇ ਨਾਂ 'ਤੇ ਅਥਰਵ ਵੇਦ ਪਿਆ।

ਅਥਰਵਵੇਦ ਦੀ ਰਚਨਾ ਵੀ ਵੈਦਿਕ ਸੰਸਕ੍ਰਿਤ ਵਿਚ ਕੀਤੀ ਹੋਈ ਹੈ ਜੋ ਕਿ 730 ਭਜਨਾਂ ਦਾ ਸਮੂਹ ਹੈ ਜਿਸ ਦੇ 6000 ਮੰਤਰ ਹਨ, ਜਿਨ੍ਹਾਂ ਦੀ ਵੰਡ 20 ਕਾਂਡਾਂ ਵਿਚ ਕੀਤੀ ਹੋਈ ਹੈ। ਅਥਰਵਵੇਦ ਦੇ ਸਾਰੇ ਮੂਲ ਪਾਠ ਦਾ ਤਕਰੀਬਨ ਛੇਵਾਂ ਭਾਗ ਰਿਗਵੇਦ ਦੇ ਪਾਠ ਦੇ ਅਨੁਕੂਲ ਹੈ। 15ਵੇਂ ਅਤੇ 16ਵੇਂ ਕਾਂਡ ਨੂੰ ਛੱਡ ਕੇ ਬਾਕੀ ਸਾਰੇ ਕਾਂਡ ਤਕਰੀਬਨ ਕਵਿਤਾ ਵਿਚ ਹਨ ਜਿਸ ਵਿਚ ਵਿਵਿਧ ਵੈਦਿਕ ਛੰਦਾਂ ਦੀ ਵਰਤੋਂ ਕੀਤੀ ਹੋਈ ਹੈ। ਵਰਤਮਾਨ ਸਮੇਂ ਤੱਕ ਅਥਰਵ ਵੇਦ ਦੇ ਪਾਠ ਦੇ ਦੋ ਸੰਕਲਨ ਬਚ ਸਕੇ ਹਨ-ਪੈਪਲਾਦ ਅਤੇ ਸ਼ਾਉਨਕੀਆ।

ਅਥਰਵ ਵੇਦ ਨੂੰ ਕਈ ਵਾਰ ਯਾਦੂ-ਵਿਧੀਆਂ ਦਾ ਵੇਦ ਵੀ ਕਿਹਾ ਜਾਂਦਾ ਹੈ। ਸੰਹਿਤਾ ਪਾਠ ਦੇ ਮੰਤਰ ਯਾਦੂ ਅਤੇ ਧਾਰਮਿਕ ਰਸਮਾਂ ਨਾਲ ਸਬੰਧਤ ਹਨ, ਜੋ ਵਹਿਮਾਂ-ਭਰਮਾਂ ਦੀ ਬੇਚੈਨੀ, ਟੂਣਿਆਂ ਅਤੇ ਹੋਰ ਇਸ ਤਰ੍ਹਾਂ ਦੇ ਵਿਕਾਰਾਂ ਅਤੇ ਰੋਗਾਂ ਆਦਿ ਨੂੰ, ਜਿਹੜੇ ਪ੍ਰੇਤਾਂ ਜਾਂ ਜੜੀ-ਬੂਟੀਆਂ ਤੋਂ ਹੋਏ ਹੋਣ, ਦੂਰ ਕਰਨ ਅਤੇ ਕਈ ਲਾਭ-ਪ੍ਰਾਪਤੀਆਂ ਲਈ ਉਚਾਰੇ ਜਾਂਦੇ ਹਨ। ਅਥਰਵ ਵੇਦ ਸੰਹਿਤਾ ਦੇ ਕਈ ਕਾਂਡਾਂ ਦੀਆਂ ਰਸਮਾਂ ਜਾਦੂ-ਟੂਣੇ ਤੋਂ ਬਿਨਾਂ ਬ੍ਰਹਮ-ਵਿੱਦਿਆ ਨਾਲ ਸਬੰਧਤ ਹਨ। ਅਥਰਵ ਵੇਦ ਦੀ ਸੰਹਿਤਾ ਅਤੇ ਬ੍ਰਾਹਮਣ ਗ੍ਰੰਥਾਂ ਤੋਂ ਬਿਨਾਂ ਇਸ ਦਾ ਅੰਤਿਮ ਪਾਠ ਦਾਰਸ਼ਨਿਕ ਵਿਚਾਰਾਂ ਨਾਲ ਸਬੰਧਤ ਹੈ। ਇਸ ਅੰਤਿਮ ਪਾਠ ਵਿਚ ਮੁਢਲੇ ਉਪਨਿਸ਼ਦ ਹਨ ਜਿਨ੍ਹਾਂ ਨੇ ਹਿੰਦੂ ਦਰਸ਼ਨ ਦੀਆਂ ਕਈ ਪਰੰਪਰਾਵਾਂ ਨੂੰ ਪ੍ਰਭਾਵਿਤ ਕੀਤਾ। ਦਰਸ਼ਨ ਭਾਗ ਵਿਚ ਮੁੰਡਕ ਉਪਨਿਸ਼ਦ, ਮਾਂਡੂਕਿਅ ਉਪਨਿਸ਼ਦ ਅਤੇ ਪ੍ਰਸ਼ਨ ਉਪਨਿਸ਼ਦ ਮੁੱਖ ਹਨ।

ਮੁੰਡਕ ਉਪਨਿਸ਼ਦ ਅਥਰਵ ਵੇਦ ਦੇ ਵਿਚ ਹੀ ਹੈ ਜੋ ਕਵਿਤਾ-ਵਿਧੀ ਵਿਚ ਲਿਖਿਆ ਹੋਇਆ ਹੈ ਜਿਸ ਦੇ 64 ਛੰਦ ਮੰਤਰ ਰੂਪ ਵਿਚ ਹਨ। ਇਹ ਅਧਿਆਤਮਕ ਗਿਆਨ ਦੀ ਸਿੱਖਿਆ ਦੇਣ ਅਤੇ ਉਸ 'ਤੇ ਧਿਆਨ ਲਗਾਉਣ ਨਾਲ ਸਬੰਧਤ ਹਨ। ਪੁਰਾਣੇ ਅਤੇ ਮੱਧਕਾਲੀ ਸਮੇਂ ਵਿਚ ਭਾਰਤੀ ਸਾਹਿਤ ਅਤੇ ਵਿਆਖਿਆ ਵਿਚ ਮੁੰਡਕ ਉਪਨਿਸ਼ਦ ਨੂੰ ਮੰਤਰ ਉਪਨਿਸ਼ਦ ਕਰਕੇ ਜਾਣਿਆ ਜਾਂਦਾ ਹੈ। ਮੁੰਡਕ ਉਪਨਿਸ਼ਦ ਦੇ ਤਿੰਨ ਮੁੰਡਕਮ ਜਾਂ ਭਾਗ ਹਨ, ਹਰ ਇੱਕ ਮੁੰਡਕਮ ਦੇ ਦੋ ਹਿੱਸੇ ਹਨ। ਪਹਿਲੇ ਮੁੰਡਕਮ ਜਾਂ ਭਾਗ ਵਿਚ 'ਉਚ ਗਿਆਨ' ਅਤੇ 'ਨਿਮਨ ਗਿਆਨ' ਦੀ ਪਰਿਭਾਸ਼ਾ ਕੀਤੀ ਗਈ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਭੇਟਾ ਜਾਂ ਉਪਹਾਰ ਦੇਣਾ ਮੂਰਖਤਾ ਹੈ; ਇਸ ਨਾਲ ਇਸ ਜਨਮ ਵਿਚ ਗਮੀ ਘਟਦੀ ਨਹੀਂ ਜਾਂ ਅਗਲੇ ਜਨਮ ਵਿਚ ਖੁਸ਼ੀ ਪ੍ਰਾਪਤ ਨਹੀਂ ਹੁੰਦੀ। ਗਿਆਨ ਰਾਹੀਂ ਹੀ ਮੁਕਤੀ ਪ੍ਰਾਪਤ ਹੁੰਦੀ ਹੈ। ਦੂਸਰੇ ਮੁੰਡਕਮ ਵਿਚ ਬ੍ਰਹਮ ਦੇ ਸੁਭਾਅ, ਆਤਮਾ ਅਤੇ ਬ੍ਰਹਮ ਨੂੰ ਪ੍ਰਾਪਤ ਕਰਨ ਦੇ ਮਾਰਗ ਦਾ ਵਰਣਨ ਕੀਤਾ ਗਿਆ ਹੈ। ਤੀਸਰੇ ਮੁੰਡਕਮ ਵਿਚ ਵੀ ਇਹ ਚਰਚਾ ਜਾਰੀ ਹੈ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਬ੍ਰਹਮ ਨੂੰ ਜਾਣ ਲੈਣ ਦੀ ਅਵਸਥਾ ਉਹ ਹੈ ਜਿਸ ਵਿਚ ਸੁਤੰਤਰਤਾ, ਨਿਰਭੈਅਤਾ, ਮੁਕਤੀ ਅਤੇ ਅਨੰਦ ਹੈ।

ਮੁੰਡਕ ਉਪਨਿਸ਼ਦ ਹਿੰਦੂ ਧਰਮ ਦੇ ਉਨ੍ਹਾਂ ਗ੍ਰੰਥਾਂ ਵਿਚੋਂ ਇੱਕ ਹੈ ਜੋ ਸਰਬ-ਈਸ਼ਵਰਵਾਦ ਭਾਵ ਬਹੁ-ਦੇਵਵਾਦ ਦਾ ਸਿਧਾਂਤ ਦਿੰਦੇ ਹਨ। ਇਸ ਵਿਚ ਦੂਸਰੇ ਉਪਨਿਸ਼ਦਾਂ ਦੀ ਤਰ੍ਹਾਂ ਨੈਤਿਕਤਾ 'ਤੇ ਵੀ ਚਰਚਾ ਮਿਲਦੀ ਹੈ। ਸਤਿ, ਤਪ, ਸਹੀ ਗਿਆਨ ਅਤੇ ਬ੍ਰਹਮਚਾਰੀਆ ਦਾ ਲਗਾਤਾਰ ਪਾਲਣ ਕਰਨ ਨਾਲ ਆਤਮਾ ਦੀ ਪ੍ਰਾਪਤੀ ਹੁੰਦੀ ਹੈ। ਦੂਸਰਾ ਉਪਨਿਸ਼ਦ ਮਾਂਡੂਕਿਅ ਹੈ ਜੋ ਅਥਰਵ ਵੇਦ ਵਿਚ ਸਾਰੇ ਪ੍ਰਾਪਤ ਉਪਨਿਸ਼ਦਾਂ ਵਿਚੋਂ ਛੋਟਾ ਹੈ। ਇਸ ਦੇ ਪਾਠ ਵਿਚ ਓਮ ਪਦ ਅਤੇ ਚੇਤਨਤਾ ਦੀਆਂ ਚਾਰ ਅਵਸਥਾਵਾਂ ਦੇ ਸਿਧਾਂਤ 'ਤੇ ਚਰਚਾ ਕੀਤੀ ਗਈ ਹੈ, ਆਤਮਾ ਦੀ ਹੋਂਦ ਅਤੇ ਸੁਭਾਅ 'ਤੇ ਜ਼ੋਰ ਦਿੱਤਾ ਗਿਆ ਹੈ। ਕਿਹਾ ਜਾਂਦਾ ਹੈ ਕਿ ਮਾਂਡੂਕਿਅ ਉਪਨਿਸ਼ਦ ਤੋਂ ਪ੍ਰਭਾਵਿਤ ਹੋ ਕੇ ਗੌੜਪਦ ਨੇ ਹਿੰਦੂ ਧਰਮ ਦੀ ਵੇਦਾਂਤ ਪਰੰਪਰਾ ਲਈ 'ਕਾਰਿਕ' ਨਾਂ ਦੀ ਟਕਸਾਲੀ ਰਚਨਾ ਕੀਤੀ। ਮਾਂਡੂਕਿਅ ਉਪਨਿਸ਼ਦ ਉਨ੍ਹਾਂ ਪਾਠਾਂ ਵਿਚੋਂ ਹੈ ਜਿਨ੍ਹਾਂ ਦਾ ਹਿੰਦੂ ਧਰਮ ਅਤੇ ਬੁੱਧ ਧਰਮ ਵਿਚ ਕਾਲ ਅਨੁਸਾਰ ਅਤੇ ਦਾਰਸ਼ਨਿਕ ਰਿਸ਼ਤਾ ਦੱਸਣ ਲਈ ਅਕਸਰ ਹਵਾਲਾ ਦਿੱਤਾ ਜਾਂਦਾ ਹੈ।

ਪ੍ਰਸ਼ਨ ਉਪਨਿਸ਼ਦ ਅਥਰਵ-ਵੇਦੀਆਂ ਦੀ ਪੈਪਲਾਦਾ ਪਰੰਪਰਾ ਵਿਚੋਂ ਹੈ। ਇਸ ਪਾਠ ਵਿਚ ਛੇ ਪ੍ਰਸ਼ਨ ਹਨ ਅਤੇ ਹਰ ਇੱਕ ਆਪਣੇ ਆਪ ਵਿਚ ਇੱਕ ਅਧਿਆਏ ਹੈ ਜਿਸ ਵਿਚ ਉਤਰਾਂ ਦੀ ਚਰਚਾ ਹੈ। ਪਹਿਲੇ ਤਿੰਨ ਪ੍ਰਸ਼ਨ ਗੰਭੀਰ ਪਰਾਭੌਤਿਕ ਪ੍ਰਸ਼ਨ ਹਨ ਪ੍ਰੰਤੂ ਇਨ੍ਹਾਂ ਵਿਚ ਕੋਈ ਵੀ ਪਰਿਭਾਸ਼ਿਤ, ਦਾਰਸ਼ਨਿਕ ਉਤਰ ਸ਼ਾਮਲ ਨਹੀਂ ਹਨ। ਆਮ ਤੌਰ 'ਤੇ ਇਨ੍ਹਾਂ ਵਿਚ ਮਿਥਿਹਾਸ ਅਤੇ ਚਿੰਨ੍ਹਾਂ ਨੂੰ ਵਧਾ ਚੜ੍ਹਾ ਕੇ ਦੱਸਿਆ ਹੋਇਆ ਹੈ। ਇਸ ਦੇ ਉਲਟ ਚੌਥੇ ਭਾਗ ਵਿਚ ਨਿੱਗਰ ਦਰਸ਼ਨ ਹੈ। ਅਖੀਰਲੇ ਦੋ ਭਾਗਾਂ ਵਿਚ ਓਮ ਚਿੰਨ੍ਹ ਅਤੇ ਮੋਕਸ਼ ਦੇ ਸੰਕਲਪ ਦੀ ਚਰਚਾ ਕੀਤੀ ਹੋਈ ਹੈ। ਪ੍ਰਸ਼ਨ ਉਪਨਿਸ਼ਦ ਆਪਣੀ ਬਣਤਰ ਅਤੇ ਸਮਾਜ-ਸ਼ਾਸਤਰੀ ਪਹੁੰਚ-ਵਿਧੀਆਂ ਲਈ ਅਤੇ ਪ੍ਰਾਚੀਨ ਭਾਰਤ ਵਿਚ ਵਿੱਦਿਆ ਦੇ ਅਮਲ ਲਈ ਜਾਣਿਆ ਜਾਂਦਾ ਹੈ।

ਭਾਈ ਗੁਰਦਾਸ ਨੇ ਦੱਸਿਆ ਹੈ ਕਿ ਦੁਆਪਰ ਯੁੱਗ ਦੇ ਖਤਮ ਹੋ ਜਾਣ 'ਤੇ ਕਲਯੁੱਗ ਦੀ ਆਮਦ ਹੋਈ ਜਿਸ ਵਿਚ ਅਥਰਵ ਵੇਦ ਦੀ ਰਚਨਾ ਹੋਈ ਅਤੇ ਅਥਰਵ ਵੇਦ ਦਾ ਮੰਥਨ ਕਰਕੇ ਕਪਿਲ ਰਿਸ਼ੀ ਨੇ ਸਾਂਖ ਸ਼ਾਸਤਰ ਦੀ ਰਚਨਾ ਕੀਤੀ। ਸਾਂਖ ਦਾ ਆਧਾਰ ਸੰਸਕ੍ਰਿਤ ਦਾ ਸ਼ਬਦ ਸੰਖਿਆ ਹੈ ਜਿਸ ਦਾ ਅਰਥ ਹੈ, ਗਿਣਤੀ। ਸਾਂਖ ਪਰੰਪਰਾ ਵਿਚ ਬ੍ਰਹਿਮੰਡ ਦੇ ਅੰਤਿਮ ਸੰਘਟਕਾਂ ਦੀ ਗਿਣਤੀ ਦੱਸੀ ਗਈ ਹੈ ਅਤੇ ਇਸ ਤਰ੍ਹਾਂ ਇਹ ਅੰਤਿਮ ਸਤਿ ਦਾ ਗਿਆਨ ਦੱਸਦਾ ਹੈ। ਅਸਲ ਵਿਚ ਸਾਂਖ ਪਦ ਦਾ ਅਰਥ ਪੂਰਨ ਗਿਆਨ ਵੀ ਹੈ। ਇਹ ਦਵੈਤਵਾਦੀ ਦਰਸ਼ਨ ਹੈ ਕਿਉਂਕਿ ਇਸ ਅਨੁਸਾਰ ਸਤਿ ਦੋ ਹਨ: ਪੁਰਸ਼-ਆਤਮਾ ਜਾਂ ਸਵੈ ਤੇ ਪ੍ਰਕ੍ਰਿਤੀ-ਮਾਦਾ ਜਾਂ ਸਥੂਲ ਅਤੇ ਸਾਂਖ ਦੋਵਾਂ ਨੂੰ ਇੱਕੋ ਜਿਹੇ ਸਤਿ ਮੰਨਦਾ ਹੈ। ਸਾਂਖ ਨੂੰ ਅਨੇਕਵਾਦੀ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਅਨੁਸਾਰ ਪੁਰਸ਼ ਇੱਕ ਨਹੀਂ ਬਲਕਿ ਅਨੇਕ ਹੈ। ਸਾਂਖ ਅਨੁਸਾਰ ਕਾਰਨ ਕਾਰਜ ਨਾਲੋਂ ਸੂਖਮ ਹੈ। ਉਸ ਅਨੁਸਾਰ ਬ੍ਰਹਿਮੰਡ ਦੀ ਸਥੂਲ ਹੋਂਦ ਦੇ ਪਿੱਛੇ ਬਹੁਤ ਹੀ ਸੂਖਮ ਪਦਾਰਥ ਜਾਂ ਕਾਰਨ ਹੈ, ਜਿਸ ਨੂੰ ਉਹ ਪ੍ਰਕ੍ਰਿਤੀ ਕਹਿੰਦਾ ਹੈ।

ਪ੍ਰਕ੍ਰਿਤੀ ਉਹ ਪਰਾ-ਪੁਰਬਲਾ ਜਾਂ ਆਦਿ ਤੱਤ ਹੈ ਜੋ ਸ੍ਰਿਸ਼ਟੀ ਦੀ ਹੋਂਦ ਦੇ ਪਿੱਛੇ ਹੈ। ਪ੍ਰਕ੍ਰਿਤੀ ਸਾਰੇ ਸੂਖਮ ਅਤੇ ਸਥੂਲ ਤੱਤਾਂ ਦਾ ਅੰਤਿਮ ਕਾਰਨ ਹੈ। ਪ੍ਰਕ੍ਰਿਤੀ ਅਨਾਤਮਕ, ਚੇਤਨਾ-ਰਹਿਤ ਅਤੇ ਅਬੋਧ ਹੈ; ਇਸ ਲਈ ਪੁਰਸ਼ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋ ਜਾਂਦੀ ਹੈ। ਇਹ ਪੁਰਸ਼ ਦੇ ਅਨੁਭਵ ਦੇ ਵਿਭਿੰਨ ਤੱਥਾਂ ਤੋਂ ਅਭਿਵਿਅਕਤ ਹੁੰਦੀ ਹੈ। ਪ੍ਰਕ੍ਰਿਤੀ ਤਿੰਨ ਗੁਣਾਂ ਸਤਵ (ਸਤੋ), ਰਜਸ (ਰਜੋ) ਅਤੇ ਤਮਸ (ਤਮੋ) ਤੋਂ ਬਣੀ ਹੋਈ ਹੈ। ਪ੍ਰਕਾਸ਼, ਤੇਜ ਅਤੇ ਤ੍ਰਿਪਤੀ ਸਤੋ ਗੁਣ ਦੇ ਅੰਗ ਹਨ। ਸਤੋ ਗੁਣ ਦਾ ਸਬੰਧ ਅਹੰ, ਮਨ ਅਤੇ ਬੁੱਧੀ ਨਾਲ ਹੈ। ਚੇਤਨਾ ਨਾਲ ਇਸ ਦਾ ਮੇਲ ਸਭ ਤੋਂ ਮਜ਼ਬੂਤ ਮੰਨਿਆ ਗਿਆ ਹੈ। ਚੇਤਨਾ ਪੁਰਸ਼ ਹੈ। ਰਜੋ ਪਦਾਰਥਾਂ ਦੇ ਕਾਰਜ ਕਰਨ ਨਾਲ ਸਬੰਧਤ ਹੈ ਅਰਥਾਤ ਸਰਗਰਮੀਆਂ ਅਤੇ ਗਤੀ ਨਾਲ ਇਸ ਦਾ ਸਬੰਧ ਹੈ। ਜੀਵੰਤ ਹਸਤੀਆਂ ਵਿਚ ਸਿਰਫ ਸਰਗਰਮੀ ਅਤੇ ਬੇਚੈਨੀ ਹੀ ਨਹੀਂ, ਪ੍ਰੰਤੂ ਦਰਦ ਵੀ ਰਜੋ ਕਾਰਨ ਹੁੰਦਾ ਹੈ।

ਤਮੋ ਦੇ ਸੰਘਟਕ ਸਥਿਰਤਾ ਅਤੇ ਕਿਰਿਆਹੀਣਤਾ ਹਨ। ਭੌਤਿਕ ਪਦਾਰਥਾਂ ਵਿਚ ਰਜੋ ਗੁਣ ਗਤੀ ਅਤੇ ਸਰਗਰਮੀ ਨੂੰ ਰੋਕਦਾ ਹੈ। ਜੀਵੰਤ ਹਸਤੀਆਂ ਵਿਚ ਇਹ ਖੁਰਦਰਾਪਣ, ਅਣਗਹਿਲੀ, ਬੇਪਰਵਾਹੀ ਅਤੇ ਕਿਰਿਆਹੀਣਤਾ ਨਾਲ ਸਬੰਧਤ ਹੈ। ਮਨੁੱਖਾਂ ਵਿਚ ਇਹ ਅਗਿਆਨਤਾ, ਭਾਵਹੀਣਤਾ ਅਤੇ ਕਿਰਿਆਹੀਣਤਾ ਰਾਹੀਂ ਪਰਗਟ ਹੁੰਦਾ ਹੈ। ਸਾਂਖ ਸ਼ਾਸਤਰ ਅਨੁਸਾਰ ਪੁਰਸ਼ ਸੰਸਾਰ ਦਾ ਨਮਿਤ ਕਾਰਨ ਹੈ ਅਤੇ ਪ੍ਰਕ੍ਰਿਤੀ ਸਥੂਲ ਕਾਰਨ ਹੈ। ਪੁਰਸ਼ ਸਿਰਜਣਾ ਨਹੀਂ ਕਰਦਾ ਅਤੇ ਪ੍ਰਕ੍ਰਿਤੀ ਦੀ ਸਿਰਜਣਾ ਨਹੀਂ ਹੁੰਦੀ ਪਰ ਪ੍ਰਕ੍ਰਿਤੀ ਸਿਰਜਣਾ ਕਰਦੀ ਹੈ। ਪੁਰਸ਼ ਆਪ ਪ੍ਰਕ੍ਰਿਤੀ ਦੇ ਸੰਪਰਕ ਵਿਚ ਨਹੀਂ ਆਉਂਦਾ ਪਰ ਪ੍ਰਕ੍ਰਿਤੀ ਨੂੰ ਪ੍ਰਭਾਵਿਤ ਕਰਦਾ ਹੈ। ਪ੍ਰਕ੍ਰਿਤੀ ਦੇ ਗੁਣਾਂ ਵਿਚ ਤਬਦੀਲੀ ਆਉਣ ਲੱਗ ਜਾਂਦੀ ਹੈ ਅਤੇ ਵਿਕਾਸ ਸ਼ੁਰੂ ਹੋ ਜਾਂਦਾ ਹੈ। ਇਸ ਦੇ ਵਿਸਥਾਰ ਵਿਚ ਜਾਣ ਦੀ ਇਥੇ ਜ਼ਰੂਰਤ ਨਹੀਂ ਕਿਉਂਕਿ ਇਹ ਇਸ ਲੇਖ ਦਾ ਵਿਸ਼ਾ ਨਹੀਂ ਹੈ।

ਕਪਿਲ ਰਿਸ਼ੀ ਅਨੁਸਾਰ ਪਰਮਾਤਮਾ ਦੀ ਹੋਂਦ ਨੂੰ ਪ੍ਰਮਾਣਿਤ ਨਹੀਂ ਕੀਤਾ ਜਾ ਸਕਦਾ; ਇਸ ਲਈ ਪਰਮਾਤਮਾ ਦੀ ਕੋਈ ਹੋਂਦ ਨਹੀਂ ਹੈ। ਪਰਮਾਤਮਾ ਦੀ ਹੋਂਦ ਨੂੰ ਨਾ ਮੰਨਣ ਕਰਕੇ ਸਾਂਖ ਨੂੰ ਨਾਸਤਿਕ ਵੀ ਕਿਹਾ ਜਾਂਦਾ ਹੈ। ਸਾਂਖ ਸ਼ਾਸਤਰ ਅਨੁਸਾਰ ਮਨੁੱਖ ਦੇ ਬੰਧਨ ਅਤੇ ਦੁੱਖ ਦਾ ਕਾਰਨ ਅਗਿਆਨ ਹੈ। ਸਵੈ ਜਾਂ ਆਤਮਨ ਸਦੀਵੀ ਅਤੇ ਪੂਰਨ ਚੇਤਨਤਾ ਹੈ। ਅਗਿਆਨ ਕਾਰਨ ਆਤਮਨ ਸਰੀਰ ਅਤੇ ਇਸ ਦੇ ਸੰਘਟਕਾਂ ਮਾਨਾਂ, ਅਹੰਕਾਰ ਅਤੇ ਮਹਤ ਨਾਲ ਆਪਣੇ ਆਪ ਨੂੰ ਇਕ ਰੂਪ ਸਮਝ ਲੈਂਦਾ ਹੈ, ਜੋ ਪ੍ਰਕ੍ਰਿਤੀ ਦੀ ਪੈਦਾਵਾਰ ਹਨ। ਜਦੋਂ ਸਵੈ ਜਾਂ ਆਤਮਨ ਇਸ ਝੂਠੀ ਇਕਰੂਪਤਾ ਤੋਂ ਅਤੇ ਸਰੀਰਕ ਬੰਧਨਾਂ ਤੋਂ ਸੁਤੰਤਰ ਹੋ ਜਾਂਦਾ ਹੈ ਤਾਂ ਕੈਵਲਯ ਜਾਂ ਮੁਕਤੀ ਸੰਭਵ ਹੈ।

ਪਹਿਲਾਂ ਵੀ ਗੱਲ ਕੀਤੀ ਗਈ ਹੈ ਕਿ ਭਾਈ ਗੁਰਦਾਸ ਅਨੁਸਾਰ ਦੁਆਪਰ ਯੁਗ ਦੇ ਬੀਤਣ ਨਾਲ ਕਲਯੁਗ ਆ ਗਿਆ ਅਤੇ ਕਲਯੁਗ ਦਾ ਹੀ ਬੋਲਬਾਲਾ ਹੋ ਗਿਆ। ਇਸ ਸਮੇਂ ਚੌਥੇ ਵੇਦ ਅਥਰਵਣ ਦੀ ਸਥਾਪਨਾ ਹੋਈ ਅਰਥਾਤ ਅਥਰਵ ਵੇਦ ਦੀ ਰਚਨਾ ਹੋਈ ਅਤੇ ਲੋਕ ਹੁਣ ਉਤਰ ਵੱਲ ਮੂੰਹ ਕਰਕੇ ਗੁਣਾਂ ਦਾ ਗਾਇਨ ਕਰਨ ਲੱਗੇ। ਕਪਿਲ ਰਿਸ਼ੀ ਨੇ ਅਥਰਵ ਵੇਦ ਦੀ ਸ਼ਰੁਤੀ ਦਾ ਮੰਥਨ ਕਰਕੇ ਸਾਂਖ ਸ਼ਾਸਤਰ ਦੇ ਸੂਤਰ ਸੁਣਾਏ ਭਾਵ ਸਾਂਖ ਸ਼ਾਸਤਰ ਦੀ ਰਚਨਾ ਕੀਤੀ। ਇਸ ਤਰ੍ਹਾਂ ਗਿਆਨ ਨਾਲ ਸੁਸਿਕਸ਼ਤ ਹੋ ਕੇ ਲੋਕ ਹੋਰ ਅੱਗੇ ਅੱਗੇ ਗਿਆਨ ਤੇ ਵਿਚਾਰਾਂ ਕਰਨ ਲੱਗੇ।

ਭਾਈ ਸਾਹਿਬ ਕਹਿੰਦੇ ਹਨ ਕਿ ਸਾਂਖ ਸ਼ਾਸਤਰ ਅਨੁਸਾਰ ਦੱਸਿਆ ਗਿਆ ਹੈ ਕਿ ਗਿਆਨ ਤੋਂ ਬਿਨਾਂ ਮੁਕਤ-ਪਦ ਜਾਂ ਕੈਵਲਯ ਪ੍ਰਾਪਤ ਕਰਨਾ ਸੰਭਵ ਨਹੀਂ ਹੈ। ਸਾਂਖ ਸ਼ਾਸਤਰ ਦੀ ਗੱਲ ਕਰਦਿਆਂ ਅਸੀਂ ਵੀ ਇਹ ਦੇਖ ਚੁੱਕੇ ਹਾਂ ਕਿ ਸਾਂਖ ਅਨੁਸਾਰ ਜਦੋਂ ਸਵੈ ਜਾਂ ਆਤਮਨ ਨੂੰ ਅਸਲੀਅਤ ਦਾ ਗਿਆਨ ਹੋ ਜਾਂਦਾ ਹੈ ਅਤੇ ਉਹ ਆਪਣੇ ਆਪ ਨੂੰ ਸਰੀਰ ਤੋਂ ਭਿੰਨ ਸਮਝਦਾ ਹੈ ਤਾਂ ਮੁਕਤੀ ਸੰਭਵ ਹੈ। ਅਥਰਵ ਵੇਦ ਦੇ ਉਪਨਿਸ਼ਦਾਂ ਮੁੰਡਕ ਅਤੇ ਮਾਂਡੂਕਿਅ ਵਿਚ ਵੀ ਗਿਆਨ ਦੀ ਪ੍ਰਾਪਤੀ 'ਤੇ ਜ਼ੋਰ ਦਿੱਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਭੇਟਾ ਦੇਣਾ ਜਾਂ ਕਿਸੇ ਹੋਰ ਤਰ੍ਹਾਂ ਦੇ ਯਤਨ ਕਰਨਾ ਬੇਅਰਥ ਹੈ। ਗਿਆਨ ਦਾ ਮਾਰਗ ਹੀ ਅਸਲੀ ਮਾਰਗ ਹੈ। ਸਾਂਖ ਦਰਸ਼ਨ ਵਿਚ ਸਾਂਖ ਅਤੇ ਯੋਗ ਨੂੰ ਮਿਲਾ ਕੇ ਦੇਖਿਆ ਜਾਂਦਾ ਹੈ ਕਿਉਂਕਿ ਸਾਂਖ ਸ਼ਾਸਤਰ ਸਿਧਾਂਤ ਦਾ ਪ੍ਰਤੀਨਿਧ ਹੈ ਅਤੇ ਯੋਗ ਉਸ ਦੇ ਅਮਲੀ ਪੱਖ ਜਾਂ ਉਸ ਸਿਧਾਂਤ ਨੂੰ ਅਮਲ ਵਿਚ ਲਿਆਉਣ ਦਾ ਪ੍ਰਤੀਨਿਧ ਹੈ।

ਭਾਈ ਗੁਰਦਾਸ ਦੇ ਕਥਨ ਅਨੁਸਾਰ ਵੀ ਕਰਮ ਅਤੇ ਯੋਗ ਸਰੀਰ ਜਾਂ ਦੇਹ ਦੇ ਕਰਨ ਯੋਗ ਕਰਮ ਹਨ ਜੋ ਕਿ ਬਿਨਸਨਹਾਰ ਅਤੇ ਛਿਣ-ਭੰਗਰੀ ਹਨ। ਭਾਈ ਸਾਹਿਬ ਅਨੁਸਾਰ ਸਾਂਖ ਸ਼ਾਸਤਰ ਵਿਚ ਦੱਸਿਆ ਗਿਆ ਹੈ ਕਿ ਵਿਸ਼ਲੇਸ਼ਣਾਤਮਕ ਗਿਆਨ ਅਤੇ ਸਿਆਣਪ ਰਾਹੀਂ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਜਿਸ ਨਾਲ ਮਨੁੱਖ ਜਾਂ ਜੀਵ ਦੇ ਅੰਦਰੋਂ ਭਰਮ ਖਤਮ ਹੋ ਜਾਂਦਾ ਹੈ ਅਤੇ ਉਸ ਦਾ ਜਨਮ-ਮਰਨ ਦਾ ਚੱਕਰ ਮੁੱਕ ਜਾਂਦਾ ਹੈ। ਗੁਰਮਤਿ ਦਰਸ਼ਨ ਅਨੁਸਾਰ ਮੁਕਤੀ ਦਾ ਸੰਕਲਪ ਸਵੈ ਜਾਂ ਆਤਮਾ ਦਾ ਪਰਮ ਸਤਿ ਜਾਂ ਅਕਾਲ ਪੁਰਖ ਵਿਚ ਵਿਲੀਨ ਹੋ ਜਾਣਾ ਹੀ ਮੁਕਤੀ ਪ੍ਰਾਪਤ ਕਰਨਾ ਹੈ, ਜਿਸ ਨੂੰ ਪੰਚਮ ਪਾਤਿਸ਼ਾਹ ਹਜ਼ੂਰ ਨੇ ਸੂਰਜ ਨਾਲ ਕਿਰਨ ਦੇ ਮਿਲ ਜਾਣ ਅਤੇ ਜਲ ਦੇ ਜਲ ਵਿਚ ਮਿਲ ਜਾਣ ਦੇ ਦ੍ਰਿਸ਼ਟਾਂਤ ਰਾਹੀਂ ਸਮਝਾਇਆ ਹੈ। ਕਿਰਨ ਦਾ ਸਰੋਤ ਸੂਰਜ ਹੈ ਅਤੇ ਬੂੰਦ ਦਾ ਸਰੋਤ ਸਾਗਰ ਹੈ; ਜਿਵੇਂ ਇਹ ਦੋਵੇਂ ਆਪਣੇ ਸਰੋਤ ਨਾਲ ਮਿਲ ਕੇ ਉਸ ਵਿਚ ਹੀ ਸਮਾ ਜਾਂਦੀਆਂ ਹਨ, ਉਸੇ ਦਾ ਰੂਪ ਹੋ ਜਾਂਦੀਆਂ ਹਨ, ਇਸੇ ਤਰ੍ਹਾਂ ਜੀਵ ਦੇ ਅੰਦਰਲੀ ਜੋਤਿ ਅਕਾਲ ਪੁਰਖ ਦੀ ਜੋਤਿ ਨਾਲ ਮਿਲ ਕੇ ਉਸੇ ਦਾ ਸਰੂਪ ਹੋ ਜਾਂਦੀ ਹੈ, ਜਿਸ ਨੂੰ ਗੁਰਮਤਿ ਵਿਚ ਜੀਵ-ਆਤਮਾ ਦਾ ਸੰਪੂਰਨ ਹੋ ਜਾਣਾ ਕਿਹਾ ਹੈ,

ਸੂਰਜ ਕਿਰਣਿ ਮਿਲੇ
ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥

ਇਸ ਤਰ੍ਹਾਂ ਅਸੀਂ ਦੇਖਿਆ ਹੈ ਕਿ ਭਾਈ ਸਾਹਿਬ ਨੇ ਅਥਰਵ ਵੇਦ ਅਤੇ ਸਾਂਖ ਸ਼ਾਸਤਰ ਦੀ ਜੋ ਵਿਆਖਿਆ ਕੀਤੀ ਹੈ, ਉਹ ਪੂਰੇ ਅਧਿਐਨ ਅਤੇ ਸੂਝ ਨਾਲ ਕੀਤੀ ਹੋਈ ਹੈ। ਵੈਦਿਕ ਸਿਧਾਂਤਕਾਰਾਂ ਅਨੁਸਾਰ ਉਪਨਿਸ਼ਦਾਂ ਨੂੰ ਵੇਦਾਂ ਦਾ ਦਰਸ਼ਨ ਭਾਗ ਮੰਨਿਆ ਜਾਂਦਾ ਹੈ। ਭਾਵ ਹਰ ਇੱਕ ਵੇਦ ਦੇ ਉਪਨਿਸ਼ਦ ਉਸ ਦਾ ਦਰਸ਼ਨ ਵਿਅਕਤ ਕਰਦੇ ਹਨ। ਸਾਂਖ ਸ਼ਾਸਤਰ ਦਾ ਸਾਰਾ ਜ਼ੋਰ ਪੁਰਸ਼ ਜਾਂ ਆਤਮਾ ਦੇ ਗਿਆਨ 'ਤੇ ਦਿੱਤਾ ਗਿਆ ਹੈ। ਜਦੋਂ ਪੁਰਸ਼ ਜਾਂ ਆਤਮਾ ਨੂੰ ਆਪਣੀ ਅਸਲੀਅਤ ਦੀ ਸੋਝੀ ਹੋ ਜਾਂਦੀ ਹੈ, ਆਪਣੀ ਅਸਲੀਅਤ ਦਾ ਗਿਆਨ ਹੋ ਜਾਂਦਾ ਹੈ, ਉਹ ਕੈਵਲਯ ਜਾਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਮੁੰਡਕ ਉਪਨਿਸ਼ਦ ਅਤੇ ਮਾਂਡੂਕਿਅ ਉਪਨਿਸ਼ਦ ਵਿਚ ਵੀ ਗਿਆਨ 'ਤੇ ਹੀ ਜ਼ੋਰ ਦਿੱਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਗਿਆਨ ਹੀ ਮੁਕਤੀ ਦਾ ਸਾਧਨ ਹੈ। ਮੁੰਡਕ ਉਪਨਿਸ਼ਦ ਦੇ ਦੂਸਰੇ ਮੁੰਡਕਮ ਜਾਂ ਕਾਂਡ ਵਿਚ ਇਸ 'ਤੇ ਪੂਰੀ ਚਰਚਾ ਕੀਤੀ ਗਈ ਹੈ ਕਿ ਬ੍ਰਹਮ ਨੂੰ ਜਾਣ ਲੈਣ ਦੀ ਅਵਸਥਾ ਹੀ ਸੁਤੰਤਰਤਾ, ਨਿਰਭੈਅਤਾ, ਮੁਕਤੀ ਅਤੇ ਅਨੰਦ ਦੀ ਅਵਸਥਾ ਹੈ।

## ਹਰਿ ਕਾ ਸੰਤੁ ਸਤਗੁਰੁ ਸਤ ਪੁਰਖਾ

ਗੁਰਬਾਣੀ ਗਿਆਨ

**ਧਨਾਸਰੀ ਮਹਲਾ ੪**

ਹਰਿ ਕਾ ਸੰਤੁ ਸਤਗੁਰੁ ਸਤ ਪੁਰਖਾ
ਜੋ ਬੋਲੈ ਹਰਿ ਹਰਿ ਬਾਨੀ॥
ਜੋ ਜੋ ਕਹੈ ਸੁਣੈ ਸੋ ਮੁਕਤਾ
ਹਮ ਤਿਸ ਕੈ ਸਦ ਕੁਰਬਾਨੀ॥੧॥
ਹਰਿ ਕੇ ਸੰਤ ਸੁਨਹੁ ਜਸੁ ਕਾਨੀ॥
ਹਰਿ ਹਰਿ ਕਥਾ ਸੁਨਹੁ ਇਕ ਨਿਮਖ ਪਲ
ਸਭਿ ਕਿਲਵਿਖ ਪਾਪ ਲਹਿ ਜਾਨੀ॥੧॥ਰਹਾਉ॥
ਐਸਾ ਸੰਤੁ ਸਾਧੁ ਜਿਨ ਪਾਇਆ
ਤੇ ਵਡ ਪੁਰਖ ਵਡਾਨੀ॥
ਤਿਨ ਕੀ ਧੂਰਿ ਮੰਗਹ ਪ੍ਰਭ ਸੁਆਮੀ
ਹਮ ਹਰਿ ਲੋਚ ਲੁਚਾਨੀ॥੨॥
ਹਰਿ ਹਰਿ ਸਫਲਿਓ ਬਿਰਖੁ ਪ੍ਰਭ ਸੁਆਮੀ
ਜਿਨ ਜਪਿਓ ਸੇ ਤ੍ਰਿਪਤਾਨੀ॥
ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਸੇ
ਸਭ ਲਾਥੀ ਭੂਖ ਭੁਖਾਨੀ॥੩॥
ਜਿਨ ਕੇ ਵਡੇ ਭਾਗ ਵਡ ਊਚੇ
ਤਿਨ ਹਰਿ ਜਪਿਓ ਜਪਾਨੀ॥
ਤਿਨ ਹਰਿ ਸੰਗਤਿ ਮੇਲਿ ਪ੍ਰਭ ਸੁਆਮੀ
ਜਨ ਨਾਨਕ ਦਾਸ ਦਸਾਨੀ॥੪॥

ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਆਖ ਰਹੇ ਹਨ, ਹੇ ਭਾਈ! ਪੂਰਾ ਗੁਰੂ ਤਾਂ ਸਤਿ ਪੁਰਖ ਹੈ, ਗੁਰੂ ਉਸ ਹਰੀ ਪ੍ਰਭੂ ਦਾ ਸੰਤ ਹੈ ਕਿਉਂਕਿ ਸਤਿਗੁਰ ਉਸ ਮਿਹਰਵਾਨ ਪ੍ਰਭੂ ਦੀ ਬਾਣੀ ਉਚਾਰਨ ਕਰਦਾ ਹੈ। ਜਿਹੜਾ ਵੀ ਜੀਵ ਇਸ ਬਾਣੀ ਨੂੰ ਪੜ੍ਹਦਾ/ਸੁਣਦਾ ਹੈ, ਉਹ ਸਾਰੇ ਹੀ ਪਾਪਾਂ ਤੋਂ ਮੁਕਤੀ ਪਾ ਲੈਂਦਾ ਹੈ; ਸੋ ਹੇ ਭਾਈ! ਮੈਂ ਐਸੇ ਪੂਰੇ ਸਤਿਗੁਰ, ਜਿਸ ਦੀ ਬਾਣੀ ਵਿਕਾਰਾਂ ਦੇ ਸੰਸਾਰ ਸਮੁੰਦਰ ਤੋਂ ਪਾਰ ਕਰ ਦਿੰਦੀ ਹੈ, ਤੋਂ ਸਦਾ ਹੀ ਸਦਕੇ ਜਾਂਦਾ ਹਾਂ।

ਹਰਿ ਕੇ ਸੰਤ ਸੁਨਹੁ ਜਸੁ ਕਾਨੀ॥
ਹਰਿ ਹਰਿ ਕਥਾ ਸੁਨਹੁ ਇਕ ਨਿਮਖ ਪਲ
ਸਭਿ ਕਿਲਵਿਖ ਪਾਪ ਲਹਿ ਜਾਨੀ॥੧॥ਰਹਾਉ॥

ਭਾਈ! ਉਸ ਮਿਹਰਵਾਨ ਪ੍ਰਭ ਦੇ ਪਿਆਰੇ ਸੰਤ ਜਨੋ! ਉਸ ਮਿਹਰਾਂ ਦੇ ਮਾਲਕ ਦੀਆਂ ਸਿਫ਼ਤਾਂ ਅਤੇ ਉਸ ਦੇ ਗੁਣਾਂ ਦੇ ਵਰਨਣ ਨੂੰ ਧਿਆਨ ਲਾ ਕੇ ਸੁਣਿਆ ਕਰੋ। ਜਿਹੜੇ ਜੀਵ ਇਕ ਪਲ ਲਈ ਵੀ ਹਰੀ ਕਥਾ ਸੁਣ ਲੈਂਦੇ ਹਨ; ਉਨ੍ਹਾਂ ਵਡਭਾਗਿਆਂ ਦੇ ਸਾਰੇ ਹੀ ਪਾਪ ਅਤੇ ਦੋਖ ਮੁੱਕ ਜਾਂਦੇ ਹਨ।

ਐਸਾ ਸੰਤੁ ਸਾਧੁ ਜਿਨ ਪਾਇਆ
ਤੇ ਵਡ ਪੁਰਖ ਵਡਾਨੀ॥
ਤਿਨ ਕੀ ਧੂਰਿ ਮੰਗਹ ਪ੍ਰਭ ਸੁਆਮੀ
ਹਮ ਹਰਿ ਲੋਚ ਲੁਚਾਨੀ॥੨॥

ਹੁਣ ਗੁਰਦੇਵ ਜੀ ਆਖਦੇ ਹਨ, ਜਿਨ੍ਹਾਂ ਵਡਭਾਗੇ ਜੀਵਾਂ ਨੇ ਅਜਿਹਾ ਪੂਰਾ ਗੁਰੂ ਪਾ ਲਿਆ, ਉਹ ਉਚੇ ਤੇ ਸੁਚੇ ਜੀਵਨ ਵਾਲੇ ਵੱਡੇ ਭਲੇ ਪੁਰਖ ਬਣ ਗਏ; ਹੇ ਮਿਹਰਵਾਨ ਬਖ਼ਸ਼ਿੰਦ ਪ੍ਰਭ ਜੀਉ! ਮੈਂ ਤੇਰੇ ਪਿਆਰਿਆਂ ਦੇ ਚਰਨਾਂ ਦੀ ਧੂੜ ਸੁਆਮੀ ਜੀਉ ਤੇਰੇ ਤੋਂ ਮੰਗਦਾ ਹਾਂ; ਹੇ ਮਿਹਰਾਂ ਦੇ ਮਾਲਕ ਪ੍ਰੀਤਮ ਜੀਉ! ਮੇਰੇ ਅੰਦਰ ਤੇਰੇ ਪਿਆਰਿਆਂ ਦੀ ਚਰਨ ਧੂੜੀ ਪ੍ਰਾਪਤ ਕਰਨ ਲਈ ਬੜੀ ਪ੍ਰਬਲ ਤਾਂਘ ਹੈ।

ਹਰਿ ਹਰਿ ਸਫਲਿਓ ਬਿਰਖੁ ਪ੍ਰਭ ਸੁਆਮੀ
ਜਿਨ ਜਪਿਓ ਸੇ ਤ੍ਰਿਪਤਾਨੀ॥
ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਸੇ
ਸਭ ਲਾਥੀ ਭੂਖ ਭੁਖਾਨੀ॥੩॥

ਗੁਰਦੇਵ ਜੀ ਆਖ ਰਹੇ ਹਨ, ਹੇ ਭਾਈ! ਉਹ ਮੇਰਾ ਹਰੀ ਪ੍ਰਭ ਜੀ, ਉਹ ਮੇਰਾ ਸੁਆਮੀ ਤਾਂ ਇਸ ਜਗਤ ਨੂੰ ਸਾਰੇ ਫਲ ਦੇਣ ਵਾਲਾ ਬਿਰਖ ਹੈ; ਤੇ ਹੇ ਭਾਈ! ਸੁਣੋ, ਜਿਨ੍ਹਾਂ ਵਡਭਾਗੇ ਜੀਵਾਂ ਨੇ ਉਸ ਮਾਲਕ ਦਾ ਨਾਮ ਜਪਿਆ, ਉਹ ਤ੍ਰਿਪਤ ਹੋ ਗਏ, ਰੱਜ ਗਏ। ਹੇ ਮੇਰੇ ਹਰੀ ਪਰਮਾਤਮਾ ਜੀਉ! ਤੇਰਾ ਨਾਮ ਰੂਪੀ ਅੰਮ੍ਰਿਤ ਤਾਂ ਆਤਮਕ ਜੀਵਨ ਦੇਣ ਵਾਲਾ ਹੈ। ਜਿਨ੍ਹਾਂ ਨੇ ਇਸ ਨੂੰ ਪੀਤਾ, ਉਹ ਤ੍ਰਿਪਤ ਹੋ ਗਏ, ਉਨ੍ਹਾਂ ਦੀਆਂ ਸਾਰੀਆਂ ਭੁੱਖਾਂ ਲਹਿ ਗਈਆਂ।

ਜਿਨ ਕੇ ਵਡੇ ਭਾਗ ਵਡ ਊਚੇ
ਤਿਨ ਹਰਿ ਜਪਿਓ ਜਪਾਨੀ॥
ਤਿਨ ਹਰਿ ਸੰਗਤਿ ਮੇਲਿ ਪ੍ਰਭ ਸੁਆਮੀ
ਜਨ ਨਾਨਕ ਦਾਸ ਦਸਾਨੀ॥੪॥

ਸ਼ਬਦ ਦੇ ਅਖੀਰ ਵਿਚ ਗੁਰੂ ਰਾਮਦਾਸ ਜੀ ਆਖਦੇ ਹਨ, ਹੇ ਭਾਈ! ਜਿਨ੍ਹਾਂ ਜੀਵਾਂ ਦੇ ਵੱਡੇ ਤੇ ਉਚੇ ਭਾਗ ਹੁੰਦੇ ਹਨ, ਉਹ ਵਡਭਾਗੇ ਪ੍ਰਭੂ ਪਰਮਾਤਮਾ ਦੇ ਨਾਮ ਦਾ ਜਾਪ ਜਪਦੇ ਹਨ। ਗੁਰਦੇਵ ਪਿਤਾ ਜੀ ਪ੍ਰਭੂ ਜੀ ਅੱਗੇ ਅਰਦਾਸ ਕਰਦੇ ਹਨ, ਹੇ ਹਰੀ ਪ੍ਰਭ ਜੀਉ! ਸੁਆਮੀ ਜੀਉ! ਇਸ ਦਾਸ ਨਾਨਕ ਨੂੰ ਵੀ ਉਨ੍ਹਾਂ ਦੀ ਸੰਗਤ ਵਿਚ ਮਿਲਾਈ ਰੱਖ ਅਤੇ ਹੇ ਪ੍ਰਭੂ! ਮੈਨੂੰ ਉਨ੍ਹਾਂ ਦੇ ਦਾਸਾਂ ਦਾ ਵੀ ਦਾਸ ਬਣਾ ਦਿਓ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਧਰਤੀ ਦਾ ਹਉਕਾ

ਐ ਮਨੁੱਖ! ਮੈਂ ਧਰਤ-ਮਾਤਾ, ਧਰਮ-ਪਾਲਣਹਾਰੀ। ਜੀਵ-ਸੰਸਾਰ ਦੀ ਆਧਾਰਸ਼ਿਲਾ। ਅੰਨ ਪਾਣੀ ਦਾ ਸਾਧਨ ਤੇ ਰੈਣ-ਬਸੇਰਾ। ਵਸਤ-ਭੰਡਾਰ ਤੇ ਰਹਿਮਤਾਂ ਦੀ ਦਾਤਾਰ। ਬਖਸ਼ਿਸ਼ਾਂ ਦੀ ਬਹਾਰ। ਬਰਕਤਾਂ ਦੀ ਆਬਸ਼ਾਰ। ਜੀਵਨ-ਧਰਾਤਲ ਨਾਲ ਜੁੜਿਆ ਬੰਦਿਆਈ-ਵਿਚਾਰ।

ਮੇਰੀ ਹਿੱਕ 'ਤੇ ਮੌਲਦੀ ਬਨਸਪਤੀ, ਬਿਰਖਾਂ ਦੀਆਂ ਪਾਲਾਂ, ਅੰਬਰ ਜੂਹ 'ਚ ਆਲ੍ਹਣਾ ਪਾਈ ਬੈਠੇ ਪੰਛੀ, ਖਿਲਾਰੀ ਹੋਈ ਚੋਗ ਭਾਲਦੇ ਬੋਟ, ਦੋਧਿਆਂ ਨੂੰ ਠੂੰਗੇ ਮਾਰਦੇ ਜਨੌਰ। ਸਭ ਦੀ ਉਪਜੀਵਕਾ ਲਈ ਫੈਲੀ ਝੋਲ ਅਤੇ ਤਲੀਆਂ 'ਤੇ ਚੋਗ ਚੁਗਾਉਣ ਦਾ ਸਕੂਨ, ਮੇਰਾ ਹਾਸਲ।

ਮੇਰੀ ਕੁਦਰਤੀ ਸੁੰਦਰਤਾ ਦਾ ਨਹੀਂ ਕੋਈ ਸਾਨੀ। ਧਰਤ ਦਾ ਹਰ ਜੀਵ ਹੈ ਫਾਨੀ ਪਰ ਚਿਰੰਜੀਵ ਰਹੇਗੀ ਮੇਰੀ ਦਾਨਾਈ ਭਰਪੂਰ ਧਰਤ-ਕਹਾਣੀ।



ਅੰਬਰਾਂ ਨੂੰ ਹੱਥ ਲਾਉਂਦੇ ਹਿੱਕੜੀ-ਰੂਪ ਪਹਾੜ, ਪਿੰਡੇ 'ਤੇ ਕਲਾ-ਨਿਕਾਸੀ

ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 1-216-556-2080

ਕਰਦੇ ਦਰਿਆ, ਨਗਰਾਂ-ਸਭਿਅਤਾਵਾਂ ਦਾ ਰੌਣਕ-ਮੇਲਾ, ਜੰਗਲਾਂ ਦਾ ਹਰਿਆਵਲ-ਕੱਜਣ ਅਤੇ ਫੁੱਲਾਂ ਭਰੀਆਂ ਚੰਗੇਰਾਂ, ਮੇਰਾ ਮਾਣ। ਕੁਦਰਤੀ ਹੁਸਨ, ਸੁਹੱਪਣ, ਸਾਦਗੀ ਅਤੇ ਸਦੀਵਤਾ ਨਾਲ ਮਾਲਾ-ਮਾਲ ਹੋਈ, ਮੈਂ ਹਰੇਕ ਦੇ ਪੈਰਾਂ ਵਿਚ ਵਿੱਛ-ਵਿੱਛ ਜਾਂਦੀ।

ਮੇਰੇ ਪਿੰਡੇ 'ਤੇ ਮਨੁੱਖ ਨੇ ਮਹਿਲ-ਮੁਨਾਰੇ ਉਸਾਰੇ, ਉਦਯੋਗਿਕ ਕ੍ਰਾਂਤੀ ਨੇ ਮੇਰੇ ਜਿਸਮ ਨੂੰ ਕੰਕਰੀਟ ਤੇ ਧਾਤਾਂ ਨਾਲ ਜਖਮੀ ਕੀਤਾ, ਇਨ੍ਹਾਂ ਦੁਆਰਾ ਛੱਡੇ ਗਏ ਜ਼ਹਿਰੀਲੇ ਤਰਲਾਂ, ਰਸਾਇਣਕ ਖਣਿਜਾਂ ਤੇ ਭਾਰੀਆਂ ਧਾਤਾਂ ਨੇ ਮੇਰੀ ਜੂਹੇ ਕੈਂਸਰ ਸਮੇਤ ਅਨੇਕਾਂ ਨਾ-ਮੁਰਾਦ ਬਿਮਾਰੀਆਂ ਦਾ ਬੀਜ ਖਿਲਾਰਿਆ। ਪਰ ਹੁਣ ਮੈਂ ਬੇਬੱਸ ਹੋਈ, ਇਸ ਮਾਰੂ ਬੀਜ ਤੋਂ ਪੈਦਾ ਹੋਈ ਫਸਲ, ਤੈਨੂੰ ਅਤੇ ਤੇਰੀ ਔਲਾਦ ਨੂੰ ਦੇਣ ਲਈ ਮਜਬੂਰ। ਵੈਸੇ ਇਹ ਤਾਂ ਤੇਰਾ ਦੇਣ ਹੀ ਵਿਆਜ਼ ਸਮੇਤ ਵਾਪਸ ਕਰ ਰਹੀ ਹਾਂ। ਸੁਪਨੇ ਅਤੇ ਸਾਹ ਦੇਣ ਵਾਲੀ ਨੇ ਕਦੋਂ ਮਰਸੀਏ ਅਤੇ ਵਿਰਲਾਪਾਂ ਦਾ ਰੂਪ ਧਾਰ ਲਿਆ, ਤੈਨੂੰ ਪਤਾ ਕਿਉਂ ਨਾ ਲੱਗਾ?

ਵੇ ਭਲਿਆ! ਤੂੰ ਉਦਯੋਗਿਕ ਕ੍ਰਾਂਤੀ, ਹਰੀ ਕ੍ਰਾਂਤੀ, ਨੀਲੀ ਕ੍ਰਾਂਤੀ ਅਤੇ ਕਦੇ ਚਿੱਟੀ ਕ੍ਰਾਂਤੀ ਦੇ ਸੋਹਲੇ ਗਾਉਂਦਾ ਏਂ। ਕਦੇ ਇਹ ਵੀ ਸੋਚਿਆ ਏ ਕਿ ਇਨ੍ਹਾਂ ਕ੍ਰਾਂਤੀਆਂ ਨੇ ਮੇਰੇ ਜਿਸਮ ਨੂੰ ਕਿਵੇਂ ਖੱਖੜੀਆਂ ਕੀਤਾ ਏ। ਝਾੜ ਵਧਾਉਣ ਲਈ ਪਾਏ ਜਾਂਦੇ ਨਦੀਨ-ਨਾਸ਼ਕਾਂ, ਖਾਦਾਂ, ਮਸਨੂਈ ਬੀਜਾਂ ਆਦਿ ਨੇ ਮੈਨੂੰ ਬੰਜਰਪੁਣੇ ਦਾ ਸਰਾਪ ਦਿਤਾ। ਸਪਰੇਅ ਵਾਲਾ ਪਾਣੀ ਪੀਣ ਜਾਂ ਫਸਲੀ ਦਾਣਿਆਂ ਨੂੰ ਖਾਣ ਨਾਲ ਕਿੰਨੇ ਪਰਿੰਦਿਆਂ ਦੀ ਉਡਾਣ ਸਦੀਵੀ ਸੌਂ ਗਈ ਏ, ਕਦੇ ਸੋਚਿਆ ਈ? ਤੇਰਾ ਹਰ ਖਾਧ-ਪਦਾਰਥ ਪਲੀਤ। ਤੇਰੇ ਕੁਕਰਮਾਂ ਨੇ ਮੇਰੀ ਹਿੱਕ 'ਤੇ ਰੀਂਗਦੇ ਮਿੱਤਰ-ਕੀੜੇ ਮਾਰੇ। ਤੇਰੀਆਂ ਖੈਰਾਂ ਮੰਗਣ ਅਤੇ ਝੋਲੀ ਨੂੰ ਬਰਕਤਾਂ ਨਾਲ ਭਰਨ ਵਾਲੇ ਜੀਵਾਂ ਦਾ ਸਰਾਪ, ਤੇਰੀ ਜਾਤ ਨੂੰ ਹੀ ਤਾਂ ਲੱਗਣਾ ਏ!

ਮੇਰਾ ਧਰਮ ਤਾਂ ਉਤਪਤੀ ਤੇ ਵਿਕਾਸ। ਜੀਵ-ਸੰਸਾਰ ਲਈ ਰਹਿਤਲ, ਉਪਜੀਵਕਾ, ਜੀਵਨ-ਸਹੂਲਤਾਂ ਅਤੇ ਲੰਮੀ ਉਮਰ ਦੀ ਦੁਆ। ਪਰ ਮੈਂ ਕਦੇ ਸੋਚਿਆ ਹੀ ਨਹੀਂ ਸੀ ਕਿ ਸਭ ਤੋਂ ਸ਼ਕਤੀਸ਼ਾਲੀ ਜੀਵ ਆਪਣੀ ਧਰਤ-ਮਾਂ ਦਾ ਅਜਿਹਾ ਹਾਲ ਕਰੇਗਾ? ਮੈਂ ਕਲਪਦੀ ਰਹੀ, ਖਿਲਰੇ ਵਾਲੀਂ ਦੁਹਾਈਆਂ ਦਿੰਦੀ ਰਹੀ, ਤੇਰੇ ਤਰਲੇ ਪਾਏ, ਪਰ ਤੂੰ ਟੱਸ ਤੋਂ ਮੱਸ ਨਾ ਹੋਇਆ। ਮੈਂ ਤਾਂ ਖੇਤਾਂ ਵਿਚ ਲਹਿਰਾਉਂਦੀਆਂ ਫਸਲਾਂ, ਫਲਾਂ ਨਾਲ ਲੱਦੀਆਂ ਟਾਹਣੀਆਂ, ਫੁੱਲਾਂ ਨਾਲ ਲਰਜ਼ਦੇ ਬਿਰਖ ਅਤੇ ਹਰੇ-ਕਚੂਰ ਪੱਤਿਆਂ ਦੀ ਚਾਦਰ ਤਾਣ ਕੇ, ਤੇਰੇ ਸਮੁੱਚ ਨੂੰ ਅਸੀਸਾਂ ਅਤੇ ਦੁਆਵਾਂ ਨਾਲ ਵਰਸਾਉਂਦੀ ਰਹੀ। ਪਰ ਤੇਰੇ ਮਨ ਵਿਚ ਨਿਜ, ਲਾਲਚ ਤੇ ਵੱਧ ਤੋਂ ਵੱਧ ਲਾਭ ਕਮਾਉਣ ਦੀ ਬਿਰਤੀ ਨੇ ਮੈਨੂੰ ਕੋਹ ਸੁੱਟਿਆ। ਹਿੱਕ 'ਤੇ ਚਾਰ ਚੁਫੇਰੇ ਘਰਾਂ ਦੇ ਜੰਗਲਾਂ 'ਚ ਰਹਿੰਦੇ ਨੇ ਪੱਥਰਾਂ ਵਰਗੇ ਲੋਕ। ਮਨੁੱਖੀ ਭਾਵਨਾਵਾਂ ਅਤੇ ਸੂਖਮ-ਵਿਚਾਰਾਂ ਦਾ ਗਾਇਬ ਹੋਣਾ, ਮੈਨੂੰ ਸਭ ਤੋਂ ਜ਼ਿਆਦਾ ਪੀੜਤ ਕਰਦਾ ਏ।

ਬੇਮੁੱਖਿਆ! ਕਦੇ ਆਪਣੀ ਔਕਾਤ ਨੂੰ ਥੋੜ੍ਹੈ ਭੁਲਾਈਦਾ। ਵਿਰਾਸਤ ਨਾਲ ਜੁੜੇ ਅਤੇ ਮਾਨਵੀ ਸੋਚ ਨਾਲ ਓਤ-ਪੋਤ ਲੋਕ ਹੀ ਵਿਕਾਸ ਕਰਦੇ ਨੇ। ਜਿਹੜੇ ਲੋਕ ਆਪਣੇ ਰਹਿਬਰਾਂ ਦੀਆਂ ਮੱਤਾਂ ਨੂੰ ਵਿਸਾਰ ਦਿੰਦੇ ਨੇ, ਉਨ੍ਹਾਂ ਦਾ ਕਿਹੜੇ ਜਨਮ ਭਲਾ ਹੋਵੇਗਾ?

ਮੇਰੀ ਗੋਦ ਵਿਚ ਖੇਡਦਿਆਂ, ਜਵਾਨ ਹੋ ਕੇ ਮੌਜਾਂ ਮਾਣਨ ਵਾਲਿਆ! ਕਦੇ ਗੁਰੂ ਨਾਨਕ ਦੇਵ ਜੀ ਦੇ ਫੁਰਮਾਨ "ਮਾਤਾ ਧਰਤਿ ਮਹਤੁ" ਬਾਰੇ ਮਨ ਵਿਚ ਆਇਆ ਏ? ਕੀ ਆਪਣੀਆਂ ਮਾਂਵਾਂ ਨਾਲ ਇੰਜ ਕੀਤਾ ਜਾਂਦਾ ਏ? ਕੀ ਮਾਂਵਾਂ ਦੀ ਗੋਦ ਨੂੰ ਅਲਾਹੁਣੀਆਂ ਨਾਲ ਭਰਨਾ ਸ਼ੋਹਬਦਾ ਏ? ਕੀ ਮਾਂਵਾਂ ਦੀ ਹਿੱਕ ਵਿਚ ਹਾਉਕੇ ਬੀਜਣ ਵਾਲਿਆਂ ਨੂੰ ਕਦੇ ਸੁੱਖਨ ਅਤੇ ਸਕੂਨ ਮਿਲ ਸਕਦਾ ਏ?

ਤੇਰੇ ਭੋਖੜੇ ਨੇ ਮੈਨੂੰ ਬਿਰਖਾਂ ਤੋਂ ਮਹਿਰੂਮ ਕੀਤਾ ਜਿਸ ਨਾਲ ਇਸ 'ਚ ਵੱਸਦਾ ਜੀਵ ਸੰਸਾਰ ਹੀ ਤਹਿਸ-ਨਹਿਸ ਹੋ ਗਿਆ। ਅੰਮ੍ਰਿਤ ਵਰਗੇ ਪਾਣੀਆਂ ਨਾਲ ਭਰ ਉਛਲਦੇ ਦਰਿਆਂਵਾਂ ਨੂੰ ਮੌਤ ਦੀ ਨੈਂਅ ਬਣਾ ਕੇ ਵੀ ਤੂੰ ਦਮ ਨਹੀਂ ਲਿਆ ਸਗੋਂ ਤੂੰ ਮੇਰੀ ਹਿੱਕ ਵਿਚ ਬਰੇਤੇ ਉਗਾ ਕੇ ਦਰਿਆਵਾਂ, ਨਦੀਆਂ, ਨਾਲਿਆਂ ਦੀ ਹੋਂਦ ਹੀ ਮਿਟਾ ਦਿਤੀ। ਮੈਂ ਕਿਹੜੇ ਦਰਿਆਵਾਂ ਦਾ ਮਾਣ ਕਰਾਂ ਅਤੇ ਕੀਹਦਾ ਵਾਸਤਾ ਪਾਵਾਂ ਕਿ ਹੁਣ ਤਾਂ ਬਖਸ਼ ਦੇਹ?

ਮੇਰਿਆਂ ਪਹਾੜਾਂ 'ਤੇ ਸਜੀਆਂ ਬਿਰਖ-ਮਾਲਾਵਾਂ, ਸਾਵਣ ਦੇ ਛੱਰਾਟਿਆਂ ਦਾ ਸਬੱਬ ਬਣਦੀਆਂ, ਉਚੀਆਂ ਚੋਟੀਆਂ 'ਤੇ ਪਈ ਬਰਫ ਦਿਲਕਸ਼ ਨਜ਼ਾਰੇ ਪੇਸ਼ ਕਰਦੀ ਸੀ, ਐਂਟਾਰਟਿਕਾ 'ਤੇ ਪਈ ਅਛੋਹ ਬਰਫ ਅਤੇ ਇਸ 'ਤੇ ਵੱਸਿਆ ਸੀ ਇਕ ਵੱਖਰਾ ਜੀਵ ਸੰਸਾਰ। ਤੇ ਤੂੰ ਇਨ੍ਹਾਂ ਨੂੰ ਵੀ ਨਹੀਂ ਬਖਸ਼ਿਆ। ਸਮੁੰਦਰਾਂ ਵਿਚ ਸੁੱਟੀ ਗਈ ਰਹਿੰਦ-ਖੂੰਹਦ ਨੇ ਸਮੁੰਦਰੀ ਜੀਵ-ਸੰਸਾਰ ਨੂੰ ਨਿਗਲਣਾ ਸ਼ੁਰੂ ਕਰ ਦਿਤਾ ਏ ਅਤੇ ਤੂੰ ਇਨ੍ਹਾਂ ਨੂੰ ਖਾ ਕੇ ਕਿਹੜਾ ਤੰਦਰੁਸਤ ਏਂ?



***ਮੈਂ ਮਾਰੂਥਲਾਂ, ਸਮੁੰਦਰਾਂ, ਜੰਗਲਾਂ, ਪਹਾੜਾਂ, ਨਦੀਆਂ, ਨਾਲਿਆਂ, ਝੀਲਾਂ, ਛੱਪੜ, ਕੱਸੀਆਂ ਦੀ ਸੰਗਤ ਦਾ ਸਿਰਨਾਵਾਂ। ਕਿਧਰੇ ਰੌਣਕਾਂ, ਕਿਧਰੇ ਅਲਹਾਮੀ ਚੁੱਪ, ਕਿਧਰੇ ਅਲਹਾਮੀ ਨਾਦ, ਕਿਧਰੇ ਸਮੁੰਦਰੀ ਲਹਿਰਾਂ ਦਾ ਸੰਗੀਤ, ਕਿਧਰੇ ਪੰਛੀਆਂ ਦੀ ਰੁੱਣ-ਝੁੱਣ, ਕਿਧਰੇ ਬਾਰਸ਼ਾਂ ਦੀ ਰਿਮ-ਝਿਮ, ਕਿਧਰੇ ਜਾਨਵਰ ਦਹਾੜਦੇ, ਕਿਧਰੇ ਬੀਚਾਂ 'ਤੇ ਪਲਸੇਟੀਆਂ ਮਾਰਦੇ ਸਮੁੰਦਰੀ ਜੀਵ ਅਤੇ ਕਿਧਰੇ ਸੰਗਮਰਮਰੀ ਮਹਿਲ-ਮੁਨਾਰੇ...ਪਰ ਮੇਰਾ ਕਿਸੇ ਨੂੰ ਵੀ ਨਹੀਂ ਫਿਕਰ। ਐ ਮਨੁੱਖ! ਤੇਰੇ ਤੋਂ ਬਗੈਰ ਸਮੁੱਚਾ ਜੀਵ-ਸੰਸਾਰ ਮੇਰਾ ਸ਼ੁਕਰਗੁਜਾਰ। ਪਰ ਤੂੰ ਸਭ ਤੋਂ ਵੱਡਾ ਨਾ-ਸ਼ੁਕਰਾ।***

ਮੇਰੀ ਹਿੱਕ ਤਾਂ ਜਰਖੇਜ਼ ਸੀ। ਪਰ ਪਲਾਸਟਿਕ ਦਾ ਕੂੜ-ਕਬਾੜਾ, ਨਿਊਕਲੀਆਈ ਰਹਿੰਦ-ਖੂੰਹਦ ਅਤੇ ਕਾਰਖਾਨਿਆਂ ਆਦਿ ਵਿਚੋਂ ਛੱਡੇ ਜਾ ਰਹੇ ਜ਼ਹਿਰੀਲੇ ਪਾਣੀ ਨੇ ਮੇਰੇ ਸਰਬਪੱਖੀ ਉਪਜਾਊਪੁਣੇ ਨੂੰ ਮਰਨ-ਕਿਨਾਰੇ ਕਰ ਦਿਤਾ ਏ। ਇਸੇ ਲਈ ਤੈਨੂੰ ਵੀ ਤਾਂ ਹੁਣ ਮਸਨੂਈ ਗਰਭ, ਟੈਸਟ-ਟਿਊਬ ਬੇਬੀ ਅਤੇ ਕਲੋਨਿੰਗ ਦੇ ਰਾਹ ਪੈਣਾ ਪਿਆ ਏ। ਮੈਨੂੰ ਵੀ ਦੱਸ ਜਾਹ ਕਿ ਮੈਂ ਕੀਹਦਾ ਤਰਲਾ ਕਰਾਂ, ਕਿਸ ਯੋਗੀ ਨੂੰ ਧਿਆਵਾਂ ਅਤੇ ਕਿਹੜੇ ਰਹਿਬਰ ਨੂੰ ਆਖਾਂ ਕਿ ਮੇਰਾ ਬੀਤਿਆ ਮੋੜ ਲਿਆਵੇ!

ਨਿਰਮੋਹਿਆ! ਤੂੰ ਇਹ ਕਿਉਂ ਭੁੱਲ ਗਿਆ ਕਿ ਮਾਂਵਾਂ ਦਾ ਦੇਣ ਤਾਂ ਸਦਾ ਦੇਈਦਾ। ਉਹ ਪੁੱਤ, ਕਪੁੱਤ ਹੁੰਦੇ ਨੇ ਜੋ ਮਾਂਵਾਂ ਨੂੰ ਸੂਲੀ 'ਤੇ ਟੰਗ ਦੇਣ। ਦੱਸ ਤੈਨੂੰ ਕਿੰਜ ਮੈਂ ਪੁੱਤ ਆਖ ਬੁਲਾਵਾਂ? ਕਦੇ ਮਾਂ-ਪੁੱਤ ਵਾਲਾ ਧਰਮ ਨਿਭਾਉਣ ਦੇ ਰਾਹ ਤਾਂ ਤੁਰਦਾ, ਫਿਰ ਪਤਾ ਲੱਗਦਾ ਕਿ ਤੈਨੂੰ ਕਿੰਨਾ ਸਕੂਨ ਮਿਲਣਾ ਸੀ? ਮੈਂ ਵੀ ਮਾਣ ਨਾਲ ਤੈਨੂੰ ਪੂਰਨ-ਪੁੱਤ ਦਾ ਲਕਬ ਦੇਣਾ ਸੀ।

ਬਹੁਤਾਤਾਂ ਵਿਚ ਘਿਰੇ ਹੋਏ ਮੂਰਖ ਮਨੁੱਖ! ਤੈਨੂੰ ਮੇਰੀਆਂ ਸ਼ੁੱਧ, ਸਵਾਦਿਸ਼ਟ ਅਤੇ ਸਿਹਤਮੰਦ ਵਸਤਾਂ ਚੰਗੀਆਂ ਨਾ ਲੱਗੀਆਂ। ਤੂੰ ਇਨ੍ਹਾਂ ਨੂੰ ਹਾਰਮੋਨਜ਼, ਖਾਦਾਂ, ਪੈਸਟੀਸਾਈਡਜ਼, ਬਰੀਡਿੰਗ ਕਰਕੇ ਉਤਪਾਦਨ ਤਾਂ ਵਧਾ ਲਿਆ ਪਰ ਤੇਰੀ ਸਿਹਤ ਕਿਥੇ ਗਈ? ਵਪਾਰੀ ਨੂੰ ਆਪਣੇ ਫਾਇਦੇ ਨਾਲ ਮਤਲਬ ਹੁੰਦਾ ਏ। ਉਸ ਲਈ ਧਰਤ ਜਾਂ ਜੀਵ-ਸਿਹਤ ਵਿਚ ਪੈਦਾ ਹੋਣ ਵਾਲੇ ਵਿਗਾੜਾਂ ਦੇ ਕੋਈ ਅਰਥ ਨਹੀਂ ਹੁੰਦੇ। ਅਜਿਹਾ ਹੁਣ ਤੇਰੇ ਅਤੇ ਮੇਰੇ ਨਾਲ ਹੋ ਰਿਹਾ ਹੈ। ਮੈਂ ਇਹ ਜਰਨ ਲਈ ਮਜਬੂਰ ਹਾਂ ਤੇ ਤੂੰ ਇਸ ਨੂੰ ਜਰਨਾ ਸਿੱਖ ਲਿਆ। ਜ਼ਹਿਰੀਲਾ ਦੁੱਧ ਅਤੇ ਦੁੱਧ ਦੇ ਪਦਾਰਥ, ਸਬਜੀਆਂ, ਅਨਾਜ ਆਦਿ ਨੇ ਤੈਨੂੰ ਹਸਪਤਾਲ ਦੇ ਰਾਹ ਤੋਰਿਆ ਏ ਅਤੇ ਹੁਣ ਤੂੰ ਆਰਗੈਨਿਕ ਪਦਾਰਥ ਟੋਲ ਰਿਹਾ ਏਂ। ਕੀ ਪਹਿਲੇ ਸਮਿਆਂ ਵਿਚ ਮੇਰੀ ਕੁੱਖ ਵਿਚੋਂ ਪੈਦਾ ਹੋਣ ਵਾਲੇ ਖਾਧ-ਪਦਾਰਥ ਚੰਗੇ ਨਹੀਂ ਸਨ ਜਿਨ੍ਹਾਂ ਨੂੰ ਖਾ ਕੇ ਤੇਰੇ ਵਡੇਰੇ ਅਰੋਗ ਵੀ ਸਨ ਅਤੇ ਲੰਮੀ ਉਮਰ ਵੀ ਭੋਗਦੇ ਸਨ।

ਮੈਂ ਮਾਰੂਥਲਾਂ, ਸਮੁੰਦਰਾਂ, ਜੰਗਲਾਂ, ਪਹਾੜਾਂ, ਨਦੀਆਂ, ਨਾਲਿਆਂ, ਝੀਲਾਂ, ਛੱਪੜ, ਕੱਸੀਆਂ ਦੀ ਸੰਗਤ ਦਾ ਸਿਰਨਾਵਾਂ। ਕਿਧਰੇ ਰੌਣਕਾਂ, ਕਿਧਰੇ ਅਲਹਾਮੀ ਚੁੱਪ, ਕਿਧਰੇ ਅਲਹਾਮੀ ਨਾਦ, ਕਿਧਰੇ ਸਮੁੰਦਰੀ ਲਹਿਰਾਂ ਦਾ ਸੰਗੀਤ, ਕਿਧਰੇ ਪੰਛੀਆਂ ਦੀ ਰੁੱਣ-ਝੁੱਣ, ਕਿਧਰੇ ਬਾਰਸ਼ਾਂ ਦੀ ਰਿਮ-ਝਿਮ, ਕਿਧਰੇ ਜਾਨਵਰ ਦਹਾੜਦੇ, ਕਿਧਰੇ ਬੀਚਾਂ 'ਤੇ ਪਲਸੇਟੀਆਂ ਮਾਰਦੇ ਸਮੁੰਦਰੀ ਜੀਵ ਅਤੇ ਕਿਧਰੇ ਸੰਗਮਰਮਰੀ ਮਹਿਲ-ਮੁਨਾਰੇ। ਮੈਂ ਹਰ ਰੰਗ ਵਿਚ ਰਾਜ਼ੀ, ਹਰੇਕ ਦੀ ਝੋਲੀ ਵਿਚ ਸੰਤੁਸ਼ਟੀ ਪਾਉਂਦੀ ਰਹੀ। ਪਰ ਮੇਰਾ ਕਿਸੇ ਨੂੰ ਵੀ ਨਹੀਂ ਫਿਕਰ। ਐ ਮਨੁੱਖ! ਤੇਰੇ ਤੋਂ ਬਗੈਰ ਸਮੁੱਚਾ ਜੀਵ-ਸੰਸਾਰ ਮੇਰਾ ਸ਼ੁਕਰਗੁਜਾਰ। ਪਰ ਤੂੰ ਸਭ ਤੋਂ ਵੱਡਾ ਨਾ-ਸ਼ੁਕਰਾ।

ਤੂੰ ਧਰਤ ਨੂੰ ਨਮਸਕਾਰਨਾ ਅਤੇ ਸ਼ੁਕਰਗੁਜ਼ਾਰ ਹੋਣਾ ਨਹੀਂ ਸਿਖਿਆ। ਕਦੇ ਆਪਣੇ ਬਜ਼ੁਰਗਾਂ ਤੋਂ ਹੀ ਸਿੱਖ ਲੈਂਦਾ ਜੋ ਹੱਲ ਜੋਤਣ ਲੱਗਿਆਂ ਧਰਤੀ ਨੂੰ ਨਮਸਕਾਰਦੇ ਸਨ। ਕੀ ਤੈਨੂੰ ਇਹ ਵੀ ਅਹਿਸਾਸ ਨਹੀਂ ਕਿ ਬੇਅੰਤ ਨਿਆਮਤਾਂ ਦੇਣ ਵਾਲੀ ਧਰਤ-ਮਾਂ, ਤੇਰੀ ਬੇਰੁੱਖੀ ਦੀ ਸਤਾਈ ਹੋਈ ਏ। ਆਪਣੀ ਧਰਤ-ਮਾਂ ਰੱਕੜ ਬਣਾਉਣ ਵੇਲੇ ਤੈਨੂੰ ਜਰਾ ਵੀ ਤਰਸ ਨਹੀਂ ਆਉਂਦਾ?

ਮੈਨੂੰ ਬਹੁਤ ਹੀ ਚੰਗਾ ਲੱਗਦਾ ਏ ਜਦ ਕੋਈ ਮਹਾਂ-ਪੁਰਖ, ਸੰਨਿਆਸੀ, ਯੋਗੀ, ਬੰਦਗੀ ਕਰਨ ਵਾਲਾ, ਉਦਮੀ ਤੇ ਕਰਮਯੋਗੀ, ਮੈਨੂੰ ਆਪਣਾ ਨਿਵਾਸ ਬਣਾਉਂਦੇ ਨੇ। ਮੇਰੀ ਗੋਦ ਦਾ ਨਿੱਘ ਮਾਣਦੇ, ਉਹ ਆਪਣੇ ਦਿਨ-ਰਾਤਾਂ ਵਿਚ ਧੰਨਭਾਗਤਾ ਭਰਦੇ ਨੇ ਅਤੇ ਦੁਨਿਆਵੀ ਖਲਜਗਣਾਂ ਨੂੰ ਸੁੱਚਮ ਸੰਗ ਤਰਦੇ ਨੇ।

ਐ ਮਨੁੱਖ! ਕਦੇ ਇਕੱਲ ਦੇ ਆਲਮ 'ਚ ਮਨ ਦੀ ਜੂਹੇ ਜਾਈਂ ਅਤੇ ਮੂਕ ਵੇਦਨਾ ਨਾਲ 'ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨਾ ਕੋਇ। ਜੀਵਦਿਆ ਪੈਰਾ ਤਲੇ ਮੁਇਆ ਉਪਰਿ ਹੋਇ' ਦਾ ਹੋਕਰਾ ਲਾਵੀਂ, ਤੈਨੂੰ ਖੁਦ ਦੇ ਰੂਬਰੂ ਹੋਣ ਦਾ ਮੌਕਾ ਮਿਲੇਗਾ ਅਤੇ ਤੂੰ ਮੇਰੀ ਅਹਿਮੀਅਤ ਤੋਂ ਜਾਣੂ ਹੋ ਸਕੇਂਗਾ। ਸ਼ਾਇਦ ਤੈਨੂੰ ਇਹ ਵੀ ਯਾਦ ਆ ਜਾਵੇ ਕਿ ਤੈਨੂੰ ਆਖਰੀ ਪਨਾਹ ਵੀ ਮੈਂ ਹੀ ਦੇਣੀ ਏ ਤੇ ਤੈਨੂੰ ਹਿੱਕ ਨਾਲ ਲਾਉਣਾ ਏ। ਸ਼ਾਇਦ ਤੈਨੂੰ ਪਤਾ ਹੋਵੇ ਕਿ ਆਖਰੀ ਸਾਹ ਵੇਲੇ ਵੀ ਸਿਆਣੇ ਲੋਕ ਮਨੁੱਖ ਨੂੰ ਧਰਤੀ 'ਤੇ ਲਿਟਾ ਕੇ, ਮੇਰੇ ਕੋਲੋਂ ਆਖਰੀ ਅਸੀਸ ਮੰਗਦੇ ਨੇ। ਦਰਅਸਲ ਤੈਨੂੰ ਆਪਣੀ ਹੀ ਮੌਤ ਯਾਦ ਨਹੀਂ ਤਾਂ ਤੇਰੇ ਕੋਲੋਂ ਹੋਰ ਕੀ ਆਸ ਰੱਖੀ ਜਾ ਸਕਦੀ ਏ?

ਮੇਰੀ ਗੋਦ ਵਿਚ ਪਲਣ ਵਾਲੇ ਐ ਮਨੁੱਖ! ਹੈਵਾਨ ਨਾ, ਇਨਸਾਨ ਬਣ, ਆਦਮ-ਬੋਅ ਨਹੀਂ ਆਦਮੀਅਤ ਬਣ, ਬਦ-ਦੁਆ ਨਹੀਂ ਸਗੋਂ ਖੈਰਖਾਹ ਬਣ, ਜ਼ਹਿਰਾਂ ਦਾ ਵਪਾਰੀ ਨਹੀਂ ਸਗੋਂ ਸੁਗੰਧਤ ਫਿਜ਼ਾ ਤੇ ਮੌਲਦੀ ਧਰਤ ਦਾ ਸੁੱਚਾ ਹਰਫ ਬਣ ਕਿਉਂਕਿ ਤੇਰੀ ਸਦੀਵਤਾ, ਮੇਰੀ ਸਦੀਵਤਾ ਨਾਲ ਜੁੜੀ ਹੋਈ ਏ। ਜਦ ਕੋਈ ਕਿਸੇ ਦੀ ਸਦੀਵਤਾ ਵਿਚੋਂ ਖੁਦ ਨੂੰ ਤਾਮੀਰ ਕਰਦਾ ਏ ਤਾਂ ਉਹ ਇਕ ਕਰਮਯੋਗੀ ਹੁੰਦਾ ਏ ਅਤੇ ਮੈਨੂੰ ਤੇਰੇ ਕੋਲੋਂ ਅਜਿਹੀ ਆਸ ਏ। ਕੀ ਤੂੰ ਮੇਰੀ ਆਸ ਪੂਰੀ ਕਰੇਂਗਾ? ਮੈਂ ਉਡੀਕ ਕਰਾਂਗੀ।

ਤੇਰੀ,
ਧਰਤ-ਅੰਮੜੀ।

## ਕਾਵਿ-ਜਗਤ

### ਲੋਰੀ

ਠੰਢੀਆਂ ਠੰਢੀਆਂ ਨਰਮ ਹਵਾਵਾਂ ਆਈਆਂ ਨੇ,
ਹੁਣ ਇਹ ਕੋਈ ਪਿਆਰ ਦੀ ਲੋਰੀ ਗਾਵਣਗੀਆਂ।
ਨਿੱਕੇ ਨਿੱਕੇ ਨੰਨ੍ਹੇ ਮੁੰਨੇ ਬੱਚਿਆਂ ਨੂੰ,
ਧਰਤੀ ਤੋਂ ਚੁੱਕ ਅਰਸ਼ਾਂ 'ਤੇ ਲੈ ਜਾਵਣਗੀਆਂ।
ਚੰਨ ਮਾਮਾ ਤੇ ਤਾਰੇ ਜਿਥੇ ਰਹਿੰਦੇ ਨੇ,
ਚੰਦ ਲੋਕ ਦੀ ਸਭ ਨੂੰ ਸੈਰ ਕਰਾਵਣਗੀਆਂ।
ਆਲੂ ਟਿੱਕੀ, ਕੋਈ ਸਮੋਸੇ ਖਾਵੇਗਾ,
ਬਹੁਤਿਆਂ ਤਾਈਂ ਆਈਸਕ੍ਰੀਮ ਖਵਾਵਣਗੀਆਂ।
ਬੁੱਢੀ ਮਾਂ ਜੋ ਚੰਨ 'ਤੇ ਚਰਖਾ ਕੱਤਦੀ ਏ,
ਉਸ ਦਾ ਚਰਖਾ ਬੱਚਿਆਂ ਤਾਈਂ ਵਿਖਾਵਣਗੀਆਂ।
ਜੇ ਬੱਚਿਆਂ ਜ਼ਿਦ ਕੀਤੀ ਚੰਨ ਨਾਲ ਖੇਡਣ ਦੀ,
ਲੁਕਣ ਮੀਟੀ ਚੰਨ ਦੇ ਨਾਲ ਖਿਡਾਵਣਗੀਆਂ।
ਇਕ ਬੇਬੀ ਨੂੰ ਮੱਛਰ ਦੰਦੀ ਵੱਢ ਗਿਆ ਏ,
ਟਿਕਲ ਕਰ ਕੇ ਉਹਨੂੰ ਹੁਣੇ ਹਸਾਵਣਗੀਆਂ।
ਚੰਨ ਦੀਆਂ ਰਿਸ਼ਮਾਂ ਹੁਣੇ ਨਹਾ ਕੇ ਆਈਆਂ ਨੇ,
ਜ਼ਰਾ ਠਹਿਰ ਕੇ ਉਹ ਵੀ ਗਿੱਧਾ ਪਾਵਣਗੀਆਂ।
ਧੰਮੀ ਵੇਲਾ ਜਦੋਂ ਹੋਣ ਨੂੰ ਆਉਂਦਾ ਏ,
ਸਾਰੇ ਬੱਚੇ ਮਾਂਵਾਂ ਕੋਲ ਪੁਚਾਵਣਗੀਆਂ।
ਕਾਸ਼ ਕਿਤੇ 'ਸੁਰਜੀਤ' ਨੂੰ ਬਚਪਨ ਮਿਲ ਜਾਵੇ,
ਸਾਰੀਆਂ ਸੱਧਰਾਂ ਮਿਲ ਕੇ ਭੰਗੜੇ ਪਾਵਣਗੀਆਂ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3435***

### ਚਾਰ ਦਿਸ਼ਾਵਾਂ

ਜੀਵਨ ਦੀਆਂ ਚਾਰ ਦਿਸ਼ਾਵਾਂ
ਮੈਂ ਵਲ ਲਈਆਂ
ਆਪਣੇ ਪੈਰਾਂ ਵਿਚ।
ਜੀਵਨ ਦੀ ਉਹ ਉਮਰ ਨਿਆਣੀ
ਮੈਂ ਵਲ ਲਈ
ਆਪਣੇ ਕਲਾਵੇ ਵਿਚ।
ਮਨ ਨੂੰ ਹੋਸ਼ਾਂ ਆਈਆਂ
ਸੀਨੇ ਦੇ ਵਿਚ ਸੱਧਰਾਂ ਛਾਈਆਂ
ਹਾਣੀ ਕੋਈ ਦਏ ਦੁਹਾਈਆਂ
ਕਦਮਾਂ ਦੇ ਵਿਚ ਤੇਜ਼ੀ ਆਈ
ਪਹਿਲੀ ਦਿਸ਼ਾ ਮੈਂ ਇਉਂ ਵਲ ਲਈ
ਆਪਣੇ ਬਚਪਨ ਵਾਂਗ ਬੋਚ ਲਈ।
ਦੂਜੀ ਦਿਸ਼ਾ ਜਦ ਮੈਂ ਪਹੁੰਚੀ
ਮੈਨੂੰ ਇਸ ਵਿਚ ਚੀਸਾਂ ਮਿਲੀਆਂ
ਹੌਕੇ ਟੱਕਰੇ, ਆਹਾਂ ਮਿਲੀਆਂ
ਗਮ ਦੀ ਕਾਲੀ ਰਾਤ ਨਸੀਬੀ
ਥਰ ਥਰ ਮੇਰੀ ਛਾਂ ਕੰਬਦੀ
ਡਰਦੀ ਡਰਦੀ ਛਿਪਦੀ ਛਿਪਦੀ
ਸਹਿਮੀ ਸਹਿਮੀ ਵਾਪਸ ਪਰਤੀ
ਨਵੇਂ ਮੋੜ 'ਤੇ ਪੈਰ ਟਿਕਾਇਆ।
ਤੀਜੀ ਦਿਸ਼ਾ ਪਈ ਦਏ ਦੁਹਾਈ
ਨਵਾਂ ਜਦੋਂ ਹੁਣ ਮੋੜ ਇਹ ਆਇਆ
ਫਿਕਰਾਂ ਦੀ ਕਾਲਖ ਦੇ ਹੁਣ ਤਾਂ
ਧੁਆਂਖ ਲਈ ਜਿੰਦ ਏ ਮੇਰੀ
ਉਮਰਾਂ ਦਾ ਕੋਈ ਜੋਗੀ
ਮੈਂ ਆਪਣੇ ਵਲ ਲਿਆ ਕਲਾਵੇ
ਲੈ ਕੇ ਜੋਗ ਮੈਂ ਬਾਹਰ ਨਿਕਲ ਗਈ
ਏਧਰ ਓਧਰ ਚਾਰੇ ਪਾਸੇ
ਨਜ਼ਰਾਂ ਸੁੱਟੀਆਂ
ਦੁਨੀਆਂ ਬੜੀ ਪੁਰਾਣੀ ਜਾਪੇ
ਹੁਣ ਇਹ ਜਿੰਦ ਨਾ ਕਿਸੇ ਹੰਢਾਣੀ
ਅੰਤਿਮ ਦਿਸ਼ਾ ਪਹਿਲੀ ਵਾਂਗ ਅੰਜਾਣੀ।
ਚੌਥੀ ਦਿਸ਼ਾ ਪਰਤੀ ਜੋ ਲੰਬੀ
ਬੜੀ ਹੀ ਥੱਕੀ, ਬੜੀ ਹੀ ਹੰਭੀ
ਬੁੱਢੀ-ਬੁੱਢੀ, ਟੁੱਟੀ ਟੁੱਟੀ
ਬੜੀ ਔਖੇਰੀ ਅਉਧ ਬਿਤਾਈ
ਜਾਵੇ ਜੋ ਜੀਵਨ ਪਰਤਾਈ
ਕਿੱਥੋਂ ਆਇਆ, ਕਿੱਥੇ ਜਾਣਾ
ਜਿੰਦ ਦਾ ਪੰਛੀ ਭੁੱਲਿਆ ਰਾਹੀ
ਮੋਹ ਮਾਇਆ ਦੀ ਗਲ ਫਾਹੀ।

***-ਗੁਰਬੰਸ ਕੌਰ ਗਿੱਲ***

### ਖੇਤੀ

ਸਾਰੀ ਦੁਨੀਆਂ ਵਿਚ ਘਾਟੇ ਦਾ ਧੰਦਾ ਖੇਤੀ,
ਖਰਚਾ ਸੌ ਤੇ ਵੱਟਤ ਤ੍ਰੇਹਠ ਜੱਟਾ।
ਕਿੱਲਾ ਵੇਚ ਕੇ ਵੀ ਨਾ ਲਹੇ ਕਰਜ਼ਾ,
ਡਿੱਗੇ ਭਾਅ ਜ਼ਮੀਨ ਦੇ ਹੇਠ ਜੱਟਾ।
ਵਿਦੇਸ਼ ਜਾਣ ਦੀ ਜ਼ਿਦ ਫੜੀ ਬੈਠਾ,
ਖੇਤ ਜਾਵੇ ਨਾ ਪੁੱਤ ਪਲੇਠ ਜੱਟਾ।
ਘਰ, ਖੇਤ 'ਗਿੱਲ' ਦੇ, ਕਬਜ਼ੇ ਲਈ,
ਰਲੇ ਭਾਈ ਸੇਠ, ਲਠੈਤ ਜੱਟਾ।

***-ਜੁਗਰਾਜ ਗਿੱਲ, ਸ਼ਾਰਲਟ***

### ਚਾਨਣ

ਝੂਠ ਦੇ ਬੱਦਲ ਛਟ ਰਹੇ ਨੇ।
ਸੂਰਜ ਅੱਗੋਂ ਹਟ ਰਹੇ ਨੇ।
ਅੰਧਕਾਰ ਦੇ ਵਹਿਮ ਫੈਲਾਏ,
ਇੱਕ-ਇੱਕ ਕਰਕੇ ਘਟ ਰਹੇ ਨੇ।

ਝੀਤਾਂ ਥਾਣੀਂ ਚਾਨਣ ਲੰਘਿਆ,
ਕਾਲੇ ਭੂਰੇ ਫਟ ਰਹੇ ਨੇ।
ਕਿਰਨਾਂ ਦੇ ਝਲਕਾਰੇ ਹਰ ਇੱਕ,
ਚੱਕਰਵਿਊ ਨੂੰ ਕੱਟ ਰਹੇ ਨੇ।

ਭਰਮ-ਜਾਲ ਦੀਆਂ ਜੜ੍ਹਾਂ ਦਿਲਾਂ 'ਚੋਂ,
ਮੋਕਲੀਆਂ ਕਰ ਪੱਟ ਰਹੇ ਨੇ।
ਠੇਡੇ ਖਾ-ਖਾ ਡਿਗ-ਡਿਗ ਉਠ-ਉਠ,
ਫਿਰ ਵੀ ਰਾਹੀ ਡਟ ਰਹੇ ਨੇ।

ਪੱਥਰ ਯੁੱਗੀਏ ਗਿਆਨ ਯੁੱਗ ਵਿਚ,
ਪੱਥਰ ਚੱਟ-ਚੱਟ ਬਟ ਰਹੇ ਨੇ।
ਫਿਰ ਭੀ ਅੰਧਕਾਰ ਦੇ ਪ੍ਰੇਮੀ,
ਮੁੜ-ਮੁੜ ਪੱਥਰ ਚੱਟ ਰਹੇ ਨੇ।

ਚਾਨਣ ਦੇ ਵਿਚ ਤੁਰਨਾ ਛੱਡ ਕੇ,
ਚਾਨਣ-ਚਾਨਣ ਰਟ ਰਹੇ ਨੇ।

***-ਗੁਰਮੀਤ ਸਿੰਘ ਬਰਸਾਲ***
***ਕੈਲੀਫੋਰਨੀਆ।***

### ਇਕ ਰੁੱਖ-ਸੌ ਸੁੱਖ

ਇਕ ਰੁੱਖ ਸੌ ਸੁੱਖ ਕਹਿੰਦੇ ਨੇ ਸਿਆਣੇ।
ਠੰਢੀ-ਠੰਢੀ ਛਾਂ ਆ ਕੇ ਬੈਠਦੇ ਨਿਆਣੇ।

ਕਈਆਂ ਨੂੰ ਤਾਂ ਮਿੱਠੇ-ਮਿੱਠੇ ਫਲ ਲੱਗਦੇ,
ਕਈਆਂ 'ਤੇ ਨੇ ਸੋਹਣੇ-ਸੋਹਣੇ ਫੁੱਲ ਸੱਜਦੇ,
ਹਰ ਕੋਈ ਸੁੱਖ ਭਾਵੇਂ ਹਰ ਦਮ ਮਾਣੇ।

ਹੜ੍ਹਾਂ ਤੇ ਤੁਫਾਨਾਂ ਨੂੰ ਵੀ ਠੱਲ੍ਹ ਪਾਉਂਦੇ ਨੇ,
ਜ਼ਿੰਦਗੀ 'ਚ ਸਾਡੇ ਕਿੰਨੇ ਕੰਮ ਆਉਂਦੇ ਨੇ।
ਕਿੰਨਾ ਕੁਝ ਬਣੇ ਇਹਨੂੰ ਚੀਰ-ਚੀਰ ਟਾਹਣੇ।

ਰੁੱਖਾਂ ਕਰਕੇ ਹੀ ਲੋਕੀਂ ਸਾਹ ਲੈਂਦੇ ਨੇ,
ਸੋਕਿਆਂ ਤੋਂ ਧਰਤ ਬਚਾ ਲੈਂਦੇ ਨੇ।
ਰੁੱਖ ਤੇ ਮਨੁੱਖ, ਹਵਾ, ਪਾਣੀ ਚਾਰੇ ਜਾਣੇ।


ਰੁੱਖਾਂ ਬਿਨਾਂ ਬਚ ਨਹੀਓਂ ਸਕਦਾ ਮਨੁੱਖ,
ਕੱਟ-ਕੱਟ ਜੰਗਲਾਂ ਨੂੰ ਪਾਉਂਦਾ ਰਹੁ ਦੁੱਖ।
ਪਹਾੜ ਤੇ ਮੈਦਾਨ ਇਨ੍ਹਾਂ ਕਰਕੇ ਸੁਹਾਣੇ।

ਸਾਡੇ ਪਿੰਡ ਵਿਚ ਇਕ ਬੋਹੜ ਏ ਪੁਰਾਣਾ,
ਆ ਕੇ ਦੁਪਹਿਰੇ ਥੱਲੇ ਬੈਠੇ ਲੁੰਗ-ਲਾਣਾ।
'ਰਾਏ' ਕਿੱਸੇ ਉਹਦੇ ਨਾਲ ਜੁੜੇ ਨੇ ਪੁਰਾਣੇ।
ਇਕ ਰੁੱਖ ਸੌ ਸੁੱਖ ਕਹਿੰਦੇ ਨੇ ਸਿਆਣੇ।

***-ਧਿਆਨ ਸਿੰਘ ਰਾਏ***

# ਦਫਤਰ ਦੀ ਆਤਮਾ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਦਫਤਰ ਦਾ ਬਿੰਬ ਅੱਖਾਂ ਅੱਗੇ ਆਉਂਦਿਆਂ ਹੀ ਸਰੀਰ ਵਿਚ ਝੁਣਝੁਣੀ ਜਿਹੀ ਆ ਜਾਂਦੀ ਹੈ। ਹਰ ਕੋਈ ਇਸ ਖੌਫਨਾਕ ਜਗ੍ਹਾ ਵਿਚ ਪੈਰ ਧਰਨ ਲੱਗਿਆਂ ਰੱਬ ਰੱਬ ਕਰਦਾ ਹੈ। ਪਤਾ ਹੁੰਦਾ ਹੈ, ਬਾਬੂਆਂ ਨੇ ਇਕ ਮੇਜ਼ ਤੋਂ ਦੂਜੀ ਮੇਜ਼ 'ਤੇ ਤੋਰੀ ਜਾਣਾ ਹੈ ਅਤੇ ਅੰਤ ਵਿਚ ਹੱਥ ਝਾੜਦਿਆਂ ਹੀ ਮੁੜਨਾ ਪੈਣਾ ਹੈ। ਆਮ ਲੋਕਾਂ ਦੀਆਂ ਨਜ਼ਰਾਂ ਵਿਚ ਇਥੇ ਕਲਰਕ ਫਾਈਲ ਦਬਾਈ ਰੱਖਦੇ ਹਨ ਅਤੇ ਮੀਨਮੇਖ ਕਰਦੇ ਇਸ ਨੂੰ ਅੱਗੇ ਤੁਰਨ ਨਹੀਂ ਦਿੰਦੇ। ਇਸੇ ਕਰਕੇ ਕਲਰਕ ਨੂੰ 'ਕਲਰਕ ਪਾਦਸ਼ਾਹ' ਕਿਹਾ ਜਾਂਦਾ ਹੈ। ਇਸ ਵਤੀਰੇ ਨੂੰ ਦਫਤਰਸ਼ਾਹੀ ਵੀ ਆਖਦੇ ਹਨ। ਦਫਤਰ ਵਿਚ ਜ਼ਿੰਦਗੀ ਦੇ ਕਿਸੇ ਅਹਿਮ ਪਹਿਲੂ ਦੇ ਅੰਕੜਿਆਂ ਨਾਲ ਨਿਪਟਿਆ ਜਾਂਦਾ ਹੈ। ਜਿਸ ਕਿਸੇ ਕੋਲ ਇਨ੍ਹਾਂ ਨਾਲ ਖੇਲਣ ਦਾ ਪੇਸ਼ਾ ਹੋਵੇ, ਉਹ ਜ਼ਰੂਰ ਕੋਈ ਨਾ ਕੋਈ ਅੜਿਚਣ ਡਾਹ ਕੇ ਅਵੈੜਾ ਸਵਾਦ ਲਵੇਗਾ।

ਹਿੰਦੀ ਦੇ ਵਿਅੰਗਕਾਰ, ਸ਼ਾਇਦ ਹਰੀ ਸ਼ੰਕਰ ਪਰਸਾਈ, ਦੀ ਇਕ ਰਚਨਾ ਵਿਚ ਇਕ ਕਲਰਕ ਮਰ ਜਾਂਦਾ ਹੈ ਪਰ ਉਸ ਦੀ ਆਤਮਾ ਦਾ ਪਹੁੰਚ-ਇੰਦਰਾਜ ਧਰਮ ਰਾਜ ਦੇ ਰਜਿਸਟਰ ਵਿਚ ਚੜ੍ਹਿਆ ਨਹੀਂ ਮਿਲਦਾ। ਧਰਮਰਾਜ ਯਮਾਂ ਨੂੰ ਉਸ ਦੀ ਆਤਮਾ ਢੂੰਡਣ ਲਈ ਭੇਜਦਾ ਹੈ। ਬੇਹੱਦ ਜੱਦੋਜਹਿਦ ਪਿਛੋਂ ਮ੍ਰਿਤਕ ਦੀ ਆਤਮਾ ਉਸ ਦੇ ਦਫਤਰ ਵਿਚ ਪਈ ਇਕ ਬਹੁਤ ਪੁਰਾਣੀ ਘਸੀ-ਪਿਟੀ ਫਾਈਲ ਦੇ ਸਫਿਆਂ ਨਾਲ ਚਿੰਬੜੀ ਮਿਲਦੀ ਹੈ। ਬਲਵੰਤ ਗਾਰਗੀ ਨੇ 'ਨੰਗੀ ਧੁਪ' ਵਿਚ ਪੰਜਾਬ ਯੂਨੀਵਰਸਿਟੀ ਕੈਂਪਸ ਦੇ ਐਨ ਵਿਚਕਾਰ ਪੱਸਰੇ ਹੋਏ ਪ੍ਰਸ਼ਾਸਕੀ ਦਫਤਰ ਨੂੰ ਇਕ ਹਿੱਪੋ (ਗੈਂਡੇ) ਦੇ ਨਿਆਈਂ ਦੱਸਿਆ ਹੈ। ਜ਼ਰੂਰ ਇਸ ਹਿੱਪੋ ਨੇ ਉਸ ਦੀਆਂ ਕਈ ਅਹਿਮ ਫਾਈਲਾਂ ਨੂੰ ਆਪਣੀ ਭਾਰੀ ਭਰਕਮ ਦੇਹ ਹੇਠ ਦਬਾਈ ਰੱਖਿਆ ਹੋਵੇਗਾ।

ਹਰ ਇਕ ਦਫਤਰ ਦਾ ਮਾਹੌਲ ਬੇਹੱਦ ਮਕਾਨਕੀ, ਖੁਸ਼ਕ ਅਤੇ ਬੋਰਿੰਗ ਜਿਹਾ ਪ੍ਰਤੀਤ ਹੁੰਦਾ ਹੈ। ਮੇਜ਼ਾਂ ਤੇ ਸ਼ੈਲਫਾਂ ਦੀ ਲੱਕੜੀ, ਫਾਈਲਾਂ ਦੇ ਕਾਗਜ਼, ਲੋਹੇ ਦੀਆਂ ਪਿੰਨਾਂ, ਕਲਿਪ ਅਤੇ ਹੋਰ ਕਿੰਨੀਆਂ ਚੁਭਵੀਆਂ ਚੀਜ਼ਾਂ ਬਾਬੂਆਂ ਦੇ ਦਿਮਾਗਾਂ ਵਿਚ ਵੜੀਆਂ ਹੁੰਦੀਆਂ ਹਨ। ਪਰ ਜਿਵੇਂ ਮਾਰੂਥਲ ਵਿਚ ਵੀ ਨਖਲਿਸਤਾਨ ਹੁੰਦਾ ਹੈ ਅਤੇ ਬੰਜਰ ਵਿਚ ਵੀ ਫੁੱਲ ਖਿੜਦੇ ਹਨ, ਇਸੇ ਤਰ੍ਹਾਂ ਇਸ ਕੁਲੱਕੜ ਮਾਹੌਲ ਵਿਚ ਵੀ ਰੁਮਾਂਸ ਪਲਦਾ ਰਹਿੰਦਾ ਹੈ। ਯੋ ਯੋ ਹਨੀ ਸਿੰਘ ਦਾ ਇਕ ਰੈਪ ਗੀਤ ਇਹੋ ਬਿਆਨਦਾ ਪ੍ਰਤੀਤ ਹੁੰਦਾ ਹੈ:

ਮੇਰੇ ਦਫਤਰ ਦਫਤਰ ਦਫਤਰ ਕੀ ਗਰਲ
ਕਰਤੀ ਹੈ ਇਸ਼ਾਰੇ ਅਕਸਰ
ਅਕਸਰ ਅਕਸਰ ਅਕਸਰ ਅਕਸਰ
ਬੇਬੀ ਬਸ ਕਰ ਬਸ ਕਰ
ਬੇਬੀ ਬਸ ਕਰ ਬਸ ਕਰ।

ਇਸ ਤੋਂ ਅੱਗੇ ਗੀਤ ਦੇ ਹੋਰ ਬੋਲਾਂ ਵਿਚ ਦਫਤਰ ਸ਼ਬਦ ਦੇ ਕਾਫੀਏ ਵਾਲੇ ਸ਼ਬਦ ਚੱਕਰ, ਫਸਕਰ, ਵੈਦਰ, ਪਲੈਯਰ ਆਦਿ ਹਨ। ਅੱਜ ਕਲ੍ਹ ਦੇ ਜਵਾਕ ਅਜਿਹੇ ਵਾਰਤਕਨੁਮਾ ਗੀਤ ਬੜੇ ਸ਼ੌਕ ਨਾਲ ਸੁਣਦੇ ਹਨ।... ਪੰਜਾਬੀ ਦੇ ਕਿੱਸੇ ਅਤੇ ਕਾਫੀਆਂ ਰਚਣ ਵਾਲੇ ਕਵੀਆਂ ਨੇ ਅਨੇਕਾਂ ਅਰਬੀ-ਫਾਰਸੀ ਸ਼ਬਦ ਵਰਤੇ ਹਨ। ਬੁਲ੍ਹੇ ਸ਼ਾਹ ਦੀ ਇਕ ਕਾਫੀ ਵਿਚ ਦਫਤਰ ਸ਼ਬਦ ਇਕ ਹੋਰ ਰੰਗਤ ਵਿਚ ਪੇਸ਼ ਹੋਇਆ ਹੈ,

ਬੁੱਲ੍ਹਾ ਸ਼ੌਹ ਦੇ ਚਲਨਾ ਏਂ ਤਾਂ ਚਲ,
ਕਿਹਾ ਚਿਰ ਲਾਇਆ ਈ।
ਜਿਕੋ ਧੱਕੇ ਕੀ ਕਰਨੇ,
ਜਾਂ ਵਤਨੋਂ ਦਫਤਰ ਆਇਆ ਈ।
ਵਾਚੰਦਿਆਂ ਖਤ ਅਕਲ ਗਈਉ ਈ,
ਰੋ ਰੋ ਹਾਲ ਵੰਜਾਵੇਂਗਾ।
ਹਿਜਾਬ ਕਰੇਂ ਦਰਵੇਸ਼ੀ ਕੋਲੋਂ,
ਕਦ ਤਕ ਹੁਕਮ ਚਲਾਵੇਂਗਾ।



ਚਲੋ ਕਾਗਜ਼ੀ ਦਫਤਰ ਦੀ ਦੁਨੀਆਂ ਛੱਡ ਕੇ ਦਫਤਰ ਸ਼ਬਦ ਦੀ ਦੁਨੀਆਂ ਵੱਲ ਜਾਈਏ। ਪੰਜਾਬੀ ਵਿਚ ਇਹ ਸ਼ਬਦ ਇਸਲਾਮੀ ਹਕੂਮਤ ਦੌਰਾਨ ਫਾਰਸੀ ਤੋਂ ਆਇਆ। ਫਾਰਸੀ ਕੋਸ਼ਾਂ ਵਿਚ ਦੇਖਿਆਂ ਇਸ ਸ਼ਬਦ ਦੇ ਅਰਥ ਮਿਲਦੇ ਹਨ: ਮਿਸਲਾਂ ਦਾ ਬੁਗਚਾ, ਵਹੀ ਖਾਤਾ, ਲਿਖਾਪੜ੍ਹੀ, ਚਿੱਠਾ, ਪੱਤ੍ਰਕਾ, ਮੋਟੀ ਕਿਤਾਬ, ਕਾਗਜਾਂ ਦਾ ਪੁਲੰਦਾ, ਫਰਹਿਸਤ, ਉਧਾਰ ਖਾਤਾ, ਮਹਿਕਮਾ ਆਦਿ। ਦਿਲਚਸਪ ਗੱਲ ਹੈ ਕਿ ਇਸ ਜ਼ਬਾਨ ਵਿਚ ਦਫਤਰ ਲਫਜ਼ ਪੰਜਾਬੀ ਦੀ ਤਰ੍ਹਾਂ ਕਾਰਯਾਲਾ ਦਾ ਅਰਥਾਵਾਂ ਨਹੀਂ ਹੈ ਭਾਵ ਅਜਿਹਾ ਕਮਰਾ ਜਾਂ ਇਮਾਰਤ ਜਿਥੇ ਕਿਸੇ ਵਪਾਰਕ ਜਾਂ ਉਦਯੋਗਿਕ ਸੰਗਠਨ, ਵਿਸ਼ੇਸ਼ ਮਹਿਕਮੇ ਜਾਂ ਕਿਸੇ ਪੇਸ਼ਾਵਰ ਵਿਅਕਤੀ ਦੇ ਕਾਰੋਬਾਰ ਦਾ ਹਿਸਾਬ-ਕਿਤਾਬ ਰੱਖਿਆ ਜਾਂਦਾ ਹੈ ਜਿਵੇਂ ਬੀਮਾ ਦਫਤਰ, ਸਕੂਲ ਦਾ ਦਫਤਰ, ਵਕੀਲ ਦਾ ਦਫਤਰ। ਹਾਂ, ਕਿਸੇ ਨੇ ਕਿਤਾਬਾਂ ਕਾਪੀਆਂ, ਕਾਗਜ਼-ਪੱਤਰਾਂ ਆਦਿ ਦਾ ਗਾਹ ਪਾਇਆ ਹੋਵੇ ਤਾਂ ਉਸ ਨੂੰ ਕਹਿ ਦਈਦਾ ਹੈ ਕਿ ਕਿਵੇਂ ਦਫਤਰ ਖੋਲ੍ਹਿਆ ਹੋਇਆ ਹੈ। ਅੱਗੇ ਜਾ ਕੇ ਅਸੀਂ ਦੇਖਾਂਗੇ ਕਿ ਵਾਸਤਵ ਵਿਚ ਦਫਤਰ ਸ਼ਬਦ ਪਿਛੇ ਲਿਖੇ ਹੋਏ ਕਾਰੋਬਾਰੀ ਕਾਗਜ਼ ਪੱਤਰ ਦਾ ਹੀ ਭਾਵ ਹੈ।

ਪੰਜਾਬੀ ਵਿਚ ਇਹ ਸ਼ਬਦ ਭਾਵੇਂ ਫਾਰਸੀ ਤੋਂ ਆਇਆ ਹੈ ਪਰ ਇਸ ਦੀ ਕਹਾਣੀ ਬੜੀ ਟੇਢੀ ਜਿਹੀ ਹੈ। ਭਾਸ਼ਾ-ਵਿਗਿਆਨੀ ਇਸ ਦਾ ਹੋਰ ਪਿਛਾ ਫਰੋਲਦੇ ਹੋਏ ਇਸ ਦੀਆਂ ਜੜ੍ਹਾਂ ਗਰੀਕ ਵਿਚ ਦੇਖਦੇ ਹਨ। ਇਰਾਨ ਦੇ ਇਕ ਪ੍ਰਤਿਸ਼ਠਿਤ ਇਨਸਾਈਕਲੋਪੀਡੀਆ 'ਇਰਾਨਿਕਾ' ਅਨੁਸਾਰ ਇਸ ਦਾ ਗਰੀਕ ਰੂਪ 'ਡਿਫਥੇਰਾ' ਜਿਹਾ ਹੈ ਜਿਸ ਦਾ ਅਰਥ ਹੈ 'ਕਮਾਇਆ ਹੋਇਆ ਚਮੜਾ ਜੋ ਲਿਖਣ ਦੇ ਕੰਮ ਆਉਂਦਾ ਹੈ।' ਇਸ ਲਈ ਅਸੀਂ ਚਰਮ-ਪੱਤਰ ਸ਼ਬਦ ਚਲਾਇਆ ਹੈ। ਅਜਿਹੇ ਕਿੰਨੇ ਸਾਰੇ ਚਰਮ-ਪੱਤਰਾਂ ਨੂੰ ਧਾਗਿਆਂ ਆਦਿ ਨਾਲ ਪਰੋ ਕੇ ਕਿਤਾਬ ਦੀ ਸ਼ਕਲ ਦਿੱਤੀ ਜਾਂਦੀ ਸੀ। ਭਾਵੇਂ ਗਰੀਕ ਵਿਚ ਇਸ ਦੇ ਹੋਰ ਅਰਥ ਚਮੜੇ ਦੀ ਬਣਾਈ ਕੋਈ ਚੀਜ਼ ਜਿਵੇਂ ਬਟੂਆ, ਬੈਗ, ਟੈਂਟ ਆਦਿ ਵੀ ਹਨ ਪਰ ਸਾਡੇ ਕੰਮ ਦਾ ਅਰਥ ਪਹਿਲਾ ਹੀ ਹੈ।

ਗਰੀਕ ਸ੍ਰੋਤਾਂ ਅਨੁਸਾਰ 'ਡਿਫਥੇਰਾ' ਫਾਰਸ ਦੇ ਸ਼ਾਹੀ ਪੁਰਾਲੇਖਾਂ ਲਈ ਵਰਤਿਆ ਜਾਂਦਾ ਸੀ। ਗਰੀਕ ਤੋਂ ਇਹ ਸ਼ਬਦ ਥੋੜੇ-ਬਹੁਤੇ ਉਚਾਰਣ ਦੇ ਫਰਕ ਨਾਲ ਦੁਨੀਆਂ ਦੀਆਂ ਤਮਾਮ ਹੋਰ ਭਾਸ਼ਾਵਾਂ ਵਿਚ ਗਿਆ ਜਿਵੇਂ ਪੁਰਾਣੀ ਸੀਰਿਆਈ, ਫਲਸਤੀਨੀ ਅਰਮਾਇਕ, ਹਿਬਰੂ, ਅਰਬੀ, ਜਾਰਜੀਅਨ, ਕਜ਼ਾਖ, ਮੰਗੋਲੀਅਨ, ਤੁਰਕ ਆਦਿ। ਸਾਰੀਆਂ ਭਾਸ਼ਾਵਾਂ ਵਿਚ ਅਰਥ ਲੇਖਾ-ਜੋਖਾ ਕਰਨ ਵਾਲੀ ਕਿਤਾਬ, ਵਹੀ ਖਾਤਾ ਆਦਿ ਹੀ ਹੈ। ਮਿਸਾਲ ਵਜੋਂ ਉਸਮਾਨੀ ਰਾਜ ਦੌਰਾਨ ਕਰ ਵਸੂਲੀ ਦਾ ਹਿਸਾਬ-ਕਿਤਾਬ ਰੱਖਣ ਵਾਲੇ ਰਜਿਸਟਰ ਨੂੰ ਦੈਫਤਰ ਕਿਹਾ ਜਾਂਦਾ ਸੀ। ਕਿਸੇ ਸ਼ਕਤੀਸ਼ਾਲੀ ਵਜ਼ੀਰ ਨੂੰ ਦਫਤਰਦਾਰ ਕਿਹਾ ਜਾਂਦਾ ਸੀ। ਫਾਰਸੀ ਵਿਚ ਦਫਤਰਚਾ ਦਾ ਮਤਲਬ ਕਿਤਾਬਚਾ ਅਰਥਾਤ ਛੋਟੀ ਕਿਤਾਬ ਹੈ। ਫਿਰ ਕਲਰਕ ਦੇ ਅਰਥਾਂ ਵਿਚ ਦਫਤਰਨਵੀਸ ਤੇ ਦਫਤਰ ਚਲਾਉਣ ਵਾਲੇ ਦੇ ਅਰਥਾਂ ਵਿਚ ਦਫਤਰੀ ਸ਼ਬਦਾਂ ਦਾ ਵਾਧਾ ਹੋਇਆ। ਦਫਤਰੀ ਦਾ ਕੰਮ ਕਾਗਜ਼ਾਂ ਦੀ ਝਾੜ ਪੂੰਝ ਕਰਨਾ ਅਤੇ ਲਿਫਾਫੇ ਆਦਿ ਬਣਾਉਣਾ ਵੀ ਹੁੰਦਾ ਹੈ।

ਅਰਬੀ ਅਤੇ ਫਾਰਸੀ ਵਿਚ ਕਾਰਯਾਲਾ ਦੇ ਅਰਥਾਂ ਵਿਚ ਦਫਤਰਖਾਨਾ ਸ਼ਬਦ ਚੱਲਿਆ ਜੋ ਉਰਦੂ ਵਿਚ ਤੇ ਕੁਝ ਹੱਦ ਤੱਕ ਪੰਜਾਬੀ ਵਿਚ ਵੀ ਪ੍ਰਚਲਿਤ ਹੈ। ਪਰ ਉਰਦੂ ਵਿਚ ਦਫਤਰ ਸ਼ਬਦ ਹੀ ਕਾਰਯਾਲਾ ਦੇ ਅਰਥਾਂ ਵਿਚ ਵੀ ਵਰਤਿਆ ਜਾਣ ਲੱਗਾ। ਗਰੀਕ ਦੀ ਇਕ ਪ੍ਰਾਚੀਨ ਲਿਪੀ ਵਿਚ ਇਸ ਸ਼ਬਦ ਦਾ 'ਡਿ-ਪਟੇ-ਰਾ' ਜਿਹਾ ਰੂਪ ਮਿਲਦਾ ਹੈ। ਇਸ ਤਰ੍ਹਾਂ ਇਸ ਸ਼ਬਦ ਦਾ ਮੁਢ ਪੁਰਾਣੀ ਗਰੀਕ ਹੋਣ ਕਾਰਨ ਵਿਚਾਰ ਹੈ ਕਿ ਇਹ ਅੰਤਮ ਤੌਰ 'ਤੇ ਭਾਰੋਪੀ ਮੂਲ ਦਾ ਹੋਵੇਗਾ ਪਰ ਇਸ ਦੇ ਹੋਰ ਸੁਜਾਤੀ ਸ਼ਬਦ ਨਹੀਂ ਮਿਲਦੇ। ਇਸ ਗੱਲ ਦਾ ਨਿਰਣਾ ਕਰਨਾ ਮੁਸ਼ਕਿਲ ਹੈ ਕਿ ਇਹ ਸ਼ਬਦ ਗਰੀਕ 'ਚੋਂ ਅਰਬੀ ਰਾਹੀਂ ਫਾਰਸੀ ਵਿਚ ਆਇਆ ਜਾਂ ਸਿੱਧਾ ਹੀ।

'ਇਰਾਨਿਕਾ' ਅਨੁਸਾਰ ਇਰਾਨ ਦੇ ਸਾਸਾਨੀ ਕਾਲ ਵਿਚ ਹਰ ਰੋਜ਼ ਪ੍ਰਸ਼ਾਸਨ ਦੇ ਸ਼ਾਹੀ ਫਰਮਾਨਾਂ ਨੂੰ ਇਕ ਰਜਿਸਟਰ ਵਿਚ ਦਰਜ ਕਰਕੇ ਪੁਰਾਲੇਖ ਦੇ ਤੌਰ 'ਤੇ ਸੰਭਾਲਿਆ ਜਾਂਦਾ ਸੀ। ਅਰਬਾਂ ਦੀ ਜਿੱਤ ਪਿਛੋਂ, ਖਾਸ ਤੌਰ 'ਤੇ ਦੂਜੇ ਖਲੀਫੇ ਦੇ ਕਾਲ ਦੌਰਾਨ ਅਰਬਾਂ ਨੇ ਵੀ ਦਫਤਰਾਂ ਦੀ ਇਹ ਰੀਤੀ ਅਪਨਾ ਲਈ। ਮੁੱਕਦੀ ਗੱਲ, ਜੋ ਵਰਤਾਰਾ ਇਰਾਨ ਵਿਚ ਪੈਦਾ ਹੋਇਆ ਉਸ ਲਈ ਸ਼ਬਦ ਗਰੀਕ ਵਿਚ ਘੜਿਆ ਗਿਆ ਜਿਸ ਨੂੰ ਇਰਾਨ ਦੀ ਭਾਸ਼ਾ ਫਾਰਸੀ ਸਮੇਤ ਦੁਨੀਆਂ ਦੀਆਂ ਹੋਰ ਭਾਸ਼ਾਵਾਂ ਨੇ ਵੀ ਕੁਝ ਵਿਸਤਾਰ ਦੇ ਕੇ ਅਪਨਾ ਲਿਆ।

ਪਰ ਦਫਤਰ ਦੇ ਚਮੜੇ ਦਾ ਇਕ ਹੋਰ ਵਿਸਤਾਰ ਵੀ ਹੈ। ਸਭ ਨੇ ਡੀ.ਪੀ.ਟੀ. ਦੇ ਟੀਕਿਆਂ ਬਾਰੇ ਤਾਂ ਜ਼ਰੂਰ ਸੁਣਿਆ ਹੋਵੇਗਾ। ਇਕੱਠੇ ਹੀ ਲੁਆਏ ਜਾਂਦੇ ਇਹ ਤਿੰਨ ਟੀਕੇ ਬੱਚਿਆਂ ਦੀਆਂ ਤਿੰਨ ਬੀਮਾਰੀਆਂ ਡਿਪਥੀਰੀਆ, ਕਾਲੀ ਖਾਂਸੀ, ਅਤੇ ਟੈਟਨਸ ਦੀ ਰੋਕ ਥਾਮ ਲਈ ਹੁੰਦੇ ਹਨ। ਅਸੀਂ ਗੱਲ ਡਿਪਥੀਰੀਆ (ਇਸ ਲਈ ਰੋਹਿਣੀ ਸ਼ਬਦ ਵੀ ਪ੍ਰਚਲਿਤ ਹੋਇਆ ਹੈ) ਦੀ ਕਰਨੀ ਹੈ। ਇਹ ਬੱਚਿਆਂ ਦੇ ਗਲੇ ਦਾ ਇਕ ਰੋਗ ਹੈ। ਇਸ ਬੀਮਾਰੀ ਦਾ ਇਹ ਨਾਂ ਇਸ ਲਈ ਪਿਆ ਕਿਉਂਕਿ ਇਸ ਦੇ ਮੁਖ ਲੱਛਣਾਂ ਵਿਚੋਂ ਇਕ ਹੈ ਗਲੇ ਦੀ ਝਿਲੀ ਦਾ ਸੁੱਜ ਕੇ ਕਮਾਏ ਚਮੜੇ ਵਾਂਗ ਸਖਤ ਹੋ ਜਾਣਾ। ਇਹ ਸ਼ਬਦ 'ਦਫਤਰ' ਦਾ ਮੋਢੀ ਗਰੀਕ 'ਡਿਫਥੇਰਾ' ਹੀ ਹੈ ਜਿਸ ਦਾ ਪਿਛੇ ਜ਼ਿਕਰ ਹੋਇਆ ਹੈ। ਦਿਲਚਸਪ ਗੱਲ ਹੈ ਕਿ ਅਰਬੀ ਅਤੇ ਫਾਰਸੀ ਵਿਚ ਇਸ ਬੀਮਾਰੀ ਲਈ ਇਕ ਸ਼ਬਦ 'ਦਿਫਤਰੀਆ' ਵੀ ਮਿਲਦਾ ਹੈ। ਅੱਖਰ ਅਤੇ ਚਿੱਠੀ ਦੇ ਅਰਥਾਂ ਵਾਲੇ ਅੰਗਰੇਜ਼ੀ ਸ਼ਬਦ letter ਦਾ ਵੀ ਇਸ ਨਾਲ ਸਬੰਧ ਜੋੜਿਆ ਜਾਂਦਾ ਹੈ ਕਿਉਂਕਿ ਗਰੀਕ ਡਿਫਥੇਰਾ ਵਿਚ ਉਕਰੇ ਜਾਂ ਲਿਖੇ ਹੋਏ ਸਿਲਾਲੇਖ ਦੇ ਭਾਵ ਹਨ।

# 'ਸਿੱਖਾਂ ਦੀ ਸਿਧਾਂਤਕ ਘੇਰਾਬੰਦੀ' ਬਾਰੇ

'ਪੰਜਾਬ ਟਾਈਮਜ਼' ਦੇ 23 ਅਪਰੈਲ ਦੇ ਅੰਕ ਵਿਚ ਅਜਮੇਰ ਸਿੰਘ ਦੀ ਕਿਤਾਬ 'ਸਿੱਖਾਂ ਦੀ ਸਿਧਾਂਤਕ ਘੇਰਾਬੰਦੀ' ਬਾਰੇ ਗੁਰਦੀਪ ਦੇਹਰਾਦੂਨ ਦੇ ਵਿਚਾਰ ਪੜ੍ਹੇ। ਇਸ ਤੋਂ ਪਹਿਲਾਂ ਕਿਧਰੇ ਉਨ੍ਹਾਂ ਦੀਆਂ ਗਜ਼ਲਾਂ ਪੜ੍ਹੀਆਂ ਹਨ ਜਿਨ੍ਹਾਂ ਵਿਚੋਂ ਕਈ ਸ਼ਿਅਰ ਤਾਂ ਬਹੁਤ ਪਿਆਰੇ ਅਤੇ ਠੁੱਕਦਾਰ ਹਨ। ਇਸੇ ਤਰ੍ਹਾਂ ਹੀ ਉਨ੍ਹਾਂ ਦਾ ਇਹ ਲੇਖ ਠੁੱਕਦਾਰ ਹੈ, ਕਿਤੇ ਕਿਤੇ ਭਾਵੇਂ ਕੁਝ ਮੁੱਦਿਆਂ ਬਾਰੇ ਮੇਰੀ ਅਸਹਿਮਤੀ ਵੀ ਹੈ। ਮੈਂ ਵੀ ਅਜਮੇਰ ਸਿੰਘ ਦੀ ਕਿਤਾਬ ਪੜ੍ਹੀ ਹੋਈ ਹੈ, ਬਲਕਿ ਬੜੇ ਤਰੱਦਦ ਨਾਲ ਪੜ੍ਹੀ ਹੈ। ਕਿਤਾਬ ਪੜ੍ਹਦਿਆਂ ਸੋਚ ਰਿਹਾ ਸਾਂ ਕਿ ਲੇਖਕ ਆਪਣੇ ਵਿਚਾਰਾਂ ਖਾਤਰ ਕਿਸ ਤਰ੍ਹਾਂ ਤੱਥਾਂ ਵਿਚ ਭੰਨ-ਤੋੜ ਕਰ ਰਿਹਾ ਹੈ। ਅਖੀਰ ਕਿਤਾਬ ਬਾਰੇ ਮੇਰਾ ਵਿਚਾਰ ਇਹ ਬਣਿਆ ਹੈ ਕਿ ਇਹ ਕਿਤਾਬ ਤਾਂ ਚਰਚਾ ਦੇ ਵੀ ਕਾਬਲ ਨਹੀਂ। ਹੋਰ ਬਥੇਰੀਆਂ ਚਰਚਾਵਾਂ ਕਰਨ ਵਾਲੀਆਂ ਪਈਆਂ ਹਨ। ਇਹ ਚਿੱਠੀ ਲਿਖਣ ਦਾ ਵੀ ਕੋਈ ਇਰਾਦਾ ਨਹੀਂ ਸੀ, ਪਰ ਗੁਰਦੀਪ ਦੇਹਰਾਦੂਨ ਨੇ ਲੇਖ ਦੇ ਅਖੀਰ ਵਿਚ ਜਿਹੜਾ ਤੋੜਾ ਝਾੜਿਆ ਹੈ, ਉਹ ਧਿਆਨ ਖਿੱਚਣ ਵਾਲਾ ਹੈ। ਮੁੱਦਾ ਸ੍ਰੀ ਅਕਾਲ ਤਖਤ ਉਤੇ ਹਮਲੇ ਬਾਰੇ ਹੈ। ਇਸ ਤਰ੍ਹਾਂ ਦੀਆਂ ਗੱਲਾਂ ਮੂੰਹੋਂ-ਤੂੰਹੀਂ ਬਥੇਰੀ ਵਾਰ ਸੁਣੀਆਂ ਹਨ, ਪਰ ਲਿਖਤ 'ਚ ਅਜਿਹੇ ਵਿਚਾਰ ਬਹੁਤ ਘੱਟ ਪੜ੍ਹਨ ਨੂੰ ਮਿਲੇ ਹਨ। ਪਾਠਕਾਂ ਦੀ ਸਹੂਲਤ ਲਈ ਮੈਂ ਲੇਖ ਦੀਆਂ ਇਹ ਆਖਰੀ ਸਤਰਾਂ ਇਥੇ ਦੇਣਾ ਚਾਹੁੰਦਾ ਹਾਂ। ਲਿਖਿਆ ਹੈ: 'ਅਸਲੀ ਗੱਲ ਹੈ, ਖਾੜਕੂ ਯੋਜਨਾ ਫੇਲ੍ਹ ਹੋਣ ਦੀ। ਇਹ ਯੋਜਨਾ ਸੀ, ਦਿੱਲੀ ਨੂੰ ਦਰਬਾਰ ਸਾਹਿਬ ਉਤੇ ਹਮਲਾ ਕਰਨ ਦਾ ਮੌਕਾ ਦੇਣ ਦੀ। ਇਸ ਪਿਛੋਂ ਸਿੱਖਾਂ 'ਚ ਹੋਮਲੈਂਡ ਲਈ ਹਮਾਇਤ ਪੈਦਾ ਹੋਣ ਦੀ। ਇੰਜ ਹੋਮਲੈਂਡ ਦੀ ਜਿੱਤ ਤੱਕ ਲੰਬੀ ਲੜਾਈ ਦੀ ਯੋਜਨਾ ਸੀ।'

ਲੇਖਕ ਨੇ ਇਹ ਜੋ ਅਹਿਮ ਮੁੱਦਾ ਉਭਾਰਿਆ ਹੈ, ਉਸ ਤੋਂ ਅਗਾਂਹ ਕਈ ਸਵਾਲ ਜਨਮ ਲੈਂਦੇ ਹਨ। ਹੁਣ ਤੱਕ ਬਣੀ ਧਾਰਨਾ ਮੁਤਾਬਕ ਸੰਤ ਜਰਨੈਲ ਸਿੰਘ ਦੀ ਸ਼ਹੀਦੀ ਤੇ ਸ੍ਰੀ ਅਕਾਲ ਤਖਤ ਉਤੇ ਹਮਲੇ ਨੂੰ ਰਲਗੱਡ ਕਰ ਦਿੱਤਾ ਗਿਆ ਹੈ। ਹੁਣ ਇਹ ਮੁੱਦਾ ਦੋਹਾਂ ਪਾਸਿਆਂ ਤੋਂ ਵਿਚਾਰਿਆ ਜਾ ਸਕਦਾ ਹੈ ਅਤੇ ਵਿਚਾਰਿਆ ਜਾਂਦਾ ਵੀ ਰਿਹਾ ਹੈ। ਇਕ ਤਾਂ ਇਹ ਕਿ ਸ੍ਰੀ ਅਕਾਲ ਤਖਤ ਉਤੇ ਹਮਲਾ ਕੀਤਾ ਗਿਆ। ਦੂਜਾ ਇਹ ਕਿ ਸੰਤ ਜਰਨੈਲ ਸਿੰਘ ਨੂੰ ਖਤਮ ਕਰਦਿਆਂ ਕਰਦਿਆਂ ਸ੍ਰੀ ਅਕਾਲ ਤਖਤ ਢਾਹ ਦਿੱਤਾ ਗਿਆ। ਬਿਨਾ ਸ਼ੱਕ, ਸ੍ਰੀ ਅਕਾਲ ਤਖਤ ਉਤੇ ਫੌਜ ਚੜ੍ਹਾਉਣੀ ਕਿਸੇ ਵੀ ਪੱਖ ਤੋਂ ਜਾਇਜ਼ ਨਹੀਂ ਸੀ, ਇਸ ਬਾਰੇ ਕੋਈ ਦੋ ਰਾਵਾਂ ਨਹੀਂ, ਪਰ ਮੇਰੀ ਜਾਚੇ ਸ੍ਰੀ ਅਕਾਲ ਤਖਤ ਨੂੰ ਢਾਹੁਣਾ ਅਤੇ ਸੰਤ ਜਰਨੈਲ ਸਿੰਘ ਦੀ ਸ਼ਹੀਦੀ, ਦੋ ਵੱਖਰੀਆਂ ਵੱਖਰੀਆਂ ਚੀਜ਼ਾਂ ਹਨ। ਇਨ੍ਹਾਂ ਨੂੰ ਇਕ ਥਾਂ ਮੰਨ ਕੇ ਬਹੁਤ ਗਲਤ ਨਤੀਜੇ ਨਿਕਲਦੇ ਹਨ। ਇਨ੍ਹਾਂ ਦਾ ਨਿਖੇੜਾ ਕਰ ਕੇ ਹੀ ਅਸਲ ਮੁੱਦਿਆਂ ਦੀ ਨਿਸ਼ਾਨਦੇਹੀ ਸੰਭਵ ਹੋ ਸਕਦੀ ਹੈ, ਪਰ ਇਸ ਪਾਸੇ ਕਿਸੇ ਨੇ ਸੋਚਿਆ ਨਹੀਂ। ਸੋਚਣਾ ਕੀ ਸੀ, ਸੰਤ ਦੇ ਹਮਾਇਤੀ ਉਨ੍ਹਾਂ ਖਿਲਾਫ ਇਕ ਵੀ ਸ਼ਬਦ ਸੁਣਨ ਲਈ ਤਿਆਰ ਨਹੀਂ ਸਨ, ਪਰ ਹੁਣ ਪਿਛਲੇ ਕੁਝ ਸਾਲਾਂ ਦੌਰਾਨ ਫਰਕ ਪਿਆ ਹੈ ਅਤੇ ਉਨ੍ਹਾਂ ਨੇ ਜਿਹੜੀਆਂ ਕੋਤਾਹੀਆਂ ਕੀਤੀਆਂ ਹਨ, ਉਨ੍ਹਾਂ ਬਾਰੇ ਬਹਿਸ ਹੋਣ ਲੱਗੀ ਹੈ। ਉਦੋਂ ਸੰਤ ਭਿੰਡਰਾਂਵਾਲੇ ਆਪਣੀ ਗ੍ਰਿਫਤਾਰੀ ਦੇ ਕੇ ਸ੍ਰੀ ਅਕਾਲ ਤਖਤ ਨੂੰ ਹਮਲੇ ਤੋਂ ਬਚਾ ਸਕਦੇ ਸਨ। ਪ੍ਰਸਿੱਧ ਲੇਖਕ ਜਸਵੰਤ ਸਿੰਘ ਕੰਵਲ ਨੇ ਹਮਲੇ ਤੋਂ ਐਨ ਪਹਿਲਾਂ ਉਸ ਨੂੰ ਇਸ ਬਾਰੇ ਖੁਦ ਮਿਲ ਕੇ ਆਖਿਆ ਵੀ ਸੀ, ਪਰ ਸੰਤ ਭਿੰਡਰਾਂਵਾਲਿਆਂ ਅਤੇ ਉਸ ਦੇ ਸਾਥੀਆਂ ਦਾ ਖਿਆਲ ਸ਼ਾਇਦ ਕੁਝ ਹੋਰ ਸੀ। ਉਨ੍ਹਾਂ ਨੂੰ ਲਗਦਾ ਹੋਵੇਗਾ ਕਿ ਸ੍ਰੀ ਹਰਿਮੰਦਰ ਸਾਹਿਬ ਅੰਦਰ ਫੌਜ ਵੜਨ 'ਤੇ ਲੋਕ ਟੁੱਟ ਕੇ ਪੈ ਜਾਣਗੇ; ਫੌਜਾਂ ਉਤੇ ਨਹੀਂ, ਲੱਲੀ-ਛੱਲੀ ਲੋਕਾਂ ਉਤੇ। ਇਹ ਲੱਲੀ-ਛੱਲੀ ਲੋਕ ਕੌਣ ਸਨ? ਇਹ ਲੱਲੀ-ਛੱਲੀ ਲੋਕ ਸਨ, ਸਿੱਖਾਂ ਦੇ ਗੁਆਂਢ ਵਿਚ ਵੱਸਦੇ ਹਿੰਦੂ, ਪਰ ਸਿੱਖਾਂ ਨੇ ਅਜਿਹਾ ਨਹੀਂ ਕੀਤਾ। ਸਿੱਖਾਂ ਨੇ ਬੇਕਸੂਰ ਹਿੰਦੂਆਂ ਦੀ ਕਤਲੋਗਾਰਤ ਨਹੀਂ ਕੀਤੀ ਅਤੇ ਸਿੱਖੀ ਦੀ ਲਾਜ ਰੱਖ ਲਈ। ਨਹੀਂ ਤਾਂ ਦਿੱਲੀ ਤੇ ਹੋਰ ਥਾਂਈਂ ਸਿੱਖਾਂ ਦੇ ਕਤਲੇਆਮ ਅਤੇ ਇਸ ਕਤਲੋਗਾਰਤ ਵਿਚਕਾਰ ਕੀ ਫਰਕ ਰਹਿ ਜਾਂਦਾ! ਇਹ ਸੀ ਸੰਤਾਂ ਅਤੇ ਉਨ੍ਹਾਂ ਦੇ ਸਾਥੀਆਂ ਦੀ ਯੋਜਨਾ ਜਿਸ ਵੱਲ ਇਸ਼ਾਰਾ ਗੁਰਦੀਪ ਦੇਹਰਾਦੂਨ ਨੇ ਕੀਤਾ ਹੈ।

*-ਕਸ਼ਮੀਰ ਸਿੰਘ ਬੈਦਵਾਨ*
*ਨਿਊ ਯਾਰਕ।*

# ਅਜਮੇਰ ਸਿੰਘ ਦੀ ਆਲੋਚਨਾ ਠੀਕ ਨਹੀਂ

23 ਅਪਰੈਲ ਦੇ 'ਪੰਜਾਬ ਟਾਈਮਜ਼' ਵਿਚ ਗੁਰਦੀਪ ਦੇਹਰਾਦੂਨ ਦਾ ਲੇਖ 'ਸਿੱਖਾਂ ਦੀ ਸਿਧਾਂਤਕ ਘੇਰਾਬੰਦੀ ਦੇ ਪ੍ਰਸੰਗ' ਪੜ੍ਹਿਆ। ਅਜਮੇਰ ਸਿੰਘ ਦੀਆਂ ਪੁਸਤਕਾਂ ਵਿਰੁਧ ਇਸ ਤੋਂ ਪਹਿਲਾਂ ਹੀ ਵਿਚਾਰ ਛਪਦੇ ਰਹੇ ਹਨ। ਮੇਰਾ ਤਾਂ ਇਕ ਹੀ ਵਿਚਾਰ ਹੈ ਕਿ ਜਿਹੜਾ ਵੀ ਲੇਖਕ ਅਜਮੇਰ ਸਿੰਘ ਦੇ ਵਿਚਾਰਾਂ ਦਾ ਵਿਰੋਧ ਕਰਦਾ ਹੈ, ਉਹ ਸਿੱਖ ਨਹੀਂ; ਭਾਵ ਉਸ ਦੇ ਦਿਲ ਵਿਚ ਸਿੱਖ ਧਰਮ ਵਿਚ ਕੋਈ ਸ਼ਰਧਾ ਨਹੀਂ ਅਤੇ ਸਿੱਖੀ ਵਿਚਾਰਧਾਰਾ ਵਿਚ ਉਸ ਨੂੰ ਕੋਈ ਵਿਸ਼ਵਾਸ ਨਹੀਂ।

ਦੂਸਰਾ ਕਰਾਨ ਇਹ ਵੀ ਹੋ ਸਕਦਾ ਹੈ ਕਿ ਜਿਹੜੇ ਲੋਕ ਅਜਮੇਰ ਸਿੰਘ ਦਾ ਵਿਰੋਧ ਕਰਦੇ ਹਨ, ਉਨ੍ਹਾਂ ਨੇ ਅਜਮੇਰ ਸਿੰਘ ਦੇ ਵਿਚਾਰਾਂ ਨੂੰ ਸਮਝਿਆ ਹੀ ਨਹੀਂ। ਅਜਮੇਰ ਸਿੰਘ ਦੀਆਂ ਲਿਖਤਾਂ ਦਾ ਕੇਂਦਰ ਬਿੰਦੂ ਇਹ ਹੈ ਕਿ ਸਿੱਖ ਗੁਲਾਮ ਹਨ ਅਤੇ ਅਰੰਭ ਤੋਂ ਹੀ, ਭਾਵ ਸ੍ਰੀ ਗੁਰੂ ਨਾਨਕ ਦੇਵ ਦੇ ਜੰਜੂ ਪਾਉਣ ਤੋਂ ਲੈ ਕੇ ਹੁਣ ਤੱਕ, ਸਿੱਖ ਧਰਮ ਦਾ ਵਿਰੋਧ ਹੁੰਦਾ ਆ ਰਿਹਾ ਹੈ। ਪਹਿਲਾਂ ਮੁਸਲਮਾਨਾਂ, ਤੇ ਫਿਰ ਅੰਗਰੇਜ਼ਾਂ ਅਤੇ ਹੁਣ ਦਿੱਲੀ ਦੀ ਕੇਂਦਰ ਸਰਕਾਰ ਨੇ ਅਕਹਿ ਤੇ ਅਸਹਿ ਜ਼ੁਲਮ, ਵਿਤਕਰੇ ਤੇ ਬੇਇਨਸਾਫੀ ਸਿੱਖਾਂ ਨਾਲ ਕੀਤੀ। ਅਜਮੇਰ ਸਿੰਘ ਦੇ ਦਿਲ ਵਿਚ ਇਨ੍ਹਾਂ ਵਧੀਕੀਆਂ ਦੀ ਪੀੜਾਂ ਦਾ ਅਹਿਸਾਸ ਹੈ। ਉਹ ਆਪਣੀਆਂ ਪੁਸਤਕਾਂ ਅਤੇ ਦਿਲ ਵਿਚ ਸਿੱਖਾਂ ਦਾ ਇਹ ਦਰਦ ਸਮੋਈ ਬੈਠਾ ਹੈ। ਜੇ ਕੋਈ ਮਨੁੱਖ ਸਿੱਖਾਂ ਦੀ ਇਸ ਦਸ਼ਾ ਨੂੰ ਨਹੀਂ ਸਮਝਦਾ, ਤਾਂ ਮੇਰਾ ਵਿਚਾਰ ਹੈ ਕਿ ਉਹ ਮਨੁੱਖ ਸੁਆਰਥੀ ਹੈ ਅਤੇ ਅਣਖ, ਜ਼ਮੀਰ, ਅਹਿਸਾਸ, ਭਾਵਨਾਵਾਂ, ਜਜ਼ਬਾਤ, ਹਮਦਰਦੀ ਤੇ ਦਾਇਆ ਤੋਂ ਸੱਖਣਾ ਹੈ। ਜੇ ਕੋਈ ਨਿਜੀ ਸੁਆਰਥ ਤੋਂ ਉਪਰ ਉਠ ਕੇ ਸਿੱਖਾਂ ਬਾਰੇ ਸੋਚ ਰਿਹਾ ਹੈ ਤਾਂ ਉਸ ਦੀ ਸ਼ਲਾਘਾ ਕਰਨੀ ਚਾਹੀਦੀ ਹੈ, ਵਿਰੋਧ ਨਹੀਂ। ਕੁਝ ਲੋਕ ਤਾਂ ਆਲੋਚਨਾ ਸਿਰਫ ਆਲੋਚਨਾ ਲਈ ਹੀ ਕਰਦੇ ਹਨ ਅਤੇ ਆਪਣੀ ਹਉਮੈ ਨੂੰ ਪੱਠੇ ਪਾਉਣਾ ਹੀ ਉਨ੍ਹਾਂ ਦਾ ਉਦੇਸ਼ ਹੁੰਦਾ ਹੈ। ਅਸੀਂ ਲੋਕ ਕਿੰਨੇ ਅਕ੍ਰਿਤਘਣ ਹਾਂ ਕਿ ਅਜਮੇਰ ਸਿੰਘ ਨੇ ਆਪਣਾ ਸਾਰਾ ਜੀਵਨ ਸਿੱਖ ਕੌਮ ਨੂੰ ਸਮਰਪਿਤ ਕੀਤਾ ਹੋਇਆ ਹੈ ਅਤੇ ਉਹ ਕੌਮ ਦੇ ਚੰਗੇ ਭਵਿੱਖ ਲਈ ਸੰਘਰਸ਼ ਕਰ ਰਿਹਾ ਹੈ। ਸਾਨੂੰ ਈਰਖਾ ਅਤੇ ਅਹੰਕਾਰ ਦੀ ਅੱਗ ਵਿਚ ਸੜਦੇ ਨਹੀਂ ਰਹਿਣਾ ਚਾਹੀਦਾ, ਸਗੋਂ ਦੂਜੇ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

*-ਮਾਸਟਰ ਨਿਰਮਲ ਸਿੰਘ ਲਾਲੀ*

## ਸੰਪਾਦਕ ਦੀ ਡਾਕ

# ਨਸ਼ਿਆਂ ਦੀ ਤਸਕਰੀ

'ਪੰਜਾਬ ਟਾਈਮਜ਼' ਦੇ ਅੰਕ 17 ਵਿਚ ਨਸ਼ਿਆਂ ਦੀ ਤਸਕਰੀ ਬਾਰੇ ਹਰਜਿੰਦਰ ਦੁਸਾਂਝ ਦਾ ਲੇਖ 'ਹਿੰਦ-ਪਾਕਿਸਤਾਨ ਸਰਹੱਦ ਬਨਾਮ ਨਸ਼ਿਆਂ ਦੀ ਤਸਕਰੀ' ਅੱਖਾਂ ਖੋਲ੍ਹਣ ਵਾਲਾ ਹੈ। ਪਤਾ ਲਗਦਾ ਹੈ ਕਿ ਇਹ ਕੰਮ ਮਾੜੇ-ਧੀੜਿਆਂ ਦਾ ਨਹੀਂ। ਸਿਆਸਤਦਾਨਾਂ ਅਤੇ ਸੁਰੱਖਿਆ ਬਲਾਂ ਵਿਚਕਾਰ ਬਹੁਤ ਕਾਲੀਆਂ ਭੇਡਾਂ ਹਨ ਜਿਨ੍ਹਾਂ ਕਾਰਨ ਅੱਜ ਪੰਜਾਬ ਇਸ ਹਮਲੇ ਦੀ ਮਾਰ ਹੇਠ ਹੈ।

ਸਿਤਮਜ਼ਰੀਫੀ ਹੈ ਕਿ ਪੰਜਾਬ ਦੇ ਹਾਕਮ ਸਵੀਕਾਰ ਹੀ ਨਹੀਂ ਕਰ ਰਹੇ। ਇਨ੍ਹਾਂ ਨੇ ਬੱਸ ਇਕ ਹੀ ਮੁਹਾਰਨੀ ਫੜੀ ਹੋਈ ਹੈ ਕਿ ਵਿਰੋਧੀ ਪਾਰਟੀਆਂ ਦੁਰ-ਪ੍ਰਚਾਰ ਕਰ ਰਹੀਆਂ ਹਨ। ਹੁਣ ਤਾਂ ਬਿੱਲੀ ਥੈਲੇ ਵਿਚੋਂ ਬਾਹਰ ਆ ਗਈ ਹੈ। ਨਸ਼ਿਆਂ ਦੀ ਇਸੇ ਤਸਕਰੀ ਕਾਰਨ ਪਠਾਨਕੋਟ ਵਾਲੇ ਏਅਰਬੇਸ ਉਤੇ ਹਮਲਾ ਹੋ ਚੁੱਕਾ ਹੈ, ਪਰ ਹਾਕਮ ਹਨ ਕਿ 'ਮੈਂ ਨਾ ਮਾਨੂੰ' ਵਾਲੀ ਨੀਤੀ ਉਤੇ ਹੀ ਚੱਲ ਰਹੇ ਹਨ। ਇੰਨੀ ਪੁਖਤਾ ਜਾਣਕਾਰੀ ਦੇਣ ਲਈ ਹਰਜਿੰਦਰ ਦੁਸਾਂਝ ਅਤੇ ਤੁਹਾਡੇ ਵੱਲੋਂ ਇਹ ਲੇਖ ਆਪਣੇ ਪਰਚੇ ਵਿਚ ਛਾਪਣ ਲਈ ਧੰਨਵਾਦ।

*-ਕੁਲਬੀਰ ਸਿੰਘ ਜੱਸਲ*
*ਸੈਕਰਾਮੈਂਟੋ, ਕੈਲੀਫੋਰਨੀਆ।*

To Advertise with Punjab Times
Call: 847-359-0746
punjabtimesusa.com

# ਵਾਰਿਸ ਦੀ ਹੀਰ ਦਾ ਢਾਈ ਸੈਂਕੜਾ

ਸਾਹਿਤ ਦੇ ਰੰਗ

ਇਸ ਵਰ੍ਹੇ ਅਠਾਰਵੀਂ ਸਦੀ ਵਿਚ ਵਾਰਿਸ ਸ਼ਾਹ ਦੇ ਰਚੇ ਪੰਜਾਬੀ ਦੇ ਮਹਾਂ ਕਾਵਿ 'ਹੀਰ' ਨੇ ਆਪਣੀ ਉਮਰ ਦੇ ਢਾਈ ਸੈਂਕੜੇ ਪੂਰੇ ਕਰ ਲਏ ਹਨ।

ਨਿਰਸੰਦੇਹ ਹੀਰ-ਰਾਂਝੇ ਦੇ ਇਸ਼ਕ ਦੀ ਲਾਸਾਨੀ ਲੋਕ ਗਾਥਾ 'ਤੇ ਵਾਰਿਸ ਤੋਂ ਪਹਿਲਾਂ ਤੇ ਪਿਛੋਂ ਵੀ ਕਈ ਸ਼ਾਇਰਾਂ ਨੇ ਆਪਣੀ ਕਲਮ ਅਜ਼ਮਾਈ ਹੈ। ਇਨ੍ਹਾਂ ਵਿਚ ਦਮੋਦਰ ਦਾਸ, ਮੁਕਬਲ, ਅਹਿਮਦ ਗੁਜਰ, ਮੁਕਬਾਜ਼, ਹਜ਼ੂਰਾ ਸਿੰਘ ਬੁਟਾਰੀ ਆਦਿ ਸ਼ਾਮਲ ਹਨ। ਕਈਆਂ ਨੇ ਇਸ ਨੂੰ ਮੂਲ ਕਥਾ ਵਿਚ ਮਾੜਾ-ਮੋਟਾ ਘਾਟਾ-ਵਾਧਾ ਕਰਕੇ ਤੇ ਵਾਰਿਸ ਦੇ ਉਲਟ ਬੈਂਤ ਦੀ ਥਾਂ ਹੋਰ ਛੰਦਾਂ ਵਿਚ ਲਿਖਣ ਦਾ ਵੀ ਤਜ਼ਰਬਾ ਕੀਤਾ

ਸਿੱਧੂ ਦਮਦਮੀ
ਫੋਨ: 91-94170-13869
626-400-3567 (ਅਮਰੀਕਾ)

ਪਰ ਸਮੇਂ ਦੀ ਕਸਵੱਟੀ 'ਤੇ ਪਰਖਿਆ ਸੱਚ ਇਹ ਹੈ ਕਿ ਸਦੀਆਂ ਬੀਤ ਜਾਣ ਪਿਛੋਂ ਵੀ 'ਹੀਰ' ਵਾਰਿਸ ਸ਼ਾਹ ਤੋਂ ਬਿਨਾ ਕਿਸੇ ਹੋਰ ਦੀ ਨਹੀਂ ਹੋਈ।

ਸਮੇਂ ਦੇ ਨਾਲ ਨਾਲ ਪੰਜਾਬੀ ਸਾਹਿਤ ਦੀ ਇਸ ਸਰਵੋਤਮ ਕਲਾਸੀਕਲ ਰਚਨਾ ਦਾ ਨਾ ਕੇਵਲ ਪੰਜਾਬੀ ਜਗਤ ਵਿਚ ਸਾਹਿਤਕ, ਸਮਾਜਿਕ, ਇਤਿਹਾਸਕ ਤੇ ਅਕਾਦਮਿਕ ਮਹੱਤਵ ਵੱਧਦਾ ਗਿਆ ਸਗੋਂ ਤਰਜ਼ਮੇ ਦੇ ਜ਼ਰੀਏ ਇਹ ਸੰਸਾਰ ਦੇ ਦੂਸਰੇ ਮੁਲਖਾਂ ਵਿਚ ਵੀ ਪਹੁੰਚ ਗਈ। ਹੁਣ ਤਕ ਇਸ ਸ਼ਾਹਕਾਰ ਕਿੱਸੇ ਦੇ ਅੰਗਰੇਜ਼ੀ, ਜਰਮਨ, ਫਰੈਂਚ, ਇਤਾਲਵੀ ਤੇ ਫਾਰਸੀ ਵਿਚ ਅਨੁਵਾਦ ਹੋ ਚੁਕੇ ਹਨ। ਅੰਗਰੇਜ਼ੀ ਵਿਚ ਪ੍ਰਮੁੱਖ ਪੰਜਾਬੀ ਲੇਖਕ ਸੰਤ ਸਿੰਘ ਸੇਖੋਂ ਵਲੋਂ ਕੀਤਾ ਗਿਆ ਇਸ ਦਾ 'ਦ ਲਵ ਆਫ ਹੀਰ ਐਂਡ ਰਾਂਝਾ' ਦੇ ਸਿਰਲੇਖ ਵਾਲਾ ਅਨੁਵਾਦ 1978 ਵਿਚ ਪ੍ਰਕਾਸ਼ਿਤ ਹੋਇਆ। ਚਾਰਲਸ ਫਰੈਡਰਿਕ ਉਸਬਰ ਅਤੇ ਡਾ. ਬੱਟ ਨੇ ਵੀ ਇਸ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਹੈ। ਪੀ.ਕੇ. ਕੁਲਦੀਪ ਨੇ ਇਤਾਲਵੀ ਵਿਚ, ਡੈਨ ਸਮਾਟਰਿਜ ਨੇ ਫਰਾਂਸਿਸੀ ਵਿਚ ਤੇ ਡੋਰਿਸ ਬੁੱਡਨਵਰਗ ਨੇ ਜਰਮਨ ਵਿਚ ਇਸ ਨੂੰ ਉਲਥਾਇਆ। ਇਸੇ ਲਈ ਇਸ ਮਹਾਨ ਰਚਨਾ ਨੂੰ ਕੁਝ ਅਕਾਦਮਿਕ ਹਲਕਿਆਂ ਵਿਚ ਸੰਸਾਰ ਸਾਹਿਤ ਦੀ ਕਲਾਸਿਕ ਰਚਨਾ ਮੰਨਿਆ ਜਾਂਦਾ ਹੈ ਤੇ ਵਾਰਿਸ ਨੂੰ ਪੰਜਾਬੀ ਦਾ ਸ਼ੇਕਸਪੀਅਰ। ਇਹ ਵੀ ਕਿਹਾ ਜਾਂਦਾ ਹੈ ਕਿ ਸ਼ੇਕਸਪੀਅਰ ਦੇ ਸ਼ਾਹਕਾਰ ਨਾਟਕ 'ਰੋਮੀਓ ਐਂਡ ਜੂਲੀਅਟ' ਤੇ ਵਾਰਿਸ ਦੀ 'ਹੀਰ' ਦੇ ਬਿਰਤਾਂਤ ਵਿਚ ਕਹਾਣੀ ਦੀਆਂ ਕਈ ਛੋਟੀਆਂ ਇਕੋ ਜਿਹੀਆਂ ਤੰਦਾਂ ਬਰਾਬਰ ਚਲਦੀਆਂ ਹਨ।

ਵਾਰਿਸ ਸ਼ਾਹ ਪੰਜਾਬ ਦੇ ਸਾਂਝੇ ਸਭਿਆਚਾਰ ਦਾ ਬਾਬਾ ਬੋਹੜ ਹੈ ਤੇ ਉਸ ਦੀ 'ਹੀਰ' ਪੰਜਾਬ ਦੇ ਮਿਸ਼ਰਤ ਸਮਾਜਿਕ ਵਰਤਾਰੇ ਦਾ ਇਤਿਹਾਸਕ ਦਸਤਾਵੇਜ਼। ਅਠਾਰਵੀਂ ਸਦੀ ਦੇ ਪੰਜਾਬੀ ਸਮਾਜ ਦਾ ਲਗਭਗ ਹਰ ਰੰਗ ਤੇ ਪਾਤਰ ਇਸ ਵਿਚ ਕਿਸੇ ਨਾ ਕਿਸੇ ਰੂਪ ਵਿਚ ਨਜ਼ਰ ਆਉਂਦਾ ਹੈ। ਇਕੋ ਵੇਲੇ ਸਹਿਨਸ਼ੀਲ ਤੇ ਅਣਖੀ ਰਹਿਣ ਵਾਲੇ ਪੰਜਾਬੀਆਂ ਦੀ ਗਾਥਾ ਵਾਰਿਸ ਇਸ ਤਰ੍ਹਾਂ ਦੇ ਨਾਟਕੀ ਮੋੜਾਂ ਨਾਲ ਤੇ ਗੁੰਦਵੇਂ ਰੂਪ ਵਿਚ ਬਿਆਨਦਾ ਹੈ ਕਿ ਇਹ ਪੰਜਾਬੀਅਤ ਦਾ ਬੋਲਦਾ ਹੋਇਆ ਤੇ ਦਰਸ਼ਕ/ਪਾਠਕ/ਸਰੋਤੇ ਨੂੰ ਬੰਨ੍ਹ ਕੇ ਬਿਠਾਉਣ ਵਾਲਾ ਦ੍ਰਿਸ਼ ਚਿਤਰ ਹੋ ਨਿਬੜਦੀ ਹੈ। 'ਹੀਰ' ਪੰਜਾਬੀ ਬੋਲੀ ਦੀ ਤਾਕਤ, ਪੰਜਾਬੀ ਮੁਆਸ਼ਰੇ ਦੀ ਸਰਬਾਂਗਤਾ, ਗੱਲ ਪੁਗਾਉਣ ਲਈ ਮਰ ਮਿੱਟਣ ਵਾਲੇ ਪੰਜਾਬੀ ਬੰਦੇ ਦੇ ਖਾਸੇ ਨੂੰ ਏਨੀ ਭਰਪੂਰਤਾ ਨਾਲ ਰੇਖਾਂਕਿਤ ਕਰਦੀ ਹੈ ਕਿ ਇਹ ਇਕ ਮਹਾਂ ਕਾਵਿ ਤੋਂ ਵੱਧ ਕੇ ਅਠਾਰਵੀਂ ਸਦੀ ਦੇ ਪੰਜਾਬ ਦਾ ਮਹਾਂਕੋਸ਼ ਬਣ ਜਾਂਦੀ ਹੈ। ਇਹ ਵੀ ਸੱਚ ਹੈ ਕਿ ਸਦੀਆਂ ਪਿਛੋਂ ਵੀ 'ਹੀਰ' ਪੰਜਾਬੀਆਂ ਲਈ ਅਜਿਹਾ ਲੋਕ ਗ੍ਰੰਥ ਹੈ ਜਿਸ ਦੇ ਬੰਦ, ਸਤਰਾਂ ਤੇ ਟੋਟਿਆਂ ਦੇ ਹਵਾਲੇ ਉਹ ਹੁਣ ਵੀ ਸਭ ਤੋਂ ਵੱਧ ਦਿੰਦੇ ਹਨ।

ਕਹਾਣੀ ਕਹਿਣ ਦੇ ਢੰਗ ਦੀ ਮੌਲਿਕਤਾ, ਛੰਦ ਦੀ ਤਾਕਤ/ਰਵਾਨਗੀ ਤੇ ਕਲਾਤਮਿਕ ਪਾਤਰ ਉਸਾਰੀ ਕਾਰਨ ਦੁਨੀਆਂ ਭਰ ਵਿਚ ਹੀਰ ਮੌਖਿਕ



ਵਾਰਿਸ ਸ਼ਾਹ

ਕਵਿਤਾ ਦੇ ਅਤਿ ਉੱਤਮ ਨਮੂਨਿਆਂ ਵਿਚੋਂ ਇਕ ਹੋ ਨਿਬੜੀ ਹੈ। ਇਹੀ ਕਾਰਨ ਹੈ ਕਿ ਲਿਖਤੀ ਰੂਪ ਪ੍ਰਚਲਿਤ ਹੋਣ ਤੋਂ ਪਹਿਲਾਂ ਲੰਬਾ ਚਿਰ ਇਹ ਕਿੱਸਾ ਮੌਖਿਕ ਰੂਪ ਵਿਚ ਹੀ ਸੀਨਾ-ਬ-ਸੀਨਾ ਚਲਦਾ ਰਿਹਾ। ਲਹਿੰਦੇ ਪੰਜਾਬ ਵਿਚ ਹਾਲੀ ਵੀ ਪੂਰੀ ਦੀ ਪੂਰੀ ਹੀਰ ਜ਼ੁਬਾਨੀ ਯਾਦ ਕਰਨ ਦਾ ਰਿਵਾਜ਼ ਹੈ।


ਸਮੇਂ ਦੇ ਬੀਤਣ ਨਾਲ ਪੰਜਾਬੀ ਸਮਾਜ ਵਿਚ 'ਹੀਰ' ਸ਼ਬਦ ਇਕ ਅਜਿਹਾ ਰੂਪਕ ਬਣ ਚੁਕਾ ਹੈ ਜਿਸ ਦੇ ਕਲਾਵੇ ਵਿਚ ਨਾ ਸਿਰਫ ਆਪਣੀ ਮਰਜ਼ੀ ਦੇ ਸਾਥੀ ਨਾਲ ਜ਼ਿੰਦਗੀ ਜਿਊਣ ਲਈ ਜੂਝਦੀ ਔਰਤ ਦਾ ਪ੍ਰਤੀਬਿੰਬ ਆਉਂਦਾ ਹੈ ਸਗੋਂ ਮਨੁੱਖੀ ਅਜ਼ਾਦੀ ਲਈ ਜੂਝਦੀ ਪੰਜਾਬੀ ਔਰਤ ਦੀ ਪਛਾਣ ਦਾ ਲਗਭਗ ਹਰ ਕੋਣ ਆ ਧਮਕਦਾ ਹੈ। ਉਂਜ ਇਹ ਵੀ ਸੱਚ ਹੈ ਕਿ ਹਾਲੀ ਵੀ ਬਹੁਤੇ ਪੰਜਾਬੀ ਮਾਪੇ ਆਪਣੀਆਂ ਧੀਆਂ ਦੇ ਨਾਂ 'ਹੀਰ' ਰੱਖਣ ਦਾ ਹੀਆ ਨਹੀਂ ਕਰਦੇ। ਹਾਲੀ ਵੀ ਅੱਜ ਦੀਆਂ ਕਈ ਹੀਰਾਂ ਨੂੰ ਮਾਪਿਆਂ ਦੀ ਅਖੌਤੀ ਅਣਖ ਦੀ ਖਾਤਰ ਆਪਣੀ ਜਾਨ ਦੇਣੀ ਪੈ ਰਹੀ ਹੈ।

ਵਾਰਿਸ ਸ਼ਾਹ ਤੇ ਬੁਲ੍ਹੇ ਸ਼ਾਹ ਦਾ ਗੁਰੂ ਸਾਂਝਾ ਸੀ। ਉਹ ਦੋਵੇਂ ਕਸੂਰ ਦੇ ਹਾਫਿਜ਼ ਗੁਲਾਮ ਮੁਰਤਜ਼ਾ ਦੇ ਸ਼ਾਗਿਰਦ ਸਨ ਤੇ ਸੂਫੀ ਪਰੰਪਰਾ ਦੇ ਸੱਯਦ ਮੁਹੰਮਦ ਅਲ-ਮੱਕੀ ਦੇ ਪੈਰੋਕਾਰ। ਜੰਡਿਆਲਾ ਸ਼ੇਰ ਖਾਨ ਵਿਚ ਪੈਦਾ ਹੋਏ ਵਾਰਿਸ ਸ਼ਾਹ ਦੇ ਮਾਪੇ ਬਚਪਨ ਵਿਚ ਹੀ ਫੌਤ ਹੋ ਗਏ ਸਨ। ਸਿਖਿਆ ਹਾਸਲ ਕਰਨ ਪਿਛੋਂ ਵਾਰਿਸ ਪਾਕਪਟਨ ਨੇੜਲੇ ਪਿੰਡ ਮਲਕਾ ਹਾਂਸ ਚਲਿਆ ਗਿਆ ਜਿਥੇ ਮਸਜਿਦ ਨੇੜਲੇ ਇਕ ਛੋਟੇ ਜਿਹੇ ਕਮਰੇ 'ਚ ਰਹਿੰਦਿਆਂ ਉਸ ਨੇ ਹੀਰ ਦੇ ਕਿੱਸੇ ਦੀ ਰਚਨਾ ਕੀਤੀ। ਆਪਣੇ ਅੰਤ ਤਕ ਉਸ ਨੇ ਏਥੇ ਹੀ ਕਿਆਮ ਕੀਤਾ।

ਵਾਰਿਸ ਨੂੰ ਪੰਜਾਬੀ ਲੋਕਯਾਨ ਤੇ ਸੂਫੀ ਮੱਤ ਦਾ ਗੂੜ੍ਹਾ ਗਿਆਨ ਸੀ। ਇਸੇ ਲਈ ਲੋਕ ਗਾਥਾ ਦੇ ਮੁੱਢ ਵਿਚ ਹੀ ਹੀਰ-ਰਾਂਝੇ ਦੀ ਕਹਾਣੀ ਨੂੰ 'ਰੂਹ ਤੇ ਕਲਬੂਤ ਦਾ ਝਗੜਾ' ਕਹਿ ਕੇ ਉਹ ਬਿਰਤਾਂਤ ਦੇ ਹੀਰ-ਰਾਂਝੇ ਦੇ ਸਬੰਧਾਂ ਵਾਲੇ ਮੁੱਖ ਪਾਠ ਨੂੰ ਇਸ਼ਕ ਮਜਾਜ਼ੀ ਦੀ ਕਹਾਣੀ ਵਜੋਂ ਤੇ ਉਪ-ਪਾਠ ਨੂੰ ਰੂਹ ਤੇ ਕਲਬੂਤ ਦੇ ਇਸ਼ਕ ਹਕੀਕੀ ਦੀ ਕਹਾਣੀ ਵਜੋਂ ਸਥਾਪਤ ਕਰਦਾ ਹੈ। ਪਰ ਕਈਆਂ ਦਾ ਮੰਨਣਾ ਹੈ ਕਿ ਵਾਰਿਸ ਦੀ ਹੀਰ ਦੀ ਰਚਨਾ ਮਲਕਾ ਹਾਂਸ ਦੀ ਭਾਗਭਰੀ ਨਾਲ ਉਸ ਦੇ ਆਪਣੇ ਅੱਧਵਾਟੇ ਰਹਿ ਗਏ ਪਿਆਰ ਦੀ ਪੀੜ 'ਚੋਂ ਜਨਮੀ ਹੈ। (ਗੁਰਦਾਸ ਮਾਨ ਦੀ ਫਿਲਮ 'ਵਾਰਿਸ ਸ਼ਾਹ-ਇਸ਼ਕ ਦਾ ਵਾਰਿਸ' ਇਸੇ ਨੁਕਤੇ 'ਤੇ ਉਸਾਰੀ ਗਈ ਹੈ।) ਖੈਰ, ਵਾਰਿਸ ਦੀ ਪੀੜ ਚਾਹੇ ਇਸ਼ਕ ਮਜਾਜ਼ੀ ਦੀ ਸੀ ਜਾਂ ਇਸ਼ਕ ਹਕੀਕੀ ਦੀ, ਸੀ ਬੜੀ ਮੁਬਾਰਕ ਤੇ ਜ਼ਰਖੇਜ਼ ਜਿਸ ਨੇ ਪੰਜਾਬੀ ਦੀ ਝੋਲੀ ਵਿਚ ਇਹ ਲਾਸਾਨੀ ਸ਼ਾਹਕਾਰ ਪਾਇਆ।

ਕਿਹਾ ਜਾਂਦਾ ਹੈ ਕਿ ਜਦੋਂ ਹੀਰ ਲਿਖ ਕੇ ਵਾਰਿਸ ਆਪਣੇ ਉਸਤਾਦ ਹਾਫਿਜ਼ ਗੁਲਾਮ ਮੁਰਤਜ਼ਾ ਕੋਲ ਲੈ ਕੇ ਗਿਆ ਤਾਂ ਉਸ ਨੇ ਪਹਿਲਾਂ ਤਾਂ ਸੁਣਨੋਂ ਹੀ ਇਨਕਾਰ ਕਰ ਦਿੱਤਾ ਪਰ ਜਦ ਸੁਣੀ ਤਾਂ ਉਸ ਨੇ ਵਾਰਿਸ ਨੂੰ ਕਿਹਾ 'ਤੂੰ ਤਾਂ ਕੀਮਤੀ ਹੀਰੇ-ਜਵਾਹਰ ਬੇੜ ਵਿਚ ਪਰੋ ਦਿੱਤੇ ਹਨ।' ਨਿਰਸੰਦੇਹ ਆਪਣੇ ਗੁਰੂ ਵਲੋਂ ਥੁੰਡੀ ਪਾ ਕੇ ਦਿੱਤੀ ਸ਼ਾਬਾਸ਼ ਵਾਰਿਸ ਲਈ ਰੂਹਾਨੀ ਥਾਪੜਾ ਸੀ। ਜੋ ਹੁਣ ਸਦੀਆਂ ਬੀਤ ਜਾਣ ਪਿਛੋਂ ਪੰਜਾਬੀਆਂ ਲਈ ਵਰਦਾਨ ਸਾਬਤ ਹੋ ਰਹੀ ਹੈ।

ਹੁਣ ਦੇਖਣਾ ਇਹ ਹੈ ਕਿ ਪੰਜਾਬੀ ਆਪਣੀ ਇਸ ਧਰੋਹਰ ਦੇ ਢਾਈ ਸੈਂਕੜੇ ਮੁਕੰਮਲ ਹੋਣ ਨੂੰ ਕਿਵੇਂ ਮਨਾਉਂਦੇ ਹਨ। ਰੂਸ ਵਿਚ ਪਿਛਲੇ ਵਰ੍ਹੇ ਨੂੰ ਸਾਹਿਤ ਦੇ ਵਰ੍ਹੇ ਵਜੋਂ ਮਨਾਇਆ ਗਿਆ ਸੀ। ਇਸ ਉਤਸਵ ਦਾ ਦਸੰਬਰ ਦਾ ਦੂਜਾ ਹਫਤਾ ਲਿਓ ਤਾਲਸਤਾਏ ਦੇ ਮਹਾਂ ਨਾਵਲ 'ਜੰਗ ਤੇ ਅਮਨ' ਉਤੇ ਕੇਂਦਰਿਤ ਸੀ। ਇਸ ਸਮੇਂ ਦੌਰਾਨ 60 ਘੰਟੇ ਲਗਾਤਾਰ ਦੇਸ਼-ਵਿਦੇਸ਼ ਵਿਚ ਵੱਖੋ-ਵੱਖ ਥਾਂਵਾਂ 'ਤੇ ਰੇਡੀਓ, ਟੀ.ਵੀ, ਇੰਟਰਨੈਟ 'ਤੇ ਨਾਵਲ ਦਾ ਪਾਠ ਕੀਤਾ ਗਿਆ। ਜਿਨ੍ਹਾਂ ਥਾਂਵਾਂ 'ਤੇ ਨਾਵਲ ਦਾ ਪਾਠ ਕੀਤਾ ਗਿਆ, ਉਨ੍ਹਾਂ ਵਿਚ ਤਾਲਸਤਾਏ ਦੀ ਮਿਲਖ ਯਾਸਨਾਯਾ ਪਾਲੀਆਨਾ ਵੀ ਸ਼ਾਮਲ ਸੀ ਜਿਥੇ ਉਸ ਨੇ ਇਸ ਨਾਵਲ ਦਾ ਵੱਡਾ ਭਾਗ ਰਚਿਆ ਸੀ। ਇਸੇ ਦਿਨ ਲੰਡਨ ਵਿਚ ਨਾਵਲ ਦਾ ਪਾਠ ਪਾਰਲੀਮੈਂਟ ਦੇ ਸਾਹਮਣੇ ਕੀਤਾ ਗਿਆ। ਇੰਜ ਤਾਲਸਤਾਏ ਦੇ ਲੱਖਾਂ-ਕਰੋੜਾਂ ਪਾਠਕ ਇਕੋ ਵੇਲੇ ਉਸ ਦੀ ਰਚਨਾ ਦੇ ਪਾਠ ਰਾਹੀਂ ਉਸ ਨੂੰ ਯਾਦ ਕਰਨ ਦਾ ਮੋਜਿਜ਼ਾ ਕਰ ਰਹੇ ਸਨ। ਕੀ ਵਾਰਿਸ ਸ਼ਾਹ ਤੇ ਉਸ ਦੇ ਸ਼ਾਹਕਾਰ ਨੂੰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਵਾਸੀ ਰੂਸੀਆਂ ਵਾਂਗ ਯਾਦ ਨਹੀਂ ਕਰ ਸਕਦੇ? ਕੀ ਇਸ ਮੌਕੇ ਨੂੰ ਪਿੰਡਾਂ-ਕਸਬਿਆਂ ਵਿਚ ਹੀਰ ਦੀ ਗਾਇਕੀ ਦੇ ਮੁਕਾਬਲਿਆਂ, ਹੀਰ ਦੇ ਸ਼ਬਦਾਂ 'ਤੇ ਆਧਾਰਤ ਕੁਇਜ਼ ਪ੍ਰੋਗਰਾਮਾਂ, ਸੈਮੀਨਾਰਾਂ ਆਦਿ ਰਾਹੀਂ ਇਕ ਹਫਤਾ ਨਾ ਸਹੀ ਇਕ ਦਿਨ ਹੀ ਸਹੀ, ਅਕੀਦਤ ਵਜੋਂ ਵਾਰਿਸ ਸ਼ਾਹ ਤੇ ਉਸ ਦੀ ਰਚਨਾ 'ਤੇ ਅਸੀਂ ਫੋਕਸ ਨਹੀਂ ਹੋ ਸਕਦੇ? ਜਿਵੇਂ ਅਮਰਜੀਤ ਚੰਦਨ ਨੇ ਮੰਗ ਕੀਤੀ ਹੈ ਕੀ ਵਾਰਿਸ ਸ਼ਾਹ ਦੇ ਪਾਕਿਸਤਾਨ ਵਿਚਲੇ ਰਚਨਾ ਸਥਾਨ ਮਲਕਾ ਹਾਂਸ ਵਿਚਲੇ ਉਸ ਦੇ ਮਜ਼ਾਰ 'ਤੇ ਦੋਵਾਂ ਪੰਜਾਬਾਂ ਦਾ ਸਾਂਝਾ ਮੇਲਾ ਨਹੀਂ ਜੁੜ ਸਕਦਾ?




*ਹੀਰ ਵਾਰਿਸ 'ਤੇ ਸਾਲ 1928 ਵਿਚ ਪਹਿਲੀ ਫਿਲਮ ਬਣੀ ਤੇ ਫਿਰ ਇਹ ਸਿਲਸਿਲਾ ਲਗਾਤਾਰ ਜਾਰੀ ਰਿਹਾ। ਇਨ੍ਹਾਂ ਫਿਲਮਾਂ ਵਿਚ ਪੁਰਾਣੇ ਤੇ ਹੁਣ ਦੇ ਦੌਰ ਦੀਆਂ ਚੋਟੀ ਦੀਆਂ ਅਭਿਨੇਤਰੀਆਂ ਨੇ ਹੀਰ ਦਾ ਰੋਲ ਨਿਭਾਇਆ ਜਿਨ੍ਹਾਂ ਵਿਚ ਜ਼ੁਬੈਦਾ, ਅਨਵਰ ਬਾਈ, ਸਵਰਨ ਲਤਾ, ਬਹਾਰ ਬੇਗਮ, ਫਿਰਦੌਸ, ਪ੍ਰੀਆ ਰਾਜਵੰਸ਼ ਤੇ ਨੀਰੂ ਬਾਜਵਾ ਸ਼ਾਮਲ ਹਨ।...ਵਾਰਿਸ ਸ਼ਾਹ 'ਤੇ ਹੁਣ ਤਕ ਦੋ ਫਿਲਮਾਂ ਬਣੀਆਂ ਹਨ, ਪਹਿਲੀ ਲਹਿੰਦੇ ਪੰਜਾਬ ਵਿਚ 1964 ਵਿਚ- ਵਾਰਿਸ ਸ਼ਾਹ। ਇਸ ਵਿਚ ਵਾਰਿਸ ਦਾ ਕਿਰਦਾਰ ਇਨਾਇਤ ਹੁਸੈਨ ਭੱਟੀ ਨੇ ਨਿਭਾਇਆ। ਦੂਸਰੀ 2006 ਵਿਚ ਚੜ੍ਹਦੇ ਪੰਜਾਬ ਵਿਚ ਬਣੀ 'ਵਾਰਿਸ ਸ਼ਾਹ-ਇਸ਼ਕ ਦਾ ਵਾਰਿਸ' ਜਿਸ ਵਿਚ ਵਾਰਿਸ ਦਾ ਰੋਲ ਗੁਰਦਾਸ ਮਾਨ ਨੇ ਕੀਤਾ।*

# ਦੋਹਾਂ ਪੰਜਾਬਾਂ ਵਿਚ ਕਿੱਸਿਆਂ ਦੀ ਸਾਂਝ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਅਪਰੈਲ ਮਹੀਨੇ ਚੰਡੀਗੜ੍ਹ ਵਿਖੇ ਮੀਆਂ ਵਾਰਿਸ ਸ਼ਾਹ ਦੀ ਦਰਗਾਹ ਦੇ ਪੀਰ ਖਾਦਮ ਹੁਸੈਨ ਵਾਰਸੀ ਦੀ ਆਮਦ ਨੇ ਅਣਵੰਡੇ ਪੰਜਾਬ ਵਿਚ ਕਿੱਸਾ ਸਾਹਿਤ ਦੀ ਦੇਣ ਚੇਤੇ ਕਰਵਾ ਦਿੱਤੀ। ਵਾਰਸੀ ਦਾ ਕੱਦ ਸਾਢੇ ਛੇ ਫੁੱਟ ਹੈ ਤੇ ਆਵਾਜ਼ ਅੰਬਰਾਂ ਨੂੰ ਟਾਕੀਆਂ ਲਾਉਣ ਵਾਲੀ। ਉਹ ਢਾਈ ਫੁੱਟ ਲੰਮੇ ਲੜ ਵਾਲੀ ਗੁਲਾਬੀ ਜੋਗੀਆ ਪਗੜੀ ਬੰਨ੍ਹ ਕੇ ਆਉਂਦਾ ਹੈ ਤਾਂ ਹਾਲ ਕਮਰੇ ਦੀਆਂ ਕੰਧਾਂ ਤੇ ਛੱਤਾਂ ਆਪਣੇ ਕੱਦ ਨਾਲੋਂ ਛੋਟੀਆਂ ਹੋ ਜਾਂਦੀਆਂ ਹਨ। ਜਦੋਂ ਹੀਰ ਦੀ ਸਿਫਤ ਵਿਚ

ਗਰਦਨ ਕੂੰਜ ਦੀ ਉਂਗਲੀਆਂ ਰਵ੍ਹਾਂ ਫਲੀਆਂ
ਹੱਥ ਕੂਲੜੇ ਬਰਗ ਚਨਾਰ ਵਿਚੋਂ।
ਸ਼ਾਹ-ਪਰੀ ਦੀ ਲਟਕ ਪੰਜ ਫੂਲ ਰਾਣੀ
ਗੁੱਝੀ ਰਹੇ ਨਾ ਹੀਰ ਹਜ਼ਾਰ ਵਿਚੋਂ।

ਗਾਉਂਦਾ ਹੈ ਤਾਂ ਸਾਰਾ ਮਾਹੌਲ ਖ਼ੁਸ਼ਗਵਾਰ ਹੋ ਜਾਂਦਾ ਹੈ। ਆਪਣੀ ਹੀਰ ਵਿਚ ਵਾਰਿਸ ਸ਼ਾਹ ਆਪਣੇ ਸਮੇਂ ਦੇ ਪੰਜਾਬ ਦੀ ਰਹਿਤਲ, ਪੌਣ-ਪਾਣੀ ਤੇ ਸਭਿਆਚਾਰ ਦਾ ਵੀ ਭਰਪੂਰ ਚਿਤਰਨ ਕਰਦਾ ਹੈ,

ਚਿੜੀ ਚੂਕਦੀ ਨਾਲ ਜਾਂ ਤੁਰੇ ਪਾਂਧੀ
ਪਈਆਂ ਦੁੱਧ ਦੇ ਵਿਚ ਮਧਾਣੀਆਂ ਨੇ।
ਉਠ ਗੁਸਲ ਦੇ ਵਾਸਤੇ ਆਣ ਪਹੁੰਚੇ
ਸੇਜਾਂ ਜਿਨ੍ਹਾਂ ਨੇ ਰਾਤ ਨੂੰ ਮਾਣੀਆਂ ਨੇ।

---

ਜੇਠ ਮੀਂਹ ਤੇ ਸਿਆਲ ਵਿਚ ਵਾਓ ਮੰਦੀ
ਕੱਤਕ ਮਾਘ ਵਿਚ ਮਨ੍ਹਾਂ ਹਨੇਰੀਆਂ ਨੇ।
ਭਲੇ ਨਾਲ ਭਲਿਆਈ ਤੇ ਬਦੀ ਬੁਰਿਆਂ
ਯਾਦ ਰੱਖ ਨਸੀਹਤਾਂ ਮੇਰੀਆਂ ਨੇ।

ਮੈਂ ਵਾਰਿਸ ਦੀ ਹੀਰ ਦੀਆਂ ਕਈ ਬੈਂਤਾਂ ਆਸਾ ਸਿੰਘ ਮਸਤਾਨਾ ਤੋਂ ਵੀ ਸੁਣੀਆਂ ਹਨ ਪਰ ਵਾਰਸੀ ਦਾ ਕੋਈ ਜਵਾਬ ਨਹੀਂ। ਉਹ ਫਰਮਾਇਸ਼ ਉਤੇ ਬਾਬਾ ਸ਼ੇਖ ਫਰੀਦ ਦੇ ਸ਼ਲੋਕ ਅਤੇ ਸ਼ਾਹ ਹੁਸੈਨ ਤੇ ਸੁਲਤਾਨ ਬਾਹੂ ਦੀਆਂ ਕਾਫੀਆਂ ਵੀ ਪੇਸ਼ ਕਰਦਾ ਨਹੀਂ ਥੱਕਦਾ। ਉਸ ਨੂੰ ਆਪਣੀ ਪੇਸ਼ਕਾਰੀ ਅਤੇ ਵਾਰਿਸ ਦੀ ਦਰਗਾਹ ਉਤੇ ਮਾਣ ਤੇ ਵਿਸ਼ਵਾਸ ਹੈ।

ਵਾਰਸੀ ਨੂੰ ਸੁਣੀਏ ਤਾਂ ਪੰਜਾਬੀ ਦੇ ਅਨੇਕਾਂ ਕਿੱਸਿਆਂ ਦੇ ਬੋਲ ਚੇਤੇ ਆ ਜਾਂਦੇ ਹਨ। ਪੂਰਨ ਭਗਤ, ਜ਼ਿੰਦਗੀ ਵਿਲਾਸ, ਬਾਬਾ ਬੰਦਾ ਬਹਾਦਰ, ਚਾਰੇ ਸਾਹਿਬਜ਼ਾਦੇ, ਬਿਧੀ ਚੰਦ ਦੇ ਘੋੜੇ, ਯੂਸਫ ਜ਼ੁਲੈਖਾਂ, ਰੂਪ ਬਸੰਤ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ, ਜਿਊਣਾ ਮੌੜ, ਜਾਨੀ ਚੋਰ ਤੇ ਪਤਾ ਨਹੀਂ ਕੀ ਕੁਝ। ਵੱਡੀ ਗੱਲ ਇਹ ਕਿ ਸਾਰੇ ਕਿੱਸੇ ਸਾਡੀ ਤਰਜ਼-ਏ-ਜ਼ਿੰਦਗੀ ਦੇ ਗਵਾਹ ਤੇ ਸਾਡੇ ਮਾਰਗ ਦਰਸ਼ਕ ਵੀ ਹਨ, ਦੋਹਾਂ ਪਾਸਿਆਂ ਦੇ ਪੰਜਾਬ ਦੇ।

ਉਸਤਾਦ ਖਾਦਮ ਹੁਸੈਨ ਵਾਰਸੀ ਵਾਰਿਸ ਸ਼ਾਹ ਦੀ ਦਰਗਾਹ ਉਤੇ ਹਰ ਸਾਲ ਸਤੰਬਰ ਮਹੀਨੇ ਦੇ ਅਖੀਰ ਵਿਚ ਵਾਰਿਸ ਦੀ ਯਾਦ ਵਿਚ ਬਹੁਤ ਵੱਡਾ ਇਕੱਠ ਕਰਦਾ ਹੈ। ਏਸ ਵਾਰੀ ਦਾ ਸੱਦਾ ਤਾਂ ਮੈਨੂੰ ਵੀ ਮਿਲਿਆ ਹੈ। ਦੇਖੋ ਕੀ ਬਣਦਾ ਹੈ! ਮੈਨੂੰ ਵੱਡਾ ਲਾਲਚ ਇਹ ਵੀ ਹੈ ਕਿ ਮੈਂ ਅਜਿਹੇ ਜਸ਼ਨਾਂ ਰਾਹੀਂ ਭਾਰਤ-ਪਾਕਿ ਸਾਂਝ ਨੂੰ ਸਦੀਵੀ ਹੁੰਦਾ ਦੇਖਣ ਦਾ ਇੱਛੁਕ ਹਾਂ।

ਪਾਕਿਸਤਾਨ ਦੇ ਫਿਲਮੀ ਗੀਤਾਂ ਦਾ ਸੱਚ: ਸਾਂਝੇ ਪੰਜਾਬ ਦੇ ਲੋਕ ਗੀਤਾਂ ਵਿਚ ਬੜਾ ਦਮ ਸੀ ਤੇ ਹਾਲੀ ਵੀ ਹੈ,

ਘੁੰਡ ਕੱਢ ਲੈ ਪੱਤਣ 'ਤੇ ਖੜੀਏ
ਪਾਣੀਆਂ ਨੂੰ ਅੱਗ ਲੱਗ ਜੂ।
ਮੁੰਡਾ ਜੰਮੂਗਾ ਦਹੀਂ ਦੀ ਫੁੱਟ ਵਰਗਾ
ਕੱਚਾ ਦੁੱਧ ਪੀਣ ਵਾਲੀਏ।

ਦੇਵਿੰਦਰ ਸਤਿਆਰਥੀ ਤੇ ਐਮ. ਐਸ. ਰੰਧਾਵਾ ਤੋਂ ਬਿਨਾਂ ਇਨ੍ਹਾਂ ਦੀ ਸਾਂਭ-ਸੰਭਾਲ ਦਾ ਕੰਮ ਬਹੁਤ ਘੱਟ ਹੋਇਆ ਹੈ। ਸਮਸ਼ੇਰ ਸੰਧੂ ਨੇ 'ਉਚਾ ਬੁਰਜ ਲਾਹੌਰ ਦਾ' (1978) ਤੇ 'ਤਾਂਗੇ ਵਾਲਾ ਖੈਰ ਮੰਗਦਾ' (1982) ਅਤੇ 'ਜਨਾਬ ਅਖ਼ਲਾਕ ਆਤਿਫ' (ਗੀਤਾਂ ਦੀ ਗੂੰਜ) ਰਚ ਕੇ ਚੰਗਾ ਹੰਭਲਾ ਮਾਰਿਆ ਹੈ ਪਰ ਇਹ ਵਧੇਰੇ ਕਰਕੇ ਫਿਲਮੀ ਗੀਤਾਂ ਉਤੇ ਹੀ ਕੇਂਦਰਤ ਹੈ। ਰਾਜਵੰਤ ਕੌਰ ਪੰਜਾਬੀ ਨੇ ਪਾਕਿਸਤਾਨੀ ਪੰਜਾਬੀ ਫਿਲਮੀ ਗੀਤਾਂ ਦਾ ਵੇਰਵਾ ਦਿੰਦੀ ਆਤਿਫ ਦੀ ਪੁਸਤਕ ਦਾ ਲਿਪੀਅੰਤਰ ਕਰਕੇ ਉਧਰਲੇ ਪੰਜਾਬ ਦੀ ਸੋਚ ਤੇ ਦ੍ਰਿਸ਼ਟੀਕੋਣ ਸਾਡੇ ਸਾਹਮਣੇ ਲਿਆਂਦਾ ਹੈ। ਇਹ ਰਚਨਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਤ ਕੀਤੀ ਹੈ। ਇਹ ਦੱਸਦੀ ਹੈ ਕਿ ਦੋ ਦਹਾਕੇ ਪਹਿਲਾਂ 'ਦਮਾ ਦਮ ਮਸਤ ਕਲੰਦਰ' ਅਤੇ 'ਬੋਲ ਮਿੱਟੀ ਦਿਆ ਬਾਵਿਆ' ਆਦਿ ਗੀਤ ਬਹੁਤ ਹੀ ਹਰਮਨ ਪਿਆਰੇ ਹੋਏ ਸਨ ਪਰ,



ਖ਼ਾਦਮ ਹੁਸੈਨ ਵਾਰਸੀ

ਬਾਜਰੇ ਦਾ ਸਿੱਟਾ ਅਸਾਂ ਤਲੀ 'ਤੇ ਮਰੋੜਿਆ
ਨਿੰਬੂਆਂ ਦਾ ਜੋੜਾ ਅਸੀ ਬਾਗੋਂ ਵਿਚੋਂ ਤੋੜਿਆ।
ਦਿਲਾਂ ਦੀਆਂ ਮੈਲੀਆਂ ਨੇ ਚੰਨ ਜਿਹੀਆਂ ਸੂਰਤਾਂ
ਇਨ੍ਹਾਂ ਕੋਲੋਂ ਚੰਗੀਆਂ ਨੇ ਮਿੱਟੀ ਦੀਆਂ ਮੂਰਤਾਂ।

ਆਦਿ ਵੀ ਬੜੇ ਪ੍ਰਵਾਨ ਸਨ।

ਕਾਦਰੀ ਦੀ ਉਪਮਾਕਾਰੀ ਨੂੰ ਕੋਈ ਮਾਤ ਨਹੀਂ ਪਾ ਸਕਿਆ,

ਤੂੰ ਸੋਨਾ ਮੈਂ ਮਿੱਟੀ ਸੱਜਣਾ,
ਤੂੰ ਹੀਰਾ ਮੈਂ ਪਾਰਾ।
ਮਰ ਜਾਵਾਂ ਮੈਂ ਤੇਰੇ ਨਾਲੋਂ
ਤੱਕ ਲਾ ਕੋਈ ਪਿਆਰਾ।
ਤੇਰੇ ਸੰਗ ਅੱਜ ਚੋਰੀ ਚੋਰੀ
ਕੀਤੀ ਮੈਂ ਕੁੜਮਾਈ,
ਦਿਲ ਕਮਲਾ ਕੁਝ ਸੱਜਣ ਕਮਲਾ

ਤੂੰ ਕੋਈ ਮੁਗਲ ਸ਼ਹਿਜ਼ਾਦਾ ਅੜਿਆ,
ਮੈਂ ਆਂ ਵਾਂਗ ਕਨਾਇ।
ਤੈਨੂੰ ਤੱਕ ਕੇ ਰੰਗੀਆਂ ਗਈਆਂ
ਨੈਣਾਂ ਦੀਆਂ ਦਹਿਲੀਜ਼ਾਂ।
ਜ਼ਿੰਦਾ ਨਾ ਦਫਨਾ ਦਏ
ਸਾਨੂੰ ਤੇਰੀ ਬੇਪਰਵਾਹੀ,
ਦਿਲ ਕਮਲਾ, ਕੁਝ ਸੱਜਣ ਕਮਲਾ।

ਇਹ ਤੇ ਇਹੋ ਜਿਹੇ ਸੈਂਕੜੇ ਫਿਲਮੀ ਗੀਤ ਤੇ ਗੀਤਾਂ ਦੇ ਟੋਟਕੇ ਅਖ਼ਲਾਕ ਆਤਿਫ ਦੀ 'ਗੀਤਾਂ ਦੀ ਗੂੰਜ' ਵਿਚ ਦਰਜ ਹਨ। ਸ਼ਾਇਰਾਂ ਤੇ ਗਾਇਕਾਂ ਦੇ ਚਿਹਰਿਆਂ ਸਮੇਤ ਹੀ ਨਹੀਂ ਸ਼ਹਿਨਾਈ, ਤਾਨਪੁਰਾ, ਰਬਾਬ, ਸਿਤਾਰ, ਹਾਰਮੋਨੀਅਮ, ਅਲਗੋਜ਼ੇ ਤੇ ਹੋਰ ਅਨੇਕਾਂ ਸੰਗੀਤਕ ਸਾਜ਼ਾਂ ਦੀਆਂ ਤਸਵੀਰਾਂ। ਇਹ ਪੁਸਤਕ ਪੰਜਾਬੀ ਯੂਨੀਵਰਸਿਟੀ ਦੇ ਪਬਲੀਕੇਸ਼ਨ ਬਿਊਰੋ ਨੇ ਬੜੀ ਰੀਝ ਨਾਲ ਛਾਪੀ ਹੈ। ਸਵਾਗਤ ਕਰਨਾ ਬਣਦਾ ਹੈ।

**ਅੰਤਿਕਾ:**
(ਉਹ ਵੀ ਇਕ ਜ਼ਮਾਨਾ ਸੀ-ਗੁਮਨਾਮ)
ਵਿਹੜੇ ਵਿਚ ਰੁੱਖ ਸਨ,
ਸਾਂਝੇ ਸੁੱਖ ਦੁੱਖ ਸਨ।
ਬੂਹਾ ਖੁੱਲ੍ਹਾ ਰਹਿੰਦਾ ਸੀ,
ਰਾਹੀ ਵੀ ਆ ਬਹਿੰਦਾ ਸੀ।
ਰਿਸ਼ਤੇ ਨਿਭਾਉਂਦੇ ਸਾਂ,
ਰੁੱਸਦੇ ਮਨਾਉਂਦੇ ਸਾਂ।
ਪੈਸਾ ਭਾਵੇਂ ਘੱਟ ਸੀ,
ਮੱਥੇ 'ਤੇ ਨਾ ਵੱਟ ਸੀ।
ਕੰਧਾਂ ਕੋਲੋਂ ਕੱਚੇ ਸਨ,
ਸਾਕ ਸਾਰੇ ਸੱਚੇ ਸਨ।
ਸ਼ਾਇਦ ਕੁਝ ਪਾਇਆ ਹੈ,
ਬਹੁਤਾ ਤਾਂ ਗੁਆਇਆ ਹੈ।

*ਪੰਜਾਬੀ ਸਾਹਿਤ ਜਗਤ ਨੂੰ ਵਜ਼ਨਦਾਰ ਕਹਾਣੀਆਂ ਅਤੇ ਹੋਰ ਲਿਖਤਾਂ ਦੇਣ ਵਾਲੇ ਪ੍ਰਿੰਸੀਪਲ ਸੁਜਾਨ ਸਿੰਘ (1919-1993) ਨੇ ਸਾਦਗੀ ਭਰਪੂਰ ਜੀਵਨ ਜੀਵਿਆ। ਉਨ੍ਹਾਂ ਦੀਆਂ ਲਿਖਤਾਂ ਵਿਚੋਂ ਵੀ ਇਸੇ ਸਾਦਗੀ ਦੇ ਝਲਕਾਰੇ ਮਿਲਦੇ ਹਨ। ਉਨ੍ਹਾਂ ਦਾ ਪਹਿਲਾ ਲੇਖ 'ਤਵਿਆਂ ਦਾ ਵਾਜਾ' ਮਾਸਕ ਪਰਚੇ 'ਲਿਖਾਰੀ' ਵਿਚ ਛਪਿਆ ਸੀ। ਇਸ ਲੇਖ ਨੂੰ ਕਹਾਣੀਆਂ ਤੋਂ ਵੀ ਵੱਧ ਹੁੰਗਾਰਾ ਮਿਲਿਆ ਤਾਂ ਮਗਰੋਂ ਦੋ ਵਾਰਤਕ ਪੁਸਤਕਾਂ- 'ਜੰਮੂ ਜੀ ਤੁਸੀਂ ਬੜੇ ਰਾਅ' ਅਤੇ 'ਖੁੰਬਾਂ ਦਾ ਸ਼ਿਕਾਰ' ਪੰਜਾਬ ਸਾਹਿਤ ਨੂੰ ਮਿਲ ਗਈਆਂ। ਉਨ੍ਹਾਂ ਗੁਰੂ ਨਾਨਕ, ਗੁਰੂ ਅਮਰ ਦਾਸ ਅਤੇ ਗੁਰੂ ਗੋਬਿੰਦ ਸਿੰਘ ਦੀ ਮਹਿਮਾ ਵਿਚ ਕ੍ਰਮਵਾਰ 'ਵੱਡੇ ਕੀਆਂ ਵਡਿਆਈਆਂ', 'ਅਮਰ ਗੁਰੂ ਰਿਸ਼ਮਾਂ' ਅਤੇ 'ਕਲਗੀ ਦੀਆਂ ਅਣੀਆਂ' ਦੀ ਰਚਨਾ ਕੀਤੀ। ਇਥੇ ਉਨ੍ਹਾਂ ਦੀ ਵਾਰਤਕ ਰਚਨਾ 'ਸੋਟੀ' ਪਾਠਕਾਂ ਦੇ ਰੂ-ਬਰੂ ਕੀਤੀ ਜਾ ਰਹੀ ਹੈ। -ਸੰਪਾਦਕ*

# ਸੋਟੀ



ਪ੍ਰਿੰਸੀਪਲ ਸੁਜਾਨ ਸਿੰਘ

ਔਹ ਲਟਕ ਰਹੀ ਹੈ ਸੋਟੀ, ਉਸ ਲੱਕੜ ਦੀ ਕਦੇ ਰੰਗੀਲ ਕਿੱਲੀ ਨਾਲ। ਇਹ ਨਾ ਕੋਈ ਮੇਰੇ ਚੁਬਾਰੇ ਦਾ ਸ਼ਿੰਗਾਰ ਹੈ ਤੇ ਨਾ ਹੀ ਘਰ ਦੀ ਕੋਈ ਉਪਯੋਗੀ ਵਸਤ। ਸ਼ਿੰਗਾਰ ਦੀ ਖੂਬ ਕਹੀ! ਮੇਰੇ ਕਮਰੇ ਵਿਚ ਸਜਾਵਟ ਦਾ ਸਾਮਾਨ ਜੇ ਹੋਵੇ ਵੀ ਤਾਂ ਕੋਝੀ ਕੁੜੀ ਨੂੰ ਗਹਿਣੇ ਪੁਆਉਣ ਵਾਲੀ ਗੱਲ ਹੋਵੇਗੀ। ਔਹ ਸ਼ੀਸ਼ਾ? ਮੇਰੇ ਪਿਤਾ ਜੀ ਨੇ ਖਰੀਦਿਆਂ ਸੀ। ਉਨ੍ਹਾਂ ਦੀ ਯਾਦ ਵਜੋਂ ਕੰਧ ਨਾਲ ਲਟਕਿਆ ਹੋਇਆ ਹੈ। ਹਾਂ, ਕੰਮ ਵੀ ਦਿੰਦਾ ਹੈ- ਨਵੇਂ ਪੋਚ ਨੂੰ।

ਉਹ ਸੋਟੀ ਵੀ ਮੇਰੇ ਪਿਤਾ ਜੀ ਦੀ ਨਿਸ਼ਾਨੀ ਹੈ। ਇਸ ਦਾ ਪੂਰਾ ਜੀਵਨ-ਬ੍ਰਿਤਾਂਤ ਮੈਂ ਲਿਖ ਨਹੀਂ ਸਕਦਾ ਕਿਉਂਕਿ ਇਸ ਦੇ ਮੁਢਲੇ ਜੀਵਨ ਦਾ ਮੈਨੂੰ ਪਤਾ ਨਹੀਂ। ਮੇਰੀ ਕਲਪਨਾ ਵੀ ਐਡੀਸਨ ਦੀ ਕਲਪਨਾ ਵਰਗੀ ਤੇਜ਼ ਨਹੀਂ, ਨਹੀਂ ਤਾਂ 'ਸ਼ਿਲਿੰਗ ਦੀ ਜੀਵਨ-ਕਥਾ' ਵਾਂਗ ਕੁਝ ਸੰਭਵ-ਅਸੰਭਵ ਗੱਲਾਂ ਜੋੜ ਹੀ ਲੈਂਦਾ।

ਇਹ ਸੋਟੀ ਲਗਭਗ ਪੰਜ ਸੂਤਰ ਮੋਟੇ ਬੈਂਤ ਦੀ ਜੜ੍ਹ ਵਾਲੇ ਪਾਸਿਓਂ ਬਣੀ ਹੈ। ਸਾਰੀ ਕੋਈ ਸਵਾ ਕੁ ਗਜ਼ ਲੰਬੀ ਹੋਵੇਗੀ। ਜੜ੍ਹ ਵਾਲੇ ਬੰਨਿਓਂ ਕੋਈ ਪੰਜ ਸਾਢੇ ਪੰਜ ਇੰਚ ਦੀ ਵਿੱਥ 'ਤੇ ਇਸ ਨੂੰ ਅੱਗ ਦੀ ਸਹਾਇਤਾ ਨਾਲ ਖ਼ਮ ਦਿੱਤਾ ਗਿਆ ਹੈ। ਇਹ ਸੋਟੀ ਦੀ ਮੁੱਠ ਬਣ ਗਈ ਹੈ। ਵਿਚਲਾ ਕੋਣ ਨੱਬੇ ਦਰਜੇ ਦਾ ਹੈ। ਕੋਣ ਨਹੀਂ ਖ਼ਮ। ਮੁੱਠ ਲੰਬੀ ਅਰਬੀ ਵਾਂਗ ਹੈ। ਸਿਰ ਤੋਂ ਮੋਟੀ ਤੇ ਖ਼ਮ ਤੋਂ ਪਤਲੀ। ਇਸ ਸੋਟੀ ਵਿਚ ਤਿੰਨ ਗੰਢਾਂ ਹਨ। ਇਹਦੇ ਇਕੋ-ਇਕ ਪੈਰ ਵਿਚ ਪੁਰਾਣੀਆਂ ਚੀਨਣਾਂ ਵਾਂਗ ਪਿਆ ਲੋਹੇ ਦਾ ਬੂਟ ਕਦੇ ਦਾ ਲੱਥ ਚੁੱਕਾ ਹੈ। ਉਦੋਂ ਤੋਂ ਇਹ ਨੰਗੇ ਪੈਰ ਹੈ। ਜਦੋਂ ਇਹ ਨਵੀਂ-ਸਵੀਂ ਸੀ, ਇਸ ਦੇ ਸਿਰ ਤੋਂ ਲੈ ਕੇ ਇਕ ਤਿਹਾਈ ਲੰਬਾਈ ਤੱਕ ਇਸ ਨੂੰ ਚੰਮ ਨਾਲ ਮੜ੍ਹਿਆ ਹੋਇਆ ਸੀ ਅਤੇ ਉਸ 'ਤੇ ਕੋਬਰੇ ਦੀ ਬੂਟ-ਪਾਲਸ਼ ਨਾਲ ਖਾਕੀ ਰੰਗ ਦੀ ਚਮਕ ਦਿੱਤੀ ਜਾਂਦੀ ਸੀ।

ਇਸ ਦੇ ਜਨਮ ਅਸਥਾਨ ਦਾ ਤਾਂ ਮੈਨੂੰ ਠੀਕ ਪਤਾ ਨਹੀਂ, ਪਰ ਇਤਨਾ ਪਤਾ ਜ਼ਰੂਰ ਹੈ ਕਿ ਮੇਰੇ ਪਿਤਾ ਜੀ ਨੇ ਇਸ ਨੂੰ ਅਤੇ ਇਸ ਦੀ ਇਕ ਹੋਰ ਭੈਣ ਨੂੰ ਧਰਮਤੱਲਾ ਸਟ੍ਰੀਟ ਦੀ ਮਸ਼ਹੂਰ ਹੌਗ ਸਾਹਿਬ ਦੀ ਮਾਰਕੀਟ ਦੀ ਇਕ ਦੁਕਾਨ ਦੇ ਸ਼ੋ-ਕੇਸ ਵਿਚ ਪਹਿਲੋਂ ਪਹਿਲ ਦੇਖਿਆ ਸੀ। ਸਜੀਆਂ ਹੋਈਆਂ ਬੰਗਾਲੀ ਮੁਟਿਆਰਾਂ ਵਾਂਗ, ਜਿਨ੍ਹਾਂ ਵਿਚੋਂ ਵਹੁਟੀ ਦੀ ਚੋਣ ਕਰਨ ਵਰ ਆਇਆ ਕਰਦੇ ਸਨ, ਇਹ ਆਪਣੀ ਪੂਰੀ ਲਿਸ਼ਕ-ਪੁਸ਼ਕ ਵਿਚ ਤੇਜ਼ ਪ੍ਰਕਾਸ਼ ਬਲਬ ਦੇ ਚਾਨਣ ਵਿਚ ਖੜ੍ਹੀਆਂ ਸਨ। ਵੱਡੇ ਦਿਨਾਂ ਦਾ ਪਹਿਲਾ ਹਫ਼ਤਾ ਸੀ। ਅੰਗਰੇਜ਼ ਅਫ਼ਸਰਾਂ ਦੇ ਮਾਤਹਿਤ ਵਾਕਫ਼ ਤੇ ਦੋਸਤ 'ਸਾਹਬ ਲੋਕਾਂ' ਲਈ ਡਾਲੀਆਂ ਖਰੀਦ ਰਹੇ ਸਨ, ਪਰ ਇਹ ਪੁਰਾਤਨ ਭਾਰਤ ਦੀਆਂ ਸ਼ੁਭ ਕਾਮਨਾਵਾਂ ਨਾਲ ਲੱਦੀਆਂ ਖਿੜੇ ਫੁੱਲਾਂ ਦੇ ਪੱਕੇ ਫੁੱਲਾਂ ਦੀਆਂ 'ਡਾਲੀਆਂ' ਨਹੀਂ ਸਨ। ਇਹ ਡਾਲੀਆਂ ਵੱਢੀ ਦਾ

*ਹੱਥ-ਹਰਟੀ ਵਾਲੇ ਖੂਹ ਦੇ ਲਾਗੇ, ਲੰਗਰ ਵਾਲੇ ਕਮਰਿਆਂ ਦੇ ਸਾਹਮਣੇ ਸਿੰਘਾਂ ਦੀਆਂ ਪੰਗਤਾਂ ਲੱਗੀਆਂ ਹੋਈਆਂ ਸਨ। ਸਾਹਮਣੇ ਸਰਬ ਲੋਹ ਦੇ ਬਾਟੇ ਪਏ ਸਨ। ਅਸੀਂ ਵੀ ਪੰਗਤ ਵਿਚ ਬੈਠ ਗਏ। ਬੈਠਦਿਆਂ ਸਾਰ ਹੀ ਦੋ ਖਾਲੀ ਬਾਟੇ ਸਾਡੇ ਸਾਹਮਣੇ ਰੱਖ ਦਿੱਤੇ ਗਏ। ਇਕ ਨਿਹੰਗ ਸਿੰਘ ਨੇ ਬਾਲਟੀ ਫੜੀ ਹੋਈ ਸੀ ਅਤੇ ਦੂਸਰਾ ਨਿਹੰਗ ਸਿੰਘ ਬਾਲਟੀ ਵਿਚੋਂ ਬਾਟਾ ਡੁਬੋ-ਡੁਬੋ ਕੇ ਪਰਲੇ ਬੰਨਿਓਂ ਵਰਤਾਈ ਤੁਰੇ ਆਉਂਦੇ ਸਨ।... ਮੈਂ ਕੁਝ ਚਿਰ ਹੱਕਾ-ਬੱਕਾ ਉਸ ਦੀਆਂ ਲਾਲ ਅੱਖਾਂ ਵਿਚ ਦੇਖਦਾ ਰਿਹਾ। ਅਚਾਨਕ ਕਿਸੇ ਲੋਹੇ ਦੇ ਵੱਡੇ ਹੱਥ ਦੀਆਂ ਉਂਗਲਾਂ ਨੇ ਮੇਰੇ ਸਿਰ ਨੂੰ ਕੱਸਣਾ ਸ਼ੁਰੂ ਕੀਤਾ, ਇਕ ਖੁਸ਼ਕ ਜਹੀ ਅਕੜਾਹਟ ਮੇਰੇ ਦਿਮਾਗ ਦੀਆਂ ਨਸਾਂ ਵਿਚ ਆਈ, ਫੇਰ ਮਾਨੋ ਉਸ ਹੱਥ ਨੇ ਮੇਰੇ ਸਿਰ ਨੂੰ ਭੁਆਉਣਾ ਸ਼ੁਰੂ ਕਰ ਦਿੱਤਾ ਤੇ ਮੈਂ ਹੇਠਾਂ ਧਸਣਾ। ਐਥੋਂ ਤੱਕ ਕਿ ਮੈਂ ਤਖ਼ਤਪੋਸ਼ ਦਾ ਆਸਰਾ ਲੈ ਕੇ ਭੋਏਂ ਬਹਿ ਗਿਆ।*

ਹੀ ਦੂਸਰਾ ਰੂਪ ਸਨ। ਇਹੋ ਜਹੀਆਂ ਡਾਲੀਆਂ ਲੈਣ ਤੇ ਦੇਣ ਦਾ ਵੱਲ, ਲਾਰਡ ਕਲਾਈਵ ਨੇ ਚੌਵੀ ਪਰਗਣੇ ਦੇ ਜ਼ਿਲ੍ਹੇ ਦੀ ਵੱਢੀ ਮੀਰ ਜਾਫ਼ਰ ਕੋਲੋਂ ਲੈ ਕੇ ਭਾਰਤੀਆਂ ਨੂੰ ਸਿਖਾਇਆ ਸੀ। 1914 ਵਿਚ ਵੀ ਲਾਭ ਦੀ ਆਸ ਮੁਤਾਬਕ ਸੈਂਕੜਿਆਂ, ਹਜ਼ਾਰਾਂ, ਲੱਖਾਂ ਦੀਆਂ ਡਾਲੀਆਂ ਦਿੱਤੀਆਂ ਜਾਂਦੀਆਂ ਸਨ। ਅੰਗਰੇਜ਼ ਤਾਂ ਦੁੱਧ ਦੀ ਚਾਟੀ ਵਿਚ ਕਾਂਜੀ ਦੀ ਛਿੱਟ ਪਾ ਕੇ ਚਲਾ ਗਿਆ, ਪਰ ਇਹ ਵੱਢੀ ਦੀ ਛਿੱਟ ਹਾਲੀ ਤੱਕ ਸਾਡੇ ਮਗਰੋਂ ਨਹੀਂ ਲਹਿੰਦੀ।

ਪਿਤਾ ਜੀ ਨੇ ਇਨ੍ਹਾਂ ਦੋਹਾਂ ਸੋਟੀਆਂ ਨੂੰ ਬਹੁਤ ਸਾਰੀਆਂ ਵਿਚੋਂ ਪਸੰਦ ਕੀਤਾ। ਇਨ੍ਹਾਂ ਵਿਚੋਂ ਗੋਲ ਮੁੱਠ ਵਾਲੀ ਤਾਂ ਕਿਸੇ ਡਾਲੀ ਦਾ ਫਲ ਬਣ ਕੇ ਕਿਸੇ ਜੂਟ ਮਿੱਲ ਦੇ ਅੰਗਰੇਜ਼ ਮੈਨੇਜਰ ਦੀ ਭੇਟ ਹੋ ਗਈ, ਪਰ ਇਹ ਦੂਸਰੀ ਬਚ ਗਈ, ਜਿਸ ਨੂੰ ਮੇਰੇ ਪਿਤਾ ਜੀ ਹੱਥ 'ਚ ਰੱਖਣ ਲਈ ਵਰਤਦੇ ਸਨ।

ਮੈਂ ਆਪਣੇ ਪਿਤਾ ਦਾ ਕੁਝ ਬਹੁਤਾ ਹੀ ਲਾਡਲਾ ਪੁੱਤਰ ਸਾਂ। ਪੰਜ ਸਾਲ ਦੀ ਉਮਰ ਤੱਕ ਉਹ ਮੈਨੂੰ ਪ੍ਰੈਮ ਵਿਚ ਬਿਠਾ ਕੇ ਆਪ ਸੈਰ ਲਈ ਲਿਜਾਂਦੇ। ਨੌਕਰ 'ਤੇ ਉਨ੍ਹਾਂ ਨੂੰ ਵਿਸ਼ਵਾਸ ਨਹੀਂ ਸੀ। ਉਹ ਆਪਣੀ ਪ੍ਰੌੜ੍ਹ ਅਵਸਥਾ ਦੇ ਲਾਭ ਦੀ ਹਾਨੀ ਨਹੀਂ ਸਨ ਸਹਾਰ ਸਕਦੇ, ਅਤੇ ਕਲਕੱਤੇ ਵਿਚ ਨੌਕਰਾਂ ਹੱਥੋਂ ਗਹਿਣਿਆਂ ਪਿੱਛੇ ਬੱਚਿਆਂ ਦੇ ਕਈ ਘਾਤ ਹੋ ਚੁੱਕੇ ਸਨ।

ਇਕ ਵਾਰੀ ਐਡਨ ਗਾਰਡਨ ਤੋਂ ਕੋਲਾ ਘਾਟ ਸਟ੍ਰੀਟ ਥਾਣੀਂ ਹੋ ਕੇ ਅਸੀਂ ਬੜਾ ਬਾਜ਼ਾਰ (ਹੈਰੀਸਨ ਰੋਡ) ਵਿਚੋਂ, ਆਪਣੇ ਹੱਥ, ਫੁਟ-ਪਾਥ ਦੇ ਨਾਲ ਨਾਲ ਆ ਰਹੇ ਸਾਂ। ਮੈਂ ਪ੍ਰੈਮ ਵਿਚ ਸਾਂ ਤੇ ਪਿਤਾ ਜੀ ਇਹੋ ਸੋਟੀ ਬਾਂਹ ਵਿਚ ਲਮਕਾਈ ਉਸ ਨੂੰ ਧੱਕ ਰਹੇ ਸਨ। ਅਸੀਂ ਬੜੀ ਸਿੱਖ ਸੰਗਤ ਤੋਂ ਅਗਲੇ, ਸੈਂਟ੍ਰਲ ਬੈਂਕ ਵਾਲੇ ਚੌਕ ਤੋਂ ਜ਼ਰਾ ਕੁ ਅਗਾਂਹ ਵਧੇ ਹੀ ਸਾਂ ਕਿ ਇਕ ਘੋੜਾ ਗੱਡੀ ਦੇ ਘੋੜੇ ਬੇਹੱਥ ਹੋ ਕੇ ਮੇਰੀ ਪ੍ਰੈਮ ਉਤੇ ਹੀ ਆ ਚੜ੍ਹੇ। ਮੈਨੂੰ ਅੱਜ ਵੀ ਇਹ ਨਜ਼ਾਰਾ ਹੁਣ ਦੀ ਗੱਲ ਵਾਂਗ ਪਰਤੱਖ ਹੈ। ਸ਼ਰਈ ਦਾੜ੍ਹੀ ਵਾਲੇ ਮੁਸਲਮਾਨ ਕੋਚਵਾਨ ਨੇ ਪਿਛਾਂਹ ਲੰਬੇ ਪੈ ਕੇ ਇਸ ਜ਼ੋਰ ਨਾਲ ਰਾਸਾਂ ਖਿੱਚੀਆਂ ਕਿ ਘੋੜਿਆਂ ਦੇ ਚੁੱਕੇ ਹੋਏ ਸੁੰਮ ਉਥੇ ਦੇ ਉਥੇ ਕਿਸੇ ਯੂਨਾਨੀ ਬੁਤਕਾਰੀ ਦੇ ਘੋੜਿਆਂ ਦਿਆਂ ਕਦਮਾਂ ਵਾਂਗ ਹਵਾ ਵਿਚ ਹੀ ਬੱਝ ਗਏ। ਕੋਚਵਾਨ ਦੀ ਫੁੱਮਣਦਾਰ ਲਾਲ ਤੁਰਕੀ ਟੋਪੀ, ਘੋੜਾ ਗੱਡੀ ਦੀ ਛੱਤ 'ਤੇ ਡਿੱਗ ਗਈ। ਮੈਨੂੰ ਤਾਂ ਆਪਣੇ ਖਤਰੇ ਦੀ ਕੋਈ ਸਮਝ ਹੀ ਨਹੀਂ ਸੀ, ਪਰ ਪਿਤਾ ਜੀ ਨੇ ਬਿਜਲੀ ਵਰਗੀ ਫੁਰਤੀ ਨਾਲ ਪ੍ਰੈਮ ਨੂੰ ਖਿੱਚ ਕੇ ਫੁਟ-ਪਾਥ 'ਤੇ ਚੜ੍ਹਾ ਲਿਆ। ਤੇ ਫੇਰ ਆ ਦੇਖਿਆ ਨਾ ਤਾ, ਤੇ ਸਾੜ-ਸਾੜ ਇਹ ਸੋਟੀ ਬੁੱਢੇ ਕੋਚਵਾਨ ਦੀ ਪਿੱਠ 'ਤੇ ਪੈਣੀ ਸ਼ੁਰੂ ਹੋ ਗਈ। ਬੁੱਢਾ ਕੋਚਵਾਨ ਭੁਚੱਕਾ ਰਹਿ ਗਿਆ। ਇਸ ਵਾਛੜ ਅੱਗੇ ਉਸ ਸਿਰ ਨਿਵਾ ਦਿੱਤਾ। ਪਿੱਠ ਤੋਂ ਪਾਟੇ ਉਸ ਦੇ ਖਾਕੀ ਕੁੜਤੇ ਵਿਚੋਂ ਉਭਰੀਆਂ ਦੋ ਬੇਰਹਿਮ ਲਾਸ਼ਾਂ ਮੈਨੂੰ ਦਿਸੀਆਂ। ਉਸ ਬਾਲ ਵਰੇਸ ਵਿਚ ਵੀ ਪਿਤਾ ਜੀ ਦੇ ਇਸ ਜ਼ੁਲਮ ਨੂੰ- ਸੱਚ ਕਹਿੰਦਾ ਹਾਂ- ਮੈਂ ਸਹਾਰ ਨਾ ਸਕਿਆ, ਪਰ ਕਰ ਹੀ ਕੀ ਸਕਦਾ ਸਾਂ। ਮੈਂ ਚਿਚਲਾ ਉਠਿਆ। ਪਿਤਾ ਜੀ ਦਾ ਹੱਥ ਰੁਕ ਗਿਆ। ਬੰਗਾਲੀ, ਮਾਰਵਾੜੀ, ਬਿਹਾਰੀ ਰਾਹ-ਗੁਜ਼ਰ ਸਾਰੇ ਕੋਚਵਾਨ ਨੂੰ ਬੁਰਾ ਭਲਾ ਕਹਿ ਰਹੇ ਸਨ। ਕੋਚਵਾਨ ਦਾ ਚਿਹਰਾ ਮੈਂ ਬਿਆਨ ਨਹੀਂ ਕਰ ਸਕਦਾ- ਹੈਰਾਨ ਸੀ, ਘਬਰਾਇਆ ਹੋਇਆ ਸੀ, ਸ਼ਾਇਦ ਮੇਰੇ ਵੱਲ ਦੇਖ ਕੇ ਤਰਸ ਨਾਲ ਭਰਿਆ ਹੋਇਆ ਵੀ ਸੀ, ਯਕੀਨਨ ਮੇਰੇ ਪਿਤਾ ਜੀ ਕੋਲੋਂ ਡਰਿਆ ਹੋਇਆ ਨਹੀਂ ਸੀ। ਕੁਝ ਸਿਆਣੇ ਲੋਕਾਂ ਨੇ ਉਸ ਨੂੰ ਵੱਧ ਘੱਟ ਗੱਲਾਂ ਕਹੀਆਂ ਤੇ ਨਾਲ ਹੀ ਭੱਜ ਜਾਣ ਲਈ ਇਸ਼ਾਰੇ ਕੀਤੇ, ਮਤਾ ਉਸ ਨੂੰ ਪੁਲਿਸ ਦੇ ਹਵਾਲੇ ਕਰ ਦਿਤਾ ਜਾਵੇ।

ਪਿਤਾ ਜੀ ਦੇ ਗੁੱਸੇ ਦਾ ਪਾਰਾ ਉਤਰ ਗਿਆ ਜਾਪਦਾ ਸੀ। ਉਹ ਪ੍ਰੈਮ ਨੂੰ ਧੱਕ ਕੇ ਘਰ ਲੈ ਆਏ। ਪਿਤਾ ਜੀ ਦਾ ਉਸ ਗਰੀਬ ਮੁਸਲਮਾਨ 'ਤੇ ਹਮਲਾ ਕਰਨ ਵਾਲਾ ਭਿਆਨਕ ਰੂਪ ਮੈਨੂੰ ਹੁਣ ਤੱਕ ਨਹੀਂ ਭੁੱਲਦਾ। ਭਾਵੇਂ ਮੈਂ ਉਨ੍ਹਾਂ ਦੀ ਬਹੁਗੁਣ ਸੰਪੰਨ ਆਤਮਾ ਨਾਲ ਉਨ੍ਹਾਂ ਦੇ ਸਵਰਗਵਾਸ ਮਗਰੋਂ ਇਹ ਕਹਿ ਕੇ ਅਨਿਆਂ ਹੀ ਕਰ ਰਿਹਾ ਹੋਵਾਂਗਾ, ਪਰ ਇਹ ਗੱਲ ਸੱਚ ਹੈ ਕਿ ਮੈਂ ਆਪਣੇ ਮਨ ਵਿਚ ਜਿੰਨਾ ਚਿਰ ਉਹ ਜੀਉਂਦੇ ਰਹੇ- ਅਤੇ ਉਹ ਬਹੁਤਾ ਚਿਰ ਨਾ ਜੀਉਂਦੇ ਰਹਿ ਸਕੇ- ਉਨ੍ਹਾਂ ਨੂੰ ਇਸ ਦੁਰਘਟਨਾ ਕਾਰਨ ਕਦੇ ਮੁਆਫ ਨਾ ਕਰ ਸਕਿਆ। ਸ਼ਾਇਦ ਇਸੇ ਦੁਰਘਟਨਾ ਨੇ ਮੇਰੇ ਅੰਦਰ ਮਨੁੱਖਤਾ ਲਈ ਕਰੁਣਾ ਦਾ ਬੀਜ ਬੀਜ ਦਿੱਤਾ। ਜਦ ਕਦੇ ਵੀ ਮੈਂ ਸੋਚਿਆ, ਉਹ ਮੁਸਲਮਾਨ ਕੋਚਵਾਨ ਬੇਹੱਥ ਹੋਇਆ ਵੀ ਮੈਨੂੰ ਨਿਰਦੋਸ਼ ਜਾਪਿਆ ਅਤੇ ਮੇਰੇ ਪਿਤਾ ਜੀ ਦੋਸ਼ੀ।

ਉਨ੍ਹਾਂ ਦੇ ਦੋਸ਼ੀ ਹੋਣ ਵਿਚੋਂ ਕੁਝ ਛੋਟ ਮੈਨੂੰ ਦੇਣੀ ਚਾਹੀਦੀ ਸੀ। ਉਹ ਉਸ ਸ਼ਾਮ ਘਰ ਜਾ ਕੇ ਬੜਾ ਬੇਚੈਨ ਰਹੇ। ਮਾਤਾ ਜੀ ਲਈ ਪਿਤਾ ਜੀ ਦਾ ਚਿਹਰਾ ਪਾਰਦਰਸ਼ੀ ਸ਼ੀਸ਼ਾ ਸੀ। ਉਹ ਉਸ ਪਿੱਛੇ ਉਨ੍ਹਾਂ ਦੇ ਮਨ ਦੇ ਭਾਵਾਂ ਨੂੰ ਝੱਟ ਪੜ੍ਹ ਲੈਂਦੇ ਸਨ। ਰੋਟੀ ਪਿਤਾ ਜੀ ਨੇ ਥੋੜ੍ਹੀ ਖਾਧੀ ਸੀ। ਮਾਤਾ ਜੀ ਚੁੱਪ ਰਹੇ। ਫੇਰ ਰਾਤੀਂ, ਮੈਂ ਜਾਗਦਾ ਹੀ ਸਾਂ ਜਦ ਮਾਤਾ ਜੀ ਨੇ ਬੜੇ ਪ੍ਰੇਮ ਨਾਲ ਪੁੱਛਣਾ ਸ਼ੁਰੂ ਕੀਤਾ, "ਅੱਜ ਰੋਟੀ ਥੋੜ੍ਹੀ ਖਾਧੀ ਜੇ, ਕੀ ਗੱਲ ਐ?" ਤੇ ਪਿਤਾ ਜੀ ਜਿਵੇਂ ਅੱਗੇ ਹੀ ਫੁੱਟਣ ਨੂੰ ਤਿਆਰ ਸਨ, ਕਹਿਣ ਲੱਗੇ, "ਕਾਕੇ ਦੀ ਮਾਂ, ਬੜਾ ਅਨਰਥ ਹੋਇਆ ਅੱਜ। ਮੁੰਡਾ ਘੋੜਾ ਗੱਡੀ ਥੱਲੇ ਆ ਚਲਿਆ ਸੀ। ਘੋੜੇ ਉਤੇ ਹੀ ਆਣ ਚੜ੍ਹੇ ਸਨ ਕਿ ਕੋਚਵਾਨ ਨੇ ਰੋਕ ਲਏ। ਹੈ ਪਰ ਉਹ ਗਲਤ ਹੱਥ ਸੀ। ਮੈਂ ਉਸ ਨੂੰ ਪੰਜ ਸੱਤ ਸੋਟੀਆਂ ਜੜ ਦਿੱਤੀਆਂ। ਉਸ ਸਾਰੀਆਂ ਝੁਕ ਕੇ ਪਿੱਠ 'ਤੇ ਖਾਧੀਆਂ। ਬੜਾ ਜ਼ੁਲਮ ਹੋਇਆ ਮੇਰੇ ਹੱਥੋਂ। ਪਰ ਮੈਂ ਕੀ ਕਰਦਾ। ਇਕ ਛਿਨ ਵਿਚ ਕਾਕੇ ਦੀ ਫਿੱਸੀ ਹੋਈ ਪ੍ਰੈਮ ਤੇ ਰੱਬ ਨਾ ਕਰੇ ਕਾਕੇ ਦੀ... ਹੈ? ਮੇਰੀਆਂ ਅੱਖਾਂ ਸਾਹਮਣਿਓਂ ਫਿਰ ਗਈ ਤੇ ਗੁੱਸੇ ਵਿਚ...।"

"ਅੱਛਾ, ਅੱਛਾ!" ਮਾਤਾ ਜੀ ਨੇ ਕਿਹਾ, "ਉਸ ਦਾ ਵੀ ਕਸੂਰ ਸੀ ਨਾ। ਸਵੇਰੇ ਗੁਰਦੁਆਰੇ ਚੱਲਾਂਗੇ।"

ਤੇ ਮਾਤਾ ਜੀ ਪਿਤਾ ਜੀ ਦੇ ਮੱਥੇ ਨੂੰ ਕਿੰਨਾ ਚਿਰ ਪਲੋਸਦੇ ਰਹੇ।

ਇਹ ਸੋਟੀ ਤਸ਼ੱਦਦ ਦਾ ਹਥਿਆਰ ਹੈ। ਮੇਰੇ ਲਈ ਇਹ ਕਦੇ ਕਦੇ ਸਾਰੇ ਮਨੁੱਖਤਾ-ਮਾਰ ਹਥਿਆਰਾਂ ਦਾ ਚਿੰਨ੍ਹ ਬਣ ਕੇ ਖੜੋ ਜਾਂਦੀ ਹੈ। ਨਹੁੰਦਰਾਂ, ਘਸੁੰਨਾਂ ਦੀ ਲੜਾਈ ਤੋਂ ਮਗਰੋਂ ਦਾ ਇਹ ਹਥਿਆਰ ਹੈ- ਇਸ ਵਿਚ ਮੈਨੂੰ ਡਾਂਗ, ਗੁਰਜ, ਤਲਵਾਰ, ਬਰਛਾ ਸਭ ਸ਼ਸਤਰ ਦਿੱਸਦੇ ਹਨ, ਇਸ ਵਿਚ ਮੈਨੂੰ ਤੀਰ, ਚੱਕਰ, ਬੰਦੂਕ, ਤੋਪ, ਬੰਬ, ਅਣੂਬੰਬ ਤੇ ਉਦਜਨ ਬੰਬ ਸਾਰੇ ਅਸਤਰ ਦਿਸਦੇ ਹਨ।

ਫਿਰ ਸੋਚਦਾ ਹਾਂ ਜਿਹੜੀ ਸੋਟੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮ ਦੇ ਵਿਰੁੱਧ ਉਠਾਈ ਸੀ, ਕੀ ਉਹ ਵੀ ਉਪਰਲੀ ਨਸਲ ਦੇ ਹਥਿਆਰਾਂ ਵਿਚੋਂ ਹੈ? ਹਥਿਆਰ ਤੇ ਉਹੋ ਹਨ, ਪਰ ਫਿਰ ਵੀ ਉਹੋ ਨਹੀਂ ਜਾਪਦੇ। ਰੱਖਿਆ, ਦੇਸ਼-ਰੱਖਿਆ, ਮਨੁੱਖਤਾ-ਰੱਖਿਆ, ਸ਼ਾਤੀ-ਰੱਖਿਆ ਲਈ ਜ਼ਾਲਮ ਦੇ ਵਿਰੁੱਧ ਚੁੱਕੀ ਸੋਟੀ ਅਹਿੰਸਾ ਹੀ ਤਾਂ ਹੈ। ਜਿਥੇ ਮਨੁੱਖਤਾ-ਸੰਹਾਰਕ ਕਾਯਰ ਹੈ, ਉਥੇ ਸ਼ਾਂਤੀ-ਰਖਸ਼ਕ ਬਹਾਦਰ। ਰਖਸ਼ਕ ਬਣ ਕੇ ਲੋੜ ਵੇਲੇ ਸੋਟੀ ਨਾ ਚੁੱਕਣੀ ਵੀ ਕਾਯਰਤਾ ਹੈ।

ਇਕ ਵਾਰੀ ਮੈਨੂੰ ਗਾਫ਼ ਦਾ ਛੋਟਾ ਗੇਂਦ ਲੱਭ ਪਿਆ। ਇਹ ਮੇਰੇ ਪਿਤਾ ਜੀ ਦੇ 1920 ਵਿਚ ਪਰਲੋਕ ਸਿਧਾਰਨ ਤੋਂ ਮਗਰੋਂ ਦੀ ਗੱਲ ਹੈ। ਮੈਂ ਗਾਫ਼ ਲਿੰਕ ਵਿਚ ਅੰਗਰੇਜ਼ ਖਿਲਾੜੀਆਂ ਤੇ ਖਿਲਾੜਨਾਂ ਨੂੰ ਲਗਭਗ ਇਹੋ ਜਿਹੀ ਪਰ ਲੋਹੇ ਦੀ ਖੂੰਡੀ ਵਾਲੀਆਂ ਸੋਟੀਆਂ ਨਾਲ ਖੇਡਦਿਆਂ ਦੇਖਿਆ ਸੀ। ਮੈਂ ਚੋਰੀ ਇਸ ਸੋਟੀ ਨੂੰ ਚੁੱਕ ਕੇ ਲੈ ਜਾਂਦਾ ਤੇ ਪੁੱਠੀ ਕਰ ਕੇ ਇਸ ਨਾਲ ਉਸ ਗੇਂਦ ਨੂੰ ਟੋਣੇ ਮਾਰਦਾ, ਇਸ ਦੀ ਮੁੱਠ ਇਸੇ ਲਈ ਕੁਝ ਰਗੜੀ ਗਈ ਹੈ। ਇਸ ਦਾ ਚਮੜਾ ਜਦ ਲੱਥ ਕੇ ਡਿੱਗ ਪਿਆ ਤਾਂ ਮੇਰੀ ਮਾਤਾ ਨੂੰ ਸਾਰੀ ਗੱਲ ਦਾ ਪਤਾ ਲੱਗਾ ਤੇ ਉਨ੍ਹਾਂ ਇਸ ਨੂੰ ਲੁਕਾ ਕੇ ਰੱਖ ਦਿੱਤਾ।

ਇਕ ਵਾਰੀ ਇਹ ਸੋਟੀ ਮੇਰੇ 'ਤੇ ਵੀ ਵਰਤੀ ਗਈ। ਮੈਂ ਤੇ ਗੁਰਬੱਸੂੰ (ਗੁਰਬਖਸ਼ ਸਿੰਘ) ਇਕ ਐਤਵਾਰ ਚਾਟੀਵਿੰਡ ਵਾਲੀ ਨਹਿਰ 'ਤੇ ਨਹਾਉਣ ਗਏ। ਦੁਪਹਿਰ ਤੋਂ ਨਹਾਉਂਦਿਆਂ ਚੌਥੇ ਪਹਿਰ ਦਾ ਅੱਧ ਵੀ ਲੰਘਾ ਦਿੱਤਾ। ਜਦੋਂ ਭੁੱਖ ਨੇ ਤੰਗ ਕੀਤਾ ਤਾਂ ਘਰ ਨੂੰ ਤੁਰ ਪਏ। ਜਦੋਂ ਚਾਟੀਵਿੰਡ ਦੇ ਦਰਵਾਜ਼ਿਓਂ ਬਾਹਰ ਸਕੱਤਰੀ ਬਾਗ ਦੇ ਸਾਹਮਣੇ ਅੱਪੜੇ ਤਾਂ 'ਸ਼ਹੀਦਾਂ ਦੇ' ਨਗਾਰਾ ਖੜਕਿਆ, ਗੁਰਬੱਸੂੰ ਕਹਿਣ ਲੱਗਾ, "ਓਇ ਪਾੜ੍ਹਿਆ, ਓਇ ਆ, ਮਖ਼, ਸ਼ਹੀਦਾਂ ਦਿਓਂ ਸ਼ਰਦਾਈ ਪੀ ਚੱਲੀਏ।"

ਮੈਂ ਉਦੋਂ ਨੌਵੀਂ ਵਿਚ ਪੜ੍ਹਦਾ ਸਾਂ ਪਰ ਕਾਫੀ ਬੁੱਧੂ ਸਾਂ (ਹੈਰਾਨ ਹਾਂ ਕਿ ਛੋਟੇ ਹੁੰਦਿਆਂ ਮੈਂ ਤੀਬਰ ਬੁੱਧੀ ਤੇ ਏਨਾ ਚਿਤੰਨ ਕਿੱਦਾਂ ਸਾਂ)। ਖਬਰੇ ਪਿਤਾ ਜੀ ਦੇ ਮੇਰੇ ਬਚਪਨ ਵਿਚ ਹੀ ਸੁਰਗਵਾਸ ਹੋਣ ਅਤੇ ਘਰ ਵਿਚ ਘਾਟਿਆਂ ਸਦਕਾ ਆਈ ਗਰੀਬੀ ਦਾ ਇਹ ਅਸਰ ਹੋਵੇ ਜਾਂ ਮਾਤਾ ਜੀ ਦੀ, ਜੋ ਪਿਤਾ ਜੀ ਦੀ ਮੌਤ ਮਗਰੋਂ ਮਾਤਾ ਤੋਂ ਇਲਾਵਾ ਇਕ ਸਖਤ ਪਿਤਾ ਵੀ ਬਣ ਗਏ ਸਨ, ਕਰੜੀ ਨਿਗਰਾਨੀ ਦਾ। ਸ਼ਰਦਾਈ, ਮੇਰੀ ਮਾਤਾ ਜੀ, ਪੰਜਵੇਂ ਸਤਵੇਂ ਗਰਮੀਆਂ ਦੀ ਰੁੱਤੇ, ਮੈਨੂੰ ਬਦਾਮ, ਖਸਖਾਸ, ਚਾਰੇ ਮਗਜ਼ ਆਦਿ ਘੋਟ ਕੇ ਬਣਾ ਦਿੰਦੇ ਸਨ।

ਗੁਰਬੱਸੂੰ ਨੇ ਕਈ ਵਾਰੀ ਮੇਰੇ ਚਿਹਰੇ ਵੱਲ ਗਹੁ ਨਾਲ ਦੇਖਿਆ। ਗੁਰਬੱਸੂੰ ਦੀਆਂ ਅੱਖਾਂ ਨਹਾਉਣ ਨਾਲ ਲਾਲ ਹੋ ਜਾਂਦੀਆਂ ਸਨ। ਪਰ ਹੁਣ ਤਾਂ ਨਹਿਰੋਂ ਆਇਆਂ ਵੀ ਘੰਟੇ ਤੋਂ ਵੱਧ ਹੋ ਚੁੱਕਾ ਸੀ, ਫੇਰ ਵੀ ਉਸ ਦੀਆਂ ਅੱਖਾਂ ਕੁਝ ਵਧੇਰੇ ਹੀ ਲਾਲ ਸਨ।

ਆਖਰ ਅਸੀਂ ਆਪਣੀ ਗਲੀ ਵਿਚ ਆ ਵੜੇ। ਗਲੀ ਦੇ ਅੱਧ ਵਿਚ, ਸੰਤਾਂ ਦੀ ਡਿਓਢੀ ਹੇਠਾਂ, ਇਕ ਸਾਂਝਾ ਤਖ਼ਤਪੋਸ਼ ਸੀ, ਜਿਥੇ ਦੁਪਹਿਰਾਂ ਨੂੰ ਤਾਸ਼, ਚੌਪੜ ਜਾਂ ਸ਼ਤਰੰਜ ਦੀਆਂ ਮਹਿਫ਼ਲਾਂ ਗਰਮ ਹੁੰਦੀਆਂ ਸਨ। ਹੁਣ ਉਹ ਤਖ਼ਤਪੋਸ਼ ਵਿਹਲਾ ਸੀ। ਉਸ ਕੋਲ ਪਹੁੰਚ ਕੇ ਗੁਰਬੱਸੂੰ ਨੇ ਮੈਨੂੰ ਦੋਹਾਂ ਮੋਢਿਆਂ ਤੋਂ ਫੜ ਕੇ ਮੇਰੀਆਂ ਅੱਖਾਂ ਵਿਚ ਤੱਕਦਿਆਂ ਕਿਹਾ, "ਮਖ ਭਾਊ, ਤੈਨੂੰ ਕੁਝ ਨਹੀਂ ਹੋਇਆ?"

ਮੈਂ ਬੇਅਰਥ ਗਾਲ੍ਹ ਕੱਢਦਿਆਂ ਕਿਹਾ, "ਹੋਵੇ ਤੈਨੂੰ, ਤੇਰੇ ਘਰਦਿਆਂ ਨੂੰ... ਓਇ। ਮੈਨੂੰ ਕਿਉਂ ਕੁਝ ਹੋਵੇ?"

ਗੁਰਬੱਸੂੰ ਦੀ ਤੱਕਣੀ ਵਿਚ ਹੈਰਾਨੀ ਸੀ।

*ਪਿਤਾ ਜੀ ਦੇ ਗੁੱਸੇ ਦਾ ਪਾਰਾ ਉਤਰ ਗਿਆ ਜਾਪਦਾ ਸੀ। ਉਹ ਪ੍ਰੈਮ ਨੂੰ ਧੱਕ ਕੇ ਘਰ ਲੈ ਆਏ। ਪਿਤਾ ਜੀ ਦਾ ਉਸ ਗਰੀਬ ਮੁਸਲਮਾਨ 'ਤੇ ਹਮਲਾ ਕਰਨ ਵਾਲਾ ਭਿਆਨਕ ਰੂਪ ਮੈਨੂੰ ਹੁਣ ਤੱਕ ਨਹੀਂ ਭੁੱਲਦਾ। ਭਾਵੇਂ ਮੈਂ ਉਨ੍ਹਾਂ ਦੀ ਬਹੁਗੁਣ ਸੰਪੰਨ ਆਤਮਾ ਨਾਲ ਉਨ੍ਹਾਂ ਦੇ ਸਵਰਗਵਾਸ ਮਗਰੋਂ ਇਹ ਕਹਿ ਕੇ ਅਨਿਆਂ ਹੀ ਕਰ ਰਿਹਾ ਹੋਵਾਂਗਾ, ਪਰ ਇਹ ਗੱਲ ਸੱਚ ਹੈ ਕਿ ਮੈਂ ਆਪਣੇ ਮਨ ਵਿਚ ਜਿੰਨਾ ਚਿਰ ਉਹ ਜੀਉਂਦੇ ਰਹੇ- ਅਤੇ ਉਹ ਬਹੁਤਾ ਚਿਰ ਨਾ ਜੀਉਂਦੇ ਰਹਿ ਸਕੇ- ਉਨ੍ਹਾਂ ਨੂੰ ਇਸ ਦੁਰਘਟਨਾ ਕਾਰਨ ਕਦੇ ਮੁਆਫ ਨਾ ਕਰ ਸਕਿਆ। ਸ਼ਾਇਦ ਇਸੇ ਦੁਰਘਟਨਾ ਨੇ ਮੇਰੇ ਅੰਦਰ ਮਨੁੱਖਤਾ ਲਈ ਕਰੁਣਾ ਦਾ ਬੀਜ ਬੀਜ ਦਿੱਤਾ। ਜਦ ਕਦੇ ਵੀ ਮੈਂ ਸੋਚਿਆ, ਉਹ ਮੁਸਲਮਾਨ ਕੋਚਵਾਨ ਬੇਹੱਥ ਹੋਇਆ ਵੀ ਮੈਨੂੰ ਨਿਰਦੋਸ਼ ਜਾਪਿਆ ਅਤੇ ਮੇਰੇ ਪਿਤਾ ਜੀ ਦੋਸ਼ੀ।*

ਸ਼ਰਦਾਈ ਦਾ ਨਾਂ ਸੁਣ ਕੇ ਮੇਰੇ ਮੂੰਹ ਵਿਚ ਪਾਣੀ ਭਰ ਆਇਆ, ਅਤੇ ਸਾਡੇ ਦੋਹਾਂ ਦੇ ਕਦਮ 'ਸ਼ਹੀਦਾਂ' ਵੱਲ ਮੁੜ ਪਏ।

ਹੱਥ-ਹਰਟੀ ਵਾਲੇ ਖੂਹ ਦੇ ਲਾਗੇ, ਲੰਗਰ ਵਾਲੇ ਕਮਰਿਆਂ ਦੇ ਸਾਹਮਣੇ ਸਿੰਘਾਂ ਦੀਆਂ ਪੰਗਤਾਂ ਲੱਗੀਆਂ ਹੋਈਆਂ ਸਨ। ਸਾਹਮਣੇ ਸਰਬ ਲੋਹ ਦੇ ਬਾਟੇ ਪਏ ਸਨ। ਅਸੀਂ ਵੀ ਪੰਗਤ ਵਿਚ ਬੈਠ ਗਏ। ਬੈਠਦਿਆਂ ਸਾਰ ਹੀ ਦੋ ਖਾਲੀ ਬਾਟੇ ਸਾਡੇ ਸਾਹਮਣੇ ਰੱਖ ਦਿੱਤੇ ਗਏ। ਇਕ ਨਿਹੰਗ ਸਿੰਘ ਨੇ ਬਾਲਟੀ ਫੜੀ ਹੋਈ ਸੀ ਅਤੇ ਦੂਸਰਾ ਨਿਹੰਗ ਸਿੰਘ ਬਾਲਟੀ ਵਿਚੋਂ ਬਾਟਾ ਡੁਬੋ-ਡੁਬੋ ਕੇ ਪਰਲੇ ਬੰਨਿਓਂ ਵਰਤਾਈ ਤੁਰੇ ਆਉਂਦੇ ਸਨ। ਸਾਡੇ ਲਾਗਲੇ ਨੇ ਆਪਣੇ ਲਾਗਲੇ ਨੂੰ ਕਿਹਾ, "ਅੱਜ ਸਬਜ਼ੇ ਦੇ ਗੱਫੇ ਤੇ ਨਹੀਂ, ਨਿਧਾਨ ਸਿੰਆਂ।"

ਨਿਧਾਨ ਸਿੰਘ ਨੇ ਉਤਰ ਦਿੱਤਾ, "ਅੱਜ ਐਤਵਾਰ ਐ, ਬਈ, ਅੱਜ ਸ਼ਹੀਦੀ ਦੇਗਾਂ ਨੇ।"

ਹੁਣ ਮੇਰਾ ਵੀ ਬਾਟਾ ਭਰ ਦਿੱਤਾ ਗਿਆ। ਪੰਗਤ ਨੇ ਪੰਜ ਜੈਕਾਰੇ ਗੱਜਾਏ ਤੇ ਸਾਰਿਆਂ ਬਾਟੇ ਚੁੱਕ ਕੇ ਮੂੰਹ ਨਾਲ ਲਾ ਲਏ। ਵਾਹਵਾ ਸੁਆਦੀ ਸ਼ਰਦਾਈ ਸੀ। ਕਾਫ਼ੀ ਸਿੰਘ ਬਾਟੇ ਰੱਖ ਕੇ ਤੁਰ ਗਏ। ਥੋੜ੍ਹੇ ਬੈਠੇ ਰਹੇ। ਅਸੀਂ ਵੀ ਬੈਠੇ ਰਹੇ। ਨਿਹੰਗ ਸਿੰਘਾਂ ਨੇ ਸਾਰਾ ਸਾਰਾ ਬਾਟਾ ਬਾਕੀਆਂ ਨਾਲ ਸਾਡਾ ਵੀ ਭਰ ਦਿੱਤਾ। ਅਸੀਂ ਫੇਰ ਚੜ੍ਹਾ ਗਏ। ਹੁਣ ਹੋਰ ਸੰਗਤਾਂ, ਪੰਗਤ ਛੱਡ ਗਈਆਂ। ਦੋ ਤਿੰਨ ਹੋਰ ਤੇ ਅਸੀਂ ਦੋਵੇਂ ਹੀ ਰਹਿ ਗਏ। ਬਾਕੀਆਂ ਨੂੰ ਅੱਧਾ ਅੱਧਾ ਬਾਟਾ ਵਰਤਾ ਕੇ ਜਦ ਨਿਹੰਗ ਸਿੰਘ ਸਾਡੇ ਕੋਲ ਪੁੱਜੇ ਤਾਂ ਉਨ੍ਹਾਂ ਗਹੁ ਨਾਲ ਸਾਡੇ ਵੱਲ ਦੇਖਿਆ ਤੇ ਕ੍ਰੋਧ ਵਿਚ ਆ ਕੇ ਬਾਟਾ ਮਾਰਨ ਲਈ ਉਘਰ ਕੇ ਕਹਿਣ ਲੱਗੇ, "ਤੁਹਾਡੀ ਭੈਂ... ਸੁੰਨੂੰ, ਦੌੜ ਜਾਓ ਏਥੋਂ।" ਅਸੀਂ ਨਿਹੰਗ ਸਿੰਘਾਂ ਤੋਂ ਡਰਦੇ ਮਾਰੇ ਜਿਉਂ ਦੌੜੇ, ਚਾਟੀਵਿੰਡ ਦੇ ਦਰਵਾਜ਼ੇ ਆਣ ਸਾਹ ਲਿਆ। ਫੇਰ ਅਸੀਂ ਰੁਮਕਦੇ ਰੁਮਕਦੇ ਮੋਨੀ ਦੇ ਚੌਕ ਵੱਲ ਤੁਰ ਪਏ। ਰਾਹ ਵਿਚ ਸਾਨੂੰ ਕੁਝ ਖਿਡਾਰੀ ਦੋਸਤ ਮਿਲੇ, ਪਰ ਸਾਨੂੰ ਭੁੱਖ ਨੇ ਬੜਾ ਸਤਾਇਆ ਹੋਇਆ ਸੀ। ਮਸੀਂ ਮਸੀਂ ਦਸ ਮਿੰਟ ਲਾ ਕੇ ਉਨ੍ਹਾਂ ਤੋਂ ਪੱਲਾ ਛੁਡਾਇਆ। ਮੋਨੀ ਦੇ ਚੌਕ ਤੋਂ ਲਛਮਣਸਰ ਤੱਕ ਪਹੁੰਚਦਿਆਂ ਪਹੁੰਚਦਿਆਂ ਕਹਿਣ ਲੱਗਾ, "ਭਈ ਜਿਹੜੀ ਅਸੀਂ ਸ਼ਰਦਾਈ ਪੀਤੀ ਸੀ, ਉਹ ਤੇ ਸੁੱਖਾ ਸੀ।"

ਮੈਂ ਕੁਝ ਚਿਰ ਹੱਕਾ-ਬੱਕਾ ਉਸ ਦੀਆਂ ਲਾਲ ਅੱਖਾਂ ਵਿਚ ਦੇਖਦਾ ਰਿਹਾ। ਅਚਾਨਕ ਕਿਸੇ ਲੋਹੇ ਦੇ ਵੱਡੇ ਹੱਥ ਦੀਆਂ ਉਂਗਲਾਂ ਨੇ ਮੇਰੇ ਸਿਰ ਨੂੰ ਕੱਸਣਾ ਸ਼ੁਰੂ ਕੀਤਾ, ਇਕ ਖੁਸ਼ਕ ਜਹੀ ਅਕੜਾਹਟ ਮੇਰੇ ਦਿਮਾਗ ਦੀਆਂ ਨਸਾਂ ਵਿਚ ਆਈ, ਫੇਰ ਮਾਨੋ ਉਸ ਹੱਥ ਨੇ ਮੇਰੇ ਸਿਰ ਨੂੰ ਭੁਆਉਣਾ ਸ਼ੁਰੂ ਕਰ ਦਿੱਤਾ ਤੇ ਮੈਂ ਹੇਠਾਂ ਧਸਣਾ। ਐਥੋਂ ਤੱਕ ਕਿ ਮੈਂ ਤਖ਼ਤਪੋਸ਼ ਦਾ ਆਸਰਾ ਲੈ ਕੇ ਭੋਏਂ ਬਹਿ ਗਿਆ। ਮੇਰਾ ਘਰ ਇਥੋਂ ਪਹਿਲੇ ਮੋੜ ਦੇ ਉਹਲੇ ਸੀ, ਜੋ ਮਸੀਂ ਪੰਜਾਹ ਕੁ ਗਜ਼ ਦੀ ਵਿੱਥ 'ਤੇ ਹੋਵੇਗਾ। ਗੁਰਬੱਸੂੰ ਨੇ ਮੈਨੂੰ ਆਸਰਾ ਦਿੱਤਾ ਅਤੇ ਮੈਨੂੰ ਮੇਰੇ ਘਰ ਦੇ ਕੱਚੇ ਥੜ੍ਹੇ 'ਤੇ ਬਿਠਾ ਕੇ ਤਿੱਤਰ ਹੁੰਦਾ ਬਣਿਆ।

ਮੈਂ ਆਪਣੇ ਘਰ ਦੇ ਬੂਹੇ ਵੱਲ ਪਿੱਠ ਕਰੀ, ਥੜ੍ਹੇ ਤੋਂ ਗਲੀ ਵਿਚ ਲੱਤਾਂ ਲਮਕਾਈ, ਆਪਣੇ 'ਤੇ ਕਾਬੂ ਪਾਉਣ ਲਈ ਆਪਣੇ ਸਾਰੇ ਬਲ ਅਤੇ ਚੇਤਨਾ ਨੂੰ ਜਗਾਉਣ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਮੇਰੀ ਮਾਤਾ ਅੰਦਰੋਂ ਨਿਕਲੀ ਤੇ ਕਹਿਣ ਲੱਗੀ, "ਐਥੇ ਕੀ ਕਰਨਾ ਵੇ ਬੈਠਾ? ਤੈਨੂੰ ਸੌ ਵਾਰੀ ਕਿਹਾ, ਨਹਿਰ 'ਤੇ ਨਾ ਜਾਇਆ ਕਰ, ਮੋਇਆ।"

ਮੈਂ ਬੋਲਣਾ ਚਾਹੁੰਦਾ ਵੀ ਕੁਝ ਨਾ ਬੋਲਿਆ। "ਤੇ ਤੂੰ ਖਾਣਾ ਕੁਝ ਨਹੀਂ?" ਹੁਣ ਮਾਤਾ ਦੇ ਲਹਿਜ਼ੇ ਵਿਚ ਨਰਮੀ ਸੀ। ਮੈਂ ਸਾਰਾ ਜ਼ੋਰ ਲਾ ਕੇ ਉਠ ਖਲੋਤਾ ਤੇ ਬੂਹੇ ਦੇ ਲਾਗੇ ਚੌਂਕੇ ਦੇ ਕੋਲ ਪਏ ਮੰਜੇ 'ਤੇ ਜਾ ਬੈਠਾ। ਪਤੀਲੇ ਵਿਚੋਂ ਲਪਟਾਂ ਉੱਠ ਰਹੀਆਂ ਸਨ। ਮਾਤਾ ਜੀ ਨੇ ਕੇਸਰੀ ਮਿੱਠੇ ਚੌਲ ਵੱਡੇ ਥਾਲ ਵਿਚ ਮੁਧਿਆ ਦਿੱਤੇ ਤੇ ਮੇਰਾ ਹਿੱਸਾ ਮੈਨੂੰ ਥਾਲੀ ਵਿਚ ਪਾ ਕੇ ਦੇ ਦਿੱਤਾ। ਪਤਾ ਨਹੀਂ ਮੇਰੇ ਵਿਚ ਕਿਥੋਂ ਬਲ ਆ ਗਿਆ? ਮੈਂ ਚੌਲ ਖਾਣੇ ਸ਼ੁਰੂ ਕਰ ਦਿੱਤੇ। ਉਸ ਦਿਨ ਚੌਲਾਂ ਦਾ ਬੜਾ ਸੁਆਦ ਆਇਆ। ਮਾਤਾ ਨੇ ਪੁੱਛਿਆ, "ਹੋਰ"। ਮੈਂ ਭਾਵੇਂ ਚੁੱਪ ਰਿਹਾ, ਪਰ ਮਾਤਾ ਨੇ ਆਪਣੇ ਹਿੱਸੇ ਵਿਚੋਂ ਵੀ ਅੱਧ ਦੇ ਹੀ ਦਿੱਤਾ। ਮੇਰੀ ਭੁੱਖ ਫੇਰ ਵੀ ਨਾ ਮਿਟੀ। ਉਨ੍ਹਾਂ ਸਵੇਰ ਦੀਆਂ ਵੇਸਣ ਵਾਲੀਆਂ ਦੁਪੜਾਂ

*(ਬਾਕੀ ਅਗਲੇ ਸਫੇ 'ਤੇ)*

# ਸ਼ੇਕਸਪੀਅਰ ਤੋਂ ਸੁਰਜੀਤ ਹਾਂਸ: ਜਸ਼ਨ-ਏ-ਅਲਫਾਜ਼

***ਵਿਲੀਅਮ ਸ਼ੇਕਸਪੀਅਰ 1564 ਵਿਚ ਜੰਮਿਆ ਅਤੇ 23 ਅਪਰੈਲ 1616 ਨੂੰ ਫੌਤ ਹੋ ਗਿਆ। ਇਹ ਵਰ੍ਹਾ ਉਸ ਦੀ 400ਵੀਂ ਬਰਸੀ ਵਾਲਾ ਹੈ। ਸਾਰਾ ਸੰਸਾਰ 400 ਸਾਲ ਪਹਿਲਾਂ ਚੁੱਪ ਹੋਏ ਸ਼ੇਕਸਪੀਅਰ ਨੂੰ ਆਪਣੇ ਢੰਗ ਨਾਲ ਹਾਕਾਂ ਮਾਰ ਰਿਹਾ ਹੈ। ਪੰਜਾਬੀ ਵਿਦਵਾਨ ਲੇਖਕ ਸੁਰਜੀਤ ਹਾਂਸ ਦੀ ਹਾਕ ਇਨ੍ਹਾਂ ਸਭਨਾਂ ਵਿਚੋਂ ਨਿਆਰੀ ਤੇ ਨਿਵੇਕਲੀ ਹੈ। ਉਹਨੇ ਸਾਰਾ ਸ਼ੇਕਸਪੀਅਰ ਅਨੁਵਾਦ ਕਰ ਕੇ ਸ਼ਬਦਾਂ ਦਾ ਜਿਹੜਾ ਮੇਲਾ ਲਾਇਆ ਹੈ, ਉਹ ਲਾਜਵਾਬ ਹੈ। ਅੱਜ ਕੱਲ੍ਹ ਉਹ ਚਾਰਲਸ ਡਾਰਵਿਨ ਦੀ ਸੰਸਾਰ ਪ੍ਰਸਿੱਧ ਕਿਤਾਬ 'ਦਿ ਓਰਿਜਿਨ ਆਫ ਸਪੀਸੀਜ਼' ਦੇ ਤਰਜਮੇ ਵਿਚ ਰੁੱਝਾ ਹੋਇਆ ਹੈ।***

ਕਿੱਸਾ ਛੇ ਦਹਾਕੇ ਪਹਿਲਾਂ ਦਾ ਹੈ। ਸਾਲ 1953 ਹੈ। ਹੁਸ਼ਿਆਰਪੁਰ ਵਿਚ ਪ੍ਰੋਫੈਸਰ ਸਟੌਕ ਨੇ ਵਿਦਿਆਰਥੀਆਂ ਨੂੰ ਲੈ ਕੇ ਸ਼ੇਕਸਪੀਅਰ ਦਾ ਨਾਟਕ 'ਮਕਬਾਥ' ਖੇਡਿਆ। ਇਸ ਨਾਟਕ ਵਿਚ ਇਕ ਵਿਦਿਆਰਥੀ ਸੀਟਨ ਦਾ ਕਿਰਦਾਰ ਨਿਭਾਅ ਰਿਹਾ ਹੈ। ਇਹ ਵਿਦਿਆਰਥੀ ਕੋਈ ਸਾਧਾਰਨ ਅਦਾਕਾਰ ਨਹੀਂ, ਸਗੋਂ ਸ਼ੇਕਸਪੀਅਰ ਦੀਆਂ ਲਿਖਤਾਂ ਦਾ ਮੁਰੀਦ ਹੈ। 'ਮਕਬਾਥ' ਵਾਲਾ ਇਹ ਸੀਟਨ, ਸੁਰਜੀਤ ਹਾਂਸ ਹੈ ਜਿਸ ਨੇ ਵੀਹ ਵਰ੍ਹੇ ਲਾ ਕੇ ਸਾਰਾ ਵਿਲੀਅਮ ਸ਼ੇਕਸਪੀਅਰ ਪੰਜਾਬੀ ਵਿਚ ਜੋੜ ਦਿੱਤਾ ਹੈ। ਤਰਜਮੇ ਲਈ ਮਿਲੀ ਪ੍ਰੇਰਨਾ ਬਾਬਤ ਉਹ ਸਿੱਧਾ ਜਵਾਬ ਨਹੀਂ ਦਿੰਦਾ। ਅਸਲ ਵਿਚ ਉਸ ਕੋਲ ਸਵਾਲ ਬਹੁਤੇ ਹਨ ਜਿਨ੍ਹਾਂ ਨਾਲ ਉਹ ਖੁਦ ਵੀ ਲਗਾਤਾਰ ਦੋ-ਚਾਰ ਹੁੰਦਾ ਰਹਿੰਦਾ ਹੈ। ਇਹ ਅਮੁੱਕ ਤਲਾਸ਼ ਹੈ ਜਿਹੜੀ ਸ਼ਾਇਦ

ਜਸਵੀਰ ਸਮਰ

ਹਾਲਾਤ ਨੂੰ ਸਮੁੱਚ ਵਿਚ ਦੇਖਣ ਦਾ ਨਤੀਜਾ ਹੈ। ਇਸੇ ਕਰ ਕੇ ਕੋਈ ਸਵਾਲ ਮੁਕੰਮਲ ਰੂਪ ਵਿਚ ਬਾਹਰ ਆਉਣ ਤੋਂ ਪਹਿਲਾਂ ਹੀ ਦੂਜਾ ਸਵਾਲ ਮਗਰੇ ਆਕੜਾਂ ਭੰਨਦਾ, ਹੁੱਬਸਲੀ ਮਾਰ ਰਿਹਾ ਹੁੰਦਾ ਹੈ। ਸਵਾਲਾਂ ਦੀ ਇਹ ਘਾਸ ਸ਼ਬਦਾਂ ਦੇ ਮੇਲੇ ਨੇ ਪਾਈ ਹੋਈ ਹੈ ਜਿਹੜਾ ਸੁਰਜੀਤ ਦੇ ਵਿਹੜੇ ਹਰ ਵਕਤ ਲੱਗਿਆ ਰਹਿੰਦਾ ਹੈ। ਖੈਰ! ਪ੍ਰੇਰਨਾ ਬਾਰੇ ਇੰਨੇ ਕੁ ਸ਼ਬਦਾਂ ਨਾਲ ਸਰ ਜਾਂਦਾ ਹੈ: "ਮੈਂ ਚਾਹੁੰਨਾ, ਪੰਜਾਬੀ ਪਿਆਰੇ ਸ਼ੇਕਸਪੀਅਰ ਪੜ੍ਹਨ।" ਸ਼ੇਕਸਪੀਅਰ ਤੋਂ ਉਹਦਾ ਭਾਵ ਹੈ, ਮੌਲਿਕ ਸ਼ੇਕਸਪੀਅਰ। ਸੁਣੀਆਂ-ਸੁਣਾਈਆਂ ਕਹਾਣੀਆਂ ਤੇ ਕਿੱਸੇ ਬੜੀਆਂ ਤੱਦੀਆਂ ਕਰ ਗੁਜ਼ਰਦੇ ਹਨ ਅਤੇ ਗੱਲ ਹੋਰ ਦੀ ਹੋਰ ਬਣ ਜਾਂਦੀ ਹੈ। ਇਹ ਭਾਣਾ ਸਕੂਲਾਂ-ਕਾਲਜਾਂ-ਯੂਨੀਵਰਸਿਟੀਆਂ ਵਿਚ ਨਿਰਵਿਘਨ ਵਾਪਰ ਰਿਹਾ ਹੈ ਜਿਥੇ ਵਿਦਿਆਰਥੀ ਮੌਲਿਕ/ਅਸਲ ਕਿਤਾਬ ਪੜ੍ਹੇ ਬਗੈਰ ਹੀ ਇਮਤਿਹਾਨ ਪਾਸ ਕਰੀ ਜਾ ਰਹੇ ਹਨ। ਅਧਿਆਪਕਾਂ ਨੂੰ ਵੀ ਕੋਈ ਉਜ਼ਰ ਨਹੀਂ; ਅਗਲੇ ਨੌਕਰੀ ਕਰਦੇ ਹਨ ਤੇ ਘਰ ਚਲਾਈ ਜਾਂਦੇ ਹਨ। ਮੌਲਿਕ ਲਿਖਤਾਂ ਪੜ੍ਹਨ ਦਾ ਰਿਵਾਜ ਹੁਣ ਕਿਥੇ! ਇਸੇ ਕਰ ਕੇ ਹੀ ਤਾਂ ਮਿਆਰ ਗੋਡਿਆਂ ਪਰਨੇ ਹੋਇਆ ਪਿਆ ਹੈ। ਉਹਦਾ ਖਿਆਲ ਹੈ ਕਿ ਹਰ ਰਚਨਾ ਦਾ ਆਦਿ ਤੋਂ ਅੰਤ ਤੱਕ ਨਿੱਠ ਕੇ ਪਾਠ ਹੋਣਾ ਚਾਹੀਦਾ ਹੈ। ਸ਼ੇਕਸਪੀਅਰ ਦੇ ਤਰਜਮੇ ਵੇਲੇ ਵੀ ਉਹਨੇ ਇਹੀ ਮੀਟਰ ਲਾਇਆ। ਸਤਰ ਤੋਂ ਸਤਰ ਤੱਕ ਦਾ ਤਰਜਮਾ। ਸ਼ੇਕਸਪੀਅਰ ਦੇ ਬਹੁਤ ਵੱਡੇ ਸ਼ਬਦ ਭੰਡਾਰ ਦਾ ਮੁਕਾਬਲਾ ਘੱਟ ਸ਼ਬਦਾਂ ਨਾਲ ਕਰਨਾ ਕਿਹੜਾ ਸੌਖਾ ਸੀ, ਪਰ ਉਹਨੇ ਇਨ੍ਹਾਂ ਘੱਟ ਸਿਪਾਹੀਆਂ ਨੂੰ ਮੈਦਾਨ ਵਿਚ ਇਸ ਤਰਕੀਬ ਨਾਲ ਬੀੜਿਆ ਕਿ ਲੜਾਈ ਤਕਰੀਬਨ ਬਰਾਬਰ ਦੀ ਹੋ ਨਿਬੜੀ।

ਗੱਲਬਾਤ ਦੌਰਾਨ ਹਰ ਸਵਾਲ-ਜਵਾਬ ਤੋਂ ਬਾਅਦ ਕੁਝ ਪਲ ਖਾਮੋਸ਼ੀ ਦਾ ਆਲਮ ਰਹਿੰਦਾ ਹੈ, ਫਿਰ 84 ਵਰ੍ਹਿਆਂ ਦੇ ਬਿਰਧ ਸਰੀਰ ਅੰਦਰ ਜਗਦੀ ਸ਼ਬਦ-ਲੋਅ ਪਹੁ-ਫੁਟਾਲੇ ਵਾਂਗ ਪਾਟਦੀ ਹੈ ਅਤੇ ਫਿਰ ਉਹ ਕੁਝ ਕੁ ਸ਼ਬਦ ਬੋਲ ਕੇ ਬੱਸ ਨਹੀਂ ਕਰਦਾ; ਵਾਰ-ਵਾਰ ਉਹੀ ਤਰਾਟਾਂ, ਉਹੀ ਤਰੰਗਾਂ, ਉਨੀ ਹੀ ਤੀਬਰਤਾ ਤੇ ਤੀਖਣਤਾ ਨਾਲ ਪੈਂਦੀਆਂ ਹਨ। ਸ਼ੇਕਸਪੀਅਰ ਦੀਆਂ ਰਚਨਾਵਾਂ ਵਿਚ ਸ਼ਬਦ ਭੰਡਾਰ ਸਾਉਣ ਦੇ ਛਰਾਟਿਆਂ ਵਾਂਗ ਵਰ੍ਹਦਾ ਹੈ। ਇਹਦਾ ਕਿਤੇ ਕੋਈ ਤੋੜ ਨਹੀਂ। ਪਲ ਦੀ ਪਲ ਖਾਮੋਸ਼ ਹੋਇਆ ਸੁਰਜੀਤ, ਸ਼ਬਦਾਂ ਦਾ ਕਿੱਸਾ ਫਿਰ ਸੁਰਜੀਤ ਕਰਦਾ ਹੈ: ਸ਼ੇਕਪੀਅਰ ਦੇ ਨਾਟਕਾਂ ਵਿਚ ਜਜ਼ਬਾਤ ਦਾ ਹੜ੍ਹ ਆਉਂਦਾ ਹੈ, ਮੁੱਦਿਆਂ ਦੀ ਮਰਦੰਗ ਵੱਜਦੀ ਹੈ, ਮਸਲਿਆਂ ਦੇ ਝੱਖੜ ਝੁੱਲਦੇ ਹਨ ਅਤੇ ਦੁਚਿੱਤੀਆਂ ਦਾ ਪੇਚਾ ਪੈਂਦਾ ਹੈ। ਉਹਦਾ ਦਾਅਵਾ ਹੈ ਕਿ ਪੰਜਾਬੀ ਤਰਜਮੇ ਵਿਚ ਇਹ ਹੜ੍ਹ ਤੇ ਮਰਦੰਗ, ਝੱਖੜ ਤੇ ਦੁਚਿੱਤੀਆਂ, ਅਸਲ ਸ਼ੇਕਸਪੀਅਰ ਨਾਲੋਂ ਵੱਧ ਤੀਬਰ ਰੂਪ ਵਿਚ ਪੇਸ਼ ਹੋਇਆ ਹੈ।



*ਗੱਲਬਾਤ ਦੌਰਾਨ ਹਰ ਸਵਾਲ-ਜਵਾਬ ਤੋਂ ਬਾਅਦ ਕੁਝ ਪਲ ਖਾਮੋਸ਼ੀ ਦਾ ਆਲਮ ਰਹਿੰਦਾ ਹੈ, ਫਿਰ 84 ਵਰ੍ਹਿਆਂ ਦੇ ਬਿਰਧ ਸਰੀਰ ਅੰਦਰ ਜਗਦੀ ਸ਼ਬਦ-ਲੋਅ ਪਹੁ-ਫੁਟਾਲੇ ਵਾਂਗ ਪਾਟਦੀ ਹੈ, ਤੇ ਫਿਰ ਉਹ ਕੁਝ ਕੁ ਸ਼ਬਦ ਬੋਲ ਕੇ ਬੱਸ ਨਹੀਂ ਕਰਦਾ; ਵਾਰ-ਵਾਰ ਉਹੀ ਤਰਾਟਾਂ ਤੇ ਤਰੰਗਾਂ, ਉਨੀ ਹੀ ਤੀਬਰਤਾ ਤੇ ਤੀਖਣਤਾ ਨਾਲ ਪੈਂਦੀਆਂ ਹਨ। ਸ਼ੇਕਪੀਅਰ ਦੇ ਨਾਟਕਾਂ ਵਿਚ ਜਜ਼ਬਾਤ ਦਾ ਹੜ੍ਹ ਆਉਂਦਾ ਹੈ, ਮੁੱਦਿਆਂ ਦੀ ਮਰਦੰਗ ਵੱਜਦੀ ਹੈ, ਮਸਲਿਆਂ ਦੇ ਝੱਖੜ ਝੁੱਲਦੇ ਹਨ ਅਤੇ ਦੁਚਿੱਤੀਆਂ ਦਾ ਪੇਚਾ ਪੈਂਦਾ ਹੈ।*



ਵਿਲੀਅਮ ਸ਼ੇਕਸਪੀਅਰ 1564 ਵਿਚ ਜੰਮਿਆ ਅਤੇ 1616 ਵਿਚ ਫੌਤ ਹੋ ਗਿਆ। ਇਹ ਵਰ੍ਹਾ ਉਸ ਦੀ 400ਵੀਂ ਬਰਸੀ ਵਾਲਾ ਹੈ। ਸਾਰਾ ਸੰਸਾਰ 400 ਸਾਲ ਪਹਿਲਾਂ ਚੁੱਪ ਹੋਏ ਸ਼ੇਕਸਪੀਅਰ ਨੂੰ ਆਪੋ ਆਪਣੇ ਢੰਗ ਨਾਲ ਹਾਕਾਂ ਮਾਰ ਰਿਹਾ ਹੈ। ਆਪਣੇ ਸੁਰਜੀਤ ਹਾਂਸ ਦੀ ਹਾਕ ਇਨ੍ਹਾਂ ਸਭਨਾਂ ਵਿਚੋਂ ਨਿਆਰੀ ਤੇ ਨਿਵੇਕਲੀ ਹੈ। ਸ਼ੇਕਸਪੀਅਰ ਨੇ ਆਪਣੀਆਂ ਰਚਨਾਵਾਂ ਵਿਚ ਸ਼ਬਦਾਂ ਦਾ ਜਿਹੜਾ ਮੇਲਾ ਲਾਇਆ ਹੈ, ਉਹ ਲਾਜਵਾਬ ਹੈ; ਸੁਰਜੀਤ ਹਾਂਸ ਨੇ ਵੀ ਸ਼ੇਕਸਪੀਅਰ ਦੇ ਇਨ੍ਹਾਂ ਸ਼ਬਦਾਂ ਦਾ ਜਸ਼ਨ ਮਨਾਇਆ ਹੈ। ਸ਼ੇਕਸਪੀਅਰ ਬਾਰੇ ਹੋ ਰਹੀਆਂ ਗੱਲਾਂ ਵਿਚੋਂ ਗੱਲ ਤੁਰਦੀ ਹੈ: ਡਰਾਮਾ ਪੂਰਾ ਆਰਟ ਨਹੀਂ। ਮਤਲਬ, ਡਰਾਮਾ ਅੱਧਾ ਆਰਟ ਹੈ, ਇਹ ਸਟੇਜ ਉਤੇ ਜਾ ਕੇ ਹੀ ਮੁਕੰਮਲ ਹੁੰਦਾ ਹੈ; ਪਰ ਪੰਜਾਬੀਆਂ ਨੇ ਤਾਂ ਅਜੇ ਸ਼ੇਕਸਪੀਅਰ ਪੜ੍ਹਿਆ ਨਹੀਂ, ਸਟੇਜ ਉਤੇ ਸ਼ੇਕਸਪੀਅਰ ਦੇਖਣ ਦੀ ਵਾਰੀ ਅਜੇ ਆਉਣੀ ਹੈ। ਇਸ ਹਿਸਾਬ ਨਾਲ ਸੁਰਜੀਤ ਹਾਂਸ ਵਾਲਾ ਕਾਰਜ ਅਜੇ ਮੁੱਕਿਆ ਨਹੀਂ। ਸ਼ੇਕਸਪੀਅਰ ਦੀਆਂ ਲਿਖਤਾਂ ਦੇ ਵੱਖ-ਵੱਖ ਅਰਥਾਂ ਬਾਰੇ ਜਵਾਬ ਮਿਲਦਾ ਹੈ: ਇਹ ਕੰਮ ਅਗਲਿਆਂ ਕਰ ਲਿਆ ਹੋਇਆ ਹੈ। ਹੁਣ ਸ਼ਬਦਾਂ ਦੇ ਅਰਥਾਂ ਦਾ ਕੋਈ ਰੌਲਾ ਨਹੀਂ। ਸਭ ਸ਼ੀਸ਼ੇ ਵਾਂਗ ਸਾਫ। ਸ਼ੇਕਸਪੀਅਰ ਜਦੋਂ ਸੁਰਜੀਤ ਹਾਂਸ ਰਾਹੀਂ ਪੰਜਾਬੀ ਵਿਚ ਵਟਣਾ ਸ਼ੁਰੂ ਹੋਇਆ ਤਾਂ ਰੂਪ-ਵਿਧਾਨ ਬਾਰੇ ਵੀ ਸੋਚਾਂ ਦੀ ਫਿਰਕੀ ਘੁੰਮੀ। ਉਹਨੇ ਸ਼ੇਕਸਪੀਅਰ ਦੇ ਮੇਚ ਤੱਕ ਆਉਣ ਲਈ ਕਈ ਛੰਦ ਘੜੇ। ਛੰਦ ਘੜਨ ਦਾ ਇਹ ਕੰਮ ਉਹਨੇ ਦਰਅਸਲ ਆਪਣੀ ਅਹਿਮ ਕਿਤਾਬ 'ਪੁਸ਼ਤਾਂ' ਵਿਚ ਚਿਰ ਪਹਿਲਾਂ ਕਰ ਲਿਆ ਹੋਇਆ ਸੀ।

ਕਲਪਨਾ ਕਰੋ ਕਿ 'ਮਕਬਾਥ' ਕਿਸੇ ਸਟੇਜ ਉਤੇ ਪੰਜਾਬੀ ਵਿਚ ਵਾਪਰ ਰਿਹਾ ਹੈ। ਉਹ ਝੱਟ ਜ਼ੁਲੂ (ਦੱਖਣੀ ਅਫਰੀਕਾ) ਵਿਚ ਅਨੁਵਾਦ ਹੋਏ ਮਕਬਾਥ ਦੀ ਕਥਾ ਛੋਹ ਲੈਂਦਾ ਹੈ। 'ਜ਼ੁਲੂ' ਵਿਚ ਅਨੁਵਾਦ ਹੋਈ ਲਿਖਤ ਦਾ ਟਾਈਟਲ ਹੈ- ਓਮਾਬਾਠਾ। ਲੰਡਨ ਦੀ ਧਰਤੀ ਹੈ, ਦੱਖਣੀ ਅਫਰੀਕਾ ਦੇ ਸਿਆਹ ਕਲਾਕਾਰ ਹਨ; ਇਹ ਕਦੋਂ ਕਾਹਲੇ ਕਲਾਕਾਰਾਂ ਵਿਚ ਵਟਦੇ ਹਨ, ਦਰਸ਼ਕ ਨੂੰ ਖਬਰ ਵੀ ਨਹੀਂ ਹੁੰਦੀ। ਸੁਰਜੀਤ ਹਾਂਸ ਵਿਆਖਿਆ ਕਰਦਾ ਹੈ: ਅਫਰੀਕੀ ਨਾਚ ਬਹੁਤ ਸਹਿਜ ਤੇ ਸੁਭਾਵਕ ਹੈ। ਇਹਦੇ ਨਾਲ ਸੁਰ ਜੁੜ ਜਾਵੇ ਤਾਂ ਕਿਆ ਬਾਤਾਂ! ਵਾਰਤਾਲਾਪ ਤੋਂ ਲੜਾਈ, ਲੜਾਈ ਤੋਂ ਨਾਚ, ਨਾਚ ਤੋਂ ਗਾਉਣ ਤੇ ਫਿਰ ਗਾਉਣ ਤੋਂ ਵਾਰਤਾਲਾਪ, ਇੰਨਾ ਸਹਿਜ ਹੈ ਕਿ ਮਾਲਾ ਬਣਦੀ ਜਾਂਦੀ ਹੈ। ਨਾਟਕ ਨੂੰ ਹੋਰ ਕੀ ਚਾਹੀਦਾ ਹੁੰਦਾ!

ਸ਼ੇਕਸਪੀਅਰ ਨੇ ਪੰਜਾਬੀਆਂ ਲਈ ਜਸ਼ਨ-ਏ-ਅਲਫ਼ਾਜ਼ ਅਜੇ ਬਣਨਾ ਹੈ, ਇਨ੍ਹਾਂ ਦੀ ਨੀਂਦ ਅਜੇ ਟੁੱਟਣੀ ਹੈ। ਪੰਜਾਬੀਆਂ ਨੇ ਤਾਂ ਅਜੇ ਸੁਰਜੀਤ ਹਾਂਸ ਦੀ ਕਿਤਾਬ 'ਪੁਸ਼ਤਾਂ' ਵੀ ਨਹੀਂ ਪੜ੍ਹੀ। ਪੰਜਾਬੀਆਂ ਦੀ ਢੋਲ-ਵਜਾਈ ਤੋਂ ਉਹ ਉਸ ਰੂਪ ਵਿਚ ਔਖਾ ਤਾਂ ਨਹੀਂ, ਪਰ ਉਹ ਬਾਖਬਰ ਹੈ ਕਿ ਕਿਸੇ ਲੇਖਕ ਦੀ ਮਹਾਨਤਾ, ਪਾਠਕਾਂ ਦੀ ਮਹਾਨਤਾ ਤੋਂ ਬਗੈਰ ਅਧੂਰੀ ਹੈ। ਵਜ੍ਹਾ ਇਹ ਕਿ ਪਾਠਕ ਦੇ ਸੁਹਜ-ਸੁਆਦ ਦਾ ਕੋਈ ਪਾਰਾਵਾਰ ਨਹੀਂ। ਇਹ ਹਰ ਵੇਲੇ ਤਬਦੀਲੀ ਦੇ ਚੱਕ ਉਤੇ ਚੜ੍ਹਿਆ ਰਹਿੰਦਾ ਹੈ। ਪਾਠਕ ਦੀ ਪਰਿਕਰਮਾ ਕਰਦਿਆਂ ਉਹ ਲੇਖਕ ਦੀ ਗੱਲ ਛੋਂਹਦਾ ਹੈ। ਨਾਲ ਹੀ ਆਰ ਵੀ ਲਾਉਂਦਾ ਹੈ: ਪੰਜਾਬੀ ਲੇਖਕ ਤਾਂ ਭਾਈ ਕਵਿਤਾ ਦਾ ਈ ਨਾਟਕ ਬਣਾ ਦਿੰਦੇ, ਕੋਈ ਨਾਟਕ ਵਿਚ ਕਵਿਤਾ ਕਰੇ ਤਾਂ ਕੋਈ ਬਾਤ ਬਣੇ। ਇਹ ਗੱਲ ਕੰਮ ਦੀ ਹੈ ਜੋ ਢੋਲ-ਵਜਾਈਆਂ ਵਿਚ ਅਕਸਰ ਸੁਣਦੀ ਨਹੀਂ। ਢੋਲ-ਵਜਾਈ ਵਿਚ ਬਹੁਤੀਆਂ ਗੱਲਾਂ ਵਿਸਰ ਹੀ ਤਾਂ ਜਾਂਦੀਆਂ ਹਨ। ਉਹ ਮੁੜ ਲੜੀ ਫੜਦਾ ਹੈ: ਆਪਣੇ ਤਰੱਕੀਪਸੰਦ ਅਦੀਬ ਬੱਸ ਢੋਲ ਵਜਾਈ ਹੀ ਕਰਦੇ ਹਨ। ਇਹ ਆਖਣ ਵਾਲਾ ਸੁਰਜੀਤ ਹਾਂਸ ਆਪ ਕਮਿਊਨਿਸਟ ਪਾਰਟੀ ਦਾ ਹੋਲਟਾਈਮਰ ਰਿਹਾ ਹੈ, ਉਹਨੂੰ ਵੱਧ ਪਤਾ ਹੈ ਕਿ ਇਸ ਢੋਲ-ਵਜਾਈ ਦੀ ਮਾਰ ਕਿੰਨੀ ਗਹਿਰੀ ਹੈ। ਜੇ ਬੰਦੇ ਦੇ ਸਵਾਲ ਦੀ ਧਾਰ ਹੀ ਖੁੰਡੀ ਹੋ ਗਈ, ਤਾਂ ਜਵਾਬ ਕਿਥੋਂ ਲੱਭਣੇ ਹੋਏ! ਨਸ਼ਤਰ ਤੋਂ ਬਗੈਰ ਜ਼ਖ਼ਮਾਂ ਦੇ ਮਵਾਦ ਤੋਂ ਛੁਟਕਾਰਾ ਔਖਾ ਹੀ ਹੁੰਦਾ ਹੈ ਨਾ।

ਸੁਰਜੀਤ ਹਾਂਸ ਨੇ ਆਪਣੇ ਸਿਰੜ ਸਦਕਾ ਆਪਣਾ ਕੰਮ ਕਰ ਦਿੱਤਾ ਹੈ, ਪਰ ਇਹ ਸਟੇਜ ਤੋਂ ਬਿਨਾ ਅਜੇ ਅਧੂਰਾ ਹੈ। ਕੋਈ ਕਿਆਸ ਨਹੀਂ, ਇਹ ਮੁਕੰਮਲ ਕਦੋਂ ਹੋਣਾ ਹੈ। ਪੁੱਛਣ 'ਤੇ ਉਹ ਹੱਸ ਛੱਡਦਾ ਹੈ: ਪੂਰਨਤਾ ਉਤੇ ਤਾਂ ਇਕਲੌਤਾ ਹੱਕ ਸਿਰਫ ਰੱਬ ਦਾ ਹੈ! ਗੱਲ ਦਰਅਸਲ ਨਿਭਾਅ ਦੀ ਹੈ। ਇਸ ਪ੍ਰਸੰਗ ਵਿਚ ਉਹ ਆਪਣੇ ਉਸਤਾਦ ਪ੍ਰੋਫੈਸਰ ਆਰ ਕੇ ਕੌਲ ਨੂੰ ਧਿਆਉਂਦਾ ਹੈ, ਉਸ ਦੇ ਸੰਗ ਨਾਲ ਸਿੱਖੀਆਂ ਗੱਲਾਂ ਸੁਣਾਉਂਦਾ ਹੈ।

ਪੰਜਾਬ ਅਤੇ ਪੰਜਾਬੀ ਦੇ ਵਿਕਾਸ ਦੀ ਗੱਲ ਤੁਰਦੀ ਹੈ ਤਾਂ ਉਹ ਫਿਰ ਸ਼ਬਦਾਵਲੀ 'ਤੇ ਆਣ ਖੜ੍ਹਦਾ ਹੈ। ਇਸ ਤੋਂ ਵੀ ਪਹਿਲਾਂ ਸਵਾਲ ਇਹ ਸਿਰ ਪੈ ਜਾਂਦਾ ਹੈ ਕਿ ਵਿਕਾਸ ਕੀਹਦਾ ਅਤੇ ਕਿਵੇਂ ਕਰਨਾ ਹੈ? ਕਿਤੇ ਕੋਈ ਤੰਦ ਨਹੀਂ ਲੱਭਦੀ ਦਿਸਦੀ। ਤੰਦ ਫੜਨ ਖਾਤਰ ਉਹ ਪੂੰਜੀਵਾਦ ਦੀ ਸ਼ਬਦਾਵਲੀ ਦੀ ਮਿਸਾਲ ਦਿੰਦਾ ਹੈ ਅਤੇ ਝੱਟ ਫਰਾਂਸੀਸੀ ਇਤਿਹਾਸਕਾਰ ਬ੍ਰੋਹਦੇਲ ਦੀ ਤਿੰਨ ਜਿਲਦਾਂ ਵਿਚ ਛਪੀ ਕਿਤਾਬ 'ਸਿਵਲਾਈਜ਼ੇਸ਼ਨ ਐਂਡ ਕੈਪੀਟਲਿਜ਼ਮ' ਵਿਚੋਂ ਇਕ ਕੱਢ ਲਿਆਉਂਦਾ ਹੈ। ਕਿਤਾਬ ਨਿਸ਼ਾਨੀਆਂ ਨਾਲ ਸ਼ਿੰਗਾਰੀ ਪਈ ਹੈ ਅਤੇ ਇਸ ਦੇ ਅੱਗੇ-ਪਿੱਛੇ ਖਾਲੀ ਥਾਂ ਉਤੇ ਸਫਿਆਂ ਦੇ ਹਿਸਾਬ ਨਾਲ ਖਾਸ ਨੁਕਤੇ ਲਿਖੇ ਹੋਏ ਹਨ। ਥੋੜ੍ਹੀ ਮਿਹਨਤ ਤੋਂ ਬਾਅਦ ਉਹ ਲੱਭ ਲੈਂਦਾ ਹੈ: ਪੂੰਜੀਵਾਦ ਦੀ ਤਕਨੀਕੀ ਸ਼ਬਦਾਵਲੀ ਵਿਕਸਤ ਹੋਣ ਦਾ ਇਤਿਹਾਸ 9 ਸਦੀਆਂ ਤੱਕ ਫੈਲਿਆ ਹੋਇਆ ਹੈ ਅਤੇ ਅਸੀਂ ਹਾਂ- 'ਕੋਹ ਨਾ ਚੱਲੀ, ਬਾਬਾ ਮੈਂ ਤਿਹਾਈ'! ਉਹ ਸਿੱਧਾ ਅੱਖਾਂ ਵਿਚ ਝਾਕਦਾ ਹੈ। ਵਿਕਾਸ ਲਈ ਛਿੱਲੀ-ਤਰਾਸ਼ੀ ਵਿਗਿਆਨ-ਮੁੱਖ ਸ਼ਬਦਾਵਲੀ ਲਈ ਤਕਨੀਕੀ ਸ਼ਬਦਾਵਲੀ ਦਰਕਾਰ ਹੈ। ਪੰਜਾਬੀਆਂ ਦਾ ਘਾਸਾ ਇਸ ਪਾਸੇ ਬਹੁਤਾ ਪਿਆ ਨਹੀਂ ਹੈ।

ਸ਼ੇਕਸਪੀਅਰ ਦਾ ਪਿਛੋਕੜ ਖੇਤੀ ਵਾਲਾ ਸੀ, ਸੁਰਜੀਤ ਹਾਂਸ ਦਾ ਪਿੜ ਵੀ ਇਹੀ ਹੈ। ਹੁਣ ਵੀ ਉਹ ਤੇੜ ਚਾਦਰਾ ਬੰਨ੍ਹੀ ਇੰਟਰਵਿਊ ਲਈ ਬੈਠਾ ਹੈ। ਘਰੇ ਚਾਦਰੇ ਦੀ ਸੌਖ ਤਾਂ ਹੋ ਸਕਦੀ ਹੈ, ਪਰ ਇਹ ਸ਼ੁਕੀਨੀ ਕੋਈ ਨਹੀਂ। ਇਹ ਸ਼ੇਕਸਪੀਅਰ ਵਾਂਗ ਨਾੜੂਆ ਖੇਤੀ ਨਾਲ ਜੁੜੇ ਹੋਣ ਵਾਲੀ ਕੋਈ ਗੱਲ ਹੈ। ਸ਼ੇਕਸਪੀਅਰ ਦੀ ਮਹਿਮਾ ਉਸ ਦੇ ਫੌਤ ਹੋਣ ਤੋਂ ਦੋ ਸਦੀਆਂ ਬਾਅਦ ਆਰੰਭ ਹੋਈ ਸੀ। ਇਹ ਚੜ੍ਹਦੀ 19ਵੀਂ ਸਦੀ ਦੇ ਵਕਤ ਸਨ ਜਦੋਂ ਹੈਜ਼ਲਿਟ (1778-1830) ਵਰਗੇ ਲਿਖਾਰੀ ਨੇ ਇਹ ਚਰਚਾ ਛੋਹੀ ਸੀ। ਫਿਰ ਇਤਫਾਕ ਹੋਇਆ: ਅੰਗਰੇਜ਼ੀ ਸਾਮਰਾਜ ਅਤੇ ਸ਼ੇਕਸਪੀਅਰ ਸੰਸਾਰ-ਵਿਆਪੀ ਹੋ ਗਏ। ਸੁਰਜੀਤ ਹਾਂਸ ਵਾਲਾ ਸ਼ੇਕਸਪੀਅਰ ਪੰਜਾਬੀਆਂ ਦੇ ਵਿਹੜੇ ਕਦੋਂ ਤਰਥੱਲੀ ਪਾਉਂਦਾ ਹੈ, ਇਹੀ ਦੇਖਣਾ ਹੁਣ ਬਾਕੀ ਹੈ।

*('ਪੰਜਾਬੀ ਟ੍ਰਿਬਿਊਨ' ਤੋਂ ਧੰਨਵਾਦ ਸਹਿਤ)*

# ਸੋਟੀ

*(ਪਿਛਲੇ ਸਫੇ ਦੀ ਬਾਕੀ)*

ਵਿਚੋਂ ਇਕ ਗਰਮ ਕੀਤੀ ਤੇ ਮੈਨੂੰ ਦੇ ਦਿੱਤੀ। ਮੈਂ ਉਹ ਵੀ ਖਾ ਗਿਆ। ਮੇਰੀ ਮਾਤਾ ਨੂੰ ਕੁਝ ਸ਼ੱਕ ਗੁਜ਼ਰਿਆ। ਉਨ੍ਹਾਂ ਮੇਰੇ ਵੱਲ ਗਹੁ ਨਾਲ ਦੇਖਣਾ ਸ਼ੁਰੂ ਕੀਤਾ। ਮੈਨੂੰ ਮੇਰੀਆਂ ਅੱਖਾਂ ਮਿਲਦੀਆਂ ਜਾਂਦੀਆਂ ਮਲੂਮ ਹੁੰਦੀਆਂ ਸਨ। ਮੈਂ ਆਪਣੇ ਸਾਰੇ ਸਰੀਰ ਦਾ ਜ਼ੋਰ ਉਨ੍ਹਾਂ ਨੂੰ ਖੁੱਲ੍ਹੀਆਂ ਰੱਖਣ ਲਈ ਲਾ ਰਿਹਾ ਸਾਂ। ਇਉਂ ਜਾਪਦਾ ਸੀ ਜਿਵੇਂ ਮੇਰੀਆਂ ਅੱਖਾਂ ਦੇ ਪਰਦਿਆਂ ਵਿਚ ਕਿਸੇ ਮਣ-ਮਣ ਸਿੱਕਾ ਭਰ ਦਿੱਤਾ ਹੋਵੇ। ਮੇਰੇ ਅੱਖਾਂ ਝਪਕਦਿਆਂ ਹੀ ਕਦੋਂ ਦੀ ਲੁਕਾਈ ਹੋਈ ਸੋਟੀ ਪਤਾ ਨਹੀਂ ਕਿਥੋਂ ਆ ਗਈ। ਸਾੜ-ਸਾੜ ਦੋ ਕੁ ਹੀ ਪਈਆਂ ਤਾਂ ਕੁਝ ਚਿਰ ਲਈ ਹੋਸ਼ ਪਰਤ ਆਈ, ਪਰ ਇਹ ਹੋਸ਼ ਕਾਫੀ ਨਹੀਂ ਸੀ। ਆਉਂਦੀ ਸੋਟੀ ਹਨੂਮਾਨ ਦਾ ਪਹਾੜ ਜਾਪਦੀ। ਰੋਕਣ ਲਈ ਹੱਥ ਕਰਦਿਆਂ ਕਰਦਿਆਂ ਸਾੜ ਕਰਦੀ ਵੱਖੀ ਵਿਚ ਆ ਪੈਂਦੀ। ਛੁਟਕਾਰਾ ਤਾਂ ਹੋਇਆ, ਜੇ ਗੁਰਬੱਸ਼ੂ ਦੀ ਸ਼ਰਦਾਈ ਵਾਲੀ ਕਥਾ, ਜਿੰਨੀ ਕੁ ਉਸ ਹਾਲਤ ਵਿਚ ਸੁਣਾਈ ਜਾ ਸਕਦੀ ਸੀ, ਸੁਣਾ ਕੇ ਮੈਂ ਲੇਟ ਗਿਆ।

ਖਬਰੇ ਇਸੇ ਸੋਟੀ ਦੀ ਬਦੌਲਤ ਮੈਂ ਫੇਰ ਭੰਗ ਛੱਡਿਆ, ਕਦੇ ਹੋਰ ਕਿਸੇ ਨਸ਼ੇ ਦਾ ਵੀ ਸੁਆਦ ਨਹੀਂ ਦੇਖਿਆ। ਇਸ ਸੋਟੀ ਦੇ ਗਿਆਨ ਨੂੰ ਬਾਕੀ ਹੋਰ ਗਿਆਨ ਨੇ ਕਿੰਨੀ ਕੁ ਪਾਹ ਚਾੜ੍ਹੀ, ਮੈਂ ਪੂਰੀ ਤਰ੍ਹਾਂ ਨਹੀਂ ਕਹਿ ਸਕਦਾ।

ਇਹ ਸੋਟੀ ਕਈ ਵਾਰੀ ਬੁੱਢਿਆਂ ਦੀ ਟੇਕ ਦੇ ਰੂਪ ਵਿਚ ਵੀ ਮੈਨੂੰ ਦਿਸ ਆਈ ਹੈ। ਥੋੜ੍ਹਿਆਂ ਦੀ ਹੱਦ ਦੀ ਅਮੀਰੀ ਅਤੇ ਬਹੁਤਿਆਂ ਦੀ ਅੱਤ ਦੀ ਗਰੀਬੀ ਦੇ ਇਸ ਯੁਗ ਵਿਚ ਪੁੱਤਰ ਵੀ, ਆਰਥਕ ਹਾਲਾਤ ਦੇ ਮਾਤਹਿਤ, ਆਪਣੇ ਮਾਪਿਆਂ ਦੀ ਟੇਕ ਨਹੀਂ ਬਣ ਸਕਦੇ। ਇਸ ਸੋਟੀ ਦਾ ਇਕ ਹੋਰ ਭਵਿੱਖਤ ਸੁੰਦਰ ਰੂਪ ਯਥਾਰਥਵਾਦੀ ਕਲਪਨਾ ਸਾਹਮਣੇ ਸਥਿਰ ਹੁੰਦਾ ਜਾਪਦਾ ਹੈ। ਜਦ ਸੰਸਾਰ ਭਰ ਦੇ ਬੁੱਢਿਆਂ, ਕੌਮੀ ਧਨ ਨੂੰ ਆਪਣੇ ਵਿੱਤ ਅਨੁਸਾਰ ਪੈਦਾ ਕਰ ਕੇ, ਕੌਮੀ ਧਨ ਨੂੰ ਵਧਾ ਚੁੱਕੇ ਬੁਢੇਪੇ ਨੂੰ ਪ੍ਰਾਪਤ ਬਜ਼ੁਰਗਾਂ ਦੀ ਟੇਕ ਸਮਾਜ ਆਪ ਹੋਵੇਗਾ ਅਤੇ ਕਿਸੇ ਬੁੱਢੇ-ਬਜ਼ੁਰਗ ਨੂੰ ਹੱਸਦੀ ਸੁੰਦਰ ਮੌਤ ਨਾਲ ਗਲਵਕੜੀ ਪਾਉਣ ਦੇ ਸਮੇਂ ਤਕ ਕਦੇ ਸੋਟੀ ਨਹੀਂ ਫੜਨੀ ਪਵੇਗੀ।

ਸਮਾਜ-ਵਿਰੋਧੀ ਕਾਰਵਾਈਆਂ ਨੂੰ ਰੋਕਣ ਲਈ ਇਸ ਸੋਟੀ ਵਿਚ ਮੈਨੂੰ ਸਜ਼ਾਵਾਂ ਤੇ ਜੇਲ੍ਹਾਂ ਵੀ ਦਿੱਸਦੀਆਂ ਹਨ। ਪਰ ਜਦੋਂ ਦੇਸੀ ਜਾਂ ਬਦੇਸੀ ਸਰਕਾਰਾਂ ਲੋਕਾਂ ਨੂੰ ਹੱਕਾਂ ਤੇ ਸੁਤੰਤਰਤਾ ਤੋਂ ਵਾਂਜਿਆਂ ਰੱਖਣ ਲਈ ਇਸ ਨੂੰ ਵਰਤਦੀਆਂ ਹਨ ਤਾਂ ਮੈਨੂੰ ਪਿਤਾ ਜੀ ਦੇ ਹੱਥ ਵਾਲੀ ਸੋਟੀ ਦਾ 1914 ਵਾਲਾ ਭਯੰਕਰ ਜ਼ਾਲਮ ਰੂਪ ਦਿੱਸਦੀਆਂ ਹਨ।

ਅਧਿਆਪਕ ਜੀਵਨ ਵਿਚ ਵੀ ਇਸ ਨੂੰ ਘਟ ਵਰਤ ਕੇ ਮੈਂ ਇਸ ਨਤੀਜੇ 'ਤੇ ਪਹੁੰਚਿਆ ਹਾਂ ਕਿ ਗਿਆਨ ਦਿੱਤਾ ਜਾ ਸਕਦਾ ਹੈ ਬਿਨਾਂ ਸੋਟੀ ਤੋਂ, ਤੇ ਦਰੁਸਤੀ ਕੀਤੀ ਜਾ ਸਕਦੀ ਹੈ ਬਿਨਾਂ ਸਜ਼ਾ ਤੋਂ। ਭਵਿੱਖਤ ਵਿਚ ਮੈਨੂੰ ਇਕ ਸਮਾਜ ਪਰਬੰਧ ਉਸਰਦਾ ਜਾਪਦਾ ਹੈ, ਜਿਸ ਵਿਚ ਸਜ਼ਾ ਸਿੱਖਿਆ ਵਿਚ ਬਦਲ ਜਾਵੇਗੀ ਅਤੇ ਸੋਟੀ ਦੀ ਵਰਤੋਂ ਬਿਲਕੁਲ ਬੰਦ ਹੋ ਜਾਵੇਗੀ। ਸੋਟੀ ਸੰਸਾਰ ਦੇ ਅਜਾਇਬ ਘਰ ਵਿਚ ਉਸੇ ਤਰ੍ਹਾਂ ਟੰਗ ਦਿੱਤੀ ਜਾਵੇਗੀ, ਜਿਵੇਂ ਔਹ ਟੰਗੀ ਪਈ ਹੈ ਮੇਰੇ ਪਿਤਾ ਜੀ ਦੀ ਸੋਟੀ, ਮੇਰੇ ਟੁੱਟੇ ਖੁੱਸੇ ਘਰ ਦੇ ਚੁਬਾਰੇ ਦੀ ਕਦੇ ਰੰਗੀਲ ਕਿੱਲੀ ਨਾਲ!

**ਮਿਨੀ ਕਹਾਣੀਆਂ**

## ਫਰਕ

ਸਰਪੰਚ ਸੰਤਾ ਸਿੰਘ ਨੇ ਵੋਟਾਂ ਸਮੇਂ ਨਵੇਂ ਬਣੇ ਮੰਤਰੀ ਦੀ ਆਪਣੇ ਹਲਕੇ ਅੰਦਰ ਡੱਟ ਕੇ ਮਦਦ ਕੀਤੀ ਸੀ। ਜਿੱਥੇ ਕਿਤੇ ਵੀ ਕੋਈ ਰੈਲੀ ਹੁੰਦੀ ਸੰਤਾ ਸਿੰਘ ਪਿੰਡੋਂ ਵੱਧ ਤੋਂ ਵੱਧ ਲੋਕਾਂ ਦੀਆਂ ਟਰਾਲੀਆਂ ਭਰ ਕੇ ਆਪਣੇ ਮਹਿਬੂਬ ਨੇਤਾ ਦੇ ਸੁਆਗਤ ਲਈ ਲੈ ਕੇ ਜਾਂਦਾ। ਨੇਤਾ ਜੀ ਏਨਾ ਵੱਡਾ ਇਕੱਠ ਦੇਖ ਕੇ ਸੰਤਾ ਸਿੰਘ ਦੀ ਪ੍ਰਸ਼ੰਸਾ ਕਰਦੇ ਨਾ ਥਕਦੇ।

ਸੰਤਾ ਸਿੰਘ ਨੂੰ ਆਪਣੇ ਮਹਿਬੂਬ ਮੰਤਰੀ ਦੀ ਨੇੜੇ ਦੇ ਸ਼ਹਿਰ ਆਉਣ ਦੀ ਭਿਣਕ ਪੈ ਗਈ। ਉਹ ਪਹਿਲਾਂ ਦੀ ਤਰ੍ਹਾਂ ਪਿੰਡੋਂ ਦੋ ਟਰਾਲੀਆਂ ਬੰਦਿਆਂ ਦੀਆਂ ਭਰ ਕੇ ਸੁਆਗਤ ਲਈ ਲੈ ਕੇ ਪਹੁੰਚ ਗਿਆ। ਉਸ ਦਾ ਅੱਜ ਅੰਦਰਲਾ ਬਹੁਤ ਖੁਸ਼ ਸੀ। ਗੇਂਦੇ ਦੇ ਫੁੱਲਾਂ ਵਾਲੇ ਹਾਰ ਉਸ ਨੇ ਸਾਰੇ ਬੰਦਿਆਂ ਨੂੰ ਫੜਾ ਦਿੱਤੇ ਸਨ। ਮੰਤਰੀ ਜੀ ਰੈਸਟ ਹਾਊਸ ਵਿਚੋਂ ਬਾਹਰ ਆਏ।

"ਆ ਭਾਈ ਸੰਤਾ ਸਿਆਂ ਕਿਵੇਂ ਆਏ?"

"ਪ੍ਰਧਾਨ ਜੀ, ਆਹ ਸੰਗਤ ਤੁਹਾਡੇ ਸੁਆਗਤ ਲਈ ਪਿੰਡੋਂ ਆਈ ਏ।"

"ਕੀ ਲੋੜ ਸੀ ਏਨਾ ਦਿਖਾਵਾ ਕਰਨ ਦੀ, ਤੂੰਹਿਓ ਆ ਜਾਂਦਾ ਤਾਂ ਵੀ ਇਕੋ ਗੱਲ ਸੀ।"

ਸੰਤਾ ਸਿੰਘ ਨੂੰ ਕੋਈ ਗੱਲ ਨਹੀਂ ਆ ਰਹੀ ਸੀ ਕਿ ਉਹ ਕੀ ਜਵਾਬ ਦੇਵੇ। ਮੰਤਰੀ ਨੇ ਹਾਰ ਫੜ੍ਹ ਕੇ ਆਪਣੇ ਪੀ.ਏ. ਨੂੰ ਫੜਾ ਬਾਕੀ ਲੋਕਾਂ ਦੇ ਹਾਰ ਇਕੱਠੇ ਕਰਨ ਦਾ ਇਸ਼ਾਰਾ ਕੀਤਾ। "ਸੰਤਾ ਸਿਆਂ ਜਲਦੀ ਜਾਣਾ, ਕੋਈ ਜ਼ਰੂਰੀ ਕੰਮ ਏ, ਏਨਾ ਦਾ ਫੇਰ ਕਦੇ...!" ਕਹਿੰਦਿਆਂ ਮੰਤਰੀ ਗੱਡੀ 'ਚ ਬੈਠ ਅਹੁ ਗਏ.....ਅਹੁ ਗਏ।

*-ਮੇਜਰ ਸਿੰਘ ਨਾਭਾ*

## ਆਪਣਾ ਦੇਸ਼!

ਬੱਚਿਆਂ ਦਾ ਜਨਮ ਬਾਹਰਲੇ ਦੇਸ਼ ਵਿਚ ਹੋਣ ਕਰਕੇ ਉਨ੍ਹਾਂ ਦਾ ਆਪਣੇ ਮਾਤਾ-ਪਿਤਾ ਦੀ ਜਨਮ ਭੂਮੀ ਨਾਲ ਕੋਈ ਪ੍ਰੇਮ ਜਾਂ ਦੇਸ਼ ਜਾਣ ਦੀ ਤੜਫ ਨਹੀਂ ਸੀ। ਕਈ ਸਾਲਾਂ ਤੋਂ ਵਾਰ ਵਾਰ ਕਹਿੰਦੇ ਹੋਣ ਕਰਕੇ ਇਸ ਵਾਰ ਬੱਚੇ ਆਪਣੇ ਜੱਦੀ ਦੇਸ਼ ਜਾਣ ਨੂੰ ਮੰਨ ਗਏ ਤੇ ਮਾਤਾ ਪਿਤਾ ਨਾਲ ਚੱਲ ਪਏ ਸਨ।

ਦੇਸ਼ ਵਿਚ ਪਹੁੰਚਣ 'ਤੇ ਦੇਖਿਆ ਕਿ ਉਥੇ ਫਿਰਕੂ ਦੰਗਿਆਂ ਨੇ ਹਾਹਾਕਾਰ ਮਚਾਈ ਹੋਈ ਸੀ।

ਹੱਦ ਉਦੋਂ ਹੋ ਗਈ ਜਦੋਂ ਉਨ੍ਹਾਂ ਬੱਚਿਆਂ ਸਾਹਮਣੇ ਹੀ ਉਨ੍ਹਾਂ ਦੀ ਮਾਂ ਨੂੰ ਫਿਰਕੂ ਭੀੜ ਕਾਰ 'ਚੋਂ ਉਠਾ ਕੇ ਲੈ ਗਈ। ਜਦੋਂ ਤੱਕ ਉਨ੍ਹਾਂ ਨੂੰ ਆਪਣੀ ਮਾਂ ਵਾਪਸ ਮਿਲੀ, ਉਦੋਂ ਤੱਕ ਇੱਕ ਮਾਂ ਆਪਣੀ ਮਾਂਤ-ਭੂਮੀ 'ਤੇ ਆਪਣੀ ਪਵਿੱਤਰਤਾ ਗਵਾ ਚੁੱਕੀ ਸੀ ਤੇ ਉਸ ਕੋਲ ਬੱਚਿਆਂ ਨੂੰ ਪਵਿੱਤਰ ਮਾਂ-ਭੂਮੀ ਕੋਲ ਲੈ ਜਾਣ ਦੀ ਤੜਫ ਹੁਣ ਇੱਕ ਸਰੀਰਕ ਤੜਫ ਬਣ ਚੁੱਕੀ ਸੀ। ਉਸ ਕੋਲ ਬੱਚਿਆਂ ਦੀਆਂ ਅੱਖਾਂ ਦੇ ਪ੍ਰਸ਼ਨਾਂ ਦਾ ਕੋਈ ਉਤਰ ਨਹੀਂ ਸੀ ਤੇ ਉਸ ਦਾ ਮਾਂ-ਭੂਮੀ ਪ੍ਰਤੀ ਪਿਆਰ ਨਫਰਤ ਵਿਚ ਬਦਲ ਚੁੱਕਾ ਸੀ।

*-ਸਤਵਿੰਦਰ ਬਾਂਦੀ ਦੌਲਤਪੁਰੀ*

ਉਰਦੂ ਕਹਾਣੀ

# ਗੁੱਲੋ

**ਇਫਤਿਖਾਰ ਨਸੀਮ ਉਰਫ ਇਫਤੀ ਵਿਲੱਖਣ ਕਿਸਮ ਦਾ ਅਫਸਾਨਾ-ਨਿਗਾਰ ਅਤੇ ਸ਼ਾਇਰ ਸੀ। 1971 ਤੋਂ ਅਮਰੀਕਾ ਰਹਿ ਰਹੇ ਇਫਤੀ ਨੇ 'ਇਫਤੀਨਾਮਾ' (ਕਾਲਮਾਂ ਦਾ ਸੰਗ੍ਰਿਹ), 'ਏਕ ਥੀ ਲੜਕੀ', 'ਅਪਨੀ ਅਪਨੀ ਜ਼ਿੰਦਗੀ', 'ਸ਼ਬਰੀ' (ਕਹਾਣੀਆਂ), 'ਗ਼ਜ਼ਾਲ' ਅਤੇ 'ਆਬਦੋਜ਼' (ਗ਼ਜ਼ਲਾਂ) ਪੁਸਤਕਾਂ ਦੀ ਰਚਨਾ ਕੀਤੀ ਹੈ। ਅੰਗਰੇਜ਼ੀ ਵਿਚ ਉਸ ਦੀ ਪੁਸਤਕ 'ਬਲੈਕ ਐਂਡ ਵ੍ਹਾਈਟ ਪੋਇਮਜ਼' ਦੀ ਸ਼ਲਾਘਾ ਅਮਰੀਕੀ ਆਲੋਚਕਾਂ ਨੇ ਕੀਤੀ। ਉਸ ਦੀ ਅੰਗਰੇਜ਼ੀ ਨਜ਼ਮਾਂ ਦੀ ਕਿਤਾਬ 'ਮਰਮੈਕੋਫਾਈਲ' (ਕੀੜੀਆਂ ਖਾਣ ਵਾਲਾ-ਕੀਟਭਖਸ਼ੀ) ਸ਼ਿਕਾਗੋ ਦੇ ਕਾਲਜ ਵਿਚ ਗਰੈਜੂਏਟ ਵਿਚ ਪੜ੍ਹਾਈ ਗਈ। ਉਸ ਦੇ ਕਾਵਿ-ਸੰਗ੍ਰਿਹ 'ਨਰਮਾਨ' (ਅਰਧਨਰੇਸ਼ਵਰ) ਦੇ ਖਿਲਾਫ ਪਾਕਿਸਤਾਨ ਵਿਚ ਕੱਟੜਪੰਥੀਆਂ ਨੇ ਹੰਗਾਮਾ ਖੜ੍ਹਾ ਕਰ ਦਿੱਤਾ ਸੀ। ਪੰਜਾਬੀ ਵਿਚ ਉਸ ਦੀਆਂ 'ਸ਼ਬਰੀ' (ਕਹਾਣੀਆਂ), 'ਤਿੰਨ ਚਿਹਰਿਆਂ ਵਾਲਾ ਰੱਕਾਸ' (ਕਵਿਤਾਵਾਂ) ਅਤੇ 'ਰੇਤ ਕਾ ਆਦਮੀ' (ਗ਼ਜ਼ਲਾਂ) ਪੁਸਤਕਾਂ ਪ੍ਰਕਾਸ਼ਿਤ ਹੋਈਆਂ। ਵਿਲੱਖਣ ਅੰਦਾਜ਼ ਵਿਚ ਜ਼ਿੰਦਗੀ ਬਤੀਤ ਕਰਨ ਵਾਲੇ ਇਸ ਲੇਖਕ ਨੇ ਵਿਲੱਖਣ ਅੰਦਾਜ਼ ਦੇ ਪਾਤਰਾਂ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ। ਮਨੁੱਖੀ ਜਜ਼ਬਿਆਂ ਨੂੰ ਸਮਝਣ ਦੀ ਉਸ ਦੀ ਨੀਝ ਕਮਾਲ ਦੀ ਸੀ ਅਤੇ ਉਨ੍ਹਾਂ ਦੀ ਪੇਸ਼ਕਾਰੀ ਦਾ ਹੁਨਰ ਉਸ ਨੂੰ ਭਲੀ-ਭਾਂਤ ਆਉਂਦਾ ਸੀ। ਜਜ਼ਬਿਆਂ ਦੀ ਕਸ਼ਮਕਸ਼ ਦਰਸਾਉਂਦੀ 'ਗੁੱਲੋ' ਉਸ ਦੀ ਮਾਰਮਿਕ ਕਹਾਣੀ ਹੈ। 15 ਸਤੰਬਰ 1946 ਨੂੰ ਲਾਇਲਪੁਰ (ਹੁਣ ਫੈਸਲਾਬਾਦ) ਵਿਚ ਇਫਤਿਖਾਰ ਨਸੀਮ ਦਾ ਜਨਮ ਹੋਇਆ ਅਤੇ 22 ਜੁਲਾਈ 2011 ਵਿਚ ਸ਼ਿਕਾਗੋ ਵਿਚ ਇੰਤਕਾਲ ਹੋ ਗਿਆ।**



ਇਫਤਿਖਾਰ ਨਸੀਮ

ਅਨੁਵਾਦ: ਸੁਰਿੰਦਰ ਸੋਹਲ

ਨੂਰੇ ਪਹਿਲਵਾਨ ਨੂੰ ਪਹਿਲੀ ਵਾਰ ਕਿਸੇ ਨੇ ਚਾਰੇ ਖਾਨੇ ਚਿੱਤ ਕੀਤਾ ਸੀ ਤੇ ਉਹ ਵੀ ਇਕ ਔਰਤ ਨੇ। ਕੁਦਰਤ ਦੇ ਖੇਲ ਵੀ ਨਿਰਾਲੇ ਨੇ। ਅਸੀਂ ਜਿਸ ਨੂੰ ਸਾਰੀ ਉਮਰ ਨੇਕੀ ਸਮਝ ਕੇ ਕਰਦੇ ਹਾਂ, ਇਕ ਦਿਨ ਉਹੀ ਕਰਮ ਬਦੀ ਦਾ ਦਾਗ ਬਣ ਕੇ ਸਾਡੇ ਮੱਥੇ 'ਤੇ ਚਿਪਕ ਜਾਂਦਾ ਹੈ। ਇਹੋ ਕੁਝ ਨੂਰੇ ਪਹਿਲਵਾਨ ਨਾਲ ਹੋਇਆ ਸੀ।

ਪਾਕਿਸਤਾਨ ਬਣਿਆ ਤਾਂ ਪੂਰਬੀ ਪੰਜਾਬ ਦੇ ਇਕ ਸ਼ਹਿਰ ਦੀ ਅੱਧੀ ਤੋਂ ਜ਼ਿਆਦਾ ਆਬਾਦੀ ਲਾਇਲਪੁਰ ਆ ਵਸੀ। ਇਸ ਸਾਰੀ ਦੌੜ ਭੱਜ ਵਿਚ ਪੂਰਬੀ ਪੰਜਾਬ ਦੀਆਂ ਤਵਾਇਫਾਂ ਦਾ ਇਕ ਕਾਫਲਾ ਰੁਲਦਾ-ਖੁਲਦਾ ਲਾਇਲਪੁਰ ਦੇ ਚਕਲੇ ਵਿਚ ਆ ਗਿਆ।

ਉਸ ਵੇਲੇ ਲਾਇਲਪੁਰ ਸ਼ਹਿਰ ਦੀ ਹੈਸੀਅਤ ਹੀ ਕੀ ਸੀ? ਇਕ ਛੋਟਾ ਜਿਹਾ ਅੱਠਾਂ ਬਾਜ਼ਾਰਾਂ ਦਾ ਸ਼ਹਿਰ, ਜਿਸ ਦੇ ਵਿਚਕਾਰ ਇਕ ਘੰਟਾਘਰ ਸੀ। ਸ਼ਾਮ ਨੂੰ ਸਾਰੇ ਮਵਾਲੀ, ਹਾਰ ਵੇਚਣ ਵਾਲੇ, ਮੰਜਨਫਰੋਸ਼, ਮਾਲਸ਼ੀਏ, ਕਬੂਤਰਬਾਜ਼, ਬਟੇਰਬਾਜ਼ ਅਤੇ ਕਈ ਤਰ੍ਹਾਂ ਦੇ 'ਬਾਜ਼' ਆਣ ਜਮ੍ਹਾਂ ਹੁੰਦੇ।

ਜ਼ਰਾ ਪਰ੍ਹਾਂ 3-4 ਗਲੀਆਂ ਛੱਡ ਕੇ ਅਮੀਨਪੁਰ ਬਾਜ਼ਾਰ, ਚਿਨਿਓਟ ਬਾਜ਼ਾਰ, ਗੋਲ ਬਾਜ਼ਾਰ 'ਚ ਕਪੜਿਆਂ ਦੀਆਂ ਦੁਕਾਨਾਂ ਸਨ। ਦੁਕਾਨਾਂ ਦੇ ਪਿੱਛੇ ਇਕ ਚਕਲਾ ਤੇ ਨਾਲ ਵਾਲੀ ਗਲੀ 'ਚ ਇਕ ਹੋਰ ਚਕਲਾ।

ਅਜੇ ਮਰਨ ਤੇ ਵਿਛੜਨ ਵਾਲਿਆਂ ਦਾ ਦੁੱਖ ਘਟਿਆ ਨਹੀਂ ਸੀ ਕਿ ਬਾਜ਼ਾਰ ਵਿਚ ਫਿਰ ਤੋਂ ਖਰੀਦੋ-ਫਰੋਖਤ ਸ਼ੁਰੂ ਹੋ ਗਈ। ਖਰੀਦਦਾਰਾਂ ਦੀ ਭੀੜ ਨਾਲ ਅੱਠੇ ਬਾਜ਼ਾਰ ਭਰ ਗਏ। ਗਲੀ ਵਿਚ ਪਹਿਲੀ ਵਾਰ ਤਬਲੇ ਦੀ ਥਾਪ ਅਤੇ ਘੁੰਗਰੂਆਂ ਦੀ ਛਣਕਾਰ ਸੁਣੀ ਤਾਂ ਸਾਰਾ ਸ਼ਹਿਰ ਟੁੱਟ ਕੇ ਪੈ ਗਿਆ।

ਮਰਨ ਵਾਲਿਆਂ ਨਾਲ ਮਰਿਆ ਨਹੀਂ ਜਾ ਸਕਦਾ, ਪਰ ਉਨ੍ਹਾਂ ਦਾ ਗਮ ਤਾਂ ਗਲਤ ਕੀਤਾ ਜਾ ਸਕਦਾ ਹੈ।

ਜ਼ਰੀ ਬਾਈ ਦੀ ਇਕੋ ਇਕ ਬੇਟੀ ਸੀ, ਗੁਲਨਾਰ। ਪਰ ਸਾਰੇ ਉਸ ਨੂੰ ਗੁੱਲੋ ਕਹਿੰਦੇ ਸਨ। ਫੁੱਲਾਂ ਵਾਂਗ ਨਰਮ ਤੇ ਨਾਜ਼ੁਕ, ਗੋਰਾ ਰੰਗ, ਲੰਬੇ ਕਾਲੇ ਵਾਲ, ਨਸ਼ੀਲੀ ਅੱਖਾਂ। ਕੋਈ ਦੇਖੇ ਤਾਂ ਬਿਨਾਂ ਪੀਤਿਆਂ ਹੀ ਨਸ਼ਾ ਹੋ ਜਾਵੇ।

ਅੱਜ ਗੁੱਲੋ ਦਾ ਜਲਸਾ ਸੀ। ਤਕੀਏ ਨਾਲ ਟੇਕ ਲਗਾ ਕੇ ਬੈਠੇ ਰਾਜਾ ਸਾਹਿਬ ਨੂੰ ਜਾਲੋ ਚੌਧਰੀ ਪਾਨ ਦੇ ਰਿਹਾ ਸੀ। ਗਲੀ ਵਿਚ ਤਿਲ ਸੁੱਟਣ ਦੀ ਥਾਂ ਨਹੀਂ ਸੀ।

ਵੱਡੀ ਤਾਜੀ ਨੇ ਆਪਣੇ ਚਿਹਰੇ 'ਤੇ ਜ਼ਬਰਦਸਤੀ ਮੁਸਕਰਾਹਟ ਸਜਾਈ ਅਤੇ ਆਪਣੀਆਂ ਚਾਰਾਂ ਲੜਕੀਆਂ ਨੂੰ ਲੈ ਕੇ ਸਟੇਜ ਦੇ ਖੱਬੇ ਪਾਸੇ ਆ ਬੈਠੀ। ਲੜਕੀਆਂ ਵੱਲ ਦੇਖ ਕੇ ਤਮਾਸ਼ਬੀਨਾਂ ਦੀਆਂ 'ਹਾਏ ਵਾਏ', ਸਿਸਕਾਰੀਆਂ ਤੇ ਸੀਟੀਆਂ ਦੀਆਂ ਆਵਾਜ਼ਾਂ ਆਉਣ ਲੱਗੀਆਂ। ਵੱਡੀ ਤਾਜੀ ਖੁਦ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਜਾਲੋ ਚੌਧਰੀ ਵੱਲ ਦੇਖ ਰਹੀ ਸੀ। ਜਾਲੋ ਚੌਧਰੀ ਨੇ ਹੀ ਇਨ੍ਹਾਂ ਪਨਾਹਗੀਰਾਂ ਨੂੰ ਚਕਲੇ ਵਿਚ ਜਗ੍ਹਾ ਦਿੱਤੀ ਸੀ। ਜਾਲੋ ਚਕਲੇ ਦਾ ਚੌਧਰੀ ਸੀ। ਇਸ ਲਈ ਵੱਡੀ ਤਾਜੀ ਮੂੰਹ ਫੱਟ ਹੋਣ ਦੇ ਬਾਵਜੂਦ ਉਸ ਦੇ ਸਾਹਮਣੇ ਨਾ ਬੋਲ ਸਕੀ।

ਦੂਸਰੇ ਪਾਸੇ ਮੁਮਤਾਜ਼, ਆਪਣੀਆਂ ਤੇਜ਼ ਤਰਾਰ ਬੇਟੀਆਂ ਨੂੰ ਲੈ ਕੇ ਸ਼ਾਮਿਆਨੇ ਵਿਚ ਦਾਖਲ ਹੋਈ। ਇਨ੍ਹਾਂ ਦੇ ਚਾਹੁਣ ਵਾਲਿਆਂ ਨੇ ਨੋਟਾਂ ਤੇ ਸਿੱਕਿਆਂ ਦੀ ਬਾਰਿਸ਼ ਕੀਤੀ।

ਮੀਆਂ ਜੈਦਾਂ ਆਪਣੀਆਂ ਬੇਟੀਆਂ ਨੂੰ ਤਿਆਰ ਕਰਕੇ ਸ਼ਮਿਆਨੇ ਵਿਚ ਲਿਆਈ ਤਾਂ ਜਿਵੇਂ ਅੱਗ ਹੀ ਲੱਗ ਗਈ।

ਦਸੰਬਰ ਦੇ ਮਹੀਨੇ ਦਾ ਚੰਦ ਸੁਲਘ ਉਠਿਆ। ਗੈਸ ਦੇ ਲੰਪਾਂ ਦੀ ਰੋਸ਼ਨੀ ਮੱਧਮ ਹੋ ਗਈ। ਚਿਹਰੇ ਜਗਮਗਾ ਉਠੇ। ਫੱਤੂ ਕਸਾਈ ਦੀਆਂ ਪੇਸ਼ੇਵਰ ਬਿਠਾਈਆਂ ਹੋਈਆਂ ਰਖੇਲਾਂ ਵੀ ਹੌਲੀ ਹੌਲੀ ਆਉਣ ਲੱਗ ਪਈਆਂ।

ਇਸ ਮੁਹੱਲੇ ਵਿਚ ਗਾਉਣ ਵਾਲੀਆਂ ਅਤੇ 'ਟਾਈਮ ਲਗਾਉਣ' ਵਾਲੀਆਂ ਵੀ ਹਾਜ਼ਿਰ ਸਨ। ਪਰ ਫੱਤੂ ਕਸਾਈ ਦੀ ਵਜ੍ਹਾ ਕਰਕੇ ਉਨ੍ਹਾਂ ਨੂੰ ਆਪਣੀ ਹੈਸੀਅਤ ਤੋਂ ਚੰਗੇ ਦਰਜੇ ਵਿਚ ਬੈਠਣ ਲਈ ਜਗ੍ਹਾ ਮਿਲ ਜਾਂਦੀ ਸੀ। ਫੁੱਲਾਂ ਦੇ ਹਾਰ, ਅਤਰ ਦੇ ਤੂੰਬੇ, ਅੰਦਰ ਹੀ ਅੰਦਰ ਸ਼ਰਾਬ ਦੇ ਪਊਏ ਵਿਕਣੇ ਸ਼ੁਰੂ ਹੋ ਗਏ।

ਇਸ਼ਾ ਦੀ ਨਮਾਜ਼ ਤੋਂ ਬਾਅਦ ਥੋੜ੍ਹਾ ਵਕਫਾ ਦਿੱਤਾ ਗਿਆ ਤਾਂ ਕਿ ਨਾਲ ਵਾਲੀ ਮਸੀਤ ਦੇ ਲੋਕ ਨਮਾਜ਼ ਪੜ੍ਹ ਕੇ ਆਪਣੇ ਘਰਾਂ ਨੂੰ ਚਲੇ ਜਾਣ।

ਇਸੇ ਝਮੇਲੇ ਵਿਚ ਚਾਂਦੀ ਬਾਈ ਆਪਣੀ ਬੇਟੀ ਨੂੰ ਨਾਲ ਲੈ ਕੇ ਆਈ, ਪਰ ਆਮ ਜਿਹੀ ਸ਼ਕਲ ਵਾਲੀ ਲੜਕੀ ਵੱਲ ਕਿਸੇ ਨੇ ਕੋਈ ਧਿਆਨ ਨਾ ਦਿੱਤਾ।

ਥੋੜ੍ਹੀ ਦੇਰ ਬਾਅਦ ਤਬਲੇ ਵਾਲਾ ਸਟੇਜ ਦੇ ਖੱਬੇ ਹੱਥ ਬੈਠ ਗਿਆ। ਹਾਰਮੋਨੀਅਮ ਵਾਲਾ ਸੱਜੇ ਪਾਸੇ। ਸਾਰੰਗੀ ਵਾਲਾ ਉਸ ਦੇ ਨਾਲ ਬੈਠ ਗਿਆ। ਸਿਤਾਰ ਵਾਲਾ ਜ਼ਰਾ ਪਿੱਛੇ।

ਫਿਰ ਗੁੱਲ ਬਾਈ ਆਈ। ਉਸ ਨੇ ਹਰੇ ਰੰਗ ਦਾ ਗਰਾਰਾ ਅਤੇ ਹਰੇ ਰੰਗ ਦੀ ਕਮੀਜ਼ ਪਹਿਨੀ ਹੋਈ ਸੀ। ਦੁਪੱਟੇ 'ਤੇ ਗੋਟਾ ਕਿਨਾਰੀ ਲਾਈ ਹੋਈ ਸੀ। ਗਲੇ ਵਿਚ ਰਾਣੀ ਹਾਰ, ਸਿਰ 'ਤੇ ਬਹੁਤ ਵੱਡਾ ਝੂਮਰ ਸੀ। ਉਸ ਦੇ ਪਿੱਛੇ ਗੁੱਲੋ ਆਈ। ਸੁਰਖ ਰੰਗ ਦੀ ਕਮੀਜ਼, ਤੰਗ ਪਜਾਮਾ, ਹਲਕੇ ਗੁਲਾਬੀ ਰੰਗ ਦਾ ਦੁਪੱਟਾ, ਲੰਬੇ ਸਿਆਹ ਵਾਲ, ਵਾਲਾਂ ਵਿਚ ਮੋਤੀਏ ਦਾ ਜੂੜਾ ਬੰਨ੍ਹ ਕੇ ਵਾਲਾਂ ਨੂੰ ਖੁੱਲ੍ਹੇ ਛੱਡਿਆ ਹੋਇਆ ਸੀ। ਨੱਕ ਵਿਚ ਨਥਨੀ ਸੀ।

ਤਮਾਸ਼ਬੀਨਾਂ ਨੇ ਤਾੜੀਆਂ ਨਾਲ ਉਸ ਦਾ ਸਵਾਗਤ ਕੀਤਾ। ਵੱਡੀਆਂ ਬਾਈਆਂ ਦੇ ਮੱਥਿਆਂ 'ਤੇ ਤਿਊੜੀਆਂ ਪੈ ਗਈਆਂ। ਉਨ੍ਹਾਂ ਦੀਆਂ ਬੇਟੀਆਂ ਨੇ ਬੜੇ ਧਿਆਨ ਨਾਲ ਸਰਹੱਦੋਂ ਪਾਰ ਦਾ ਲਿਬਾਸ ਅਤੇ ਫੈਸ਼ਨ ਦੇਖਿਆ।

ਗੁੱਲੋ ਨੇ ਆਪਣੇ ਨਰਮ ਤੇ ਨਾਜ਼ੁਕ ਹੱਥਾਂ ਨਾਲ ਸਭ ਨੂੰ ਆਦਾਬ ਕੀਤਾ। ਸਾਜ਼ਿੰਦਿਆਂ ਨੇ ਸਾਜ਼ਾਂ ਨੂੰ ਮਿਲਾਇਆ। ਗੁੱਲੋ ਦੇ ਆਲਾਪ ਨਾਲ ਸਮਝਦਾਰ ਬਾਈਆਂ ਦੇ ਚਿਹਰਿਆਂ 'ਤੇ ਮੁਸਕਰਾਹਟ ਫੈਲ ਗਈ। ਏਨੀ ਸਜੀ ਸੰਵਰੀ ਸੁੰਦਰ ਲੜਕੀ ਤੇ ਏਨੀ ਫਟੀ ਹੋਈ ਆਵਾਜ਼? ਸਾਰੇ ਤਮਾਸ਼ਬੀਨ ਉਸ ਦੇ ਹੁਸਨ ਵਿਚ ਮਸਤ ਸਨ।

ਜਦ ਗੁੱਲੋ ਨੇ ਉਠ ਕੇ ਦਾਦਰੇ 'ਤੇ ਆਪਣੇ ਪੈਰਾਂ, ਹੱਥਾਂ, ਚਿਹਰੇ, ਗਰਦਨ ਅਤੇ ਅੱਖਾਂ ਨਾਲ ਨ੍ਰਿਤ ਭਾਵ ਦਿਖਾਉਂਦਿਆਂ ਸਟੇਜ ਦਾ ਚੱਕਰ ਕੱਟਿਆ ਤਾਂ ਉਹ ਜਲਸਾ ਲੁੱਟ ਕੇ ਲੈ ਗਈ।

ਦਾਨਾ ਬਾਈਆਂ ਦੇ ਚਿਹਰੇ ਉਤਰ ਗਏ। ਉਨ੍ਹਾਂ ਦੀਆਂ ਬੇਟੀਆਂ ਨੇ ਪਹਿਲੀ ਵਾਰ ਆਪਣੇ ਉਸਤਾਦਾਂ ਤੋਂ ਵੀ ਵਧੀਆ ਕਿਸੇ ਨੂੰ ਦੇਖਿਆ ਸੀ। ਉਨ੍ਹਾਂ ਨੇ ਆਪਣੇ ਦੰਦਾਂ ਹੇਠ ਉਂਗਲੀਆਂ ਦਬਾ ਲਈਆਂ ਸਨ।

ਇਸੇ ਮਜਮੇ ਵਿਚ ਕਿਤੇ ਨੂਰਾ ਪਹਿਲਵਾਨ ਵੀ ਬੈਠਾ ਸੀ। ਉਸ ਨੇ ਆਪਣਾ ਇਕੋ ਇਕ ਤੇਲ ਨਾਲ ਭਿੱਜਾ ਹੋਇਆ ਨੋਟ ਨਿਛਾਵਰ ਕੀਤਾ ਪਰ ਇਸ ਤੋਂ ਵੀ ਕਿਤੇ ਵੱਧ ਕੇ ਉਸ ਨੇ ਆਪਣਾ ਦਿਲ ਗੁੱਲੋ ਦੇ ਕਦਮਾਂ ਵਿਚ ਸੁੱਟ ਦਿੱਤਾ, ਜਿਸ ਉਤੇ ਉਹ ਸਾਰੀ ਰਾਤ ਨਾਚ ਕਰਦੀ ਰਹੀ ਤੇ ਕੁਚਲਦੀ ਰਹੀ, ਪਰ ਉਸ ਵਿਚਾਰੀ ਨੂੰ ਕੀ ਪਤਾ ਸੀ, ਉਸ ਨੂੰ ਇਸ ਅਣਦੇਖੇ ਗੁਨਾਹ ਦੀ ਕਿੰਨੀ ਵੱਡੀ ਸਜ਼ਾ ਮਿਲਣੀ ਸੀ।

ਗੱਲ ਸਿਰਫ ਏਨੀ ਸੀ ਕਿ ਜ਼ਰੀ ਬਾਈ ਦੀ ਇਕਲੌਤੀ ਬੇਟੀ ਗੁੱਲੋ ਦੇ 6 ਭਰਾ ਸਨ। ਬਦਸੂਰਤੀ ਵਿਚ ਇਕ ਦੂਜੇ ਤੋਂ ਵੱਧ। ਛੋਟੇ ਕੱਦ, ਕਾਲੇ ਕਲੂਟੇ, ਮੋਟੇ-ਮੋਟੇ, ਉਹ ਕਿਸੇ ਹੋਰ ਦੁਨੀਆਂ ਦੇ ਤਾਂ ਲਗਦੇ ਸਨ, ਪਰ ਗੁੱਲੋ ਦੇ ਭਰਾ ਨਹੀਂ ਸਨ ਲਗਦੇ।

'ਉਹ ਤਾਂ ਰੱਬ ਦਾ ਸ਼ੁਕਰ ਹੈ ਕਿ ਮੈਂ ਉਸ ਨਵਾਬ ਦੀ ਛੇ ਮਹੀਨੇ ਰਖੇਲ ਰਹੀ, ਨਹੀਂ ਤਾਂ ਗੁੱਲੋ ਵੀ ਆਪਣੇ ਭਰਾਵਾਂ ਵਰਗੀ ਹੁੰਦੀ।' ਜ਼ਰੀ ਬਾਈ ਫਖਰ ਨਾਲ ਚਾਂਦੀ ਬਾਈ ਨੂੰ ਦੱਸਦੀ।

ਇਹ ਸਾਰੇ ਜੂਏ, ਚੋਰੀ-ਚਕਾਰੀ, ਸ਼ਰਾਬ ਵੇਚਣ ਵਿਚ ਮਾਹਿਰ ਸਨ। ਸ਼ਾਮ ਨੂੰ ਮੁਹੱਲੇ ਦੇ ਬਾਕੀ ਲੜਕਿਆਂ ਨਾਲ ਬਾਜ਼ਾਰ ਵਿਚ ਅਫੀਮ ਦੇ ਠੇਕੇ ਦੇ ਉਪਰ ਵਾਲੇ ਚੁਬਾਰੇ ਵਿਚ ਜੂਆ ਖੇਲਦੇ। ਉਥੇ ਦੂਸਰੇ ਮੁਹੱਲਿਆਂ ਦੇ ਲੜਕੇ ਵੀ ਆ ਜਾਂਦੇ। ਉਥੇ ਹੀ ਨੂਰੇ ਪਹਿਲਵਾਨ ਤੇ ਗੁੱਲੋ ਦੇ ਭਰਾ ਦੀ ਮੁਲਾਕਾਤ ਹੋਈ ਸੀ ਤੇ ਉਹ ਗਹਿਰੇ ਦੋਸਤ ਬਣ ਗਏ।

ਨੂਰੇ ਪਹਿਲਵਾਨ ਨੂੰ ਪੰਜਾਬੀ ਸ਼ਾਇਰੀ ਬਹੁਤ ਪਸੰਦ ਸੀ। ਉਹ ਗੁੱਲੋ ਦੇ ਭਰਾ ਕੋਲੋਂ ਘੰਟਿਆਂ ਬੱਧੀ ਬੁੱਲ੍ਹੇ ਸ਼ਾਹ, ਮੀਆਂ ਮੁਹੰਮਦ, ਵਾਰਿਸ ਸ਼ਾਹ, ਬਾਬਾ ਫਰੀਦ ਦੀ ਸ਼ਾਇਰੀ ਸੁਣਦਾ ਰਹਿੰਦਾ।

ਇਕ ਦਿਨ ਨੂਰਾ ਪਹਿਲਵਾਨ ਗੁੱਲੋ ਦੇ ਘਰ ਆਇਆ। ਤਵਾਇਫਾਂ ਦੇ ਦਰਵਾਜ਼ੇ ਤਾਂ ਹਮੇਸ਼ਾ ਖੁੱਲ੍ਹੇ ਰਹਿੰਦੇ ਹਨ। ਉਸ ਨੇ ਆਦਤਨ ਦਰਵਾਜ਼ੇ 'ਤੇ ਦਸਤਕ ਦਿੱਤੀ। ਗੁੱਲੋ ਸਾਰੀ ਰਾਤ 'ਟਾਈਮ' ਲਾ ਕੇ ਸੁੱਤੀ ਪਈ ਸੀ, ਹਾਲਾਂਕਿ ਉਠਣ ਦਾ ਵਕਤ ਹੋ ਗਿਆ ਸੀ। ਉਹ ਅੱਖਾਂ ਮਲਦੀ ਉਠੀ। ਘਰ ਵਿਚ ਸਾਰੇ ਸੁੱਤੇ ਪਏ ਸਨ। ਉਹ ਦਰਵਾਜ਼ੇ 'ਤੇ ਆਈ। ਸਾਹਮਣੇ ਨੂਰਾ ਪਹਿਲਵਾਨ ਖੜ੍ਹਾ ਦੇਖ ਕੇ ਉਹ ਦੰਗ ਰਹਿ ਗਈ। ਉਚਾ ਲੰਮਾ ਕੱਦ ਕਾਠ। ਮਲਮਲ ਦੇ ਕੁੜਤੇ ਵਿਚੋਂ ਉਸ ਦਾ ਕਸਰਤੀ ਸਰੀਰ ਡੁੱਲ੍ਹ ਡੁੱਲ੍ਹ ਪੈ ਰਿਹਾ ਸੀ। ਗਲ਼ 'ਚ ਤਬੀਤ ਤੇ ਪੈਰਾਂ ਵਿਚ ਚੱਪਲਾਂ।

ਗੁੱਲੋ ਦੇ ਦਿਲ ਨੇ ਧੋਬੀ ਪਟਕਾ ਖਾਧਾ ਅਤੇ ਨੂਰੇ ਪਹਿਲਵਾਨ ਦੇ ਪੈਰਾਂ ਵਿਚ ਜਾ ਡਿਗਿਆ। ਨੂਰੇ ਪਹਿਲਵਾਨ ਦੀ ਮੰਜ਼ਿਲ ਸਾਹਮਣੇ ਸੀ। ਉਨ੍ਹਾਂ ਵਿਚਕਾਰ ਸਿਰਫ ਇਕ ਕਦਮ ਦਹਿਲੀਜ਼ ਦਾ ਫਾਸਲਾ ਸੀ। ਪਰ ਨੂਰਾ ਪਹਿਲਵਾਨ ਗੁੱਲੋ ਨੂੰ ਦੋਸਤ ਦੀ ਭੈਣ ਸਮਝ ਕੇ ਸਹਿਵਨ ਹੀ 'ਭੈਣ' ਕਹਿ ਗਿਆ।

ਫਿਰ ਗੁੱਲੋ ਨੇ ਹਜ਼ਾਰ ਮਿੰਨਤਾਂ ਕੀਤੀਆਂ। ਉਮਰ ਭਰ ਲਈ ਨਹੀਂ ਤਾਂ ਸਿਰਫ ਇਕ ਰਾਤ ਹੀ ਨੂਰਾ ਉਸ ਦੇ ਨਾਂ ਕਰ ਦੇਵੇ, ਪਰ ਨੂਰੇ ਪਹਿਲਵਾਨ ਨੇ ਸਾਫ ਇਨਕਾਰ ਕਰ ਦਿੱਤਾ। ਗੁੱਲੋ ਪਾਗਲ ਹੁੰਦੀ ਜਾ ਰਹੀ ਸੀ। ਜ਼ਰੀ ਬਾਈ ਨੇ ਸਮਝਾਇਆ, 'ਬੇਟੀ ਮਰਦ ਦੀ ਜ਼ਾਤ ਕੁੱਤੇ ਦੀ ਜ਼ਾਤ ਹੁੰਦੀ ਹੈ। ਉਹ ਮਸਜਿਦ ਦੀ ਦੀਵਾਰ ਤੇ ਤਵਾਇਫ ਦੇ ਕੋਠੇ ਦੀ ਪਰਵਾਹ ਨਹੀਂ ਕਰਦਾ। ਉਹ ਜਿਥੇ ਚਾਹੇ ਹਰ ਥਾਂ ਲੱਤ ਚੁੱਕ ਕੇ ਪਿਸ਼ਾਬ ਕਰ ਦਿੰਦਾ ਹੈ। ਤੂੰ ਕਿਉਂ ਇਹਦੇ ਪਿੱਛੇ ਆਪਣੀ ਜ਼ਿੰਦਗੀ ਬਰਬਾਦ ਕਰ ਰਹੀ ਏਂ।'

ਗੁੱਲੋ ਦੇ ਕੋਲ ਗਾਹਕਾਂ ਦੀ ਕੋਈ ਕਮੀ ਨਹੀਂ ਸੀ। ਸਗੋਂ ਉਸ ਨੂੰ ਤਾਂ ਕਪੜੇ ਪਹਿਨਣ ਦੀ ਵੀ ਵਿਹਲ ਨਹੀਂ ਸੀ। ਗੁੱਲੋ ਵਿਚ ਹਜ਼ਾਰ ਬੁਰਾਈਆਂ ਹੋ ਸਕਦੀਆਂ ਸਨ, ਪਰ ਉਹ ਆਪਣੇ ਪੇਸ਼ੇ ਪ੍ਰਤੀ ਪ੍ਰਤੀਬੱਧ ਸੀ। ਉਹ ਤਾਂ ਨੂਰੇ ਪਹਿਲਵਾਨ ਦੀ ਸ਼ਾਦੀ 'ਤੇ ਮੁਜਰਾ ਕਰਨ ਲਈ ਵੀ ਤਿਆਰ ਸੀ, ਪਰ ਸੱਦਾ ਹੀ ਨਾ ਆਇਆ।

ਜ਼ਖ਼ਮ ਦਾ ਮੂੰਹ ਬੰਦ ਨਾ ਕੀਤਾ ਜਾਵੇ ਤਾਂ ਉਹ ਫੈਲਦਾ ਹੀ ਜਾਂਦਾ ਹੈ। ਜਿਵੇਂ ਜਿਵੇਂ ਵਕਤ ਗੁਜ਼ਰਦਾ ਗਿਆ, ਗੁੱਲੋ ਦੇ ਦਿਲ ਦਾ ਜ਼ਖ਼ਮ ਭਰਨ ਦੀ ਬਜਾਏ ਨਾਸੂਰ ਬਣਦਾ ਗਿਆ।

ਕਈ ਲੋਕ ਗੁੱਲੋ ਦਾ ਹੱਥ ਫੜ੍ਹ ਕੇ ਉਸ ਨੂੰ ਘਰ ਬਿਠਾਉਣਾ ਚਾਹੁੰਦੇ ਸਨ, ਪਰ ਉਹ ਇਨਕਾਰ ਕਰਦੀ ਰਹੀ।

ਤਵਾਇਫ ਦੀ ਉਮਰ ਹੀ ਕੀ ਹੁੰਦੀ ਹੈ? ਜਦੋਂ ਉਹ ਵੀਹਵੇਂ ਦੇ ਆਖਰੀ ਹਿੱਸੇ ਵਿਚ ਪਹੁੰਚੀ ਤਾਂ ਉਸ ਦੇ ਕਮਰੇ ਦੀ ਰੌਣਕ ਘਟਣੀ ਸ਼ੁਰੂ ਹੋ ਗਈ। ਵਿਹਲਾ ਵਕਤ ਕੱਟਣ ਲਈ, ਮਨ ਲਾਈ ਰੱਖਣ ਲਈ, ਗੁੱਲੋ ਨੂੰ ਜੂਏ ਦੀ ਆਦਤ ਪੈ ਗਈ। ਉਹ ਸਾਰਾ ਸਾਰਾ ਦਿਨ ਘੜਵੰਜ ਖੇਡਦੀ ਰਹਿੰਦੀ। ਵਕਤ ਮਿਲਦਾ ਤਾਂ 'ਟਾਈਮ' ਵੀ ਲਗਾ ਲੈਂਦੀ। ਵੱਟਿਆ ਸਾਰਾ ਪੈਸਾ ਜੂਏ ਵਿਚ ਹਾਰ ਜਾਂਦੀ। ਇਨ੍ਹਾਂ ਰੁਝੇਵਿਆਂ ਦੇ ਬਾਵਜੂਦ ਉਹ ਨੂਰੇ ਪਹਿਲਵਾਨ ਨੂੰ ਇਸ ਤਰ੍ਹਾਂ ਹੀ ਯਾਦ ਕਰਦੀ, ਜਿਵੇਂ ਇਬਾਦਤ ਕਰ ਰਹੀ ਹੋਵੇ।

ਫਿਰ ਉਹੀ ਹੋਇਆ ਜੋ ਅਕਸਰ ਤਵਾਇਫਾਂ ਨਾਲ ਹੁੰਦਾ ਹੈ। ਇਕ ਦਿਨ ਗੁੱਲੋ ਬਿਮਾਰ ਹੋ ਗਈ। ਬਿਸਤਰੇ ਨਾਲ ਅਜਿਹੀ ਚਿੰਬੜੀ ਕਿ ਜਨਾਜ਼ਾ ਬਣ ਕੇ ਹੀ ਉਠੀ। ਮਰਨ ਤੋਂ ਪਹਿਲਾਂ ਉਸ ਨੇ ਮਿੰਨਤ ਕੀਤੀ, 'ਨੂਰੇ ਨੂੰ ਕਹੋ, ਇਕ ਵਾਰ ਤਾਂ ਮੈਨੂੰ ਆ ਕੇ ਮਿਲ ਜਾਵੇ।'

ਨੂਰਾ ਪਹਿਲਵਾਨ ਆਇਆ। ਉਸ ਨੇ ਦਾਹੜੀ ਰੱਖੀ ਹੋਈ ਸੀ। ਬੋਲਿਆ, 'ਕੀ ਹਾਲ ਐ ਗੁੱਲੋ?'

'ਸਭ ਕੁਝ ਤੇਰੇ ਸਾਹਮਣੇ ਈ ਐ। ਹੁਣ ਤਾਂ ਕੁਝ ਘੜੀਆਂ ਦੀ ਮਹਿਮਾਨ ਹਾਂ' ਗੁੱਲੋ ਦੇ ਚਿਹਰੇ 'ਤੇ ਜ਼ਰਦੀ ਦਾ ਅਜਿਹਾ ਰੰਗ ਸੀ, ਜੋ ਸਿਰਫ ਮਰਨ ਵਾਲੇ ਦੇ ਚਿਹਰੇ 'ਤੇ ਹੀ ਹੁੰਦਾ ਹੈ।

'ਮੈਂ ਤੇਰੇ ਲਈ ਕੀ ਕਰ ਸਕਦਾ ਹਾਂ?' ਨੂਰੇ ਪਹਿਲਵਾਨ ਨੇ ਜਜ਼ਬਾਤੀ ਹੋ ਕੇ ਹੰਝੂ ਰੋਕਦਿਆਂ ਕਿਹਾ।

ਗੁੱਲੋ ਦਾ ਸਾਹ ਉਖੜ ਰਿਹਾ ਸੀ।

'ਮੈਂ ਸਿਰਫ ਏਨਾ ਹੀ ਪੁੱਛਣਾ ਚਾਹੁੰਦੀ ਹਾਂ, ਮੈਂ ਤੇਰੇ ਦੋਸਤ ਦੀ ਭੈਣ ਹਾਂ। ਤੂੰ ਮੈਨੂੰ ਭੈਣ ਸਮਝਦਾ ਵੀ ਸੀ ਨਾ! ਤਾਂ ਫਿਰ ਮੈਨੂੰ ਸਾਰੀ ਉਮਰ ਚਕਲੇ 'ਤੇ ਕਿਉਂ ਬਿਠਾਈ ਰੱਖਿਆ...।' ਗੁੱਲੋ ਆਖਰੀ ਵਾਕ ਪੂਰਾ ਨਾ ਕਰ ਸਕੀ।

ਨੂਰੇ ਪਹਿਲਵਾਨ ਨੂੰ ਲੱਗਿਆ, ਜਿਵੇਂ ਉਹ ਚਾਰੇ ਖਾਨੇ ਚਿੱਤ ਪਿਆ ਹੋਵੇ ਤੇ ਸਾਰੀ ਦੁਨੀਆਂ ਉਸ ਦੀ ਇਸ ਹਾਰ 'ਤੇ ਹੱਸ ਰਹੀ ਹੋਵੇ।

# ਲਾਲ ਬੱਤੀ ਚੌਕ ਵਿਚਲਾ ਬੈਨਰ




**ਲਾਲ ਬੱਤੀ ਚੌਕ:** ਇਥੇ ਸਿਰਫ ਜਿਸਮ ਵਿਕਦੇ ਹਨ। ਜੇ ਈਮਾਨ ਖਰੀਦਣਾ ਹੈ ਤਾਂ ਅਗਲੇ ਚੌਕ ਵਿਚ 'ਪੁਲਿਸ ਸਟੇਸ਼ਨ' ਮੌਜੂਦ ਹੈ।

**ਜੱਜ:** ਜੇ ਚਾਹੁੰਦੇ ਹੋ ਕਿ ਤੁਹਾਡੀ ਤਾਨਾਸ਼ਾਹੀ ਚੱਲੇ ਤੇ ਤੁਹਾਡਾ ਵਿਰੋਧ ਵੀ ਨਾ ਹੋਵੇ, ਤਾਂ ਤੁਸੀਂ ਭਾਰਤ ਵਿਚ ਜੱਜ ਬਣ ਜਾਓ।

**ਵਕੀਲ:** ਜੇ ਚਾਹੁੰਦੇ ਹੋ ਕਿ ਇਕ ਤੋਂ ਵਧ ਕੇ ਇਕ ਝੂਠ ਬੋਲੋ, ਐਪਰ ਕੋਈ ਵੀ ਤੁਹਾਨੂੰ ਸਜ਼ਾ ਨਾ ਦੇਵੇ, ਤਾਂ ਵਕੀਲ ਬਣ ਜਾਓ।

**ਫਿਲਮ ਕਲਾਕਾਰ:** ਜੇ ਚਾਹੁੰਦੇ ਹੋ ਕਿ ਤੁਸੀਂ ਸਰੀਰ ਵੇਚੋ ਪਰ ਕੋਈ ਵੀ ਤੁਹਾਨੂੰ ਵੇਸਵਾ ਨਾ ਬੋਲੇ, ਤਾਂ ਫਿਲਮੀ ਦੁਨੀਆਂ 'ਚ ਪ੍ਰਵੇਸ਼ ਕਰੋ।

**ਨੇਤਾ:** ਜੇ ਚਾਹੁੰਦੇ ਹੋ ਕਿ ਤੁਸੀਂ ਖੂਬ ਲੁੱਟਮਾਰ ਕਰੋ, ਪਰ ਕੋਈ ਵੀ ਤੁਹਾਨੂੰ ਡਾਕੂ, ਚੋਰ, ਬਦਮਾਸ਼ ਨਾ ਕਹੇ, ਤਾਂ ਭਾਰਤ ਵਿਚ ਨੇਤਾ ਬਣ ਜਾਓ।

**ਸਾਧ:** ਜੇ ਚਾਹੁੰਦੇ ਹੋ ਕਿ ਤੁਸੀਂ ਮੀਟ, ਸ਼ਰਾਬ, ਸ਼ਬਾਬ ਤੇ ਹੋਰ ਸਭ ਸਰੀਰਕ ਸੁਖ ਮਾਣੋ, ਪਰ ਕੋਈ ਵੀ ਤੁਹਾਨੂੰ ਭੋਗੀ ਨਾ ਕਹੇ, ਤਾਂ ਕਿਸੇ ਧਰਮ ਦੇ ਸਾਧ ਜਾਂ ਗੁਰੂ ਬਣ ਜਾਓ।

**ਪੱਤਰਕਾਰ:** ਜੇ ਚਾਹੁੰਦੇ ਹੋ ਕਿ ਕਿਸੇ ਨੂੰ ਵੀ ਬਦਨਾਮ ਕਰ ਦੇਵੋ, ਐਪਰ ਤੁਹਾਡੇ ਉਪਰ ਕੋਈ ਵੀ ਮੁਕੱਦਮਾ ਨਾ ਹੋਵੇ, ਤਾਂ ਤੁਸੀਂ (ਪੀਲੇ) ਪੱਤਰਕਾਰ ਬਣ ਜਾਓ।

**ਵਿਅੰਗਕਾਰ:** ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਗੱਲ ਦਾ ਲੋਕ ਵੱਧ ਅਸਰ ਕਬੂਲਣ, ਖੁਸ਼ ਹੋ ਕੇ ਪਸੰਦ ਕਰਨ ਪਰ ਗਲਤ ਜਾਂ ਭ੍ਰਿਸ਼ਟ ਲੋਕ ਨਫਰਤ ਕਰਨ, ਤਾਂ ਵਿਅੰਗਕਾਰ ਬਣ ਜਾਓ।

**ਪਟਵਾਰੀ:** ਜੇ ਤੁਸੀਂ ਚਾਹੁੰਦੇ ਹੋ ਕਿ ਧੰਨੇ ਭਗਤ ਵਰਗਾ ਜੱਟ ਜੋ ਰੱਬ ਤੋਂ ਵੀ ਨਹੀਂ ਡਰਦਾ, ਤੁਹਾਥੋਂ ਡਰੇ ਤੇ ਗੁਲਾਮ ਬਣੇ, ਤਾਂ ਪਟਵਾਰੀ ਬਣ ਜਾਓ।

**ਲੇਖਕ:** ਜੇ ਚਾਹੁੰਦੇ ਹੋ ਕਿ ਲੋਕ (ਪੜ੍ਹਾਕੂ) ਤੁਹਾਨੂੰ ਵੱਧ ਪੜ੍ਹਨ ਤਾਂ ਮਿਨੀ ਕਹਾਣੀ ਲੇਖਕ ਬਣ ਜਾਓ।

**ਸਨਮਾਨ:** ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਨੂੰ ਸਰਕਾਰੀ ਸਨਮਾਨ ਤੇ ਨਕਦ ਇਨਾਮ ਵੀ ਮਿਲੇ, ਤਾਂ ਸਰਕਾਰ ਦੇ ਪਿੱਠੂ ਲੇਖਕ ਬਣ ਜਾਓ।

**ਮੁੱਖ ਮੰਤਰੀ:** ਜੇ ਚਾਹੁੰਦੇ ਹੋ ਕਿ ਤੁਸੀਂ ਹੀ ਰਾਜ ਦੇ ਮੁੱਖ ਮੰਤਰੀ ਬਣਦੇ ਰਹੋ ਤਾਂ ਰੱਬ ਅੱਗੇ ਬੇਨਤੀ ਕਰਦੇ ਰਹੋ ਕਿ ਕਿਸਾਨਾਂ ਦੀਆਂ ਫਸਲਾਂ ਬਰਬਾਦ ਹੁੰਦੀਆਂ ਰਹਿਣ; ਕਿਸਾਨ ਮਜ਼ਦੂਰ, ਛੋਟੇ ਦੁਕਾਨਦਾਰ ਭਿਖਾਰੀ ਬਣੇ ਕੇ ਆਟਾ ਦਾਲ, ਬਿਜਲੀ-ਪਾਣੀ ਮੁਫਤ ਮੰਗਦੇ ਰਹਿਣ; ਵੋਟਾਂ ਸਸਤੀਆਂ, ਸੌਖੀਆਂ, ਸਾਮ, ਦਾਮ, ਦੰਡ, ਭੇਦ, ਧਨ ਤੇ ਨਸ਼ੇ ਵੰਡ ਕੇ ਮਿਲਦੀਆਂ ਰਹਿਣ, ਤਾਂ ਕਿਸਾਨ ਵੱਧ ਗਿਣਤੀ ਵਾਲੇ ਕਿਸੇ ਵੀ ਰਾਜ ਦੇ ਮੁੱਖ ਮੰਤਰੀ ਜਾਂ ਡਿਪਟੀ ਮੁੱਖ ਮੰਤਰੀ ਬਣ ਜਾਓ।

*-ਜਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

---

## ਨਹਿਰ

ਸਕੂਲੋਂ ਛੁੱਟੀ ਹੋਣ ਕਰਕੇ ਹਰਮਨ ਅੱਜ ਖੇਤ ਬਾਪੂ ਨੂੰ ਰੋਟੀ ਫੜਾਉਣ ਨਹਿਰ ਦੇ ਨਾਲ ਜਾਂਦੇ ਕੱਚੇ ਰਸਤੇ ਉਤੇ ਜਾ ਰਿਹਾ ਸੀ। ਉਸ ਨੇ ਵੇਖਿਆ ਕਿ ਨਹਿਰ ਦੇ ਪੁਲ ਉਪਰ ਜਿਥੋਂ ਨਹਿਰ ਅੱਗੇ ਦੋ ਨਹਿਰਾਂ ਵਿਚ ਵੰਡ ਹੋ ਜਾਂਦੀ ਸੀ, ਉਥੇ ਪੁਲਿਸ ਵਾਲੇ ਹੋਰ ਸਰਕਾਰੀ ਅਧਿਕਾਰੀਆਂ ਨਾਲ ਖੜ੍ਹੇ ਪਾਣੀ ਸਬੰਧੀ ਗੱਲਾਂ ਕਰ ਰਹੇ ਸਨ।

ਖੇਤ ਪਹੁੰਚ ਕੇ ਉਸ ਨੇ ਬਾਪੂ ਨੂੰ ਇਨ੍ਹਾਂ ਦੀ ਮੌਜੂਦਗੀ ਬਾਰੇ ਪੁਛਿਆ ਤਾਂ ਬਾਪੂ ਨੇ ਦੱਸਿਆ ਕਿ ਇਹ ਨਹਿਰ ਦੂਸਰੇ ਰਾਜ ਨੂੰ ਪਾਣੀ ਸਪਲਾਈ ਕਰਦੀ ਹੈ ਤੇ ਅੱਜ ਕਲ ਇਸ ਦੇ ਪਾਣੀ ਸਬੰਧੀ ਰੌਲਾ ਚੱਲ ਰਿਹਾ ਏ।

ਹਰਮਨ ਨੇ ਗੰਭੀਰ ਹੁੰਦਿਆਂ ਪੁਛਿਆ, "ਬਾਪੂ ਸਾਨੂੰ ਇਸ ਨਹਿਰ ਦਾ ਕੀ ਫਾਇਦਾ ਹੈ ਜਦੋਂ ਕਿ ਸੋਕੇ ਨਾਲ ਫਸਲ ਤਾਂ ਸਾਡੀ ਸੁੱਕ ਜਾਂਦੀ ਹੈ ਤੇ ਇਹ ਨਹਿਰ ਸਾਡੀਆਂ ਜ਼ਮੀਨਾਂ ਵਿਚੋਂ ਲੰਘ ਕੇ ਜਾਂਦੀ ਹੈ ਪਰ ਪਾਣੀ ਲਾਉਣ ਦਾ ਸਾਨੂੰ ਹੱਕ ਹੈ ਨਹੀਂ।"

ਹਰਮਨ ਦਾ ਬਾਪੂ ਡੂੰਘੀਆਂ ਸੋਚਾਂ ਵਿਚੋਂ ਨਿਕਲਦਾ ਬੋਲਿਆ, "ਪੁੱਤਰਾ ਇਸ ਦਾ ਕਿਸਾਨਾਂ ਨੂੰ ਬਹੁਤ ਫਾਇਦਾ ਹੈ। ਜਦੋਂ ਸੋਕੇ ਕਾਰਨ ਕਿਸਾਨਾਂ ਦੀਆਂ ਫਸਲਾਂ ਮਰ ਜਾਂਦੀਆਂ ਹਨ ਤੇ ਕਿਸਾਨ ਕਰਜ਼ਾ ਨਹੀਂ ਚੁਕਾ ਪਾਉਂਦੇ, ਫਿਰ ਸ਼ਾਹੂਕਾਰ ਤੇ ਬੈਂਕਾਂ ਵਾਲੇ ਸਾਡਾ ਸਾਹ ਲੈਣਾ ਵੀ ਔਖਾ ਕਰ ਦਿੰਦੇ ਹਨ, ਉਸ ਸਮੇਂ ਇਹ ਨਹਿਰ ਸਾਡੇ ਖੁਦਕੁਸ਼ੀ ਕਰਨ ਦੇ ਕੰਮ ਆਉਂਦੀ ਹੈ। ਤੇ ਜਦੋਂ ਅਸੀਂ ਆਪਣੇ ਹੱਕਾਂ ਲਈ ਲੜਦੇ ਹਾਂ ਤਾਂ ਫਿਰ ਸਾਡੀਆਂ ਲਾਸ਼ਾਂ ਨੂੰ ਰੋੜਨ ਦੇ ਕੰਮ ਆਉਂਦੀ ਹੈ ਅਤੇ ਪੰਜ ਸਾਲਾਂ ਬਾਅਦ ਲੀਡਰਾਂ ਨੂੰ ਵੋਟਾਂ ਵੇਲੇ ਵੋਟਾਂ ਪਵਾਉਣ ਦੇ ਕੰਮ ਆਉਂਦੀ ਹੈ।"

ਬਾਪੂ ਦਾ ਜਵਾਬ ਸੁਣ ਕੇ ਹਰਮਨ ਸੁੰਨ ਜਿਹਾ ਹੋ ਗਿਆ ਸੀ ਤੇ ਹੁਣ ਉਸ ਦਾ ਵਾਪਿਸ ਘਰ ਜਾਣ ਸਮੇਂ ਨਹਿਰ ਕੰਢਿਓਂ ਬੇਰ ਤੋੜ ਕੇ ਖਾਣ ਦਾ ਚਾਅ ਵੀ ਖਤਮ ਹੋ ਗਿਆ ਸੀ।

*-ਸਤਵਿੰਦਰ ਥਾਂਦੀ ਦੌਲਤਪੁਰੀਆ*

# ਰਣਦੀਪ ਹੁੱਡਾ ਦੀਆਂ ਬਰਕਤਾਂ



**ਜਗਜੀਤ ਸਿੰਘ ਸੇਖੋਂ**

ਫਿਲਮ 'ਲਾਲ ਰੰਗ' ਨਾਲ ਅਦਾਕਾਰਾ ਰਣਦੀਪ ਹੁੱਡਾ ਇਕ ਵਾਰ ਫਿਰ ਚਰਚਾ ਵਿਚ ਆ ਗਿਆ ਹੈ। ਆਲੋਚਕਾਂ ਨੇ ਭਾਵੇਂ ਇਸ ਫਿਲਮ ਬਾਰੇ ਕੁਝ ਕੁ ਤਿੱਖੀਆਂ ਟਿੱਪਣੀਆਂ ਵੀ ਕੀਤੀਆਂ ਹਨ, ਪਰ ਰਣਦੀਪ ਹੁੱਡਾ ਦੀ ਅਦਾਕਾਰੀ ਨੇ ਸਭ ਨੂੰ ਕਾਇਲ ਕਰ ਲਿਆ ਹੈ। ਅਸਲ ਵਿਚ ਰਣਦੀਪ ਹੁੱਡਾ ਹਰ ਫਿਲਮ ਵਿਚ ਬਹੁਤ ਸਹਿਜ ਨਾਲ ਆਪਣਾ ਹਰ ਕਿਰਦਾਰ ਨਿਭਾਅ ਜਾਂਦਾ ਹੈ। 'ਲਾਲ ਰੰਗ' ਵਿਚ ਉਸ ਨੇ ਖ਼ੂਨ ਸਪਲਾਈ ਕਰਨ ਵਾਲੇ ਮਾਫੀਆ ਦਾ ਕਿਰਦਾਰ ਨਿਭਾਇਆ ਹੈ। ਇਸ ਫਿਲਮ ਵਿਚ ਉਸ ਤੋਂ ਇਲਾਵਾ ਅਕਸ਼ੈ ਓਬਰਾਏ ਦੀ ਵੀ ਬੜੀ ਜਾਨਦਾਰ ਭੂਮਿਕਾ ਹੈ। ਨਵੀਂ ਅਦਾਕਾਰਾ ਪੀਆ ਬਾਜਪਾਈ ਨੇ ਵੀ ਫਿਲਮ ਵਿਚ ਖ਼ੂਬ ਜਲਵੇ ਦਿਖਾਏ ਹਨ ਅਤੇ ਉਸ ਨੂੰ ਆਸ ਹੈ ਕਿ ਇਸ ਫਿਲਮ ਨਾਲ ਉਸ ਦਾ ਫਿਲਮ ਕਰੀਅਰ ਰੁੜ੍ਹ ਪਵੇਗਾ। ਫਿਲਮ ਦਾ ਨਿਰਦੇਸ਼ਨ ਸਈਦ ਅਹਿਮਦ ਅਫ਼ਜ਼ਲ ਨੇ ਕੀਤਾ ਹੈ। ਫਿਲਮ ਦੀ ਕਹਾਣੀ ਇੰਨੀ ਜ਼ਿਆਦਾ ਗੁੰਦੀ ਤੇ ਗੁੰਨ੍ਹੀ ਹੋਈ ਹੈ ਕਿ ਕਿਤੇ ਵੀ ਕਿਸੇ ਕਿਸਮ ਦੀ ਝੋਲ ਨਜ਼ਰ ਨਹੀਂ ਆ ਰਹੀ। ਰਣਦੀਪ ਦੇ ਮਿੱਤਰ ਅਤੇ ਸਾਥੀ ਅਦਾਕਾਰ ਇਮਰਾਨ ਖਾਨ ਨੇ ਇਸ ਫਿਲਮ ਲਈ ਰਣਦੀਪ ਹੁੱਡਾ ਦੀਆਂ ਤਰੀਫ਼ਾਂ ਦੇ ਪੁਲ ਬੰਨ੍ਹ ਦਿਤੇ ਹਨ। ਰਣਦੀਪ ਹੁੱਡਾ ਦੀ ਅਗਲੀ ਫਿਲਮ 'ਸਰਬਜੀਤ' ਵੀ ਅਗਲੇ ਮਹੀਨੇ ਰਿਲੀਜ਼ ਹੋ ਰਹੀ ਹੈ। ਇਹ ਫਿਲਮ ਪਾਕਿਸਤਾਨੀ ਜੇਲ੍ਹ ਵਿਚ ਫੌਤ ਹੋਏ ਭਾਰਤੀ ਕੈਦੀ ਸਰਬਜੀਤ ਸਿੰਘ ਦੀ ਜ਼ਿੰਦਗੀ ਉਤੇ ਆਧਾਰਤ ਹੈ। ਇਸ ਫਿਲਮ ਦੇ ਕਿਰਦਾਰ ਨਾਲ ਨਿਭਾਅ ਲਈ ਉਸ ਨੇ ਆਪਣਾ ਭਾਰ ਇੰਨਾ ਜ਼ਿਆਦਾ ਘਟਾ ਲਿਆ ਸੀ ਕਿ ਹੁਣ ਉਸ ਨੂੰ ਇਸ ਸਬੰਧੀ ਸਿਹਤ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ, ਪਰ ਉਹ ਖੁਸ਼ ਹੈ ਕਿ ਉਹ ਆਪਣੇ ਕਿਰਦਾਰ ਨਾਲ ਪੂਰਾ ਪੂਰਾ ਇਨਸਾਫ ਕਰ ਸਕਿਆ ਹੈ। ਉਹ ਅਸਲ ਵਿਚ ਆਪਣੇ ਹਰ ਕਿਰਦਾਰ ਨਾਲ ਇਸੇ ਤਰ੍ਹਾਂ ਪੇਸ਼ ਆਉਂਦਾ ਹੈ। ਉਹ ਹਰ ਕਿਰਦਾਰ ਇਸ ਢੰਗ ਨਾਲ ਨਿਭਾਉਂਦਾ ਹੈ ਜਿਸ ਤਰ੍ਹਾਂ ਕੋਈ ਅਸਲ ਜੀਵਨ ਜੀਅ ਰਿਹਾ ਹੋਵੇ। ਬੱਸ ਇਹੀ ਰਣਦੀਪ ਹੁੱਡਾ ਦੀ ਖਾਸੀਅਤ ਹੈ। ਇਹੀ ਨਹੀਂ, ਉਹ ਫਿਲਮਾਂ ਵਿਚ ਸਟਰੀਓ ਟਾਈਪ ਵੀ ਨਹੀਂ ਹੋਇਆ। ਹਰ ਫਿਲਮ ਵਿਚ ਉਸ ਦੀ ਅਦਾਕਾਰੀ ਦੀ ਵੱਖਰਾ ਰੰਗ ਹੁੰਦਾ ਹੈ। ਉਸ ਨੇ ਆਪਣਾ ਕਰੀਅਰ 2001 ਵਿਚ ਉਘੀ ਫਿਲਮਸਾਜ਼ ਮੀਰਾ ਨਾਇਰ ਦੀ ਫਿਲਮ 'ਮੌਨਸੂਨ ਵੈਡਿੰਗ' ਨਾਲ ਕੀਤਾ ਸੀ। ਇਸ ਫਿਲਮ ਵਿਚ ਉਸ ਦਾ ਰੋਲ ਭਾਵੇਂ ਛੋਟਾ ਹੀ ਸੀ, ਪਰ ਉਸ ਨੇ ਆਪਣੇ ਕਿਰਦਾਰ ਨਾਲ ਪੂਰਾ ਪ੍ਰਭਾਵ ਛੱਡਿਆ। ਇਸ ਤੋਂ ਬਾਅਦ 2005 ਵਿਚ 'ਡੀ' ਫਿਲਮ ਨਾਲ ਫਿਲਮ ਵਿਚ ਉਹ ਨਜ਼ਰ ਆਇਆ। ਇਸ ਤੋਂ ਬਾਅਦ ਤਾਂ ਚੱਲ ਸੋ ਚੱਲ। ਉਸ ਨੇ ਇਸ ਤੋਂ ਬਾਅਦ 'ਬੰਬੇ ਟਾਕੀਜ਼', 'ਹਾਈਵੇ', 'ਬੀਬਾ ਬੁਆਇਜ਼' ਵਰਗੀਆਂ ਅਹਿਮ ਫਿਲਮਾਂ ਵਿਚ ਅਦਾਕਾਰੀ ਦੇ ਜੌਹਰ ਦਿਖਾਏ। 'ਵੰਸ ਅਪੌਨ ਏ ਟਾਈਮਜ਼' ਲਈ ਉਸ ਦੀ ਸਹਾਇਕ ਅਦਾਕਾਰ ਅਤੇ ਫਿਲਮ 'ਹਾਈਵੇ' ਲਈ ਸਰਵੋਤਮ ਅਦਾਕਾਰ ਦੇ ਇਨਾਮ ਮਿਲ ਚੁੱਕੇ ਹਨ। ਇਸ ਤੋਂ ਇਲਾਵਾ ਕਈ ਫਿਲਮਾਂ ਲਈ ਉਸ ਦਾ ਨਾਮ ਨਾਮਜ਼ਦ ਹੋਇਆ ਹੈ। ਉਸ ਮੁਤਾਬਕ, ਅਦਾਕਾਰੀ ਉਸ ਲਈ ਰੂਹ ਦੀ ਖੁਰਾਕ ਹੈ ਅਤੇ ਉਹ ਹਰ ਵਾਰ ਹਰ ਕਿਰਦਾਰ ਵਿਚ ਡੁੱਬ ਜਾਣਾ ਚਾਹੁੰਦਾ ਹੈ। -0-








# ਹੁਮਾ ਦਾ ਹਾਲੀਵੁੱਡ



ਪ੍ਰਿਯੰਕਾ ਚੋਪੜਾ ਅਤੇ ਦੀਪਿਕਾ ਪਾਦੂਕੋਣ ਤੋਂ ਬਾਅਦ ਹੁਣ ਹਾਲੀਵੁੱਡ ਜਾਣ ਦੀ ਵਾਰੀ ਹੂਮਾ ਕੁਰੈਸ਼ੀ ਦੀ ਹੈ। ਖਬਰਾਂ ਹਨ ਕਿ ਉਸ ਨੂੰ ਟੌਮ ਕਰੂਜ਼ ਅਤੇ ਸੋਫੀਆ ਬਟੇਲਾ ਦੀ ਫਿਲਮ 'ਦਿ ਮੱਮੀ' ਲਈ ਸਾਈਨ ਕੀਤਾ ਜਾ ਰਿਹਾ ਹੈ। ਇਸ ਫਿਲਮ ਲਈ ਉਸ ਨੇ ਬਕਾਇਦਾ ਔਡੀਸ਼ਨ ਵੀ ਦੇ ਦਿੱਤਾ ਹੈ ਅਤੇ ਜੇ ਉਹ ਸਫ਼ਲ ਹੋ ਗਈ ਤਾਂ ਉਹ ਫਿਲਮ ਵਿਚ ਟੌਮ ਕਰੂਜ਼ ਨਾਲ ਬਰਾਬਰ ਦੀ ਭੂਮਿਕਾ ਵਿਚ ਨਜ਼ਰ ਆਵੇਗੀ। ਇਸ ਪ੍ਰੋਜੈਕਟ ਨੂੰ ਹੁਮਾ ਕੁਰੈਸ਼ੀ ਲਈ ਵੱਡੀ ਛਾਲ ਕਰਾਰ ਦਿੱਤਾ ਜਾ ਰਿਹਾ ਹੈ ਅਤੇ ਉਸ ਦਾ ਚਾਅ ਸਾਂਭਿਆ ਨਹੀਂ ਜਾ ਰਿਹਾ।

ਇਸ ਤੋਂ ਪਹਿਲਾਂ ਉਸ ਨੇ ਆਪਣੀਆਂ ਚੋਣਵੀਆਂ ਹਿੰਦੀ ਫਿਲਮਾਂ ਨਾਲ ਹਿੰਦੀ ਫਿਲਮ ਜਗਤ ਵਿਚ ਕੁਝ ਹੀ ਸਮੇਂ ਵਿਚ ਨਾਮਣਾ ਖੱਟਿਆ ਹੈ। ਉਸ ਨੇ ਆਪਣਾ ਸਫਰ 2012 ਵਿਚ ਸ਼ੁਰੂ ਕੀਤਾ ਸੀ ਅਤੇ ਤਿੰਨ ਸਾਲ ਵਿਚ ਉਸ ਦੀ ਗਿਣਤੀ ਚੋਟੀ ਦੀਆਂ ਨਾਇਕਾਵਾਂ ਵਿਚ ਹੋਣ ਲੱਗ ਪਈ ਹੈ। ਹੁਮਾ ਕੁਰੈਸ਼ੀ ਨੇ 'ਗੈਂਗਸ ਆਫ ਵਾਸੇਪੁਰ', 'ਡੇਢ ਇਸ਼ਕੀਆਂ' ਅਤੇ 'ਬਦਲਾਪੁਰ' ਵਰਗੀਆਂ ਫ਼ਿਲਮਾਂ ਕਰ ਕੇ ਆਪਣੀ ਵੱਖਰੀ ਪਛਾਣ ਬਣਾਈ ਹੈ। ਹੁਣ ਦੱਖਣ ਦੀਆਂ ਫ਼ਿਲਮਾਂ ਵਿਚ ਆਪਣਾ ਸਿੱਕਾ ਜਮਾਉਣ ਲਈ ਹੁਮਾ ਨੇ ਮਲਿਆਲਮ ਫ਼ਿਲਮ 'ਵ੍ਹਾਈਟ' ਸਾਈਨ ਕੀਤੀ ਹੈ। ਇਹ ਡਰਾਉਣੀ ਫ਼ਿਲਮ ਹੈ ਅਤੇ ਇਸ ਵਿਚ ਹੁਮਾ ਨਾਲ ਨਾਮੀ ਮਲਿਆਲਮ ਅਦਾਕਾਰ ਮਮੂਟੀ ਹਨ। ਫ਼ਿਲਮ ਵਿਚ ਆਪਣੇ ਕਿਰਦਾਰ ਨੂੰ ਸਹੀ ਢੰਗ ਨਾਲ ਪੇਸ਼ ਕਰਨ ਲਈ ਹੁਮਾ ਹੁਣ ਮਲਿਆਲਮ ਸਿੱਖ ਰਹੀ ਹੈ। -0-


ਟੌਮ ਕਰੂਜ਼

# ਕੁੜੀਆਂ ਵਿਕਣੇ ਲਾਈਆਂ ਈ...ਓ...

ਨਵੀਂ ਦਿੱਲੀ ਦੀ ਟੈਲੀਵਿਜ਼ਨ ਕੰਪਨੀ ਮਿਡੀਟੈਕ ਪ੍ਰਾਈਵੇਟ ਲਿਮਟਿਡ ਵੱਲੋਂ ਬਣਾਈ ਦਸਤਾਵੇਜ਼ੀ ਫਿਲਮ 'ਅੰਡਰਕਵਰ ਏਸ਼ੀਆ: ਗਰਲਜ਼ ਫਾਰ ਸੇਲ' ਨੂੰ ਨਿਊ ਯਾਰਕ (ਅਮਰੀਕਾ) ਦੇ ਸੰਸਾਰ ਫਿਲਮ ਮੇਲੇ ਵਿਚ ਕਾਂਸੀ ਦਾ ਤਮਗ਼ਾ ਮਿਲਿਆ ਹੈ। ਇਹ ਤਮਗ਼ਾ ਸਮਾਜਿਕ ਮੁੱਦਿਆਂ ਵਾਲੇ ਵਰਗ ਤਹਿਤ ਦਿੱਤਾ ਗਿਆ ਹੈ। ਇਹ ਫਿਲਮ ਅਗਵਾ ਹੋਈਆਂ ਦੋ ਕੁੜੀਆਂ ਦੀ ਤਲਾਸ਼ ਦੀ ਕਹਾਣੀ ਹੈ। ਬੱਚੀਆਂ ਨੂੰ ਦੇਹ ਵਪਾਰ ਦੀ ਦਲਦਲ ਵਿਚੋਂ ਕੱਢਣ ਲਈ ਜੂਝ ਰਹੇ ਕਾਰਕੁਨ ਰਿਸ਼ੀ ਕਾਂਤ ਇਸ ਫਿਲਮ ਦਾ ਅਹਿਮ ਕਿਰਦਾਰ ਹੈ। ਇਸ ਫਿਲਮ ਵਿਚ ਵਰਮਾ ਕਮਿਸ਼ਨ ਰਿਪੋਰਟ ਦੇ ਹਵਾਲੇ ਨਾਲ ਦੇਹ ਵਪਾਰ ਦੀ ਦਲਦਲ ਬਾਰੇ ਬੜੇ ਮਾਰਮਿਕ ਖੁਲਾਸੇ ਕੀਤੇ ਗਏ ਹਨ। ਯਾਦ ਰਹੇ ਕਿ ਰਿਸ਼ੀ ਕਾਂਤ ਮਨੁੱਖੀ ਅਧਿਕਾਰਾਂ ਬਾਰੇ ਸੰਸਥਾ 'ਸ਼ਕਤੀ ਵਾਹਿਨੀ' ਚਲਾ ਰਿਹਾ ਹੈ। ਉਸ ਦਾ ਆਖਣਾ ਹੈ ਕਿ ਇਹ ਸਮੱਸਿਆ ਭਾਰਤ ਸਮੇਤ ਏਸ਼ੀਆ ਦੇ ਕਈ ਮੁਲਕਾਂ ਵਿਚ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਫਿਲਮ ਦੀ ਡਾਇਰੈਕਟਰ ਰਾਧਿਕਾ ਚੰਦਰ ਸ਼ੇਖਰ ਹੈ ਜਿਸ ਨੇ ਚਕਲਿਆਂ ਅੰਦਰਲਾ ਸੱਚ ਫਿਲਮ ਵਿਚ ਬਿਆਨ ਕੀਤਾ ਹੈ। ਮਿਡੀਟੈਕ ਦੀ ਦਸਤਾਵੇਜ਼ੀ ਫਿਲਮ 'ਸਾਈਲੈਂਟ ਸਕਰੀਮਜ਼' ਨੂੰ ਪਿਛਲੇ ਸਾਲ ਇਸੇ ਮੇਲੇ ਵਿਚ ਤਿੰਨ ਪੁਰਸਕਾਰ ਹਾਸਲ ਹੋਏ ਸਨ। ਇਹ ਫਿਲਮ ਭਾਰਤ ਵਿਚ ਬਲਾਤਕਾਰ ਦੀਆਂ ਸ਼ਿਕਾਰ ਹੋਈਆਂ ਕੁੜੀਆਂ ਨਾਲ ਸਬੰਧਤ ਹੈ। ***-ਸਾਰਿਕਾ ਨਰਵਾਲ***






*ਫਿਲਮ 'ਅੰਡਰਕਵਰ ਏਸ਼ੀਆ: ਗਰਲਜ਼ ਫਾਰ ਸੇਲ' ਜਿਸ ਨੂੰ ਨਿਊ ਯਾਰਕ ਫਿਲਮ ਮੇਲੇ ਵਿਚ ਤਮਗ਼ਾ ਮਿਲਿਆ ਅਤੇ (ਸੱਜੇ) ਮਨੁੱਖੀ ਅਧਿਕਾਰ ਕਾਰਕੁਨ ਰਿਸ਼ੀ ਕਾਂਤ।*


RUNNING SUCCESSFULLY WORLDWIDE
AMOLAK SINGH GAKHAL PRESENTS A GAKHAL BROS. ENT. PRODUCTION
MUSIC
A FILM BY SMEEP KANG
ਦੁਨੀਆਂ ਭਰ ਦੇ ਸਿਨੇਮਿਆਂ 'ਚੇ
ਸਫਲਤਾ ਨਾਲ ਚੱਲ ਰਹੀ
VAISAKHI LIST
ਵਿਸਾਖੀ ਲਿਸਟ
*SUPER HIT*
ਦੁਨੀਆਂ 'ਚ ਵਸਦੇ ਸਮੂਹ
ਪੰਜਾਬੀ ਦਰਸ਼ਕਾਂ ਦਾ ਫਿਲਮ
'ਵਿਸਾਖੀ ਲਿਸਟ'
ਨੂੰ ਸੁਪਰਹਿੱਟ ਬਣਾਉਣ ਤੇ
ਜੀ ਬੀ ਐਂਟਰਟੇਨਮੈਂਟ ਵਲੋਂ
ਧੰਨਵਾਦ
GB ENTERTAINMENT
USA THEATRE LISTING
CALIFORNIA
AMC ONTARIO MILLS ONTARIO- LOS ANGELES
EDWARDS 14- BAKERSFIELD
SIERRA VISTA- FRESNO
BRENDON- MODESTO
CINEMARK LAGUNA- ELK GROVE
CINEMARK- ROSEBILLE
CINEMARK- YUBA CITY
CINEMARK HILLTOP- RICHMOND
CINEMARK- UNION CITY
CENTURY 20- MILPITAS
CINEGREAND 7- FREMONT
REST OF USA
CINEMARK MOVIES 8- INDIANA
CINEMARK 14- WARREN MICHIGAN
CINEMARK DAYTON SOUTH- DAYTON SOUTH
CINEMARK FEDERAL WAY- SEATTLE
REGAL STERLING- VIRGINIA
REGAL COMMERCE CENTRE- NEW JERSEY
JAMAICA MULTIPLEX- NEW YORK
FARMINGDALE MULTIPLEX- NEW YORK
CINEMARK MEMORIAL CITY- HOUSTON
FUN ASIA- DALLAS
REGAL MACARTHUR- DALLAS
CENTURY STRATFORD- CHICAGO
FOR MORE INFORMATION CONTACT
+ 1-559- 512- 0415
DISTRIBUTION COMPANY: GAKHAL ENTERTAINMENT INC.
PRODUCED BY: PALWINDER SINGH GAKHAL, IQBAL SINGH GAKHAL AND GURVINDER SINGH GAKHAL
ASSOCIATE PRODUCER: MANWINDER SINGH BAL AND JASKARAN SINGH GAKHAL,
MUSIC DIRECTOR: JAIDEV KUMAR, LYRICS: KUMAR, ALFAAZ, CREATIVE PRODUCER: RAJESH BANGA, STORY & SCREENPLAY: VAIBHAV SUMAN & SHREYA SRIVASTAVA
ASSOCIATE DIRECTOR: VAKIL SINGH, EDITOR: AJAY SHARMA, DIRECTOR OF PHOTOGRAPHY: BINENDRA MENON, DIALOUGE: NARESH KATOORIA,
MEDIA CONSULTANT: S. ASHOK BHAURA, EXICUTIVE PRODUCER: NATHA SINGH GAKHAL, CREATIVE DIRECTOR: VIKRAM GROVER, BACKGROUND SOUND: SALIL AMRUTE,
SOUND DESIGN: PARDEEP SURI, COUSTUME DESIGNER: PARNEET KANG, PROO. DESIGNER: RAGINI JERATH, ACTION DIRECTOR: MOHAN BAGGAD, CHOREOGRAPHER: MEHUL GADANI & SUNIL THAKUR, DIGITAL PROMOTIONS: RDM MEDIA, P. CONTROLLER: RAJ KUMAR MEHRA, DIGITAL MARKETING: RDM MEDIA


HIGH QUALITY PICTURE
HD TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net


REGULAR
2.09 9/10
Diesel
EC Unleaded
888 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC SIGN COMPANY
Call For More Info:
1-661-586-5080


Need Water? Tired of waiting in Line?
Are you looking for a drilling company
to drill water well at your farm?
Hydrotech Solutions do best deep water drilling in
shortest time and no one can beat our price.
Hydrotech convert
pumps to solar too
Hydrotech Solutions LLC
One Stop Shop
844-486-9355
www.hydrotech4u.com
Meet us at C Street
in C21 at Ag Show
Hydrotech Solutlions LLC



BIGGEST SALE EVER
On Desi TV!
40% OFF
PER MONTH FOR 12 MONTHS
PUNJABI MEGA PACK
$24.99 mo Regular price
$14.99 mo
FOR 12 MONTHS
Requires credit qualification and subscription to qualifying American or DishLATINO programming.
Use Offer Code SAVEBIG
Cannot be combined with other International offers.
FROM SERIOUS ISSUES TO NON-STOP COMEDY, DISH HAS IT ALL.
jus
Ajj Da Mudda
COMEDY NIGHTS Bachao
Comedy Nights Bachao
PTC PUNJABI
GLOBAL PUNJAB
jus punjabi
JUS one
TASHAN
PTC NEWS
WILLOW HD
AND MANY MORE
$54.99 mo EVERYDAY PRICE
$24.99 mo
FOR 12 MONTHS
OVER 50% OFF
PER MONTH FOR 12 MONTHS
HINDI MEGA PACK
Requires credit qualification and subscription to qualifying American or DishLATINO programming. Cannot be combined with other International offers.
Use Offer Code SAVEBIG
FREE
• 100+ Bollywood Movies On Demand
• Standard Professional Installation in up to 6 rooms
ORDER NOW!
1-888-622-8456
MUST MENTION OFFER CODE:
SAVEBIG
AT TIME OF ORDERING.
Cannot be combined with other Offer Codes
dish
International programming requires additional $10/mo International Basic package or any America's Top or DishLATINO package.
Important Terms and Conditions: Promotional Offers:
$10/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months.
$30/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Hindi Mega Pack. Must provide Offer Code at time of order. Receive a monthly credit of $30 for the first 12 months.
Requires activation of new qualifying DISH service. All prices, fees, charges, packages, programming, features, functionality and offers subject to change without notice. After 12 months, then-current everyday monthly price applies unless you call or go online to downgrade. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers. Activation Fee may apply. Offers subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. Offers end 4/30/2016.
© 2016 DISH Network L.L.C. All rights reserved.